*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-10, ਅਕਤੂਬਰ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਆਮ ਲੋਕਾਂ ਦਾ ਕਤਲੇਆਮ ਇਜ਼ਰਾਇਲ ਦੀ ਸੋਚੀ-ਸਮਝੀ ਨੀਤੀ

ਇਸ 7 ਅਕਤੂਬਰ ਨੂੰ ਫ਼ਲਸਤੀਨ ਵਿਰੁੱਧ ਇਜ਼ਰਾਇਲੀ ਨਸਲਵਾਦੀ ਸਟੇਟ ਦੇ ਲਗਾਤਾਰ ਹਮਲਿਆਂ ਨੂੰ ਪੂਰਾ ਇਕ ਸਾਲ ਹੋ ਜਾਵੇਗਾ। ਅਮਰੀਕਾ ਅਤੇ ਇਸਦੇ ਜੋਟੀਦਾਰ ਸਾਮਰਾਜਵਾਦੀਆਂ ਦੀ ਸ਼ਹਿ ਅਤੇ ਮਦਦ ਨਾਲ ਕੀਤੀ ਜਾ ਰਹੀ ਨਸਲਕੁਸ਼ੀ ਵਿਚ ਹੁਣ ਤੱਕ ਗਾਜ਼ਾ ਪੱਟੀ 'ਚ ਲੱਗਭੱਗ 41600 ਫ਼ਲਸਤੀਨੀਂ ਮਾਰੇ ਗਏ ਅਤੇ ਇਕ ਲੱਖ ਦੇ ਕਰੀਬ ਜ਼ਖ਼ਮੀ ਹਨ। ਇਨ੍ਹਾਂ ਵਿਚ 33% ਬੱਚੇ ਅਤੇ 18.4% ਔਰਤਾਂ ਹਨ। ਲੇਬਨਾਨ ਅਤੇ ਹੋਰ ਥਾਵਾਂ 'ਤੇ ਕੀਤੇ ਕਤਲੇਆਮ ਇਸ ਤੋਂ ਵੱਖਰੇ ਹਨ। ਇਜ਼ਰਾਇਲੀ ਫ਼ੌਜੀ ਫ਼ਲਸਤੀਨੀਂ ਬੱਚਿਆਂ ਦੇ ਸਿਰ ਅਤੇ ਪੇਟ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਮਾਰਦੇ ਹਨ। ਭੁੱਖਮਰੀ ਨਾਲ ਤੇ ਲਾਇਲਾਜ ਮਰਨ ਵਾਲੇ ਫ਼ਲਸਤੀਨੀਆਂ ਦੀ ਤਾਦਾਦ ਇਸ ਤੋਂ ਵੱਖਰੀ ਹੈ।

ਨਸਲਵਾਦੀ-ਜੰਗਬਾਜ਼ ਇਜ਼ਰਾਇਲ-ਅਮਰੀਕੀ ਗੱਠਜੋੜ ਇਸ ਕਤਲੇਆਮ ਲਈ ਮੁੱਖ ਜ਼ਿੰਮੇਵਾਰ ਹੈ। ਜਿਨ੍ਹਾਂ ਨੂੰ ਆਲਮੀ ਲੋਕ-ਰਾਇ ਦੀ ਗੱਲ ਤਾਂ ਛੱਡੋ, ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਵੀ ਕੋਈ ਪ੍ਰਵਾਹ ਨਹੀਂ ਹੈ ਅਤੇ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਇਨ੍ਹਾਂ ਹਮਲਿਆਂ ਨੂੰ ਵੱਧ ਤੋਂ ਵੱਧ ਲਮਕਾ ਕੇ ਫ਼ਲਸਤੀਨੀਂ ਲੋਕਾਂ ਨੂੰ ਪੂਰੀ ਤਰ੍ਹਾਂ ਕੁਚਲ ਦੇਣਾ ਚਾਹੁੰਦੇ ਹਨ। ਹਮਲਿਆਂ 'ਚ ਘਿਰੇ ਆਮ ਲੋਕਾਂ ਦੀ ਸਹਾਇਤਾ ਕਰ ਰਹੇ ਤਿੰਨ ਸੌ ਦੇ ਕਰੀਬ ਯੂਐੱਨ ਸਟਾਫ਼ ਤੇ ਹੋਰ ਵਾਲੰਟੀਅਰਾਂ, 500 ਤੋਂ ਵੱਧ ਮੈਡੀਕਲ ਸਟਾਫ਼ ਅਤੇ 174 ਪੱਤਰਕਾਰਾਂ ਨੂੰ ਇਜ਼ਰਾਇਲੀ ਤਾਕਤਾਂ ਵੱਲੋਂ ਜਾਣ-ਬੁੱਝ ਕੇ ਮਾਰਿਆ ਗਿਆ ਹੈ। ਜੰਗੀ ਜੁਰਮਾਂ ਬਾਰੇ ਜੈਨੇਵਾ ਕਨਵੈਨਸ਼ਨਜ਼ ਦੀਆਂ ਧੱਜੀਆਂ ਉਡਾਉਣਾ ਅਮਰੀਕਾ-ਇਜ਼ਰਾਇਲ ਦੀ ਰਾਜਕੀ ਨੀਤੀ ਦਾ ਧੁਰਾ ਹੈ।

ਪਿਛਲੇ ਇਕ ਸਾਲ ਤੋਂ ਹਮਾਸ ਦੇ ਖ਼ੁਫ਼ੀਆ ਅੱਡਿਆਂ ਨੂੰ ਖ਼ਤਮ ਕਰਨ ਦੇ ਨਾਂ ਹੇਠ ਜਿਵੇਂ ਗਾਜ਼ਾ ਤੇ ਹੋਰ ਫ਼ਲਸਤੀਨੀਂ ਇਲਾਕਿਆਂ ਦੇ ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ, ਘਰਾਂ ਤੇ ਹੋਰ ਸਿਵਲੀਅਨ ਇਮਾਰਤਾਂ ਨੂੰ ਅੰਨ੍ਹੇਵਾਹ ਬੰਬਾਰੀ ਨਾਲ ਤਬਾਹ ਕੀਤਾ ਜਾ ਰਿਹਾ ਹੈ, ਉਸ ਤੋਂ ਇਸ ਮਨੁੱਖਤਾ ਦੁਸ਼ਮਣ ਗੱਠਜੋੜ ਦੇ ਕਰੂਰ ਇਰਾਦੇ ਸਪਸ਼ਟ ਸਮਝੇ ਜਾ ਸਕਦੇ ਹਨ। ਖ਼ਾਸ ਕਰਕੇ, ਅਮਰੀਕਨ ਸਟੇਟ ਦੀਆਂ ਦੰਭੀ ਚਾਲਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਕ ਪਾਸੇ, ਅਮਰੀਕਨ ਹੁਕਮਰਾਨ ਪਹਿਲਾਂ ਹਮਾਸ ਅਤੇ ਇਜ਼ਰਾਇਲ ਦੀ ਜੰਗਬੰਦੀ ਕਰਾਉਣ ਦਾ ਨਾਟਕ ਕਰਦੇ ਰਹੇ, ਹੁਣ ਲੇਬਨਾਨ ਅਤੇ ਇਜ਼ਰਾਇਲ ਦਰਮਿਆਨ 21 ਦਿਨ ਦੀ ਯੁੱਧਬੰਦੀ ਕਰਾਉਣ ਦਾ ਨਾਟਕ ਕਰ ਰਹੇ ਹਨ। ਦੂਜੇ ਪਾਸੇ, ਜੰਗੀ ਸਾਜ਼ੋਸਮਾਨ ਸਮੇਤ ਹਰ ਪੱਖ ਤੋਂ ਇਜ਼ਰਾਇਲ ਦੀ ਧੜਾਧੜ ਮੱਦਦ ਕਰ ਰਹੇ ਹਨ। ਇਸਦੀ ਤਾਜ਼ਾ ਮਿਸਾਲ ਪਿੱਛੇ ਜਹੇ ਅਮਰੀਕੀ ਪ੍ਰਸ਼ਾਸਨ ਵੱਲੋਂ ਇਜ਼ਰਾਇਲ ਨੂੰ 20 ਅਰਬ ਡਾਲਰ ਦੇ ਹਥਿਆਰ ਹੋਰ ਭੇਜਣ ਨੂੰ ਦਿੱਤੀ ਮਨਜ਼ੂਰੀ ਹੈ।



ਫ਼ਲਸਤੀਨੀਂ ਲੋਕਾਂ ਨਾਲ ਡੱਟ ਕੇ ਖੜ੍ਹੀਆਂ ਤਾਕਤਾਂ ਵੀ ਇਸ ਗੱਠਜੋੜ ਦੇ ਨਿਸ਼ਾਨੇ 'ਤੇ ਹਨ। ਹਿਜ਼ਬੁੱਲਾ ਵਰਗੇ ਹਥਿਆਰਬੰਦ ਗਰੁੱਪ ਇਜ਼ਰਾਇਲ ਨੂੰ ਸਖ਼ਤ ਟੱਕਰ ਦੇ ਰਹੇ ਹਨ। ਬੁਖਲਾਈ ਇਜ਼ਰਾਇਲੀ ਹਕੂਮਤ ਹੋਰ ਵੀ ਖ਼ੂੰਖ਼ਾਰ ਹੋ ਕੇ ਫ਼ਲਸਤੀਨੀਂ ਦੀਆਂ ਹਮਾਇਤੀ ਰਜਿਸਟੈਂਸ ਤਾਕਤਾਂ ਨੂੰ ਵੀ ਲਗਾਤਾਰ ਨਿਸ਼ਾਨਾ ਬਣਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਬੈਰੂਤ ਦੇ ਬਾਹਰਵਾਰ ਦੱਖਣੀ ਇਲਾਕੇ ਦਹੀਆ ਵਿਚ ਹਿਜ਼ਬੁੱਲਾ ਦੇ ਸਦਰ-ਮੁਕਾਮ ਉੱਪਰ ਹਵਾਈ ਹਮਲਾ ਕਰਕੇ ਪ੍ਰਮੁੱਖ ਆਗੂ ਹਸਨ ਨਸਰੱਲਾ ਅਤੇ ਹੋਰ ਚੋਟੀ ਦੇ ਆਗੂਆਂ ਦੇ ਕਤਲ ਹਨ। ਇਸ ਤੋਂ ਪਹਿਲਾਂ, ਬੈਰੂਤ ਵਿਚ ਹਜ਼ਾਰਾਂ ਪੇਜਰਾਂ ਅਤੇ ਵਾਕੀ-ਟਾਕੀ ਸੈੱਟਾਂ 'ਚ ਵਿਸਫੋਟ ਕਰਵਾ ਕੇ ਬਹੁਤ ਸਾਰੇ ਲੋਕਾਂ ਨੂੰ ਮਾਰਿਆ ਗਿਆ। ਦਰਅਸਲ, ਇਜ਼ਰਾਇਲ ਗਾਜ਼ਾ ਵਿਚ ਹਮਾਸ ਦੇ ਅਤੇ ਲੇਬਨਾਨ ਵਿਚ ਹਿਜ਼ਬੁੱਲਾ ਵੱਲੋਂ ਕੀਤੇ ਜਾ ਟਾਕਰੇ ਦੀ ਏਕਤਾ ਤਾਲਮੇਲ ਨੂੰ ਤੋੜਨਾ ਅਤੇ ਉਨ੍ਹਾਂ ਦੇ ਹਮਾਇਤੀ ਆਧਾਰ ਨੂੰ ਖ਼ਤਮ ਕਰਨਾ ਚਾਹੁੰਦਾ ਹੈ।

ਇਰਾਨ ਹਕੂਮਤ ਦੀ ਸਰਪ੍ਰਸਤੀ ਵਾਲਾ ਇਹ ਛਾਪਾਮਾਰ ਧੜਾ ਲੇਬਨਾਨ ਤੋਂ ਕੰਮ ਕਰ ਰਿਹਾ ਹੈ। ਆਪਣੀ ਕੱਟੜਪੰਥੀ ਵਿਚਾਰਧਾਰਾ ਦੇ ਬਾਵਜੂਦ ਇਰਾਨੀ ਹਕੂਮਤ ਅਤੇ ਹਿਜ਼ਬੁੱਲਾ ਵੱਲੋਂ ਡੱਟਵਾਂ ਵਿਰੋਧ ਇਜ਼ਰਾਇਲ ਅਤੇ ਇਸ ਦੇ ਆਕਾ ਅਮਰੀਕਨ ਸਾਮਰਾਜ ਨੂੰ ਮੱਧ-ਪੂਰਬ ਵਿਚ ਸਖ਼ਤ ਚੁਣੌਤੀ ਦੇ ਰਿਹਾ ਹੈ। ਇਸੇ ਵਿੱਚੋਂ ਉਨ੍ਹਾਂ ਦੀ ਚੋਟੀ ਦੀ ਲੀਡਰਸ਼ਿੱਪ ਦਾ ਸਫ਼ਾਇਆ ਕਰਕੇ ਰਜ਼ਿਸਟੈਂਸ ਤਾਕਤਾਂ ਦੇ ਹੌਸਲੇ ਤੋੜਨ ਲਈ ਅਮਰੀਕਾ ਦੇ ਫ਼ੌਜੀ ਮੱਤ ਅਨੁਸਾਰ 'ਸਦਮਾ ਅਤੇ ਖ਼ੌਫ਼' ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦੀਆਂ ਸ਼ੇਖੀਆਂ ਅਮਰੀਕਨ ਹੁਕਮਰਾਨ ਇਰਾਕ ਵਿਰੁੱਧ ਯੁੱਧ ਦੌਰਾਨ ਮਾਰਦੇ ਰਹੇ। ਇਜ਼ਰਾਇਲ ਨੇ ਪੇਜ਼ਰ-ਵਾਕੀਟਾਕੀ ਵਿਸਫੋਟਾਂ ਦੀ ਜ਼ਿੰਮੇਵਾਰੀ ਲੈਣ ਦੀ ਹਿੰਮਤ ਤਾਂ ਨਹੀਂ ਕੀਤੀ, ਪਰ ਇਹ ਜੱਗ ਜ਼ਾਹਿਰ ਹੈ ਕਿ ਇਹ ਬੁਜ਼ਦਿਲ ਖ਼ੂਨੀ ਕਾਰਾ ਕਿਸਦਾ ਹੈ। ਇਸੇ ਤਰ੍ਹਾਂ, ਬੈਰੂਤ ਵਿਚ ਉਪਰੋਕਤ ਬੁਜ਼ਦਿਲ ਹਮਲਾ ਸਿਵਲੀਅਨ ਇਮਾਰਤਾਂ ਉੱਪਰ ਕੀਤਾ ਗਿਆ। 2006 'ਚ ਵੀ ਇਜ਼ਰਾਇਲ ਨੇ ਹਵਾਈ ਹਮਲੇ ਕਰਕੇ ਇਲਾਕੇ ਨੂੰ ਮਲ਼ਬੇ ਦੇ ਢੇਰ ਵਿਚ ਬਦਲ ਦਿੱਤਾ ਸੀ। 2008 'ਚ, ਇਜ਼ਰਾਇਲੀ ਜਨਰਲ ਈਜ਼ਨਕੌਟ ਨੇ ਸਾਫ਼ ਕਿਹਾ ਸੀ ਕਿ ਨਾਗਰਿਕ ਇਲਾਕਿਆਂ ਵਿਰੁੱਧ ਬੇਤਹਾਸ਼ਾ ਹਮਲੇ ਉਨ੍ਹਾਂ ਦੀ ਯੁੱਧਨੀਤੀ ਹੈ, ਨਾ ਕਿ ਅਣਜਾਣੇ 'ਚ ਨੁਕਸਾਨ। ਇਜ਼ਰਾਇਲੀ ਹਮਲਾਵਰਾਂ ਨੂੰ ਪਤਾ ਸੀ ਉੱਥੇ ਬੇਸ਼ੁਮਾਰ ਆਮ ਲੋਕ ਰਹਿ ਰਹੇ ਹਨ। ਹਮਲੇ ਨੂੰ ਵਾਜਬ ਠਹਿਰਾਉਣ ਲਈ ਇਸ ਨੂੰ 'ਹਿਜ਼ਬੁੱਲਾ ਦਾ ਗੜ੍ਹ' ਦਾ ਨਾਂ ਦਿੱਤਾ ਗਿਆ। ਉਸੇ ਤਰ੍ਹਾਂ ਜਿਵੇਂ ਗਾਜ਼ਾ ਦੇ ਹਰ ਹਿੱਸੇ ਨੂੰ ਹਮਾਸ ਦਾ ਗੜ੍ਹ ਕਿਹਾ ਜਾ ਰਿਹਾ। ਪੱਛਮੀ ਨਿਊਜ਼ ਮੀਡੀਆ ਪੂਰੀ ਬੇਸ਼ਰਮੀਂ ਨਾਲ ਇਜ਼ਰਾਇਲ ਦੀ ਬੋਲੀ ਬੋਲ ਰਿਹਾ ਹੈ। ਪਰ ਇਜ਼ਰਾਇਲ ਵੱਲੋਂ ਆਪਣੇ ਨਾਗਰਿਕਾਂ ਨੂੰ ਮਨੁੱਖੀ ਢਾਲ ਵਜੋਂ ਵਰਤਣ ਬਾਰੇ ਚੁੱਪ ਹੈ।

ਬੇਸ਼ੱਕ, ਅਮਰੀਕਾ-ਇਜ਼ਰਾਇਲ ਗੱਠਜੋੜ ਆਪਣੇ ਧੜਵੈਲ ਫ਼ੌਜੀ-ਖ਼ੁਫ਼ੀਆ ਢਾਂਚੇ ਦੇ ਜ਼ੋਰ ਦੁਨੀਆ ਭਰ 'ਚ ਕਰੂਰ ਤੋਂ ਕਰੂਰ ਹਮਲੇ ਕਰਨ ਦੇ ਸਮਰੱਥ ਹੈ, ਪਰ ਉਹ ਇਸ ਹਕੀਕਤ ਨੂੰ ਭੁੱਲਦੇ ਹਨ ਕਿ ਅਜਿੱਤ ਸਮਝੀ ਜਾਂਦੀ ਫ਼ੌਜੀ ਤਾਕਤ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਉਹ ਰਜ਼ਿਸਟੈਂਸ ਗਰੁੱਪਾਂ ਦਾ ਸਫ਼ਾਇਆ ਤਾਂ ਕਰ ਸਕਦੇ ਹਨ, ਵੱਖ-ਵੱਖ ਕੌਮਾਂ ਦੇ ਲਹੂ ਦੀਆਂ ਨਦੀਆਂ ਜ਼ਰੂਰ ਵਹਾ ਸਕਦੇ ਹਨ, ਪਰ ਇਹ ਮਹਿਜ਼ ਆਰਜ਼ੀ ਫ਼ੌਜੀ ਜਿੱਤਾਂ ਹਨ। ਵੀਅਤਨਾਮ ਅਤੇ ਹੋਰ ਜੰਗਾਂ ਵਿਚ ਜੰਗਬਾਜ਼ ਅਮਰੀਕਾ ਦੀ ਨਮੋਸ਼ੀ ਕਿਸੇ ਤੋਂ ਗੁੱਝੀ ਨਹੀਂ ਹੈ। ਪੂਰਾ ਸਾਲ ਐਨੇ ਵੱਡੇ ਹਮਲਿਆਂ ਤੇ ਜਾਨੀ ਨੁਕਸਾਨ ਦੇ ਬਾਵਜੂਦ ਹਮਾਸ ਦੀਆਂ ਤਾਕਤਾਂ ਦਾ ਮੁੜ ਜੁੜਦੇ ਜਾਣਾ ਤੇ ਡੱਟੇ ਰਹਿਣਾ ਅਤੇ ਗਾਜ਼ਾ ਦੇ ਕਿਸੇ ਵੀ ਹਿੱਸੇ ਉੱਪਰ ਇਜ਼ਰਾਇਲ ਦਾ ਮੁਕੰਮਲ ਕਬਜ਼ਾ ਨਾ ਕਰ ਸਕਣਾ, ਇਸੇ ਸਦੀਵੀ ਸੱਚ ਦੀ ਪੁਸ਼ਟੀ ਕਰਦਾ ਹੈ ਕਿ ਨਹੱਕੇ ਯੁੱਧ ਥੋਪਣ ਵਾਲੇ ਜੰਗਬਾਜ਼ਾਂ ਨੂੰ ਓੜਕ ਮੂੰਹ ਦੀ ਖਾਣੀ ਪੈਂਦੀ ਹੈ।

\- ਸੰਪਾਦਕੀ ਬੋਰਡ

CALL NOW
FOR HOUSE BUYING & SELLING NEEDS.
RE/MAX
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
EACH OFFICE INDEPENDENTLY OWNED AND OPERATED
RE/MAX REAL ESTATE (CENTRAL)



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2




SUPER VISA INSURANCE
PUNJAB INSURANCE INC.
- Life Insurance
- Mortgage Insurance
- Critical Illness Insurance
- Disability Insurance
- RESP, RRSP

www.punjabinsurance.ca



Sherjang Singh Rana
416.910.9000



Sandeep Ahuja
416.660.1010

- ਪੁਸਤਕ ਮੇਲਾ 13 ਅਕਤੂਬਰ ਦਿਨ ਐਤਵਾਰ ਨੂੰ,
- ਨਾਟਕ ਜੰਨਤ 11 ਅਕਤੂਬਰ 2024 ਦਿਨ ਸ਼ੁੱਕਰਵਾਰ ਨੂੰ
- ਨਾਟਕ ਤੇਰੀ ਕਹਾਣੀ ਮੇਰੀ ਕਹਾਣੀ 26 ਅਕਤੂਬਰ ਦਿਨ ਸ਼ਨੀਵਾਰ ਨੂੰ

(ਦੇਖੋ ਸਫ਼ਾ 39 'ਤੇ)

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca



urban Real Estate Services Ltd.
Hardeep Dhaliwal
REALTOR
DIRECT : 403-629-6257
403-827-6257

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca





Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)

Master Balbir Singh Gill
(Toronto)

Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Unit 6 - 11675 Mcvean Dr, Brampton, ON, L6P 4N5



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work





Bay 11 2316 27 Ave. NE, Calgary
Ph. : 403-701-4947

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD



Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਜ਼ਮਾਨਤ ਆਦਰਸ਼ ਹੈ : ਕੀ ਸੁਪਰੀਮ ਕੋਰਟ ਇਹ ਦਲੀਲ ਸਾਰੇ ਕੇਸਾਂ 'ਚ ਲਾਗੂ ਕਰਦੀ ਹੈ?







"ਜਦੋਂ ਆਖਿਰਕਾਰ ਉਹ ਬਿਨਾਂ ਦੋਸ਼ ਸਾਬਤ ਕੀਤੇ ਅੱਠ-ਦਸ ਸਾਲ ਬਾਅਦ ਜੇਲ੍ਹਾਂ 'ਚੋਂ ਰਿਹਾਅ ਹੋ ਜਾਣਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਦੇ ਇਹ ਵਡਮੁੱਲੇ ਸਾਲ ਕੌਣ ਵਾਪਸ ਕਰੇਗਾ ? ਕੀ ਸਰਵਉੱਚ ਅਦਾਲਤ ਕਦੇ ਇਸ ਪਹਿਲੂ ਦਾ ਆਪਣੇ ਆਪ ਨੋਟਿਸ ਲਵੇਗੀ ?"








ਬੂਟਾ ਸਿੰਘ
ਮਹਿਮੂਦਪੁਰ
94634-74342


ਭਾਰਤ ਦੀ ਸਰਵਉੱਚ ਅਦਾਲਤ ਦੇ ਫ਼ੈਸਲਿਆਂ ਨੂੰ ਲੈ ਕੇ ਅਕਸਰ ਸਵਾਲ ਉੱਠਦੇ ਰਹਿੰਦੇ ਹਨ। ਖ਼ਾਸ ਕਰਕੇ, ਮਈ 2014 'ਚ ਆਰਐੱਸਐੱਸ-ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਸੁਪਰੀਮ ਕੋਰਟ ਦੇ ਬੈਂਚਾਂ ਨੇ ਬਹੁਤ ਸਾਰੇ ਅਜਿਹੇ ਫ਼ੈਸਲੇ ਸੁਣਾਏ ਹਨ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਘੱਟਗਿਣਤੀਆਂ ਨੂੰ ਦੋਇਮ ਦਰਜੇ ਦੇ ਨਾਗਰਿਕ ਬਣਾਉਣ ਦੇ ਭਗਵਾ ਹਕੂਮਤ ਦੇ ਵਿਚਾਰਧਾਰਕ ਪ੍ਰੋਜੈਕਟ ਦੀ ਸਿੱਧੀ-ਅਸਿੱਧੀ ਸਹਾਇਤਾ ਕਰਦੇ ਹਨ। ਇਸੇ ਤਰ੍ਹਾਂ, ਸੁਪਰੀਮ ਕੋਰਟ ਦੇ ਫ਼ੈਸਲੇ ਹਕੂਮਤ ਵੱਲੋਂ ਸਤਾਏ ਤੇ ਦਬਾਏ ਹਿੱਸਿਆਂ ਲਈ ਰਾਹਤ ਬਣਨ ਦੀ ਬਜਾਏ ਉਨ੍ਹਾਂ ਨੂੰ ਕੰਡਿਆਂ 'ਤੇ ਘਸੀੜਨ ਦੀ ਭੂਮਿਕਾ ਨਿਭਾਉਂਦੇ ਦੇਖੇ ਜਾ ਸਕਦੇ ਹਨ। ਜਿਵੇਂ ਬਾਬਰੀ ਮਸਜਿਦ, ਧਾਰਾ 370 ਦਾ ਖ਼ਾਤਮਾ ਆਦਿ ਮਾਮਲਿਆਂ 'ਚ ਹੋਇਆ।

ਇਸ ਹਕੂਮਤ ਹੇਠ ਸੱਤਾਧਾਰੀ ਧਿਰ ਤੋਂ ਵੱਖਰੇ ਵਿਚਾਰ ਰੱਖਦੇ ਅਗਾਂਹਵਧੂ ਜਾਗਰੂਕ ਹਿੱਸਿਆਂ ਵਿਰੁੱਧ ਯੂਏਪੀਏ ਅਤੇ ਪੀਐੱਮਐੱਲਏ (ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ 2002) ਵਰਗੇ ਜਾਬਰ ਕਾਨੂੰਨ ਲਗਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨਾ ਆਮ ਗੱਲ ਹੈ। ਸੰਘ ਬਰਗੇਡ ਲਈ ਸੱਤਾ ਦਾ ਰਾਹ ਪੱਧਰਾ ਕਰਨ ਵਾਸਤੇ ਕੇਜਰੀਵਾਲ ਸਮੇਤ ਵਿਰੋਧੀ-ਧਿਰ ਦੇ ਕਈ ਆਗੂਆਂ ਵਿਰੁੱਧ ਵੀ ਪੀਐੱਮਐੱਲਏ ਲਗਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਪੀੜਤਾਂ ਲਈ ਸੰਤਾਪ ਹੋਰ ਵੀ ਲੰਮਾ ਹੋ ਜਾਂਦਾ ਹੈ ਜਦੋਂ ਸਰਵਉੱਚ ਅਦਾਲਤ ਵੀ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੀ ਹੈ। ਉੱਚ ਅਦਾਲਤਾਂ ਦੇ ਜੱਜ ਅਕਸਰ ਜ਼ਮਾਨਤ 'ਤੇ ਰੋਕ ਲਾਉਂਦੀਆਂ ਕਾਨੂੰਨੀ ਧਾਰਾਵਾਂ, ਜਿਵੇਂ ਪੀਐੱਮਐੱਲਏ ਦਾ ਸੈਕਸ਼ਨ 45 ਅਤੇ ਯੂਏਪੀਏ ਦਾ ਸੈਕਸ਼ਨ 43ਡੀ(5) ਦਾ ਹਵਾਲਾ ਦੇ ਕੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਸਿੱਟੇ ਵਜੋਂ, ਇਹ ਗੱਲ ਕੁਹਜਾ ਮਜ਼ਾਕ ਬਣਕੇ ਰਹਿ ਗਈ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਵਿਚ 'ਜ਼ਮਾਨਤ ਆਦਰਸ਼ ਹੈ ਅਤੇ ਜੇਲ੍ਹ ਅੱਪਵਾਦ।' ਸਥਿਤੀ ਬਿਲਕੁਲ ਉਲਟ ਹੈ, ਜੇਲ੍ਹ ਆਦਰਸ਼ ਹੈ ਅਤੇ ਜ਼ਮਾਨਤ ਅੱਪਵਾਦ!

ਪਿਛਲੇ ਮਹੀਨਿਆਂ 'ਚ ਸੁਪਰੀਮ ਕੋਰਟ ਨੇ ਯੂਏਪੀਏ/ਪੀਐੱਮਐੱਲਏ ਦੇ ਕੁਝ ਕੇਸਾਂ 'ਚ ਜੋ ਫ਼ੈਸਲੇ ਸੁਣਾਏ, ਓਪਰੀ ਨਜ਼ਰੇ ਦੇਖਿਆਂ ਉਹ ਨਵੀਂ ਲੀਹ ਪਾਉਂਦੇ ਜਾਪਦੇ ਹਨ। ਸਵਾਲ ਇਹ ਹੈ ਕਿ ਕੀ ਇਹ ਕੁਝ ਕੁ ਫ਼ੈਸਲੇ ਸੱਚਮੁੱਚ ਜੇਲ੍ਹ ਨੂੰ ਅੱਪਵਾਦ ਬਣਾ ਦੇਣਗੇ ਜਾਂ ਇਹ ਨਿਆਂ ਪ੍ਰਣਾਲੀ 'ਚੋਂ ਉੱਠ ਰਹੇ ਵਿਸ਼ਵਾਸ ਨੂੰ ਠੁੰਮਣਾ ਦੇਣ ਦੀ ਕਵਾਇਦ ਹਨ? ਹਕੀਕਤ ਨੂੰ ਸਮਝਣ ਲਈ ਦੋਵੇਂ ਤਰ੍ਹਾਂ ਦੇ ਫ਼ੈਸਲਿਆਂ 'ਤੇ ਨਜ਼ਰ ਮਾਰਨੀ ਪਵੇਗੀ। ਇਲਾਹਾਬਾਦ ਹਾਈਕੋਰਟ ਵਿਚ ਪ੍ਰੈਕਟਿਸ ਕਰ ਰਹੇ ਵਕੀਲ ਅਰੀਬ ਉਦਦੀਨ ਅਹਿਮਦ ਨੇ ਦਸ ਮਹੀਨਿਆਂ 'ਚ ਲਏ 11 ਫ਼ੈਸਲੇ ਸੂਚੀਬੱਧ ਕੀਤੇ ਹਨ ਜਿਨ੍ਹਾਂ ਵਿਚ ਸੁਪਰੀਮ ਕੋਰਟ ਨੇ ਪੀੜਤਾਂ ਨੂੰ ਜ਼ਮਾਨਤ ਦੇ ਰੂਪ 'ਚ ਵੱਡੀ ਰਾਹਤ ਦਿੱਤੀ।

ਅਗਸਤ 2024 'ਚ ਪ੍ਰੇਮ ਪ੍ਰਕਾਸ਼ ਬਨਾਮ ਕੇਂਦਰ ਸਰਕਾਰ, ਅਕਤੂਬਰ 2023 'ਚ ਪੰਕਜ ਬਾਂਸਲ ਬਨਾਮ ਕੇਂਦਰ ਸਰਕਾਰ, ਮਈ 2024 'ਚ ਪ੍ਰਾਬੀਰ ਪੁਰਕਾਇਸਥ ਬਨਾਮ ਰਾਜ (ਐੱਨਸੀਟੀ ਆਫ ਦਿੱਲੀ), ਜੁਲਾਈ 2024 'ਚ ਜਾਵੇਦ ਗ਼ੁਲਾਮ ਸ਼ੇਖ਼ ਬਨਾਮ ਮਹਾਰਾਸ਼ਟਰ ਰਾਜ, ਜੁਲਾਈ 2024 'ਚ ਸ਼ੇਖ਼ ਜਾਵੇਦ ਬਨਾਮ ਯੂਪੀ ਰਾਜ, ਅਗਸਤ 2024 'ਚ ਜਲਾਲਉਦੀਨ ਖ਼ਾਨ ਬਨਾਮ ਯੂਨੀਅਨ ਆਫ ਇੰਡੀਆ ਅਤੇ ਪੰਜ ਹੋਰ ਕੇਸਾਂ ਵਿਚ ਸੁਪਰੀਮ ਕੋਰਟ ਦੇ ਬੈਂਚਾਂ ਨੇ ਟਰਾਇਲ ਕੋਰਟਾਂ ਅਤੇ ਸੰਬੰਧਤ ਹਾਈ ਕੋਰਟਾਂ ਦੇ ਜ਼ਮਾਨਤ ਨਾ ਦੇਣ ਦੇ ਫ਼ੈਸਲਿਆਂ ਨੂੰ ਰੱਦ ਕੀਤਾ ਅਤੇ 'ਜ਼ਮਾਨਤ ਨੂੰ ਆਦਰਸ਼' ਬਣਾਉਣ 'ਤੇ ਜ਼ੋਰ ਦਿੱਤਾ। ਜਲਾਲਉਦੀਨ ਕੇਸ 'ਚ ਤਾਂ ਸੁਪਰੀਮ ਕੋਰਟ ਦੇ ਬੈਂਚ ਨੇ ਸਪੱਸ਼ਟ ਕਿਹਾ ਕਿ ਮੁਕੱਦਮਾ ਪੱਖ ਵੱਲੋਂ ਦੋਸ਼ ਬਹੁਤ ਜ਼ਿਆਦਾ ਗੰਭੀਰ ਵੀ ਹੋਣ, ਫਿਰ ਵੀ ਅਦਾਲਤ ਨੇ ਜ਼ਮਾਨਤ ਦੇਣ ਦੇ ਕੇਸ ਨੂੰ ਕਾਨੂੰਨ ਅਨੁਸਾਰ ਵਿਚਾਰਨਾ ਹੁੰਦਾ ਹੈ। ਜੇ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਯੂਏਪੀਏ ਵਰਗੇ ਵਿਸ਼ੇਸ਼ ਕਾਨੂੰਨ ਲਗਾਏ ਜਾਣ ਦੇ ਬਾਵਜੂਦ ਜ਼ਮਾਨਤ ਦਿੱਤੀ ਜਾ ਸਕਦੀ ਹੈ। "ਜੇ ਯੋਗ ਕੇਸਾਂ 'ਚ ਵੀ ਅਦਾਲਤਾਂ ਜ਼ਮਾਨਤ ਦੇਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੰਦੀਆਂ ਹਨ" ਤਾਂ ਇਹ "ਸਾਡੇ ਸੰਵਿਧਾਨ ਦੀ ਧਾਰਾ 21 ਤਹਿਤ ਗਾਰੰਟੀ ਕੀਤੇ ਹੱਕਾਂ ਦੀ ਉਲੰਘਣਾ ਹੋਵੇਗੀ।"

ਪਰ ਹਕੂਮਤ ਵੱਲੋਂ ਜ਼ਬਾਨਬੰਦੀ ਕਰਨ ਅਤੇ ਬਦਲਾ ਲੈਣ ਦੇ ਮਨੋਰਥ ਨਾਲ ਪਾਏ ਸਾਰੇ ਕੇਸਾਂ ਨੂੰ ਸੁਪਰੀਮ ਕੋਰਟ ਇਸ ਤਰ੍ਹਾਂ ਨਹੀਂ ਲੈਂਦੀ। ਦੋਹਰੇ ਮਿਆਰ ਸਪਸ਼ਟ ਦੇਖੇ ਜਾ ਸਕਦੇ ਹਨ। ਇਸ ਦੀਆਂ ਮੁੱਖ ਮਿਸਾਲਾਂ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ 6 ਸਾਲ ਤੋਂ ਅਤੇ ਪੂਰਬ-ਉੱਤਰੀ ਦਿੱਲੀ ਹਿੰਸਾ ਕੇਸ ਵਿਚ 4 ਸਾਲ ਤੋਂ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਡੱਕੇ ਕਾਰਕੁਨ ਹਨ। ਇਸੇ ਤਰ੍ਹਾਂ, ਕਸ਼ਮੀਰੀਆਂ, ਮੁਸਲਮਾਨਾਂ, ਮਾਓਵਾਦੀਆਂ, ਆਦਿਵਾਸੀਆਂ ਆਦਿ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਕੇਸਾਂ 'ਚ ਯੂਏਪੀਏ, ਰਾਜਧ੍ਰੋਹ (124ਏ), ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ, ਦੰਗੇਬਾਜ਼ੀ, ਕਤਲ ਅਤੇ ਗ਼ੈਰਕਾਨੂੰਨੀ ਇਕੱਠ ਕਰਨ ਆਦਿ ਬੇਹੱਦ ਸੰਗੀਨ ਧਾਰਾਵਾਂ ਅਤੇ ਕੁਝ ਕੇਸਾਂ 'ਚ ਆਰਮਜ਼ ਐਕਟ ਵੀ ਲਗਾਇਆ ਗਿਆ ਹੈ ਤਾਂ ਜੁ ਉਨ੍ਹਾਂ ਦੀ ਜ਼ਮਾਨਤ ਨਾ ਹੋ ਸਕੇ।

ਇਨ੍ਹਾਂ ਕੇਸਾਂ ਦੇ ਪੂਰੀ ਤਰ੍ਹਾਂ ਝੂਠੇ ਹੋਣ ਅਤੇ ਇਨ੍ਹਾਂ ਸ਼ਖ਼ਸੀਅਤਾਂ ਵਿਰੁੱਧ ਕਥਿਤ ਸਬੂਤ ਮਨਘੜਤ ਹੋਣ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ। ਇਹ ਝੂਠੇ ਕੇਸ ਬਣਾਉਣ ਪਿੱਛੇ ਭਗਵਾ ਹਕੂਮਤ ਦੇ ਮਨੋਰਥ ਬਾਰੇ ਬਹੁਤ ਚਰਚਾ ਹੋ ਚੁੱਕੀ ਹੈ। ਇਜ਼ਰਾਇਲੀ ਜਾਸੂਸੀ ਸਾਫ਼ਟਵੇਅਰ ਪੈਗਾਸਸ ਦੀ ਮੱਦਦ ਨਾਲ ਕੰਪਿਊਟਰਾਂ ਅਤੇ ਮੋਬਾਈਲ ਫ਼ੋਨਾਂ ਵਿਚ ਝੂਠੇ ਸਬੂਤ ਪਲਾਂਟ ਕਰਨ ਦੀ ਸਾਜ਼ਿਸ਼ ਕੌਮਾਂਤਰੀ ਫੋਰੈਂਸਿਕ ਲੈਬ ਅਤੇ ਐਮਨੈਸਟੀ ਇੰਟਰਨੈਸ਼ਨਲ ਤੇ ਹੋਰ ਸੰਸਥਾਵਾਂ ਦੇ ਸਾਂਝੇ ਉੱਦਮਾਂ ਨਾਲ ਬਖ਼ੂਬੀ ਨੰਗੀ ਕੀਤੀ ਜਾ ਚੁੱਕੀ ਹੈ। ਖੋਜੀ ਪੱਤਰਕਾਰਾਂ ਵੱਲੋਂ ਇਨ੍ਹਾਂ ਕਥਿਤ ਸਾਜ਼ਿਸ਼ ਕੇਸਾਂ ਬਾਰੇ ਗਹਿਰਾਈ 'ਚ ਤਿਆਰ ਕੀਤੀਆਂ ਬਹੁਤ ਸਾਰੀਆਂ ਰਿਪੋਰਟਾਂ ਨਾਮਵਰ ਰਸਾਲਿਆਂ ਵਿਚ ਛਪਣ ਕਾਰਨ ਪੜ੍ਹੇ ਲਿਖੇ ਹਿੱਸਿਆਂ ਦੇ ਧਿਆਨ 'ਚ ਹਨ। ਇੱਥੋਂ ਤੱਕ ਕਿ ਉਪਰੋਕਤ ਦੋਵਾਂ ਘਟਨਾਵਾਂ ਬਾਰੇ ਡੂੰਘੀ ਖੋਜ 'ਤੇ ਆਧਾਰਤ ਕਈ ਚਰਚਿਤ ਕਿਤਾਬਾਂ ਵੀ ਛਪ ਚੁੱਕੀਆਂ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਰਿਪੋਰਟਾਂ ਦਾ ਆਪਣੇ ਆਪ ਨੋਟਿਸ ਤਾਂ ਕੀ ਲੈਣਾ ਸੀ, ਜ਼ਮਾਨਤ ਦੀਆਂ ਅਰਜ਼ੀਆਂ ਵੀ ਉਨ੍ਹਾਂ ਦੇ "ਸੰਵਿਧਾਨਕ ਹੱਕਾਂ ਦੀ ਉਲੰਘਣਾ" ਨੂੰ ਨਜ਼ਰਅੰਦਾਜ਼ ਕਰਕੇ ਵਾਰ-ਵਾਰ ਰੱਦ ਕੀਤੀਆਂ ਜਾ ਰਹੀਆਂ ਹਨ। ਹੁਣ ਤੱਕ ਉਨ੍ਹਾਂ ਨੂੰ ਬਿਨਾਂ ਜ਼ਮਾਨਤ ਜਾਂ ਉਨ੍ਹਾਂ ਵਿੱਚੋਂ ਕੁਝ ਨੂੰ ਕੁਝ ਦਿਨਾਂ ਦੀ ਅੰਤ੍ਰਿਮ ਜ਼ਮਾਨਤ/ਪੈਰੋਲ ਸਮੇਤ ਜਿੰਨੇ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ ਹਨ, ਕੀ ਇਹ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਦੀ ਘੋਰ ਉਲੰਘਣਾ ਨਹੀਂ ਹੈ? ਅਜੇ ਵੀ ਨੇੜ ਭਵਿੱਖ ਵਿਚ ਨਾ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਏ ਜਾਣ ਦੀ ਕੋਈ ਉਮੀਦ ਹੈ (ਇਸ ਹਕੀਕਤ ਨੂੰ ਖ਼ੁਦ ਸੁਪਰੀਮ ਕੋਰਟ ਨੇ ਵੀ ਆਪਣੇ ਫ਼ੈਸਲਿਆਂ ਵਿਚ ਮੰਨਿਆ ਹੈ) ਜਿਸ ਦੁਆਰਾ ਉਹ ਆਪਣੇ ਆਪ ਨੂੰ ਬੇਕਸੂਰ ਸਾਬਤ ਕਰ ਸਕਣ, ਨਾ ਉਨ੍ਹਾਂ ਨੂੰ ਜ਼ਮਾਨਤ ਦਿੱਤੇ ਜਾਣ ਦੀ ਉਮੀਦ ਹੈ।

ਇਸਦਾ ਭਾਵ ਇਹ ਹੈ ਕਿ ਜੱਜ ਦਿੱਲੀ ਪੁਲਿਸ ਜਾਂ ਕੌਮੀ ਜਾਂਚ ਏਜੰਸੀ ਵਰਗੀਆਂ ਜਾਂਚ ਏਜੰਸੀਆਂ ਵੱਲੋਂ ਲਗਾਏ ਦੋਸ਼ਾਂ ਨੂੰ ਸੱਚ ਮੰਨਦੇ ਹਨ। ਕੀ ਉਹ ਨਹੀਂ ਜਾਣਦੇ ਕਿ ਦਿੱਲੀ ਪੁਲਿਸ, ਖ਼ਾਸ ਕਰਕੇ ਇਸਦਾ ਸਪੈਸ਼ਲ ਸੈੱਲ ਪਤਾ ਨਹੀਂ ਕਿੰਨੇ ਬੇਕਸੂਰ ਲੋਕਾਂ, ਖ਼ਾਸ ਕਰਕੇ ਮੁਸਲਮਾਨਾਂ ਤੇ ਕਸ਼ਮੀਰੀਆਂ ਨੂੰ ਦਹਿਸ਼ਤਵਾਦ ਦੇ ਝੂਠੇ ਕੇਸਾਂ 'ਚ ਫਸਾ ਕੇ ਦਸ ਤੋਂ ਲੈ ਕੇ ਪੰਦਰਾਂ ਸਾਲ ਤੱਕ ਜੇਲ੍ਹਾਂ 'ਚ ਸਾੜਨ ਲਈ ਕਿੰਨਾ ਬਦਨਾਮ ਹੈ? ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਮਹੀਨਿਆਂ ਤੱਕ ਚੱਲੇ ਵਿਰੋਧ ਪ੍ਰਦਰਸ਼ਨਾਂ ਸਮੇਂ ਜਾਮੀਆ ਮਿਲੀਆ ਇਸਲਾਮੀਆ ਅਤੇ ਹੋਰ ਯੂਨੀਵਰਸਿਟੀਆਂ ਦੇ ਜਾਗਰੂਕ ਵਿਦਿਆਰਥੀਆਂ ਅਤੇ ਸ਼ਾਹੀਨ ਬਾਗ਼ ਮੋਰਚੇ ਨੂੰ ਤੋੜਨ ਲਈ ਕਪਿਲ ਮਿਸ਼ਰਾ ਵਰਗੇ ਭਾਜਪਾ ਆਗੂਆਂ ਅਤੇ ਦਿੱਲੀ ਪੁਲਿਸ ਵੱਲੋਂ ਮਿਲਕੇ ਅਤੇ ਹਿੰਸਕ ਗਰੋਹਾਂ ਨੂੰ ਲਾਮਬੰਦ ਕਰਕੇ ਜੋ ਘਿਣਾਉਣੀ ਹਿੰਸਾ ਕੀਤੀ ਗਈ, ਜਿਵੇਂ ਪੁਰਅਮਨ ਪ੍ਰਦਰਸ਼ਨਾਂ ਅਤੇ ਹੋਸਟਲਾਂ ਉੱਪਰ ਹਮਲੇ ਕੀਤੇ ਗਏ, ਜਿਸ ਨਾਲ ਦਿੱਲੀ ਵਿਚ ਭਿਆਨਕ ਜਾਨੀ ਅਤੇ ਮਾਲੀ ਨੁਕਸਾਨ ਹੋਇਆ, ਉਹ ਪੂਰੀ ਦੁਨੀਆ ਨੇ ਦੇਖਿਆ। ਦਿੱਲੀ ਪੁਲਿਸ ਨੇ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਉਲਟਾ ਅਮਨਪਸੰਦ ਅਤੇ ਫਿਰਕੂ ਸਦਭਾਵਨਾ ਲਈ ਕੰਮ ਕਰ ਰਹੇ ਕਾਰਕੁਨਾਂ ਅਤੇ ਜ਼ਹੀਨ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਯੂਏਪੀਏ ਤੇ ਹੋਰ ਸੰਗੀਨ ਕਾਨੂੰਨ ਲਗਾ ਕੇ ਜੇਲ੍ਹਾਂ ਵਿਚ ਡੱਕ ਦਿੱਤਾ। ਜ਼ਿਆਦਾਤਰ ਕੇਸਾਂ ਵਿਚ ਨਾ ਸਿਰਫ਼ ਹੇਠਲੀਆਂ ਅਦਾਲਤਾਂ ਨੇ ਸਗੋਂ ਉੱਚ ਅਦਾਲਤਾਂ ਨੇ ਵੀ ਪੁਲਿਸ ਵੱਲੋਂ ਆਰਐੱਸਐੱਸ-ਭਾਜਪਾ ਦੇ ਰਾਜਨੀਤਕ ਏਜੰਡੇ ਦੀ ਸੇਵਾ ਲਈ ਘੜੀਆਂ ਮਨਘੜਤ ਕਹਾਣੀਆਂ ਨੂੰ ਸੱਚ ਮੰਨਿਆ ਅਤੇ ਮੁਲਜ਼ਮਾਂ ਨੂੰ ਜ਼ਮਾਨਤ ਦੇ ਕੇ ਕਾਨੂੰਨੀ ਪੈਰਵਾਈ ਰਾਹੀਂ ਆਪਣੇ ਵਿਰੁੱਧ ਲਗਾਏ ਦੋਸ਼ਾਂ ਨੂੰ ਗ਼ਲਤ ਸਾਬਤ ਕਰਨ ਦੇ ਕਾਨੂੰਨੀ ਮੌਕੇ ਤੋਂ ਵੀ ਵਾਂਝੇ ਕੀਤਾ ਹੈ। ਇਸੇ ਤਰ੍ਹਾਂ ਭੀਮਾ-ਕੋਰੇਗਾਓਂ ਕੇਸ ਵਿਚ ਵਾਪਰਿਆ। ਕੀ ਉੱਚ ਅਦਾਲਤਾਂ ਦੇ ਜੱਜ ਸਾਹਿਬਾਨ ਨਹੀਂ ਜਾਣਦੇ ਕਿ ਫਿਰਕੂ ਪਾਲਾਬੰਦੀ ਕਰਨ, ਨਫ਼ਰਤ, ਹਿੰਸਾ ਅਤੇ ਦੰਗੇ ਕਰਵਾਉਣ ਵਾਲੀ ਧਿਰ ਕਿਹੜੀ ਹੈ? ਹੇਠ ਦਿੱਤੇ ਮਿਸਾਲਾਂ ਤੋਂ ਇਸ ਵਰਤਾਰੇ ਨੂੰ ਬਖ਼ੂਬੀ ਸਮਝਿਆ ਜਾ ਸਕਦਾ ਹੈ।

31 ਅਗਸਤ 2024 ਤੱਕ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਜੇਲ੍ਹ 'ਚ 2279 ਦਿਨ ਹੋ ਗਏ। ਇਸ ਦੌਰਾਨ ਉਸ ਨੂੰ ਇਕ ਪਰਿਵਾਰਕ ਸਮਾਗਮ 'ਚ ਸ਼ਾਮਲ ਹੋਣ ਲਈ ਸਿਰਫ਼ ਦੋ ਹਫ਼ਤੇ ਦੀ ਜ਼ਮਾਨਤ ਦਿੱਤੀ ਗਈ। ਉਸਦਾ ਪ੍ਰੋਫੈਸਰ ਸਾਈਬਾਬਾ ਵਰਗੇ ਹੱਕਾਂ ਦੇ ਕਾਰਕੁਨਾਂ ਅਤੇ ਪੂਰੀ ਤਰ੍ਹਾਂ ਝੂਠੇ ਕੇਸਾਂ 'ਚ ਫਸਾਏ ਬੇਕਸੂਰ ਆਦਿਵਾਸੀਆਂ ਦੇ ਕੇਸਾਂ ਦੀ ਕਾਨੂੰਨੀ ਪੈਰਵਾਈ ਕਰਨਾ ਸਟੇਟ ਨੂੰ ਲੰਮੇ ਸਮੇਂ ਤੋਂ ਚੁਭਦਾ ਸੀ। ਪ੍ਰੋਫੈਸਰ ਸਾਈਬਾਬਾ ਵਿਰੁੱਧ ਝੂਠਾ ਕੇਸ ਘੜਨ ਵਾਲੇ ਮਹਾਰਾਸ਼ਟਰ ਪੁਲਿਸ ਦੇ ਅਧਿਕਾਰੀ ਉਸ ਨੂੰ ਅਦਾਲਤ ਵਿਚ ਹੀ ਨਤੀਜੇ ਭੁਗਤਣ ਅਤੇ ਜੇਲ੍ਹ ਵਿਚ ਜਾਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਦਿੰਦੇ ਸਨ। ਜਿਨ੍ਹਾਂ ਦੇ ਉਹ ਕੇਸ ਲੜਦਾ ਸੀ, ਉਨ੍ਹਾਂ ਵਿੱਚੋਂ ਬਹੁਤ ਸਾਰੇ ਆਖ਼ਿਰਕਾਰ ਅਦਾਲਤਾਂ ਨੇ ਕੋਈ ਸਬੂਤ ਨਾ ਹੋਣ ਕਾਰਨ ਬਾਇੱਜ਼ਤ ਬਰੀ ਕਰ ਦਿੱਤੇ, ਪਰ ਹੱਕਾਂ ਪ੍ਰਤੀ ਲੋਕਪੱਖੀ ਵਕੀਲ ਦੇ ਸਰੋਕਾਰਾਂ ਨੇ ਖ਼ੁਦ ਵਕੀਲ ਨੂੰ ਹੀ ਜੇਲ੍ਹ ਵਿਚ ਪਹੁੰਚਾ ਦਿੱਤਾ।

ਰਾਜਨੀਤਕ ਕੈਦੀਆਂ ਦੇ ਹੱਕਾਂ ਦੀ ਰਾਖੀ ਲਈ ਸਰਗਰਮ ਰੌਸ਼ਨ-ਖ਼ਿਆਲ ਕਾਰਕੁਨ ਰੋਨਾ ਵਿਲਸਨ ਨੂੰ ਵੀ ਸੁਰਿੰਦਰ ਗਾਡਲਿੰਗ ਦੇ ਨਾਲ ਜੂਨ 2018 'ਚ ਭੀਮਾ-ਕੋਰੇਗਾਓਂ ਕੇਸ 'ਚ ਗ੍ਰਿਫ਼ਤਾਰੀਆਂ ਦੇ ਪਹਿਲੇ ਗੇੜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਅਜੇ ਤੱਕ ਜ਼ਮਾਨਤ ਨਹੀਂ ਮਿਲੀ ਹੈ। ਉਸਦੇ ਪਰਿਵਾਰ ਵਿਚ ਮੌਤ ਹੋਣ 'ਤੇ ਵੀ ਪੈਰੋਲ ਨਹੀਂ ਦਿੱਤੀ ਗਈ।

ਇਹੀ ਕਾਰਕੁਨ ਮਹੇਸ਼ ਰਾਵਤ ਨਾਲ ਵਾਪਰਿਆ ਹੈ। ਉਸ ਨੂੰ ਵੀ ਉਪਰੋਕਤ

ਕੇਸ 'ਚ ਪਹਿਲੇ ਗੇੜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਵਾ ਪੰਜ ਸਾਲ ਬਿਨਾਂ ਜ਼ਮਾਨਤ ਜੇਲ੍ਹ 'ਚ ਰੱਖਣ ਤੋਂ ਬਾਦ ਪਿਛਲੇ ਸਾਲ 21 ਸਤੰਬਰ 2023 ਨੂੰ ਬੰਬਈ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ ਦਿੰਦਿਆਂ ਟਿੱਪਣੀ ਕੀਤੀ ਕਿ ਉਸ ਵਿਰੁੱਧ ਯੂਏਪੀਏ ਲਗਾਏ ਜਾਣ ਦਾ ਪਹਿਲੀ ਨਜ਼ਰੇ ਕੋਈ ਸਬੂਤ ਨਹੀਂ ਹੈ। ਨਾਲ ਹੀ ਹਾਈ ਕੋਰਟ ਨੇ ਜ਼ਮਾਨਤ ਦਾ ਹੁਕਮ ਇਕ ਹਫ਼ਤੇ ਲਈ ਰੋਕ ਕੇ ਕੌਮੀ ਜਾਂਚ ਏਜੰਸੀ ਨੂੰ ਇਸ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਕਰਨ ਦਾ ਸਮਾਂ ਦੇ ਦਿੱਤਾ। 27 ਸਤੰਬਰ ਨੂੰ ਸੁਪਰੀਮ ਕੋਰਟ ਨੇ ਨਾ ਸਿਰਫ਼ ਉਸਦੀ ਰਿਹਾਈ ਉੱਪਰ ਰੋਕ ਲਗਾ ਦਿੱਤੀ ਸਗੋਂ ਹਾਈ ਕੋਰਟ ਵੱਲੋਂ ਜ਼ਮਾਨਤ ਦੇ ਹੁਕਮ ਉੱਪਰ ਰੋਕ ਵਿਚ ਵੀ ਵਾਧਾ ਕਰ ਦਿੱਤਾ।

ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਹਨੀ ਬਾਬੂ ਨੂੰ ਵੀ ਐੱਨਆਈਏ ਵੱਲੋਂ ਭੀਮਾ-ਕੋਰੇਗਾਓਂ ਕੇਸ ਦੀ ਕਥਿਤ ਜਾਂਚ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਪ੍ਰੋਫੈਸਰ ਸਾਈਬਾਬਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਮੁਹਿੰਮ ਵਿਚ ਉਸਦੀ ਆਗੂ ਭੂਮਿਕਾ ਸੀ। ਉਹ ਵੀ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਹੈ।

ਕਬੀਰ ਕਲਾ ਮੰਚ ਦੀ ਕਲਾਕਾਰ ਜਯੋਤੀ ਜਗਤਾਪ ਸਤੰਬਰ 2020 ਤੋਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਹੈ। ਉਸ ਨੂੰ ਦੋ ਹੋਰ ਸਾਥੀ ਕਲਾਕਾਰਾਂ, ਸਾਗਰ ਗੋਰਖੇ ਅਤੇ ਰਮੇਸ਼ ਗਾਏਚੋਰ ਸਮੇਤ ਭੀਮਾ-ਕੋਰੇਗਾਓਂ ਕੇਸ 'ਚ ਗ੍ਰਿਫ਼ਤਾਰੀਆਂ ਦੇ ਤੀਜੇ ਗੇੜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪਿੱਛੇ ਜਹੇ ਜੁਲਾਈ 2024 'ਚ ਸੁਪਰੀਮ ਕੋਰਟ ਦੇ ਬੈਂਚ ਨੇ ਉਸਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਉਸਨੇ ਹਾਈਕੋਰਟ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਹਾਈ ਕੋਰਟ ਦਾ ਕਹਿਣਾ ਸੀ ਕਿ ਉਸ ਵਿਰੁੱਧ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ 'ਪਹਿਲੀ ਨਜ਼ਰੇ' ਸਬੂਤ ਹੋਣ ਕਾਰਨ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜਦੋਂ ਇਸੇ ਕੇਸ ਵਿਚ ਹੋਰ ਕਾਰਕੁਨਾਂ ਨੂੰ ਜ਼ਮਾਨਤ ਦਿੱਤੀ ਗਈ ਹੈ ਤਾਂ ਉਸੇ ਆਧਾਰ 'ਤੇ ਬਾਕੀ ਸਾਰਿਆਂ ਨੂੰ ਕਿਉਂ ਨਹੀਂ ਦਿੱਤੀ ਜਾ ਸਕਦੀ। ਕਾਨੂੰਨੀ ਨਜ਼ਰੀਏ ਤੋਂ ਵੀ ਉਨ੍ਹਾਂ ਨੂੰ ਤੁਰੰਤ ਜ਼ਮਾਨਤ ਮਿਲਣੀ ਚਾਹੀਦੀ ਹੈ, ਮੁਕੱਦਮਾ ਚਲਾ ਕੇ ਉਨ੍ਹਾਂ ਸਬੂਤਾਂ ਤਹਿਤ ਦੋਸ਼ੀ ਸਾਬਤ ਕਰਨ ਤੋਂ ਬਾਅਦ ਹੀ ਸਜ਼ਾ ਦਿੱਤੀ ਜਾ ਸਕਦੀ ਹੈ। ਪਰ ਯੂਏਪੀਏ ਵਰਗੇ ਕਾਨੂੰਨ ਬਣਾਉਣ ਪਿੱਛੇ ਹਕੂਮਤ ਦਾ ਮਨੋਰਥ ਹੀ ਇਹ ਹੈ ਕਿ ਦੋਸ਼ ਸਾਬਤ ਕਰਨ ਦੀ ਜ਼ਰੂਰਤ ਹੀ ਨਾ ਪਵੇ ਅਤੇ ਮਨਮਰਜ਼ੀ ਅਨੁਸਾਰ ਉਸ ਵਿਅਕਤੀ ਨੂੰ ਮਰਜ਼ੀ ਅਨੁਸਾਰ ਜੇਲ੍ਹ ਵਿਚ ਵੀ ਸਾੜਿਆ ਜਾ ਸਕੇ ਜੋ ਹਕੂਮਤ ਨੂੰ ਪਸੰਦ ਨਹੀਂ।

ਇਸੇ ਤਰ੍ਹਾਂ ਦੀ ਸਥਿਤੀ ਪੂਰਬ-ਉੱਤਰ ਦਿੱਲੀ ਸਾਜ਼ਿਸ਼ ਕੇਸ ਦੀ ਹੈ। ਜੋ 2020 'ਚ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਪਾਸ ਕੀਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਇਤਿਹਾਸਕ ਲੋਕ ਅੰਦੋਲਨ ਉੱਪਰ ਦਿੱਲੀ ਪੁਲਿਸ ਅਤੇ ਭਗਵੇਂ ਦਹਿਸ਼ਤਵਾਦੀ ਗਰੋਹਾਂ ਦੀ ਹਿੰਸਕ ਭੂਮਿਕਾ ਉੱਪਰ ਪਰਦਾ ਪਾਉਣ ਅਤੇ ਖ਼ਾਸ ਕਰਕੇ ਨਾਗਰਿਕ ਹੱਕਾਂ ਦੀ ਰਾਖੀ ਲਈ ਜੂਝਣ ਵਾਲੇ ਕਾਰਕੁਨਾਂ ਤੇ ਪੜ੍ਹੀਆਂ-ਲਿਖੀਆਂ ਮੁਸਲਿਮ ਲੜਕੀਆਂ ਨੂੰ ਜੇਲ੍ਹਾਂ 'ਚ ਸਾੜਨ ਲਈ ਬਣਾਇਆ ਗਿਆ ਸੀ। ਬਹੁਤ ਸਾਰੇ ਕੇਸਾਂ ਵਿਚ ਸੁਪਰੀਮ ਕੋਰਟ ਆਪਣੀਆਂ ਹੀ ਟਿੱਪਣੀਆਂ ਦੇ ਵਿਰੁੱਧ ਫ਼ੈਸਲੇ ਲੈਂਦੀ ਦੇਖੀ ਜਾ ਸਕਦੀ ਹੈ।

ਇਸ ਦੀ ਇਕ ਮੁੱਖ ਮਿਸਾਲ ਜੇਐੱਨਯੂ ਦਾ ਵਿਦਿਆਰਥੀ ਕਾਰਕੁਨ ਅਤੇ ਸਕਾਲਰ ਉਮਰ ਖ਼ਾਲਿਦ ਹੈ। ਉਮਰ ਉਨ੍ਹਾਂ ਕਾਰਕੁਨਾਂ ਵਿੱਚੋਂ ਪ੍ਰਮੁੱਖ ਨਾਮ ਹੈ ਜਿਨ੍ਹਾਂ ਨੂੰ 'ਵੱਡੀ ਸਾਜ਼ਿਸ਼' ਦੇ 'ਮਾਸਟਰਮਾਈਂਡ' ਕਰਾਰ ਦੇ ਕੇ ਗ੍ਰਿਫ਼ਤਾਰ ਕੀਤਾ ਗਿਆ। ਉਹ ਸਤੰਬਰ 2020 ਤੋਂ ਜੇਲ੍ਹ ਵਿਚ ਬੰਦ ਹੈ। ਇਸ ਸਾਲ 28 ਮਈ ਨੂੰ ਟਰਾਇਲ ਕੋਰਟ ਨੇ ਉਸਦੀ ਬਾਕਾਇਦਾ ਜ਼ਮਾਨਤ ਦੀ ਅਰਜ਼ੀ ਦੂਜੀ ਵਾਰ ਇਹ ਦਲੀਲ ਦੇ ਕੇ ਰੱਦ ਕਰ ਦਿੱਤੀ ਕਿ ਦਿੱਲੀ ਹਾਈਕੋਰਟ ਉਸਦੀ ਜ਼ਮਾਨਤ ਦੀ ਅਰਜ਼ੀ ਅਕਤੂਬਰ 2022 'ਚ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਉਸ ਤੋਂ ਬਾਅਦ ਉਸਨੇ ਜੋ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, ਕਿਉਂਕਿ ਉਹ ਵੀ ਵਾਪਸ ਲੈ ਲਈ ਹੈ, ਇਸ ਲਈ ਉਸਦੀ ਜ਼ਮਾਨਤ ਦੀ ਪਹਿਲੀ ਪਟੀਸ਼ਨ ਉੱਪਰ ਟਰਾਇਲ ਕੋਰਟ ਦਾ ਮਾਰਚ 2022 'ਚ ਦਿੱਤਾ ਆਦੇਸ਼ ਅੰਤਮ ਬਣ ਗਿਆ ਹੈ ਅਤੇ ਉਸਦੀ ਰਾਹਤ ਦੀ ਅਰਜ਼ੀ ਉੱਪਰ ਵਿਚਾਰ ਨਹੀਂ ਕੀਤੀ ਜਾ ਸਕਦੀ। ਦਰਅਸਲ, ਉਮਰ ਖ਼ਾਲਿਦ ਵੱਲੋਂ ਇਸ ਸਾਲ ਫਰਵਰੀ 'ਚ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਚੌਦਾਂ ਵਾਰ ਮੁਲਤਵੀ ਕੀਤੇ ਜਾਣ ਤੋਂ ਬਾਅਦ ਇਹ ਸੋਚ-ਵਿਚਾਰ ਕਰਕੇ ਵਾਪਸ ਲਈ ਗਈ ਸੀ ਕਿ ਹੁਣ ਹਾਲਾਤ ਬਦਲ ਚੁੱਕੇ ਹਨ ਅਤੇ ਲੰਮੇ ਪ੍ਰੋਸੀਜ਼ਰ ਦੇ ਮੱਦੇਨਜ਼ਰ ਹੇਠਲੀ ਅਦਾਲਤ ਵਿਚ ਹੀ ਜ਼ਮਾਨਤ ਲੈਣ ਦੀ ਕੋਸ਼ਿਸ਼ ਕਰਨਾ ਸਹੀ ਰਹੇਗਾ। ਦਿੱਲੀ ਹਾਈਕੋਰਟ ਨੇ ਉਸਦੀ ਜ਼ਮਾਨਤ ਦੀ ਅਪੀਲ ਨੂੰ ਰੱਦ ਕਰਨ ਦਾ ਫ਼ੈਸਲਾ ਇਹ ਦਲੀਲ ਦਿੰਦੇ ਬਰਕਰਾਰ ਰੱਖਿਆ ਸੀ ਕਿ ਉਸ ਵਿਰੁੱਧ ਦਿੱਲੀ ਪੁਲਿਸ ਵੱਲੋਂ ਲਾਏ ਗਏ ਦੋਸ਼ 'ਪਹਿਲੀ ਨਜ਼ਰੇ ਸਹੀ' ਹਨ। ਹਾਈਕੋਰਟ ਨੇ ਇੱਥੋਂ ਤੱਕ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਰੋਸ ਵਿਖਾਵੇ ਹਿੰਸਕ ਦੰਗਿਆਂ 'ਚ ਬਦਲ ਗਏ ਜੋ "ਪਹਿਲੀ ਨਜ਼ਰੇ ਸਾਜ਼ਿਸ਼ੀ ਮੀਟਿੰਗਾਂ 'ਚ ਵਿਉਂਤੇ ਗਏ ਜਾਪਦੇ" ਹਨ।

ਦੂਜੀ ਮੁੱਖ ਮਿਸਾਲ ਐੱਮਟੈੱਕ ਤੱਕ ਪੜ੍ਹਾਈ ਕਰ ਚੁੱਕਾ, ਜੇਐੱਨਯੂ ਰਿਸਰਚ ਸਕਾਲਰ ਸ਼ਰਜ਼ੀਲ ਇਮਾਮ ਹੈ। ਉਹ ਬਿਨਾਂ ਜ਼ਮਾਨਤ 1678 ਦਿਨ ਤੋਂ ਜੇਲ੍ਹ ਵਿਚ ਬੰਦ ਹੈ। ਉਸਦਾ ਕੇਸ ਅਦਾਲਤ ਅੱਗੇ ਜ਼ਮਾਨਤ ਲਈ 60 ਵਾਰ ਪੇਸ਼ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ, ਗੁਲਫਿਸ਼ਾਂ ਫਾਤਿਮਾ ਦਾ ਕੇਸ ਹੈ ਜੋ 1522 ਦਿਨਾਂ ਤੋਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਹੈ। ਹਕੂਮਤ ਅਨੁਸਾਰ ਉਹ "ਪੜ੍ਹੀਲਿਖੀ ਦਹਿਸ਼ਤਪਸੰਦ" ਹੈ ਕਿਉਂਕਿ ਐੱਮਬੀਏ ਤੱਕ ਪੜ੍ਹੀ, ਸਧਾਰਨ ਮੁਸਲਮਾਨ ਪਰਿਵਾਰ ਦੀ ਇਹ ਜ਼ਹੀਨ ਧੀ ਬੇਹੱਦ ਸੰਵੇਦਨਸ਼ੀਲ ਹੈ ਜੋ ਸ਼ਾਹੀਨ ਬਾਗ਼ ਮੋਰਚਿਆਂ 'ਚ ਵੀ ਅੰਦੋਲਨਕਾਰੀ ਔਰਤਾਂ ਤੇ ਬੱਚਿਆਂ ਨੂੰ ਪੜ੍ਹਾਉਣ ਦਾ 'ਦੇਸ਼ਧ੍ਰੋਹ' ਕਰਦੀ ਸੀ! ਉਸਦੀ ਜ਼ਮਾਨਤ ਦੀ ਅਰਜ਼ੀ ਘੱਟੋਘੱਟ ਦਿੱਲੀ ਹਾਈਕੋਰਟ ਵਿਚ 65 ਵਾਰ ਲੱਗ ਚੁੱਕੀ ਹੈ। ਉਸਦੀ ਅਰਜ਼ੀ ਦੀ ਸੁਣਵਾਈ ਕਰਨ ਵਾਲਾ ਬੈਂਚ ਹੁਣ ਤੱਕ ਚਾਰ ਵਾਰ ਬਦਲ ਚੁੱਕਾ ਹੈ। ਉਸ ਦੇ ਜ਼ਮਾਨਤ ਦੇ ਕੇਸ ਉੱਪਰ ਚਾਰ ਵਾਰ ਜਿਰਹਾ ਵੀ ਹੋ ਚੁੱਕੀ ਹੈ ਅਤੇ ਹਰ ਵਾਰ ਸਿਰਫ਼ ਬੈਂਚ ਨੇ ਫ਼ੈਸਲਾ ਸੁਣਾਉਣਾ ਹੁੰਦਾ ਹੈ ਇਸ ਤੋਂ ਪਹਿਲਾਂ ਜੱਜ ਦਾ ਤਬਾਦਲਾ ਹੋ ਜਾਂਦਾ ਹੈ। ਇਸੇ ਕੇਸ ਵਿਚ ਹੋਰ ਕਾਰਕੁਨਾਂ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ, ਸਫੂਰਾ ਜ਼ਰਗਰ ਅਤੇ ਇਸ਼ਰਤ ਜਹਾਂ ਨੂੰ ਜ਼ਮਾਨਤ ਦਿੱਤੀ ਜਾ ਚੁੱਕੀ ਹੈ। ਪਰ ਫਾਤਿਮਾ ਨੂੰ ਜੇਲ੍ਹ 'ਚ ਡੱਕਿਆ ਹੋਇਆ ਸੀ ਕਿਉਂਕਿ 'ਪੜ੍ਹੀਲਿਖੀ ਦਹਿਸ਼ਤਗਰਦ', ਤੇ ਵੀ ਉਹ ਮੁਸਲਮਾਨ ਲੜਕੀ, ਹੋਣ ਕਾਰਨ ਉਹ ਜ਼ਿਆਦਾ ਖ਼ਤਰਨਾਕ ਹੈ।

ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਆਦਿ ਦੀ ਕੁਝ ਕੇਸਾਂ 'ਚ ਜ਼ਮਾਨਤ ਹੋ ਚੁੱਕੀ ਹੈ, ਪਰ ਕਿਉਂਕਿ ਪੁਲਿਸ ਵੱਲੋਂ ਬਣਾਈ ਕਹਾਣੀ 'ਚ ਉਹ 'ਮਾਸਟਰਮਾਈਂਡ' ਹਨ ਅਤੇ ਉਨ੍ਹਾਂ ਵਿਰੁੱਧ ਯੂਏਪੀਏ ਲਗਾਇਆ ਗਿਆ ਹੈ, ਇਸ ਲਈ ਉਦੋਂ ਤੱਕ ਬਾਹਰ ਨਹੀਂ ਆ ਸਕਣਗੇ ਜਦ ਤੱਕ ਸੁਪਰੀਮ ਕੋਰਟ ਜਾਂ ਹਾਈ ਕੋਰਟਾਂ ਨੂੰ ਇਹ ਨਹੀਂ ਜਚ ਜਾਂਦਾ ਹੈ ਕਿ ਉਹ ਵੀ 'ਜ਼ਮਾਨਤ ਆਦਰਸ਼ ਹੈ' ਦੇ ਹੱਕਦਾਰ ਹਨ। ਜਦੋਂ ਆਖ਼ਿਰਕਾਰ ਉਹ ਬਿਨਾਂ ਦੋਸ਼ ਸਾਬਤ ਕੀਤੇ ਅੱਠ-ਦਸ ਸਾਲ ਬਾਅਦ ਜੇਲ੍ਹਾਂ 'ਚੋਂ ਰਿਹਾਅ ਹੋ ਜਾਣਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਦੇ ਵੱਡਮੁੱਲੇ ਸਾਲ ਕੌਣ ਵਾਪਸ ਕਰੇਗਾ? ਕੀ ਸਰਵਉੱਚ ਅਦਾਲਤ ਕਦੇ ਇਸ ਪਹਿਲੂ ਦਾ ਆਪਣੇ ਆਪ ਨੋਟਿਸ ਲਵੇਗੀ?

# ਕੈਨੇਡਾ ਦੇ ਸਿਸਟਮ ਨਾਲ ਜੂਝਦੀਆਂ ਸਾਡੀਆਂ ਕਦਰਾਂ-ਕੀਮਤਾਂ



ਮਲਵਿੰਦਰ
3659946744,
9779591344

ਸਮਾਜਕ ਕਦਰਾਂ ਕੀਮਤਾਂ ਦੇ ਸਮਕਾਲੀ ਸਮਿਆਂ ਅੰਦਰ ਕਈ ਅਰਥ ਹਨ। ਮਸਲਨ ਪਰਿਵਾਰਕ ਕੀਮਤਾਂ, ਜਿਹੜੀਆਂ ਵੱਖ-ਵੱਖ ਧਰਮਾਂ ਤੇ ਭਾਈਚਾਰਕ ਸਮੂੰਹਾਂ ਅੰਦਰ ਵੱਖਰੇ ਮਾਪਦੰਡਾਂ ਵਾਲੀਆਂ ਹੋ ਸਕਦੀਆਂ ਹਨ। ਬਹੁਤ ਵਾਰੀ ਇਹ ਕਦਰਾਂ ਕੀਮਤਾਂ ਕਿਸੇ ਪਰਿਵਾਰਕ ਢਾਚੇ ਅੰਦਰ ਮਿੱਥੇ ਹੋਏ ਰਾਹਾਂ ਦੀਆਂ ਪਾਬੰਧ ਹੁੰਦੀਆਂ ਹਨ। ਮੁੱਖ ਤੌਰ 'ਤੇ ਇਹ ਕਦਰਾਂ ਕੀਮਤਾਂ ਸਾਡਾ ਰਹਿਣ-ਸਹਿਣ, ਖਾਣ-ਪੀਣ, ਕਿਰਤ ਕਰਨ, ਸਾਡਾ ਵਿਹਾਰ ਤੇ ਚਾਲ-ਚੱਲਣ ਤਹਿ ਕਰਦੀਆਂ ਹਨ। ਇਹ ਰਚਨਾਤਮਕ ਤੇ ਮੂਲ ਵਿਸ਼ਵਾਸ ਉਮਰ ਦੇ ਮੁੱਢਲੇ ਸਾਲਾਂ ਵਿਚ ਕਿਸੇ ਵਿਅਕਤੀ ਦਾ ਵਿਅਕਤੀਤਵ ਘੜਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰ ਬਾਅਦ ਵਾਲ਼ੇ ਸਾਲਾਂ ਦੇ ਤਜ਼ਰਬੇ, ਪਰਿਵਾਰ ਤੋਂ ਬਾਹਰ ਦੇ ਰਿਸ਼ਤੇ, ਸਾਂਝਾਂ, ਮਿਲਵਰਤਣ, ਵਿਚਰਣ , ਘਟਨਾਵਾਂ ਤੇ ਵੱਖਰੇ ਵਿਚਾਰ ਵਧੇਰੇ ਪ੍ਰਭਾਵਤ ਕਰਦੇ ਹਨ। ਇੰਝ ਕਦਰਾਂ ਕੀਮਤਾਂ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਇਹ ਬਦਲਾਅ ਹਰ ਪਰਿਵਾਰ, ਭਾਈਚਾਰੇ ਲਈ ਸੁਖਾਵਾਂ ਨਹੀਂ ਹੁੰਦਾ।ਪਰਵਾਸ ਕਦਰਾਂ ਕੀਮਤਾਂ ਦੇ ਟੁੱਟਣ ਅਤੇ ਨਵੇਂ ਆਕਾਰ ਗ੍ਰਹਿਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ।

ਪਰਵਾਸ, ਕਨੈਡਾ ਤੇ ਸਮੱਸਿਆਵਾਂ ਚਰਚਾ ਵਿਚ ਹਨ।ਵਿਦਿਆਰਥੀ ਵੀਜ਼ੇ 'ਤੇ ਆਏ ਨੌਜਵਾਨਾਂ ਦੇ ਵਿਵਹਾਰ ਵਿਚਲੀਆਂ ਬੇਤਰਤੀਬੀਆਂ ਤੇ ਕੈਨੇਡਾ ਸਰਕਾਰ ਵਲੋਂ ਲਏ ਗਏ ਕੁਝ ਸਖ਼ਤ ਫੈਸਲਿਆਂ ਤੋਂ ਵੱਖਰਾ ਵੀ ਬਹੁਤ ਕੁਝ ਹੈ ਜੋ ਏਸ਼ੀਅਨ ਤੇ ਖਾਸ ਕਰਕੇ ਪੰਜਾਬੀ ਭਾਈਚਾਰੇ ਲਈ ਚਣੌਤੀ ਬਣਿਆਂ ਹੈ। ਸਾਡਾ ਸਭਿਆਚਾਰ ਤੇ ਕਦਰਾਂ ਕੀਮਤਾਂ, ਜਿਸ ਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਸਾਡੇ ਘਰਾਂ ਵਿਚ, ਸੰਸਥਾਵਾਂ ਵਿਚ ਤੇ ਸਮਾਜ ਵਿਚ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ। ਸਾਡੇ ਘਰਾਂ ਵਿਚ ਘਰ ਦਾ ਮੁੱਖੀ ਮੁਹਤਬਰ ਬੰਦਾ ਹੁੰਦਾ ਹੈ ਜੋ ਬਾਹਰੀ ਤੌਰ 'ਤੇ ਬਾਕੀ ਜੀਆਂ ਦਾ ਸਲਾਹਕਾਰ ਤੇ ਮਦਦਗਾਰ ਲੱਗਦਾ ਹੈ ਪਰ ਅਸਲ ਵਿਚ ਉਹ ਘਰ ਦੇ ਜੀਆਂ ਨੂੰ ਕੰਟਰੌਲ ਕਰ ਰਿਹਾ ਹੁੰਦਾ ਹੈ।ਇਸ ਦਾ ਭਾਵ ਇਹ ਹੋਇਆ ਕਿ ਘਰ ਦੇ ਹੋਰ ਜੀਅ ਆਪਣੀ ਮਰਜੀ ਨਾਲ਼ ਕੁਝ ਨਹੀਂ ਕਰ ਸਕਦੇ। ਉਹਨਾਂ ਦੀ ਅਜ਼ਾਦ ਸੋਚ ਉਪਰ ਪਹਿਰਾ ਲੱਗਾ ਹੁੰਦਾ ਹੈ।ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਇਹ ਸਿਸਟਮ ਚਲਦਾ ਸੀ। ਘਰ ਇੱਕ ਅਨੁਸ਼ਾਸ਼ਨ ਵਿੱਚ ਬੱਝਾ ਆਪਣੇ ਹਿੱਸੇ ਦੇ ਕੰਮ ਜਾਂ ਜ਼ੁਮੇਵਾਰੀਆਂ ਨਿਭਾਉਂਦਾ ਸੀ। ਇਹ ਸਵੈ ਸਾਂਝੀ ਨਿਰਭਰਤਾ ਸੀ ਜਿਸ ਦੇ ਬਹੁਤ ਸਾਰੇ ਦੂਰ ਪ੍ਰਭਾਵ ਹੁੰਦੇ ਸਨ। ਤਬਦੀਲੀ ਕੁਦਰਤ ਦਾ ਨੇਮ ਹੈ। ਵਕਤ ਨਾਲ ਬੜਾ ਕੁਝ ਬਦਲ ਗਿਆ ਹੈ। ਪਰਵਾਸ ਕਰਕੇ ਹੋਰਨਾਂ ਵਿਕਸਤ ਦੇਸ਼ਾਂ ਵਿਚ ਆ ਕੇ ਰਹਿ ਰਹੇ ਲੋਕਾਂ ਨੂੰ ਇਸ ਤਬਦੀਲੀ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ ਤੇ ਕਰ ਰਹੀ ਹੈ। ਅੱਜ ਤੋਂ ਸੱਤ ਅੱਠ ਦਹਾਕੇ ਪਹਿਲਾਂ ਜਨਮੇ ਤੇ ਪਰਵਾਸ ਕਰਕੇ ਇਥੇ ਕੈਨੇਡਾ ਵਿਚ ਆ ਗਏ ਲੋਕਾਂ ਨੂੰ ਇਹ ਤਬਦੀਲੀ ਪਚ ਨਹੀਂ ਰਹੀ। ਉਹ ਘਰ ਦੇ ਕਿਸੇ ਮਸਲੇ ਵਿਚ ਸਲਾਹ ਨਹੀਂ ਦੇ ਸਕਦੇ। ਕਿਸੇ ਨਿਆਣੇ ਨੂੰ ਝਿੜਕ ਨਹੀਂ ਸਕਦੇ। ਸਖ਼ਤ ਬਾਪ ਦੀ ਕੁੱਟ ਤੇ ਅਧਿਆਪਕਾਂ ਦੇ ਡੰਡਿਆਂ ਦੀ ਚੀਸ ਦੇ ਸੋਹਲਾ ਗਾਉਣ ਵਾਲੇ ਵੇਲ਼ੇ ਵਿਹਾ ਗਏ ਹਨ। ਰਾਤ ਵੇਲ਼ੇ ਤੁਹਾਡਾ ਕੋਈ ਜਵਾਨ ਧੀ ਪੁੱਤ ਘਰੋਂ ਬਾਹਰ ਜਾਣ ਜਾਣ ਲੱਗਦਾ ਹੈ ਤਾਂ ਤੁਸੀਂ ਉਸਨੂੰ ਵਰਜ ਨਹੀਂ ਸਕਦੇ। ਜੇ ਕੋਸ਼ਿਸ਼ ਕਰੋਗੇ ਤਾਂ ਉਹ ਤੁਹਾਨੂੰ ਦਲੀਲ ਨਾਲ਼ ਸਮਝਾਉਣਗੇ ਕਿ ਤੁਸੀਂ ਉਹਨਾਂ ਨੂੰ ਨਹੀਂ ਰੋਕ ਸਕਦੇ। ਕੈਨੇਡਾ ਦਾ ਕਾਨੂੰਨ ਉਨ੍ਹਾਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਦਿੰਦਾ ਹੈ। ਤੁਹਾਡੀਆਂ ਕਦਰਾਂ ਕੀਮਤਾਂ ਉਸ ਕਾਨੂੰਨ ਸਾਹਮਣੇ ਬੇਵੱਸ ਹਨ। ਕਿੱਲੇ ਨਾਲ ਬੱਧਾ ਸਭਿਆਚਾਰ ਤੇ ਕਦਰਾਂ ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ।

**ਹੋਰਾਂ ਉਪਰ ਨਿਰਭਰਤਾ ਦੇ ਨੁਕਸਾਨ** : ਸਾਡਾ ਸਮਾਜ, ਸਾਡਾ ਸਭਿਆਚਾਰ ਬੱਚਿਆਂ ਨੂੰ ਆਪਣੀ ਮਨ ਮਰਜੀ ਕਰਨ ਦੀ ਆਗਿਆ ਨਹੀਂ ਦਿੰਦਾ। ਇੰਝ ਹੀ ਘਰ ਦੀਆਂ ਔਰਤਾਂ ਨਾਲ ਵਾਪਰਦਾ ਹੈ।ਸਾਡਾ ਮਾਡਲ ਬੱਚਿਆਂ ਤੇ ਔਰਤਾਂ ਨੂੰ ਘਰ ਦੇ ਮਰਦ ਮੁੱਖੀ



ਉਪਰ ਨਿਰਭਰ ਕਰਨ ਦੇ ਦਹਾਕਿਆਂ ਪੁਰਾਣੇ ਸਿਧਾਂਤ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਇੰਝ ਕਰਦਿਆਂ ਉਹ ਸਮੁੱਚੇ ਘਰ ਦੀ ਜ਼ੁਮੇਵਾਰੀ ਆਪਣੇ ਸਿਰ ਲੈ ਰਿਹਾ ਹੁੰਦਾ ਹੈ। ਹੋਰਾਂ ਨੂੰ ਉਹਨਾਂ ਦੀ ਸਮਰੱਥਾ ਅਤੇ ਸੋਚ ਤੋਂ ਮਹਿਰੂਮ ਕਰ ਰਿਹਾ ਹੁੰਦਾ ਹੈ। ਇਸ ਦੇ ਮਨੋਵਿਗਿਆਨਕ ਅਸਰ ਹੁੰਦੇ ਹਨ। ਘਰ ਵਿਚ ਕਲੇਸ਼ ਰਹਿੰਦਾ ਹੈ। ਕੋਈ ਆਪਣੇ ਮਨ ਦੀ ਗੱਲ ਖੁੱਲੇ ਦਿਲ ਨਾਲ਼ ਨਹੀਂ ਕਰਦਾ। ਪਰ ਮਰਦ ਠੰਡੇ ਦਿਮਾਗ ਨਾਲ਼ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਘਰ ਦੀ ਇਸ ਬੇਤਰਤੀਬੀ ਲਈ ਮੇਰੀ ਕੀ ਭੂਮਿਕਾ ਹੈ। ਘਰ ਦੇ ਜੀਆਂ ਦੀ ਆਜ਼ਾਦ ਸੋਚ ਨੂੰ ਦਬਾਉਣ ਦਾ ਕਾਰਣ ਤੁਹਾਡੀ ਇਥੋਂ ਦੇ ਸਿਸਟਮ ਪ੍ਰਤੀ ਬੇਸਮਝੀ ਹੈ। ਇਸ ਬੇਸਮਝੀ ਕਰਕੇ ਹੀ ਸਮੱਸਿਆਵਾਂ ਹਨ। ਜਿਹਨਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿਚ ਵੀ ਸਮੱਸਿਆਵਾਂ ਦਾ ਹੱਲ ਸੰਭਵ ਹੈ।

**ਸਾਡੇ ਰਿਸ਼ਤੇ** : ਘਰ ਦੇ ਜੀਆਂ ਤੇ ਖਾਸ ਕਰਕੇ ਬੱਚਿਆਂ ਨਾਲ਼ ਸਾਡਾ ਰਿਸ਼ਤਾ ਸੁਖਾਵਾਂ ਹੋਣਾ ਚਾਹੀਦਾ ਹੈ।ਉਸ ਲਈ ਇਮਾਨਦਾਰੀ, ਵਿਸ਼ਵਾਸ, ਸਤਿਕਾਰ ਅਤੇ ਖੁੱਲੇ ਸੰਵਾਦ ਦੀ ਲੋੜ ਹੁਦੀ ਹੈ। ਸਾਡੀਆਂ ਕਦਰਾਂ ਕੀਮਤਾਂ ਵਿਚ ਇਹਨਾਂ ਗੱਲਾਂ ਦੀ ਅਣਹੋਂਦ ਹੈ। ਗੁੱਸਾ, ਕਰੋਧ, ਸਖਤੀ ਹਰ ਸਮੱਸਿਆ ਲਈ ਸਾਡੇ ਫੌਰੀ ਹੱਲ ਹਨ। ਆਪਣੇ ਉਪਰ ਨਿਅੰਤਰਣ ਨਾ ਰੱਖ ਸਕਣਾ ਸਾਡੀ ਕਮਜ਼ੋਰੀ ਹੁੰਦੀ ਹੈ। ਪਰ ਅਸੀਂ ਇਸ ਨੂੰ ਵਡੱਤਣ ਸਮਝਦੇ ਹਾਂ। ਸੁਖਾਵਾਂ ਰਿਸ਼ਤਾ ਰੱਖਣ ਲਈ ਇਹਨਾਂ ਕਮਜ਼ੋਰੀਆਂ 'ਤੇ ਕਾਬੂ ਪਾਉਣਾ ਪਵੇਗਾ। ਸੁਖਾਵਾਂ ਰਿਸ਼ਤਾ ਬੱਚਿਆਂ ਅੰਦਰ ਵਿਸ਼ਵਾਸ ਪੈਦਾ ਕਰਦਾ ਹੈ। ਅਸੀਂ ਬੱਚੇ ਦੀ ਗਲਤੀ ਦਾ ਫੌਰੀ ਹੱਲ ਉਸਨੂੰ ਡਾਂਟਣਾ ਸਮਝਦੇ ਹਾਂ। ਲੋੜ ਤਾਂ ਸਹਿਜ, ਸਬਰ ਤੇ ਉਡੀਕ ਕਰਨ ਦੀ ਹੁੰਦੀ ਹੈ। ਉਸ ਗਲਤੀ ਨਾਲ਼ ਜੁੜੀਆਂ ਹੋਰ ਗੁੰਝਲਾਂ ਦਾ ਪਤਾ ਲਗਾਉਣ ਲਈ ਕਿਸੇ ਸ਼ਾਂਤ ਤੇ ਖ਼ੁਸ਼ਗਵਾਰ ਮਾਹੌਲ ਦੀ ਉਡੀਕ ਕਰਨੀ ਪੈਂਦੀ ਹੈ। ਉਸ ਮਾਹੌਲ ਵਿਚ ਰਚਾਏ ਗਏ ਸੰਵਾਦ ਨਾਲ ਸੁਖਾਵੇਂ ਨਤੀਜੇ ਸਾਹਮਣੇ ਆਉਣਗੇ। ਕੈਨੇਡਾ ਦੇ ਸਿਸਟਮ ਵਿਚ ਕਿਸੇ ਮਾਮੂਲੀ ਮਦਦ ਲਈ ਵੀ ਅਗਲੇ ਦਾ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਸਾਨੂੰ ਵੀ ਆਪਣੇ ਘਰਾਂ ਵਿਚ ਜੀਆਂ ਨੂੰ ਪਿਆਰ ਕਰਨਾ, ਉਹਨਾਂ ਦੀ ਦੇਖ-ਭਾਲ ਕਰਨੀ, ਸਤਿਕਾਰ ਕਰਨਾ, ਜ਼ੁਮੇਵਾਰੀ ਸਮਝਣੀ, ਸਭ ਨੂੰ ਖ਼ੁਸ਼ ਰੱਖਣਾ ਤੇ ਆਨੰਦ ਦੀ ਅਵਸਥਾ ਵਿਚ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ। ਭਾਈਚਾਰਾ ਜੋ ਅਸੀਂ ਆਪਣੇ ਵਤਨ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਛੱਡ ਆਏ ਹਾਂ, ਇਥੇ ਕਨੇਡਾ ਵਿਚ ਰਹਿੰਦਿਆਂ ਉਸ ਦੀ ਪੁਨਰ ਸਿਰਜਣਾ ਕਰਨੀ ਪਵੇਗੀ। ਇਸ ਭਾਈਚਾਰਕ ਸਾਂਝ ਦੇ ਦਾਇਰੇ ਅੰਦਰ ਜਦ ਧਾਰਮਿਕ, ਸਮਾਜਿਕ ਤੇ ਹੋਰ ਕਾਰਜਾਂ ਲਈ ਇਕੱਠੇ ਹੋਵਾਂਗੇ ਤਾਂ ਸਹਿਜ ਸੁਭਾ ਹੀ ਅਗਲੀ ਪੀੜ੍ਹੀ ਸਾਡੀਆਂ ਕਦਰਾਂ ਕੀਮਤਾਂ ਤੋਂ ਜਾਣੂ ਹੋਵੇਗੀ, ਰਿਸ਼ਤਿਆਂ ਦੀ ਪਛਾਣ ਕਰਕੇ ਸਤਿਕਾਰ ਕਰਨਾ ਸਿੱਖੇਗੀ। ਇਥੇ ਕੈਨੇਡਾ ਵਿਚ ਆ ਕੇ ਵੀ ਜੇਕਰ ਅਸੀਂ ਧੰਨ ਦੌਲਤ ਇਕੱਠੀ ਕਰਨ, ਜਾਇਦਾਦ ਬਣਾਉਣ ਵਿਚ ਵਿਅਸਤ ਰਹਾਂਗੇ ਤਾਂ ਬੱਚਿਆਂ ਲਈ ਸਾਡੇ ਕੋਲ਼ ਸਮਾਂ ਨਹੀਂ ਹੋਵੇਗਾ। ਰਾਤ-ਦਿਨ ਮਿਹਨਤ ਕਰਕੇ ਜੋੜਿਆ ਸਾਡਾ ਧੰਨ ਬੱਚਿਆਂ ਨੂੰ ਸਾਡੀਆਂ ਕਦਰਾਂ ਕੀਮਤਾਂ ਤੋਂ ਦੂਰ ਤੇ ਬੁਰਾਈਆਂ ਦੇ ਨੇੜੇ ਲੈ ਕੇ ਜਾਵੇਗੀ। ਬੱਚਿਆਂ ਸਮੇਤ ਕੈਨੇਡਾ ਆਉਣ ਦਾ ਸਾਡਾ ਸੁਪਨਾ ਚੀਸ ਨਾਲ਼ ਭਰ ਜਾਵੇਗਾ। ਭਾਸ਼ਾ ਵੀ ਕਦਰਾਂ ਕੀਮਤਾਂ ਸਿਖਾਉਣ ਵਿਚ ਸਹਾਈ ਹੁੰਦੀ ਹੈ। ਸਾਨੂੰ ਘਰ ਵਿਚ ਆਪਣੀ ਮਾਂ-ਬੋਲੀ ਵਿਚ ਹੀ ਗੱਲ ਕਰਨੀ ਚਾਹੀਦੀ ਹੈ। ਹੋਰ ਭਾਸ਼ਾਵਾਂ ਤਾਂ ਬੱਚਿਆਂ ਨੇ ਸਿੱਖ ਹੀ ਜਾਣੀਆਂ ਹਨ। ਉਸ ਦੀ ਚਿੰਤਾ ਸਾਨੂੰ ਨਹੀਂ ਕਰਨੀ ਚਾਹੀਦੀ। ਪੰਜਾਬੀ ਬੋਲੀ ਅੰਦਰ ਪੰਜਾਬੀਅਤ ਸਾਂਭੀ ਹੁੰਦੀ ਹੈ। ਪੰਜਾਬੀਅਤ ਪੰਜਾਬੀਆਂ ਦਾ ਜੀਵਨ ਵਿਹਾਰ ਹੈ। ਇਸ ਵਿਹਾਰ ਵਿਚ ਹੀ ਸਾਡਾ ਸਭਿਆਚਾਰ ਪਿਆ ਹੈ। ਮਾਂ-ਬੋਲੀ ਦੀ ਅਹਿਮੀਅਤ ਨੂੰ ਕਦੀ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ।

**ਕੈਨੇਡਾ ਮਲਟੀਕਲਚਰਡ ਮੁਲਕ** : ਕੈਨੇਡਾ ਬਹੁਤ ਸਾਰੇ ਸਭਿਆਚਾਰਾਂ ਦਾ ਦੇਸ਼ ਹੈ। ਇਸ ਵਿਚ ਦੋ ਸੌ ਦੇ ਕਰੀਬ ਦੇਸ਼ਾਂ ਵਿਚੋਂ ਪਰਵਾਸ ਕਰਕੇ ਆਏ ਲੋਕ ਵੱਸਦੇ ਹਨ। ਨਵੀਂ ਪੀੜ੍ਹੀ ਇਸ ਮਲਟੀ ਕਲਚਰ ਵਿਚ ਪਲ਼ ਰਹੀ ਹੈ। ਸਕੂਲਾਂ ਵਿਚ, ਖੇਡ ਮੈਦਾਨਾਂ ਵਿਚ ਤੇ ਹੋਰ ਬਹੁਤ ਥਾਈਂ ਵੱਖ-ਵੱਖ ਧਰਮਾਂ, ਕਦਰਾਂ ਕੀਮਤਾਂ, ਵਿਸ਼ਵਾਸਾਂ ਤੇ ਭਾਵਨਾਵਾਂ ਵਾਲੇ ਬੱਚੇ ਇਕੱਠੇ ਵਿਚਰਦੇ, ਖੇਡਦੇ, ਪੜ੍ਹਦੇ ਤੇ ਦੋਸਤੀ ਕਰਦੇ ਹਨ। ਅਜਿਹੇ ਸਿਸਟਮ ਦੇ ਹਾਣ ਦਾ ਹੋਣ ਲਈ ਸਾਨੂੰ ਲਚਕਦਾਰ ਸਭਿਆਚਾਰ ਦੀ ਲੋੜ ਹੈ। ਸਦੀਆਂ ਪੁਰਾਣੀਆਂ ਕਦਰਾਂ ਕੀਮਤਾਂ ਵਿਚ ਤਬਦੀਲੀ ਆਉਣੀ ਹੁੰਦੀ ਹੈ। ਇਸ ਪੀੜ੍ਹੀ ਦੇ ਅੰਤਰ ਜਾਤੀ, ਅੰਤਰ ਨਸਲੀ ਰਿਸ਼ਤੇ ਬਣਨੇ ਹੁੰਦੇ ਹਨ। ਜਾਤਾਂ, ਧਰਮਾਂ, ਰੰਗਾਂ, ਨਸਲਾਂ ਨੂੰ ਇਹ ਪੀੜ੍ਹੀ ਤਿਲਾਂਜਲੀ ਦੇ ਰਹੀ ਹੈ। ਗੁਰੂ ਬਾਣੀ ਵੀ ਕਹਿੰਦੀ ਹੈ "ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ"। ਜਿਸ ਪੀੜ੍ਹੀ ਨੇ ਫ਼ਲੇ ਵਗਦੇ ਵੀ ਵੇਖੇ ਹਨ ਤੇ ਚਲਦੇ ਖੂਹਾਂ ਦੀ ਟਿੱਕ ਟਿੱਕ ਵੀ ਸੁਣੀ ਹੈ, ਉਹਨਾਂ ਲਈ ਇਹ ਤਬਦੀਲੀ ਤੇ ਨਵੇਂ ਸਭਿਆਚਾਰ ਨੂੰ ਸਵੀਕਾਰ ਕਰਨਾ ਕਠਿਨ ਹੈ।ਪਰ ਨਵੀਆਂ ਸੋਚਾਂ ਦੇ ਵਿਗਸਣ ਤੇ ਨਵੇਂ ਵਿਚਾਰਾਂ ਦੇ ਪਨਪਣ ਲਈ ਇਹ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਨਹੀਂ ਤਾਂ ਕੈਨੇਡਾ ਦੇ ਇਸ ਸਿਸਟਮ ਮੂਹਰੇ ਸਾਡੀਆਂ ਕਦਰਾਂ ਕੀਮਤਾਂ ਢਹਿ-ਢੇਰੀ ਹੁੰਦੀਆਂ ਲੱਗਣਗੀਆਂ। ਹੁਣ ਤਾਂ ਕੈਨੇਡਾ ਦੇ ਸਕੂਲਾਂ ਵਿਚ ਜੈਂਡਰ ਪਹਿਚਾਣ ਵੀ ਖਤਮ ਕਰਨ ਜਾ ਰਹੇ ਹਨ। ਬਾਕੀ ਪਰਿਵਾਰਕ ਢਾਂਚੇ ਅੰਦਰ ਇਹ ਤਬਦੀਲੀ ਕਿੱਧਰੇ ਸਹਿਜ ਵੀ ਹੋ ਸਕਦੀ ਹੈ ਤੇ ਕਿੱਧਰੇ ਕਲੇਸ਼ ਤੇ ਪ੍ਰੇਸ਼ਾਨੀਆਂ ਨਾਲ਼ ਭਰੀ ਵੀ। ਆਪਣੇ ਪਰਿਵਾਰ ਨੂੰ ਵਕਤ ਦੇਣਾ ਤੇ ਭਾਈਚਾਰੇ ਨਾਲ਼ ਮਿਲ ਕੇ ਰੀਤੀ ਰਿਵਾਜਾਂ, ਤਿਉਹਾਰਾਂ ਨੂੰ ਮਨਾਉਣਾ ਤੇ ਧਾਰਮਿਕ ਅਕੀਦਿਆਂ ਦਾ ਸਹਿਜ ਪਾਲਣ ਕਰਨਾ ਬਿਨ੍ਹਾਂ ਉਚੇਚ ਕੀਤਿਆਂ ਬਹੁਤ ਸਾਰੇ ਮਸਲਿਆਂ ਦਾ ਸ਼ੋਰ-ਰਹਿਤ ਸਮਾਧਾਨ ਬਣ ਸਕਦਾ ਹੈ। ਇਸ ਸਭ ਕਾਸੇ ਦੇ ਦਾਇਰੇ ਅੰਦਰ ਵੀ ਸੁਤੰਤਰ ਸੋਚ ਦੇ ਪਨਪਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਰ ਸੋਚ, ਵਿਚਾਰ, ਵਿਹਾਰ ਦਾ ਸਤਿਕਾਰ ਕਰਨਾ ਤੇ ਬੇਲੋੜੀਆਂ ਬੰਦਸ਼ਾਂ ਨਾ ਲਾਉਣੀਆਂ ਮਹੀਨ ਜਿਹੀ ਖੁੱਲ ਹੁੰਦੀ ਹੈ। ਸਾਡੀਆਂ ਕਦਰਾਂ ਕੀਮਤਾਂ ਵਿਚ ਬਹੁਤ ਕੁਝ ਚੰਗਾ ਹੈ। ਇਸ ਮਲਟੀਕਲਚਰਡ ਸਿਸਟਮ ਵਿਚ ਵੀ ਕੁਝ ਗੱਲਾਂ ਚੰਗੀਆਂ ਹਨ। ਚੰਗੀਆਂ ਗੱਲਾਂ, ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ। ਅਸੀਂ, ਸਾਡਾ ਘਰ, ਭਾਈਚਾਰਾ ਤੇ ਸਮਾਜ ਕਿੰਝ ਸਹਿਜ, ਸੰਤੁਲਤ ਤੇ ਖ਼ੁਸ਼ ਰਹਿ ਸਕਦਾ ਹੈ, ਉਸ ਲਈ ਕੁਝ ਸਮਝੌਤੇ ਤਾਂ ਕਰਨੇ ਹੀ ਪੈਣਗੇ। ਚਿੰਤਾ ਮੁਕਤ ਕਰਦੇ ਸਮਝੌਤਿਆਂ ਦਾ ਸਵਾਗਤ ਕਰਨਾ ਬਣਦਾ ਹੈ।

# ਕੈਨੇਡੀਅਨ ਲੋਕ ਵੀ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਹਮਾਇਤ ਵਿੱਚ

*ਮੌਜੂਦਾ ਦੌਰ ਕੈਨੇਡਾ ਦੇਸ਼ ਦੇ ਇਤਿਹਾਸ ਲਈ ਪ੍ਰਵਾਸੀ ਅਧਿਕਾਰਾਂ ਲਈ ਬਹੁਤ ਵਿਵਾਦ ਵਾਲਾ ਦੌਰ ਹੈ, ਜਦਕਿ ਕੈਨੇਡਾ ਸਰਕਾਰ ਦੀ ਕੁੱਲ ਘਰੇਲੂ ਪੈਦਾਵਾਰ ਦੇ ਪ੍ਰਵਾਸ ਰਾਹੀਂ ਕੌਮੀ ਆਮਦਨ ਵਿੱਚ ਵੀ ਇਤਿਹਾਸਕ ਰਿਕਾਰਡ ਕਾਇਮ ਕੀਤਾ ਹੈ ।ਕਿਉਂਕਿ ਇਨ੍ਹਾਂ ਕੌਮੀ ਪੈਦਾਵਾਰ ਦੇ ਇਨ੍ਹਾਂ ਅੰਕੜਿਆਂ ਵਿੱਚ ਵਿੱਦਿਆ ਨੂੰ ਅੰਤਰਰਾਸ਼ਟਰੀ ਮਾਰਕੀਟ ਵਿੱਚ ਵੇਚਣ ਨਾਲ ਭਾਰੀ ਮੁਨਾਫਾ ਦਰਜ਼ ਹੋਇਆ । ਅੰਤਰ-ਰਾਸ਼ਟਰੀ ਵਿਦਿਆਰਥੀਆਂ ਰਾਹੀਂ, ਅੁਜ਼ੂਕੇਸ਼ਨ ਇੰਡਸਟਰੀ ਨੇ, ਇਮੀਗ੍ਰੇਸ਼ਨ ਏਜੰਟਾਂ ਨੇ, ਇੰਗਲਿਸ਼ ਆਈ-ਐਲਸ ਸੈਂਟਰਾਂ ਨੇ, ਆਵਾਜਾਈ ਏਵੀਏਸ਼ਨ ਇੰਡਸਟਰੀ ਨੇ, ਕੈਨੇਡੀਅਨ ਇੰਮਪਲਾਇਰਾਂ ਨੇ ਸਸਤੀ ਲੇਬਰ ਰਾਹੀਂ ਅਥਾਹ ਮੁਨਾਫੇ ਕਮਾਏ । ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਦਾ ਕਾਰਣ ਬਣਿਆ ਕੈਨੇਡੀਅਨ ਐਜ਼ੂਕੇਸ਼ਨ ਸਿਸਟਮ ਸੰਸਾਰ ਮੰਡੀ ਵਿੱਚ ਕਿਸੇ ਖ਼ਾਸ ਮਿਆਰੀ ਹੈਸੀਅਤ ਵਾਲਾ ਨਹੀਂ ਹੈ ਸੀ ਪਰ ਫਿਰ ਵੀ ਕਈ ਕਈ ਗੁਣਾਂ ਫੀਸਾਂ ਭਰਣ ਦਾ ਇੱਕੋ-ਇੱਕ ਕਾਰਣ ਕੈਨੇਡਾ ਦੇ ਵਸਨੀਕ ਬਨਣ ਦਾ ਰਾਹ ਹੈ ।ਇਸ ਦਾ ਕਾਰਨ ਪੀ ਆਰ ਲਈ ਕੈਨੇਡੀਅਨ ਐਜ਼ੂਕੇਸ਼ਨ ਅਤੇ ਕੈਨੇਡਿਅਨ ਵਰਕ-ਐਕਸਪੀਰੀਐਂਸ ਸ਼ਰਤ ਨੰਬਰਾਂ ਨੂੰ ਦੱਸਿਆ ਜਾ ਰਿਹਾ ਹੈ । ਪਰ ਹੁਣ ਸਰਕਾਰ ਦੇ ਕਾਨੂੰਨਾਂ ਵਿੱਚ ਤਬਦੀਲੀ ਕਰਕੇ ਇਨ੍ਹਾਂ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਪੀ-ਆਰ ਦੀ ਪਲੈਨਿੰਗ ਦੇ ਰਾਹ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਦੇ ਰਾਹ ਪੈ ਗਈ ਹੈ ।ਅੰਦਾਜ਼ਨ 70,000 ਤੋਂ ਲੈਕੇ ਇੱਕ ਲੱਖ ਦੀ ਗਿਣਤੀ ਦੇ ਅੰਤਰ-ਰਾਸ਼ਟਰੀ ਵਿਦਿਆਰਥੀ, ਇਸ ਕਾਰਵਾਈ ਨਾਲ ਪ੍ਰਭਾਵਿਤ ਹੋ ਸਕਦੇ ਹਨ, ਜਿਨ੍ਹਾਂ ਦੇ ਵਰਕ-ਪਰਮਟਿ ਖਤਮ ਹੋਣ ਜਾ ਰਹੇ ਹਨ । ਇਹ ਨੌਜਵਾਨ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਆਮ ਲੋਕਾਂ ਵਿੱਚ ਹਮਦਰਦੀ ਦ ਪਾਤਰ ਬਣ ਗਏ ਹਨ ।ਕਈ ਸਮਾਜ-ਸੇਵੀ ਅਤੇ ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਵੀ, ਇਨ੍ਹਾਂ ਨੌਜਵਾਨਾਂ ਦੇ ਹੱਕ ਵਿੱਚ ਸਰਗਰਮ ਹੋ ਗਈਆਂ ਹਨ । ਮਾਈਗ੍ਰੈਂਟ ਰਾਈਟਸ ਨੈੱਟਵਰਕ ਨਾਮ ਦੀ ਸੰਸਥਾਂ ਨੇ ਵੀ ਇਨ੍ਹਾਂ ਨੌਜਵਾਨਾਂ ਦੇ ਹੱਕ ਵਿੱਚ ਅਪੀਲ ਅਤੇ ਪਬਲਿਕ ਓਪੀਨੀਅਨ ਪੋਲ ਪਟੀਸ਼ਨ ਦੀ ਸ਼ੁਰੂਆਤ ਕੀਤੀ ਹੈ ।ਅਦਾਰਾ ''ਸਰੋਕਾਰਾਂ-ਦੀ ਆਵਾਜ਼' ਵੀ ਇਸ ਅਪੀਲ ਦੀ ਹਮਾਇਤ ਕਰਦਾ ਹੈ । ਮਾਈਗ੍ਰੈਂਟ ਰਾਈਟਸ ਨੈੱਟਵਰਕ ਦੀ ਹੇਠ ਲਿਖੀ ਇਸ ਅਪੀਲ ਨੂੰ ਅਸੀਂ ਪਾਠਕਾਂ ਤੱਕ ਪਹੁੰਚਾ ਰਹੇ ਹਾਂ -ਸੰਪਾਦਕ*



ਅਨੁਵਾਦ ਅਤੇ ਪੇਸ਼ਕਸ਼
ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

**ਮਾਈਗ੍ਰੈਂਟ ਰਾਈਟਸ ਨੈੱਟਵਰਕ ਵੱਲੋਂ ਪਬਲਿਕ ਪਟੀਸ਼ਨ ਅਪੀਲ ਅਤੇ ਪਟੀਸ਼ਨ :-**

ਅਸੀਂ ਕੈਨੇਡੀਅਨ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਰੋਲਬੈਕਾਂ ਵਿੱਚੋਂ ਇੱਕ ਦੇ ਗਵਾਹ ਹਾਂ। ਸਰਕਾਰ ਪ੍ਰਵਾਸੀ ਮਜ਼ਦੂਰਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸ਼ਰਨਾਰਥੀਆਂ ਦੀ ਗਿਣਤੀ ਘਟਾ ਰਹੀ ਹੈ। ਇਹ ਸਥਾਈ ਨਿਵਾਸੀਆਂ ਦੀ ਸੰਖਿਆ ਨੂੰ ਘਟਾਉਣ ਦਾ ਵੀ ਵਾਅਦਾ ਕਰ ਰਿਹਾ ਹੈ - ਜੋ ਪਹਿਲਾਂ ਹੀ ਸੀਮਿਤ ਹੋ ਚੁੱਕਾ ਹੈ। ਨਵੀਆਂ ਨੀਤੀਆਂ ਦੇ ਨਤੀਜੇ ਵਜੋਂ ਘੱਟੋ-ਘੱਟ 175,000 ਲੋਕਾਂ ਨੂੰ ਬਾਹਰ ਕੀਤਾ ਜਾਵੇਗਾ ਜਾਂ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਬਹੁਤ ਸਾਰੇ ਹੋਰ ਨਿਯਮ ਵੀ ਬਦਲ ਰਹੇ ਹਨ, ਜਿਵੇਂ ਕਿ ਦੇਸ਼ ਵਿੱਚ ਪਹਿਲਾਂ ਹੀ ਪ੍ਰਵਾਸੀਆਂ ਨੂੰ ਗੈਰ-ਦਸਤਾਵੇਜ਼ੀ ਬਣਨ ਲਈ ਮਜਬੂਰ ਕੀਤਾ ਜਾਵੇਗਾ ਅਤੇ ਕਮਜ਼ੋਰ ਅਤੇ ਨਾਜ਼ੁਕ ਸਥਿਤੀਆਂ ਵਿੱਚ ਧੱਕ ਦਿੱਤਾ ਜਾਵੇਗਾ। ਇਹ ਤਬਦੀਲੀਆਂ ਮਜ਼ਦੂਰ ਜਮਾਤ ਦੇ ਪ੍ਰਵਾਸੀਆਂ ਨੂੰ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ।

ਇਹ ਨਾ ਸਿਰਫ ਵਿਨੀਪੈਗ ਪਰੋਵਿੰਸ ਦੀ ਆਬਾਦੀ ਤੋਂ ਵੱਧ ਗਿਣਤੀ ਲੋਕਾਂ ਨੂੰ ਬੰਦ ਜਾਂ ਦੇਸ਼ ਨਿਕਾਲਾ ਦਿੱਤਾ ਜਾਵੇਗਾ, ਪਰਵਾਸੀ ਜੋ ਬਾਕੀ ਰਹਿੰਦੇ ਹਨ ਉਹ ਹੋਣਗੇ:

**ਮਾੜੀਆਂ ਨੌਕਰੀਆਂ ਲਈ ਮਜਬੂਰ:** ਵਰਕ ਪਰਮਿਟਾਂ ਅਤੇ ਸਥਾਈ ਨਿਵਾਸ ਲਈ ਘੱਟ ਰਹੇ ਰਸਤਿਆਂ ਦੇ ਨਾਲ, ਵਧੇਰੇ ਲੋਕ ਕੈਨੇਡਾ ਵਿੱਚ ਰਹਿਣ ਲਈ ਰੁਜ਼ਗਾਰਦਾਤਾ ਸਪਾਂਸਰਸ਼ਿਪਾਂ 'ਤੇ ਭਰੋਸਾ ਕਰਨ ਲਈ ਮਜਬੂਰ ਹੋਣਗੇ। ਇਸਦਾ ਮਤਲਬ ਹੈ ਘੱਟ ਤਨਖਾਹ ਵਾਲੀਆਂ, ਸ਼ੋਸ਼ਣ ਵਾਲੀਆਂ ਨੌਕਰੀਆਂ ਵਿੱਚ ਵਾਧਾ।

**ਆਪਣੇ ਪਰਿਵਾਰਾਂ ਤੋਂ ਵੱਖ:** ਪਰਿਵਾਰਕ ਮੈਂਬਰਾਂ ਲਈ ਘੱਟ ਵਰਕ ਪਰਮਿਟਾਂ ਦਾ ਮਤਲਬ ਹੈ ਕਿ ਵਧੇਰੇ ਪਰਿਵਾਰ ਟੁੱਟ ਜਾਣਗੇ।

**ਘੱਟ ਲਈ ਵਧੇਰੇ ਭੁਗਤਾਨ ਕਰੋ:** ਉੱਚ ਵਿੱਤੀ ਲੋੜਾਂ, ਅਧਿਐਨ ਪਰਮਿਟ ਧਾਰਕਾਂ ਲਈ ਕੰਮ ਦੇ ਘੱਟ ਘੰਟੇ, ਨਵੇਂ ਭਾਸ਼ਾ ਦੇ ਟੈਸਟ, ਅਤੇ ਕਰਮਚਾਰੀਆਂ ਨੂੰ ਹਰ ਸਾਲ ਪਰਮਿਟਾਂ ਨੂੰ ਰੀਨਿਊ ਕਰਨ ਦੀ ਲੋੜ ਦਾ ਮਤਲਬ ਹੈ ਵਧੇਰੇ ਤਣਾਅ ਅਤੇ ਹੋਰ ਖਰਚੇ।

ਨਸਲਵਾਦੀ ਹਿੰਸਾ ਦਾ ਸਾਹਮਣਾ ਕਰੋ: ਪਿਛਲੇ ਮਹੀਨੇ ਹੀ, ਐਡਮਿੰਟਨ ਵਿੱਚ ਇੱਕ ਭਾਰਤੀ ਵਿਦਿਆਰਥੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਸੇਂਟ ਕੈਥਰੀਨਜ਼ ਵਿੱਚ ਇੱਕ ਸੀਰੀਅਨ ਦੁਆਰਾ ਚਲਾਏ ਜਾਣ ਵਾਲੇ ਰੈਸਟੋਰੈਂਟ ਨੂੰ ਅੱਗ ਲਗਾ ਦਿੱਤੀ ਗਈ ਸੀ, ਐਂਟੀਗੋਨਿਸ਼, ਨੋਵਾ ਸਕੋਸ਼ੀਆ ਵਿੱਚ ਇੱਕ ਮਸਜਿਦ 'ਤੇ ਹਮਲਾ ਕੀਤਾ ਗਿਆ ਸੀ ਅਤੇ ਇੱਕ ਕਾਲਾ ਕੋਲੰਬੀਆ ਦਾ ਸ਼ਰਨਾਰਥੀ ਸੀ। ਪੁਲਿਸ ਦੁਆਰਾ ਮਾਰਿਆ ਗਿਆ। ਇਹ ਵਧ ਰਹੀ ਨਸਲਵਾਦੀ ਹਿੰਸਾ ਸਿਆਸੀ ਅਤੇ ਮੀਡੀਆ ਬਿਆਨਬਾਜ਼ੀ ਦੁਆਰਾ ਵਧ ਰਹੀ ਪ੍ਰਵਾਸੀ ਵਿਰੋਧੀ ਭਾਵਨਾ ਦਾ ਸਿੱਧਾ ਨਤੀਜਾ ਹੈ। ਇਹ ਕਟੌਤੀਆਂ ਪ੍ਰਭਾਵੀ ਤੌਰ 'ਤੇ ਪੁਸ਼ਟੀ ਕਰਦੀਆਂ ਹਨ ਕਿ ਪ੍ਰਵਾਸੀ ਕਿਫਾਇਤੀ ਸੰਕਟ ਲਈ ਜ਼ਿੰਮੇਵਾਰ ਹਨ, ਜੋ ਜ਼ੈਨੋਫੋਬੀਆ ਨੂੰ ਅੱਗੇ ਵਧਾਏਗਾ।

**ਇਹ ਇੱਕ ਨਾ-ਮਨਜ਼ੂਰੀ ਵਾਲੀ, ਵਿਸ਼ਵਾਸਘਾਤ ਅਤੇ ਕੰਜ਼ਰਵੇਟਿਵ-ਸ਼ੈਲੀ ਦੀ ਇਮੀਗ੍ਰੇਸ਼ਨ ਨੀਤੀ ਹੈ:-**

ਇਸ ਹੁਕਮ ਦੀ ਸ਼ੁਰੂਆਤ ਵਿੱਚ, ਦਸੰਬਰ 2021 ਵਿੱਚ, ਪ੍ਰਧਾਨ ਮੰਤਰੀ ਟਰੂਡੋ ਨੇ ਪ੍ਰਵਾਸੀ ਮਜ਼ਦੂਰਾਂ, ਵਿਦਿਆਰਥੀਆਂ ਅਤੇ ਗੈਰ-ਦਸਤਾਵੇਜ਼ੀ ਲੋਕਾਂ ਲਈ ਸਥਾਈ ਨਿਵਾਸੀ ਦਾ ਦਰਜਾ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ। ਜਿਵੇਂ ਕਿ ਹਾਲ ਹੀ ਵਿੱਚ ਮਈ 2024 ਵਿੱਚ, ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਦਾ ਤਰੀਕਾ ਉਨ੍ਹਾਂ ਨੂੰ ਸਥਾਈ ਤੌਰ 'ਤੇ ਰਹਿਣ ਦਾ ਮੌਕਾ ਪ੍ਰਦਾਨ ਕਰਨਾ ਹੈ।ਆਪਣਾ ਵਾਅਦਾ ਨਿਭਾਉਣ ਦੀ ਬਜਾਏ, ਫੈਡਰਲ ਲਿਬਰਲ ਇਸ ਉਮੀਦ ਵਿੱਚ ਕੰਜ਼ਰਵੇਟਿਵ ਵਰਗੀਆਂ ਇਮੀਗ੍ਰੇਸ਼ਨ ਨੀਤੀਆਂ ਬਣਾ ਰਹੇ ਹਨ ਕਿ ਇਹ ਚੋਣਾਂ ਵਿੱਚ ਉਹਨਾਂ ਦੀ ਮਦਦ ਕਰੇਗੀ। ਸਰਕਾਰ ਅਤੇ ਮੀਡੀਆ ਦੇ ਕੁਲੀਨ ਵਰਗ ਸੱਜੇ-ਪੱਖੀ ਬਿਆਨਬਾਜ਼ੀ ਅਤੇ ਪਰਵਾਸੀ ਵਿਰੋਧੀ ਭਾਵਨਾ ਫੈਲਾ ਰਹੇ ਹਨ। ਸੰਘੀ ਲਿਬਰਲ ਇਸ ਦਾ ਮੁਕਾਬਲਾ ਕਰਨ ਦੀ ਬਜਾਏ ਇਸ ਨੂੰ ਸਵੀਕਾਰ ਕਰ ਰਹੇ ਹਨ। ਨੌਕਰੀਆਂ, ਰਿਹਾਇਸ਼, ਸਿਹਤ ਸੰਭਾਲ ਅਤੇ ਸਿੱਖਿਆ ਲਈ ਜ਼ਿੰਮੇਵਾਰ ਸੂਬਾਈ ਸਰਕਾਰਾਂ ਆਪਣੀਆਂ ਅਸਫਲਤਾਵਾਂ ਤੋਂ ਧਿਆਨ ਭਟਕਾਉਣ ਲਈ ਹੋਰ ਬਲੀ ਦਾ ਬੱਕਰਾ ਬਣਾਉਣ ਵੱਲ ਮੁੜ ਰਹੀਆਂ ਹਨ - ਉਹ ਜਾਰੀ ਰਹਿਣਗੀਆਂ ਭਾਵੇਂ ਕਿੰਨੀ ਵੀ ਵੱਡੀ ਕਟੌਤੀ ਕੀਤੀ ਜਾਵੇ। ਪ੍ਰਵਾਸੀਆਂ ਨੂੰ ਘਟਾਉਣ ਦੀ ਇਹ ਰਣਨੀਤੀ ਲਿਬਰਲਾਂ ਲਈ ਚੋਣਵੇਂ ਤੌਰ 'ਤੇ ਅਸਫਲ ਹੋਵੇਗੀ, ਅਤੇ ਪ੍ਰਵਾਸੀਆਂ ਵਿਰੁੱਧ ਦੁਰਵਿਵਹਾਰ ਅਤੇ ਹਿੰਸਾ ਵਧੇਗੀ।

**ਖੇਡ ਦੇ ਮੱਧ ਵਿੱਚ ਨਿਯਮਾਂ ਨੂੰ ਬਦਲਣਾ**

ਪਹਿਲਾਂ ਹੀ ਘੋਸ਼ਿਤ ਕੀਤੀਆਂ ਤਬਦੀਲੀਆਂ ਦਾ ਮਤਲਬ ਹੋਵੇਗਾ:

- 300,000 ਘੱਟ ਅੰਤਰਰਾਸ਼ਟਰੀ ਵਿਦਿਆਰਥੀ
- 175,000 ਘੱਟ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (PGWP) ਧਾਰਕ
- 100,000 ਘੱਟ ਵਿਦੇਸ਼ੀ ਕਾਮੇ

ਕੈਨੇਡਾ ਵਿੱਚ ਪਹਿਲਾਂ ਤੋਂ ਹੀ ਵਾਧੂ 200,000 ਫਘਾਂਫ ਧਾਰਕਾਂ ਨੂੰ ਕੈਨੇਡਾ ਛੱਡਣ ਲਈ ਮਜਬੂਰ ਕੀਤਾ ਜਾਵੇਗਾ। ਸ਼ਰਨਾਰਥੀਆਂ ਅਤੇ ਸਥਾਈ ਨਿਵਾਸੀਆਂ ਦੀ ਇੱਕ ਵਾਧੂ ਅਣਜਾਣ ਸੰਖਿਆ ਨੂੰ ਵੀ ਬੰਦ ਕਰ ਦਿੱਤਾ ਜਾਵੇਗਾ। ਇਹ ਕਟੌਤੀਆਂ ਪਰਮਿਟਾਂ ਵਿੱਚ ਕਟੌਤੀ ਵਜੋਂ ਤਿਆਰ ਕੀਤੀਆਂ ਗਈਆਂ ਹਨ ਪਰ ਕੈਨੇਡਾ ਵਿੱਚ ਪਹਿਲਾਂ ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪ੍ਰਵਾਸੀ ਕਾਮਿਆਂ ਨੂੰ ਪ੍ਰਭਾਵਿਤ ਕਰੇਗੀ। ਰਾਤੋ-ਰਾਤ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਪਲਟ ਰਹੀਆਂ ਹਨ।

ਰਿਹਾਇਸ਼ ਅਤੇ ਕਿਫਾਇਤੀ ਸੰਕਟ ਲਈ ਪ੍ਰਵਾਸੀ ਜ਼ਿੰਮੇਵਾਰ ਨਹੀਂ ਹਨ। ਪਰਵਾਸੀਆਂ ਦੀ ਸੰਖਿਆ ਨੂੰ ਘਟਾਉਣ ਨਾਲ ਅਸਲ ਵਿੱਚ ਜ਼ਿੰਮੇਵਾਰ ਲੋਕਾਂ ਨੂੰ ਦੋਸ਼ ਮੁਕਤ ਕਰ ਦਿੱਤਾ ਜਾਂਦਾ ਹੈ।

ਪ੍ਰਵਾਸੀ ਅਕਸਰ ਮਾਲਕ-ਨਿਯੰਤਰਿਤ ਰਿਹਾਇਸ਼ਾਂ ਜਾਂ ਭੀੜ-ਭੜੱਕੇ ਵਾਲੇ, ਬੁਨਿਆਦੀ ਕਿਰਾਏਦਾਰ ਅਧਿਕਾਰਾਂ ਤੋਂ ਬਿਨਾਂ ਘਟੀਆ ਇਕਾਈਆਂ ਵਿੱਚ ਰਹਿੰਦੇ ਹਨ। ਉਹ ਸਿੰਗਲ-ਫੈਮਿਲੀ ਹੋਮਜ਼ ਲਈ ਮੁਕਾਬਲਾ ਨਹੀਂ ਕਰ ਰਹੇ ਹਨ। ਜਦੋਂ ਕਿ ਆਬਾਦੀ 3.9% ਵੱਧ ਗਈ ਹੈ, ਘਰਾਂ ਦੀਆਂ ਕੀਮਤਾਂ 20% ਤੋਂ ਵੱਧ ਗਈਆਂ ਹਨ। ਪ੍ਰਵਾਸੀਆਂ ਨੂੰ ਦੋਸ਼ੀ ਠਹਿਰਾਉਣਾ ਇੱਕ ਭਟਕਣਾ ਹੈ।

ਖੁਰਾਕੀ ਵਸਤਾਂ ਦੀਆਂ ਕੀਮਤਾਂ ਮਹਿੰਗਾਈ ਦੀ ਦਰ ਨਾਲੋਂ ਵੱਧ ਗਈਆਂ ਹਨ ਕਿਉਂਕਿ ਕਰਿਆਨੇ ਦੀਆਂ ਅਜਾਰੇਦਾਰਾਂ ਕੋਲ ਬੇਰੋਕ ਸ਼ਕਤੀ ਹੈ। ਪ੍ਰਵਾਸੀ ਕਾਮੇ ਜੋ ਵਧਦੇ ਹਨ, ਪ੍ਰੋਸੈਸ ਕਰਦੇ ਹਨ, ਪੈਕ ਕਰਦੇ ਹਨ ਅਤੇ ਭੋਜਨ ਡਿਲੀਵਰ ਕਰਦੇ ਹਨ ਅਸੁਰੱਖਿਅਤ ਕੰਮ ਦੀਆਂ ਸਥਿਤੀਆਂ ਅਤੇ ਘੱਟ ਉਜਰਤਾਂ ਦਾ ਸਾਹਮਣਾ ਕਰਦੇ ਹਨ।

**ਨਾ ਸਿਰਫ਼ ਪ੍ਰਵਾਸੀਆਂ ਨੂੰ ਨੁਕਸਾਨ ਹੋਵੇਗਾ, ਇਹ ਕਟੌਤੀ ਸਾਰੇ ਕੰਮ ਕਰਨ ਵਾਲੇ ਲੋਕਾਂ ਨੂੰ ਦੁਖੀ ਕਰੇਗੀ।**

ਪ੍ਰਵਾਸੀਆਂ ਨੂੰ ਦੋਸ਼ੀ ਠਹਿਰਾਉਣਾ ਹਾਕਮ ਜਮਾਤਾਂ ਦਾ ਮਜ਼ਦੂਰ ਜਮਾਤ ਦਾ ਧਿਆਨ ਭਟਕਾਉਣ ਦਾ ਸਾਧਨ ਹੈ। ਇਹ ਕਟੌਤੀਆਂ ਕਾਰਪੋਰੇਟ ਅਤੇ ਨੀਤੀਗਤ ਫੈਸਲਿਆਂ ਨੂੰ ਸੰਬੋਧਿਤ ਨਹੀਂ ਹੋਣਗੀਆਂ ਜਿਨ੍ਹਾਂ ਕਾਰਨ ਘੱਟ ਉਜਰਤਾਂ, ਉੱਚ ਬੇਰੁਜ਼ਗਾਰੀ ਅਤੇ ਅਯੋਗ ਘਰ ਪੈਦਾ ਹੋਏ ਹਨ।

ਕੈਨੇਡਾ ਦੀ ਆਬਾਦੀ ਬੁੱਢੀ ਹੋ ਰਹੀ ਹੈ, ਲੋਕਾਂ ਦੇ ਬੱਚੇ ਘੱਟ ਹਨ ਅਤੇ ਨਿਰਮਾਣ ਖੇਤਰ ਨੂੰ ਸਮਰਥਨ ਨਹੀਂ ਦਿੱਤਾ ਗਿਆ ਹੈ। ਲੋਕਾਂ ਵਿੱਚ ਨਿਵੇਸ਼ ਕਰਨ ਅਤੇ ਪ੍ਰਵਾਸੀਆਂ ਲਈ ਸਥਾਈ ਨਿਵਾਸੀ ਰੁਤਬੇ ਨੂੰ ਯਕੀਨੀ ਬਣਾਉਣ ਦੀ ਬਜਾਏ, ਤਾਂ ਜੋ ਉਹ ਬੁੱਢੀ ਆਬਾਦੀ ਨੂੰ ਕਾਇਮ ਰੱਖ ਸਕਣ, ਲਿਬਰਲਾਂ ਅਤੇ ਕੰਜ਼ਰਵੇਟਿਵਾਂ ਨੇ ਅਰਥਚਾਰੇ ਵਿੱਚ ਪੈਸਾ ਲਗਾਉਣ ਲਈ ਲੱਖਾਂ ਪ੍ਰਵਾਸੀ ਮਜ਼ਦੂਰਾਂ ਅਤੇ ਵਿਦਿਆਰਥੀਆਂ ਨੂੰ ਲਿਆਉਣ ਲਈ ਅਸਥਾਈ ਪ੍ਰਵਾਸ ਦੀ ਵਰਤੋਂ ਕੀਤੀ ਹੈ। ਉੱਚ ਫੀਸਾਂ ਰਾਹੀਂ ਆਪਣੀ ਕਿਰਤ ਅਤੇ ਉਹਨਾਂ ਦੇ ਸਰੋਤਾਂ ਤੋਂ ਇਲਾਵਾ, ਪ੍ਰਵਾਸੀ ਸਮਾਜਿਕ ਸੇਵਾਵਾਂ ਜਿਵੇਂ ਕਿ ਸੰਘੀ ਅਤੇ ਸੂਬਾਈ ਟੈਕਸਾਂ ਰਾਹੀਂ ਭੁਗਤਾਨ ਕਰਦੇ ਹਨ ਪਰ ਜ਼ਿਆਦਾਤਰ ਸੇਵਾਵਾਂ ਤੋਂ ਇਨਕਾਰ ਕੀਤਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਪ੍ਰਵਾਸੀ ਸਮਾਜ ਭਲਾਈ ਜਾਲ ਨੂੰ ਸਬਸਿਡੀ ਦੇ ਰਹੇ ਹਨ। ਦਰਅਸਲ, ਅੰਤਰਰਾਸ਼ਟਰੀ ਮੁਦਰਾ ਫੰਡ ਦੇ ਅਨੁਸਾਰ, ਕੈਨੇਡਾ ਨੇ ਹਾਲ ਹੀ ਦੇ ਸਾਲਾਂ ਵਿੱਚ ਪ੍ਰਵਾਸੀਆਂ ਦੀ ਪਿੱਠ 'ਤੇ ਦੋ ਮੰਦੀ ਤੋਂ ਬਚਿਆ ਹੈ।

ਇਹ ਕਟੌਤੀਆਂ ਰਿਹਾਇਸ਼, ਨਿਰਮਾਣ, ਜਾਂ ਸਿਹਤ ਸੰਭਾਲ ਵਿੱਚ ਕਿਸੇ ਵੀ ਅਸਲ ਨਿਵੇਸ਼ ਤੋਂ ਬਗੈਰ ਆਉਂਦੀਆਂ ਹਨ ਅਤੇ ਨਤੀਜੇ ਵਜੋਂ ਆਰਥਿਕ ਸੁੰਗੜਣ ਹੋਵੇਗੀ ਜਿਸਦਾ ਅਰਥ ਹੋਵੇਗਾ ਘੱਟ ਉਜਰਤਾਂ ਅਤੇ ਉੱਚੀਆਂ ਕੀਮਤਾਂ।

**ਅਸੀਂ ਇਹਨਾਂ ਤਬਦੀਲੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਾਂ। ਅਸੀਂ ਮਜ਼ਦੂਰਾਂ, ਵਿਦਿਆਰਥੀਆਂ ਅਤੇ ਗੈਰ-ਦਸਤਾਵੇਜ਼ੀ ਲੋਕਾਂ ਸਮੇਤ ਸਾਰੇ ਪ੍ਰਵਾਸੀਆਂ ਲਈ ਸਥਾਈ ਨਿਵਾਸੀ ਦਰਜੇ ਲਈ ਲੜਨਾ ਜਾਰੀ ਰੱਖਾਂਗੇ।**

ਇਹ ਹੈ ਕਿ ਤੁਸੀਂ ਤੁਰੰਤ ਕੀ ਕਰ ਸਕਦੇ ਹੋ:

- ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਦੀ ਘੋਸ਼ਣਾ ਕੀਤੀ ਗਈ ਹੈ ਪਰ ਲਾਗੂ ਨਹੀਂ ਕੀਤੀ ਗਈ। ਸਾਡੇ ਕੋਲ ਅਜਿਹੀਆਂ ਤਬਦੀਲੀਆਂ ਨੂੰ ਰੋਕਣ ਲਈ 1 ਨਵੰਬਰ ਤੱਕ ਦਾ ਸਮਾਂ ਹੈ ਜੋ ਇੱਕ ਮਿਲੀਅਨ ਤੋਂ ਵੱਧ ਸੰਕਟ ਵਿੱਚ ਰਹਿ ਜਾਣਗੇ। www.DontChangeTheRules.ca 'ਤੇ ਪਟੀਸ਼ਨ 'ਤੇ ਦਸਤਖਤ ਕਰੋ ਅਤੇ ਸਾਂਝਾ ਕਰੋ
- ਪ੍ਰਵਾਸੀ ਮਜ਼ਦੂਰਾਂ ਦੇ ਅਲਾਇੰਸ ਫਾਰ ਚੇਂਜ ਦੁਆਰਾ ਪ੍ਰਭਾਵਿਤ ਲੋਕਾਂ ਲਈ ਵਰਕਸ਼ਾਪ ਜੋ ਆ ਰਹੀ ਹੈ: 26 ਸਤੰਬਰ ਨੂੰ ਅੰਗਰੇਜ਼ੀ ਵਿੱਚ, ਅਤੇ 27 ਸਤੰਬਰ ਨੂੰ ਸਪੈਨਿਸ਼ ਵਿੱਚ।

ਹੋਰ ਕਾਰਵਾਈਆਂ ਦਾ ਐਲਾਨ ਕੀਤਾ ਜਾਵੇਗਾ। ਕਿਰਪਾ ਕਰਕੇ ਇਸ ਈਮੇਲ ਨੂੰ ਅੱਗੇ ਭੇਜ ਕੇ ਕੀ ਹੋ ਰਿਹਾ ਹੈ ਇਸ ਬਾਰੇ ਜਾਣਕਾਰੀ ਸਾਂਝੀ ਕਰਨਾ ਸ਼ੁਰੂ ਕਰੋ। ਤੁਸੀਂ ਇਸ ਲਿੰਕ ਨੂੰ ਸਾਂਝਾ ਕਰ ਸਕਦੇ ਹੋ: https://imgrantirghts.ca/202i4mimgraitonchanges/

ਏਕਤਾ ਵਿੱਚ,




ਹੁਸਨ,
ਮਾਈਗ੍ਰੈਂਟ ਰਾਈਟਸ ਨੈੱਟਵਰਕ ਲਈ
(www.DontChangeTheRules.ca 'ਤੇ ਪਟੀਸ਼ਨ 'ਤੇ ਦਸਤਖਤ ਕਰੋ ਅਤੇ ਸਾਂਝਾ ਕਰੋ )

ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਦੇ ਵੇਰਵੇ ਇਸ ਤਰ੍ਹਾਂ ਹਨ:-

1. ਅਸਥਾਈ ਵਿਦੇਸ਼ੀ ਕਾਮੇ - 100,000 ਲੋਕ ਕੱਟੇ ਗਏ:

**ਉੱਚ ਬੇਰੁਜ਼ਗਾਰੀ ਵਾਲੇ ਖੇਤਰਾਂ ਵਿੱਚ ਕੋਈ LMIAs ਨਹੀਂ:** 26 ਸਤੰਬਰ, 2024 ਤੋਂ, ਦੇਖਭਾਲ, ਖੇਤੀਬਾੜੀ, ਨਿਰਮਾਣ, ਭੋਜਨ ਨਿਰਮਾਣ, ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਕੁਝ ਨੌਕਰੀਆਂ ਨੂੰ ਛੱਡ ਕੇ, 6% ਤੋਂ ਵੱਧ ਬੇਰੁਜ਼ਗਾਰੀ ਵਾਲੇ ਖੇਤਰਾਂ ਵਿੱਚ LMIA (ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ) ਜਾਰੀ ਨਹੀਂ ਕੀਤੇ ਜਾਣਗੇ। ਯਾਦ ਰਹੇ ਕਿ ਪ੍ਰਵਾਸੀਆਂ ਵੱਲੋਂ ਵਰਕ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ LMIA ਪਹਿਲਾ ਕਦਮ ਹੈ। ਜਿਹੜੇ ਲੋਕ ਪਹਿਲਾਂ ਹੀ ਕੈਨੇਡਾ ਵਿੱਚ ਹਨ, ਉਹ ਆਪਣੇ ਪਰਮਿਟਾਂ ਨੂੰ ਰੀਨਿਊ ਨਹੀਂ ਕਰ ਸਕਣਗੇ।

**ਘੱਟ ਤਨਖ਼ਾਹ ਵਾਲੇ LMIA ਅਹੁਦਿਆਂ 'ਤੇ ਕੈਪ:** 26 ਸਤੰਬਰ, 2024 ਤੋਂ, ਰੁਜ਼ਗਾਰਦਾਤਾ ਕੁਝ ਉਦਯੋਗਾਂ (ਉਦਾਹਰਨ ਲਈ, ਖੇਤੀ, ਦੇਖਭਾਲ, ਸਿਹਤ ਸੰਭਾਲ, ਕੁਝ PR ਪ੍ਰੋਗਰਾਮ ) ਨੂੰ ਛੱਡ ਕੇ, ਘੱਟ ਤਨਖਾਹ ਵਾਲੇ LMIA ਦੁਆਰਾ ਆਪਣੇ ਕਰਮਚਾਰੀਆਂ ਦੇ 10% ਤੋਂ ਵੱਧ ਨੂੰ ਨੌਕਰੀ 'ਤੇ ਨਹੀਂ ਰੱਖ ਸਕਦੇ ਹਨ। ਜਿਹੜੇ ਲੋਕ ਪਹਿਲਾਂ ਹੀ ਕੈਨੇਡਾ ਵਿੱਚ ਹਨ, ਉਹ ਆਪਣੇ ਪਰਮਿਟਾਂ ਨੂੰ ਰੀਨਿਊ ਨਹੀਂ ਕਰ ਸਕਣਗੇ।

**ਛੋਟੇ ਵਰਕ ਪਰਮਿਟ:** ਘੱਟ ਤਨਖਾਹ ਵਾਲੇ ਵਰਕ ਪਰਮਿਟ (ਪ੍ਰਾਇਮਰੀ ਖੇਤੀਬਾੜੀ ਨੂੰ ਛੱਡ ਕੇ) ਇੱਕ ਸਾਲ ਤੱਕ ਸੀਮਿਤ ਹੋਣਗੇ। ਪ੍ਰਵਾਸੀਆਂ ਨੂੰ ਹਰ ਸਾਲ ਆਪਣੇ ਵਰਕ ਪਰਮਿਟਾਂ ਨੂੰ ਨਵਿਆਉਣ ਲਈ ਵੱਡੀਆਂ ਰਕਮਾਂ ਅਦਾ ਕਰਨੀਆਂ ਪੈਣਗੀਆਂ।

**ਪਰਿਵਾਰਕ ਵਰਕ ਪਰਮਿਟਾਂ ਵਿੱਚ ਕਟੌਤੀ:** ਸਿਰਫ਼ ਪ੍ਰਬੰਧਕੀ ਪ੍ਰਵਾਸੀ ਮਜ਼ਦੂਰਾਂ ਦੇ ਜੀਵਨ ਸਾਥੀ ਹੀ ਵਰਕ ਪਰਮਿਟ ਲਈ ਯੋਗ ਹੋਣਗੇ। ਇੱਥੋਂ ਤੱਕ ਕਿ ਉੱਚ ਤਨਖਾਹ ਵਾਲੇ ਕਾਮੇ, ਉਦਾਹਰਣ ਵਜੋਂ ਸ਼ੈੱਫ ਅਤੇ ਟਰੱਕ ਡਰਾਈਵਰ, ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਹੋ ਜਾਣਗੇ। ਘੱਟ ਤਨਖ਼ਾਹ ਵਾਲੇ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਲਈ ਵਰਕ ਪਰਮਿਟਾਂ ਵਿੱਚ ਕੀਤੇ ਵਾਧੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਤਬਦੀਲੀਆਂ ਅਸਮਾਨਤਾਪੂਰਵਕ ਔਰਤਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ।

**ਵਿਜ਼ਿਟਰਾਂ ਲਈ ਵਰਕ ਪਰਮਿਟਾਂ ਦੀ ਸਮਾਪਤੀ:** 28 ਅਗਸਤ, 2024 ਤੋਂ, ਵਿਜ਼ਟਰ ਕੈਨੇਡਾ ਛੱਡੇ ਬਿਨਾਂ ਵਰਕ ਪਰਮਿਟਾਂ ਵਿੱਚ ਤਬਦੀਲ ਨਹੀਂ ਹੋ ਸਕਦੇ ਹਨ। ਬਹੁਤ ਸਾਰੇ ਪ੍ਰਵਾਸੀ ਕਾਮੇ ਦੇਰੀ ਕਾਰਨ ਵੀਜ਼ਿਆਂ 'ਤੇ ਤਬਦੀਲ ਹੋਣ ਅਤੇ ਵਰਕ ਪਰਮਿਟਾਂ 'ਤੇ ਵਾਪਸ ਪਰਤਣ ਦੇ ਯੋਗ ਸਨ।

2. **ਗ੍ਰੈਜੂਏਟ ਹੋਏ ਅੰਤਰਰਾਸ਼ਟਰੀ ਵਿਦਿਆਰਥੀ** - 375,000 ਲੋਕ ਬੰਦ ਹਨ

**ਵਾਅਦਾ ਕੀਤੇ ਵਰਕ ਪਰਮਿਟ ਕੱਟੇ ਜਾ ਰਹੇ ਹਨ:** 15 ਮਈ, 2024 ਤੋਂ ਬਾਅਦ ਗ੍ਰੈਜੂਏਟ ਹੋਣ ਵਾਲੇ ਪ੍ਰਾਈਵੇਟ ਕਾਲਜ ਦੇ ਵਿਦਿਆਰਥੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟਾਂ (ਫਘਾਂਫਸ) ਲਈ ਅਯੋਗ ਹਨ। 1 ਨਵੰਬਰ ਤੋਂ, ਪਬਲਿਕ ਕਾਲਜਾਂ ਵਿੱਚ ਉਹ ਵੀ ਅਯੋਗ ਹੋ ਜਾਣਗੇ ਜਦੋਂ ਤੱਕ ਉਨ੍ਹਾਂ ਦੀਆਂ ਨੌਕਰੀਆਂ ਖਾਸ ਉਦਯੋਗਾਂ ਵਿੱਚ ਨਹੀਂ ਹਨ, ਇਸ ਬਾਰੇ ਕੋਈ ਵੇਰਵਿਆਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਕਿ ਚੋਣ ਕਿਵੇਂ ਕੀਤੀ ਜਾਵੇਗੀ।

**ਨਵੀਂ ਭਾਸ਼ਾ ਟੈਸਟ ਦੀਆਂ ਲੋੜਾਂ:** ਵਰਕ ਪਰਮਿਟ ਪ੍ਰਾਪਤ ਕਰਨ ਲਈ 1 ਨਵੰਬਰ, 2024 ਤੋਂ ਘੱਟੋ-ਘੱਟ ਭਾਸ਼ਾ ਸਕੋਰ ਦੀ ਲੋੜ ਹੋਵੇਗੀ।

**ਕੋਈ ਵਰਕ ਪਰਮਿਟ ਨਵਿਆਉਣ ਨਹੀਂ:** ਸਰਕਾਰ ਨੇ ਘੋਸ਼ਣਾ ਕੀਤੀ ਕਿ ਉਹ ਹੁਣ PGWPs ਦਾ ਨਵੀਨੀਕਰਣ ਨਹੀਂ ਕਰੇਗੀ, ਅਤੇ 200,000 ਤੋਂ ਵੱਧ ਫਘਾਂਫਸ ਦੀ ਮਿਆਦ 2025 ਤੱਕ ਖਤਮ ਹੋਣ ਵਾਲੀ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਪ੍ਰਵਾਸੀ ਸਾਲਾਂ ਤੋਂ ਇੱਥੇ ਹਨ, ਅਤੇ ਇੱਕ ਡਰਾਉਣੇ ਸੁਪਨੇ ਵਿੱਚ ਫਸੇ ਹੋਏ ਹਨ।

3. **ਸ਼ਰਨਾਰਥੀ ਨੀਤੀਆਂ:**

**ਵੀਜ਼ਾ ਰੀਜੈਕਸ਼ਨ ਵਿੱਚ ਵਾਧਾ** : ਹਾਲਾਂਕਿ ਕੋਈ ਅਧਿਕਾਰਤ ਨੀਤੀ ਜਾਰੀ ਨਹੀਂ ਕੀਤੀ ਗਈ ਹੈ, ਪਰ ਮਨਜ਼ੂਰਸ਼ੁਦਾ ਵਿਜ਼ਟਰ ਵੀਜ਼ਾ ਅਰਜ਼ੀਆਂ ਦਾ ਅਨੁਪਾਤ ਮਹਾਂਮਾਰੀ ਦੇ ਸਿਖਰ ਤੋਂ ਬਾਅਦ ਕਿਸੇ ਵੀ ਸਮੇਂ ਨਾਲੋਂ ਜੂਨ ਵਿੱਚ ਵੱਧ ਸੀ। ਜਨਵਰੀ, ਫਰਵਰੀ, ਮਈ ਅਤੇ ਜੂਨ 2024 ਵਿੱਚ, ਮਨਜ਼ੂਰੀ ਤੋਂ ਵੱਧ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ ਸੀ। ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਸ਼ਰਨਾਰਥੀ ਦਾਅਵੇਦਾਰ ਹੋ ਸਕਦੇ ਹਨ।

**ਬਾਰਡਰ ਰਿਫ਼ੂਜ਼ਲ ਵਧੀ:** ਜਦੋਂ ਕਿ ਕੋਈ ਅਧਿਕਾਰਤ ਨੀਤੀ ਜਾਰੀ ਨਹੀਂ ਕੀਤੀ ਗਈ ਹੈ, ਸਰਹੱਦੀ ਅਧਿਕਾਰੀਆਂ ਨੇ 2024 ਦੇ ਪਹਿਲੇ ਸੱਤ ਮਹੀਨਿਆਂ ਦੌਰਾਨ ਪ੍ਰਤੀ ਮਹੀਨਾ ਔਸਤਨ 3,727 ਵਿਦੇਸ਼ੀ ਯਾਤਰੀਆਂ ਨੂੰ ਵਾਪਸ ਮੋੜ ਦਿੱਤਾ, ਜੋ ਕਿ ਇੱਕ ਸਾਲ ਪਹਿਲਾਂ ਨਾਲੋਂ 633 ਲੋਕਾਂ, ਜਾਂ 20% ਦਾ ਵਾਧਾ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਸੰਭਾਵੀ ਸ਼ਰਨਾਰਥੀ ਹਨ ਜਿਨ੍ਹਾਂ ਨੂੰ ਮੋੜਿਆ ਜਾ ਰਿਹਾ ਹੈ।

**ਮੈਕਸੀਕਨ ਸ਼ਰਣ ਦੇ ਦਾਅਵਿਆਂ ਵਿੱਚ ਬਦਲਾਅ:** ਮੈਕਸੀਕੋ ਤੋਂ ਵਿਅਕਤੀਗਤ ਸ਼ਰਨਾਰਥੀ ਦਾਅਵਿਆਂ ਦੀ ਪ੍ਰਕਿਰਿਆ ਕਰਨ ਦੀ ਬਜਾਏ, ਕੈਨੇਡਾ ਨੇ ਸ਼ਰਨਾਰਥੀਆਂ ਲਈ ਇੱਥੇ ਆਉਣਾ ਔਖਾ ਬਣਾਉਣ ਲਈ ਵੀਜ਼ਾ ਲੋੜਾਂ ਲਾਗੂ ਕੀਤੀਆਂ।

# ਇਜ਼ਰਾਇਲ ਵਿਚ ਭਾਰਤੀ ਕਾਮਿਆਂ ਦੀ ਦੁਰਦਸ਼ਾ ਤੇ ਭਾਰਤੀ ਹਾਕਮ

**ਨਰਭਿੰਦਰ**
**93544-30211**

ਭਾਰਤ ਸਰਕਾਰ ਇਜ਼ਰਾਇਲ ਵਿਚ ਮਜ਼ਦੂਰਾਂ ਨੂੰ ਕਿਉਂ ਭੇਜ ਰਹੀ ਹੈ, ਜਦੋਂਕਿ ਇਜ਼ਰਾਇਲ ਵਿਚ ਵਿਦੇਸ਼ੀ ਕਾਮਿਆਂ ਲਈ ਸੁਰੱਖਿਆ ਦਾ ਮਾਹੌਲ ਹੀ ਨਹੀਂ ਤੇ ਵੈਸੇ ਵੀ ਇਜ਼ਰਾਇਲ ਜਿਵੇਂ ਫਲਸਤੀਨੀ ਲੋਕਾਂ ਦਾ ਘਾਣ ਕਰ ਰਿਹਾ ਹੈ। ਵਿਸ਼ਵ ਉਸ ਤੋਂ ਮੂੰਹ ਮੋੜ ਰਿਹਾ ਹੈ। ਸਾਲ 2023 ਵਿਚ ਭਾਰਤ ਨੇ ਇਜ਼ਰਾਇਲ ਨਾਲ 42000 ਕਾਮਿਆਂ ਨੂੰ ਉਥੇ ਭੇਜਣ ਦਾ ਸਮਝੌਤਾ ਕੀਤਾ ਸੀ। ਫਿਰ ਦਸੰਬਰ ਵਿਚ ਇਜ਼ਰਾਇਲ ਫਲਸਤੀਨੀ ਯੁੱਧ ਸ਼ੁਰੂ ਹੋ ਗਿਆ ਤਾਂ ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਯੁੱਧ ਸ਼ੁਰੂ ਹੋਣ ਤੋਂ ਦੋ ਮਹੀਨੇ ਬਾਅਦ ਹੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਨੂੰ ਨਿੱਜੀ ਤੌਰ 'ਤੇ ਇਸ ਗਿਣਤੀ ਤੋਂ ਦੁਗਣੀ ਤਾਦਾਦ ਵਿਚ ਮਜ਼ਦੂਰ ਭੇਜਣ ਦੀ ਬੇਨਤੀ ਕੀਤੀ ਸੀ। ਜਨਵਰੀ ਵਿਚ ਫਲਸਤੀਨੀਆਂ ਉਤੇ ਇਜ਼ਰਾਇਲੀ ਹਮਲੇ ਦੇ 100 ਦਿਨ ਪੂਰੇ ਹੋਣ ਤੋਂ ਕੁਝ ਦਿਨ ਪਿਛੋਂ, 15 ਇਜ਼ਰਾਇਲੀ ਵਪਾਰੀਆਂ ਦਾ ਇਕ ਪ੍ਰਤੀਨਿਧ ਮੰਡਲ ਆਇਆ ਜਿਸ ਨੇ ਉਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਵੀ ਰਾਜ ਸਰਕਾਰਾਂ ਨਾਲ ਮੀਟਿੰਗਾਂ ਕੀਤੀਆਂ ਅਤੇ ਮੋਟੀਆਂ ਤਨਖਾਹਾਂ ਦਾ ਲਾਲਚ ਦੇ ਕੇ ਮਜ਼ਦੂਰਾਂ ਨੂੰ ਇਜ਼ਰਾਇਲ 'ਚ ਕੰਮ ਉਤੇ ਜਾਣ ਲਈ ਸੱਦਿਆ ਗਿਆ। ਕੜਾਕੇ ਦੀ ਠੰਡ ਵਿਚ 10,000 ਤੋਂ ਵੱਧ ਨੌਜਵਾਨਾਂ ਨੇ ਇਜ਼ਰਾਇਲ 'ਚ ਕੰਮ ਕਰਨ ਲਈ ਅਰਜ਼ੀਆਂ ਦਿੱਤੀਆਂ।

2 ਅਪ੍ਰੈਲ 24 ਨੂੰ ਇਜ਼ਰਾਇਲੀ ਰਾਜਦੂਤ ਨਾਂਮੋਰ ਗਿਲੋਨ ਨੇ ਹਰੀ ਝੰਡੀ ਵਿਖਾ ਕੇ ਪਹਿਲੇ ਜਥੇ ਨੂੰ ਇਜ਼ਰਾਇਲ ਭੇਜਿਆ ਜਦੋਂਕਿ ਉਸ ਦੌਰ ਵਿਚ ਇਜ਼ਰਾਇਲ ਹਮਾਸ ਦਰਮਿਆਨ ਤਿੱਖੀਆਂ ਝੜਪਾਂ ਹੋ ਰਹੀਆਂ ਸਨ ਅਤੇ 13 ਅਪ੍ਰੈਲ ਨੂੰ ਇਰਾਨ ਨੇ ਮਿਜ਼ਾਇਲ ਹਮਲਾ ਵੀ ਕੀਤਾ ਸੀ। ਇਸ ਹਮਲੇ ਪਿਛੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਕਾਮਿਆਂ ਲਈ ਇਕ ਸਲਾਹ ਹੀ ਜਾਰੀ ਕੀਤੀ ਉਸ 'ਚ ਇਹ ਸੀ ਕਿ "ਭਾਰਤੀ ਦੂਤਾਵਾਸ ਵਿਚ ਆਪਣਾ ਨਾਮ ਦਰਜ ਕਰਵਾ ਕੇ ਕੰਮ ਉਤੇ ਜਾਣਾ ਹੈ ਅਤੇ ਕੰਮ ਵਾਲੇ ਥਾਂ ਉਤੇ ਹੀ ਆਪਣੇ ਆਪ ਨੂੰ ਸੀਮਤ ਰੱਖਣਾ ਹੈ।" ਪਰ ਇਜ਼ਰਾਇਲ ਵਿਚ 18000 ਤੋਂ ਵੱਧ ਭਾਰਤੀ ਕਾਮੇ ਹਨ, ਕੀ ਐਡੀ ਵੱਡੀ ਗਿਣਤੀ ਲਈ ਇਹ ਆਦੇਸ਼ ਸੰਭਵ ਹੀ ਨਹੀਂ ਹਨ।

ਇਜ਼ਰਾਇਲ ਵਿਚ ਕਾਮੇ ਪਹਿਲਾਂ ਵੀ ਰਹੇ ਸਨ। ਪਰ ਇਸ ਯੁੱਧ ਦੇ ਸਮੇਂ ਦੋਹਾਂ ਪੱਖਾਂ ਦੇ ਪ੍ਰਧਾਨ ਮੰਤਰੀਆਂ 'ਚ ਕਾਮਿਆਂ ਨੂੰ ਇਜ਼ਰਾਇਲ ਭੇਜਣ ਵਾਲਾ ਸਮਝੌਤਾ ਹੋਣ ਪਿਛੋਂ ਕਾਮਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਅਕਤੂਬਰ 23 ਵਿਚ ਜਦੋਂ ਹਮਾਸ ਨੇ ਹਮਲੇ ਕਰਨੇ ਸ਼ੁਰੂ ਕੀਤੇ ਤਾਂ ਫਲਸਤੀਨੀ ਕਾਮਿਆਂ ਨੂੰ ਜਾਰੀ ਵਰਕ ਪਰਮਿਟ ਰੱਦ ਕਰ ਦਿੱਤੇ ਗਏ ਅਤੇ ਏਸ਼ੀਅਨ ਜਿਨ੍ਹਾਂ 'ਚ ਵਿਸ਼ੇਸ਼ ਕਰਕੇ ਭਾਰਤ ਤੇ ਸ੍ਰੀਲੰਕਾ ਵਿਚ ਪਹਿਲਾਂ ਉਸਾਰੀ ਦੇ ਕੰਮਾਂ 'ਚ ਫਲਸਤੀਨੀ ਕਾਮੇ ਹੀ ਕੰਮ ਕਰਦੇ ਸਨ, ਵੈਸਟ ਬੈਂਕ ਵਿਚ 150000 ਅਤੇ ਗਾਜ਼ਾ ਪੱਟੀ ਵਿਚ 18500 ਕਾਮੇ ਕੰਮ ਕਰ ਰਹੇ ਸਨ ਜਿਨ੍ਹਾਂ ਨੂੰ ਰਾਤੋ ਰਾਤ ਹੀ ਬਾਹਰ ਕੱਢ ਦਿੱਤਾ। ਇਜ਼ਰਾਇਲ ਦੇ ਰੱਖਿਆ ਮੰਤਰੀ ਹਰਜੀ ਹਲੇਵੀ ਨੇ ਸੁਰੱਖਿਆ ਦੇ ਕਾਰਨਾਂ ਕਰਕੇ ਇਨ੍ਹਾਂ ਦੇ ਵਰਕਰ ਪਰਮਿਟਾਂ ਉਤੇ ਪਾਬੰਦੀ ਲਾ ਦਿੱਤੀ।

ਇਜ਼ਰਾਇਲ ਵਿਚ ਉਸਾਰੀ ਦੇ ਕੰਮਾਂ ਅਤੇ ਨਰਸਿੰਗ ਖੇਤਰ ਵਿਚ ਕਾਮਿਆਂ ਦੀ ਬਹੁਤ ਜ਼ਿਆਦਾ ਲੋੜ ਹੋਣ ਕਰਕੇ ਏਸ਼ੀਆ ਦੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਇਜ਼ਰਾਇਲ ਨੇ ਸਮਝੌਤੇ ਕੀਤੇ ਕਿਉਂਕਿ ਆਮ ਕਾਮੇ ਇਸ ਯੁੱਧ ਵਿਚ ਬੇਵਿਸ਼ਵਾਸੀ ਵਾਲੇ ਖੇਤਰਾਂ ਵਿਚ ਜਾਣ ਤੋਂ ਝਿਜਕਦੇ ਹਨ, ਉਥੇ ਸੁਰੱਖਿਆ ਦੀ ਗ੍ਰੰਟੀ ਨਹੀਂ। ਇਜ਼ਰਾਇਲ ਨੇ 3000 ਫਾਰਮ ਵਰਕਰਾਂ, 3000 ਲੋਹਾ ਬੰਨ੍ਹਣ ਵਾਲਿਆਂ, ਰਾਜ ਮਿਸਤਰੀਆਂ, 3000 ਵੈਲਡਿੰਗ ਦੇ ਖੇਤਰ ਵਿਚ 2000 ਪਲੰਬਰਾਂ ਤੋਂ ਇਲਾਵਾ ਉਸਾਰੀ ਦੇ ਕੰਮ ਲਈ ਅਣਸਿੱਖਿਅਤ ਮਜ਼ਦੂਰਾਂ ਤੇ ਨਰਸਾਂ ਦੀ ਮੰਗ ਕੀਤੀ। ਕਿਉਂਕਿ ਭਾਰਤ ਵਿਚ ਵਿਆਪਕ ਬੇਰੁਜ਼ਗਾਰੀ ਹੈ। ਮੋਦੀ ਸਰਕਾਰ ਇਥੇ ਤਾਂ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਤੋਂ ਅਸਮਰਥ ਹੈ ਸੋ ਇਰਾਨੀ ਰਾਸ਼ਟਰਪਤੀ ਨੇਤਰਯਾਹੂ ਦੀ ਬੇਨਤੀ ਨੂੰ ਫੌਰਨ ਪ੍ਰਵਾਨ ਕਰਕੇ ਭਾਰਤੀ ਕਾਮਿਆਂ ਨੂੰ ਯੁੱਧ ਦੀ ਭੱਠੀ ਵਿਚ ਧੱਕਾ ਦਿੱਤਾ। ਇਜ਼ਰਾਇਲ ਨੇ ਇਨ੍ਹਾਂ ਮਜ਼ਦੂਰਾਂ ਨੂੰ ਜਿਹੜਾ ਲਾਲਚ ਦੇ ਕੇ ਇਕ ਸਾਲ ਲਈ ਸਮਝੌਤੇ ਉਤੇ ਦਸਤਖਤ ਕਰਵਾਏ, ਉਸ ਨੂੰ ਇਜ਼ਰਾਇਲੀ ਅਧਿਕਾਰੀ ਜਨਤਕ ਨਹੀਂ ਕਰ ਰਹੇ ਨਾ ਹੀ ਸ਼ਰਤਾਂ ਦਾ ਵੇਰਵਾ ਹੀ ਦੇਣ ਨੂੰ ਤਿਆਰ ਹਨ। ਉਨ੍ਹਾਂ ਜੋ ਦੱਸਿਆ ਹੈ ਉਹ ਇਹ ਹੈ ਕਿ ਉਸਾਰੀ ਦੇ ਖੇਤਰ ਵਿਚ ਕਾਮਿਆਂ ਨੂੰ ਇਕ ਲੱਖ 37 ਹਜ਼ਾਰ ਮਹੀਨਾ ਮਜ਼ਦੂਰੀ ਤੋਂ ਇਲਾਵਾ 16515 ਬੋਨਸ ਵੀ ਦਿੱਤਾ ਜਾਵੇਗਾ। ਭਾਵ ਡੇਢ ਲੱਖ ਮਾਸਿਕ। ਇਸ ਤੋਂ ਇਲਾਵਾ ਮੈਡੀਕਲ ਬੀਮਾ, ਰਹਿਣ ਸਹਿਣ ਤੇ ਖਾਣ ਪੀਣ ਦਾ ਵੀ ਮੁਫ਼ਤ ਪ੍ਰਬੰਧ ਹੋਵੇਗਾ। ਸੋ ਭਾਰਤੀ ਕਾਮੇ ਜਿਨ੍ਹਾਂ ਨੂੰ ਇਥੇ ਢਿੱਡ ਭਰਨ ਤੇ ਪਰਿਵਾਰ ਚਲਾਉਣ ਜੋਗੀ ਮਜ਼ਦੂਰੀ ਨਹੀਂ ਮਿਲਦੀ, ਉਹ ਅਜਿਹੀਆਂ ਖਤਰਨਾਕ ਹਾਲਤਾਂ ਵਿਚ ਜਾਣ ਨੂੰ ਤਿਆਰ ਹਨ। ਇੰਡੀਅਨ ਐਕਸਪ੍ਰੈਸ ਤੇ ਹਿੰਦੂ ਦੇ ਪੱਤਰਕਾਰਾਂ ਨੇ ਜਦੋਂ ਇਜ਼ਰਾਇਲ ਜਾਣ ਵਾਲੇ ਮਜ਼ਦੂਰਾਂ ਨੂੰ ਪੁੱਛਿਆ ਤਾਂ ਉਨ੍ਹਾਂ ਦਾ ਇਹ ਹੀ ਜਵਾਬ ਸੀ, "ਇਥੇ ਨਾ ਤਾਂ ਸਥਾਈ ਮਜ਼ਦੂਰੀ ਮਿਲਦੀ ਹੈ, ਮਹੀਨੇ 'ਚ ਮਸੀਂ 10 ਦਿਨ ਕੰਮ ਮਿਲਦਾ ਹੈ, ਕਈ ਵਾਰ ਮਹੀਨਾ ਮਹੀਨਾ ਵਿਹਲੇ ਰਹਿਣਾ ਪੈਂਦਾ ਹੈ। ਉਥੇ ਜੋ ਵੀ ਮਿਲੇਗਾ ਇਥੋਂ ਨਾਲੋਂ ਤਾਂ ਬੇਹਤਰ ਹੋਵੇਗਾ।" ਭੁੱਖ, ਗਰੀਬੀ, ਕੰਗਾਲੀ, ਮਹਿੰਗਾਈ, ਬੇਰੁਜ਼ਗਾਰੀ ਤੁਹਾਨੂੰ ਕੀ ਕਰਨ ਨੂੰ ਮਜ਼ਬੂਰ ਨਹੀਂ ਕਰਦੀ। ਰੋਟੀ ਲਈ ਅੱਕ ਚੱਬਣਾ ਪੈਂਦਾ ਹੈ। ਹਾਲਾਂਕਿ ਜਾਣ ਵਾਲੇ ਸਾਰੇ ਮਜ਼ਦੂਰ ਜਾਣਦੇ ਸਨ ਕਿ ਇਜ਼ਰਾਇਲ ਵਿਚ ਹਾਲਤ ਸੁਖਾਵੇਂ ਨਹੀਂ ਹਨ। ਇਹ ਸਾਰੇ ਕਾਮੇ ਭਾਰਤੀ ਏਜੰਸੀ-ਰਾਸ਼ਟਰੀ ਕੌਂਸਲ ਵਿਕਾਸ ਨਿਗਮ ਰਾਹੀਂ ਹੀ ਜਾ ਰਹੇ ਹਨ ਅਤੇ ਇਨ੍ਹਾਂ ਕਾਮਿਆਂ ਨੂੰ ਇਜ਼ਰਾਇਲ ਨੇ ਲਿਜਾਣ ਲਈ ਇਸ ਸਰਕਾਰੀ ਕੰਪਨੀ ਨੂੰ ਕਿਵੇਂ ਅਤੇ ਕਿੰਨੇ 'ਚ ਖ੍ਰੀਦਿਆ ਹੋਵੇਗਾ। ਇਹ ਜੱਗ ਜ਼ਾਹਿਰ ਹੈ ਕਿਉਂਕਿ ਇਜ਼ਰਾਇਲ ਕਿਵੇਂ ਬਾਜ਼ਾਰ 'ਚ ਖ੍ਰੀਦੋ ਫਰੋਖਤ ਕਰਨ ਵਿਚ ਬਦਨਾਮ ਹੈ।



ਸੈਂਟਰ ਫਾਰ ਮਾਨੀਟਰਿੰਗ ਇੰਡੀਆ ਇਕਾਨਮੀ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਅਕਤੂਬਰ-ਦਸੰਬਰ 2023 ਦੀ ਤਿਮਾਹੀ ਵਿਚ 20 ਤੋਂ 24 ਸਾਲ ਦੇ ਵਰਗ ਦੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 44.49 ਹੋ ਗਈ ਹੈ, ਜਦੋਂਕਿ ਪਿਛਲੀ ਤਿਮਾਹੀ ਜੁਲਾਈ ਤੋਂ ਸਤੰਬਰ 2023 ਦਰਮਿਆਨ ਇਹ ਦਰ 43.65 ਫੀਸਦੀ ਸੀ। ਬੇਰੁਜ਼ਗਾਰੀ, ਕੰਮ ਦੀ ਘਾਟ, ਘੱਟ ਤਨਖਾਹ ਇਹ ਮਜ਼ਬੂਰੀਆਂ 'ਚ ਭਾਰਤੀ ਨੌਜਵਾਨ ਕਾਮੇ ਇਜ਼ਰਾਇਲ ਜਾਣ ਲਈ ਮਜ਼ਬੂਰ ਹਨ। ਇਜ਼ਰਾਇਲ ਗਏ ਕਾਮੇ ਸਿਰਫ਼ ਉਸਾਰੀ ਦੇ ਕੰਮਾਂ 'ਚ ਹੀ ਨਹੀਂ ਲੱਗੇ ਉਨ੍ਹਾਂ ਨੂੰ ਇਜ਼ਰਾਇਲੀ ਫੌਜ ਵਿਚ ਵੀ ਭਰਤੀ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਫਲਸਤੀਨੀ ਉਤੇ ਹਮਲਿਆਂ ਲਈ ਵਰਤਿਆ ਜਾ ਰਿਹਾ ਹੈ। ਪਹਿਲਾਂ ਵੀ ਯੂ.ਐਨ.ਓ. ਦੀਆਂ ਸੁਰੱਖਿਆ ਫੌਜਾਂ ਵਿਚ ਭਾਰਤੀ ਫੌਜੀ ਇਜ਼ਰਾਇਲੀ ਸਰਹੱਦਾਂ ਉਤੇ ਤਾਇਨਾਤ ਹਨ। ਲਗਭਗ 900 ਦੇ ਕਰੀਬ ਭਾਰਤੀ ਇਜ਼ਰਾਇਲ ਲਿਬਰਾਨ ਸਰਹੱਦ ਉਤੇ ਤਾਇਨਾਤ ਹਨ। ਹਮਾਸ ਦੇ ਹਮਲਿਆਂ 'ਚ ਜ਼ਖ਼ਮੀ ਇਕ ਮਨੀਪੁਰ ਵਾਸੀ ਤੋਂ ਇਹ ਹੋਰ ਸਪਸ਼ਟ ਹੋ ਗਿਆ ਕਿ ਵਧੇਰੇ ਰਾਸ਼ੀ ਦਾ ਲਾਲਚ ਦੇ ਕੇ ਭਾਰਤੀ ਕਾਮਿਆਂ ਨੂੰ ਇਜ਼ਰਾਇਲੀ ਫੌਜ 'ਚ ਸ਼ਾਮਲ ਕੀਤਾ ਜਾ ਰਿਹਾ ਹੈ।

ਇਹ ਸਿਰਫ਼ ਇਜ਼ਰਾਇਲ ਹੀ ਨਹੀਂ ਭਾਰਤੀ ਕਾਮੇ ਵਿਸ਼ਵ ਵਿਚ ਜਿਥੇ ਕਿਤੇ ਵੀ ਅਸਥਾਈ ਤੌਰ 'ਤੇ ਕੰਮ ਕਰਨ ਲਈ ਗਏ ਹਨ, ਨੂੰ ਜਬਰੀ ਜਾਂ ਲਾਲਚ ਦੇ ਕੇ ਫੌਜ ਵਿਚ ਭਰਤੀ ਕਰ ਲਿਆ ਜਾਂਦਾ ਹੈ। ਅਜਿਹੀਆਂ ਕੁਝ ਰਿਪੋਰਟਾਂ ਕੁਝ ਮਹੀਨੇ ਪਹਿਲਾਂ ਰੂਸ ਤੋਂ ਵੀ ਆਈਆਂ ਸਨ। ਜਿਥੇ ਭਾਰਤੀ ਕਾਮਿਆਂ ਨੂੰ ਫੌਜ ਦੀ ਟਰੇਨਿੰਗ ਦੇ ਕੇ ਯੂਕਰੇਨ ਵਿਰੁੱਧ ਲੜਨ ਲਈ ਭੇਜਿਆ ਗਿਆ ਸੀ। ਸੀ.ਬੀ.ਆਈ. ਦੀ ਹੀ ਇਕ ਰਿਪੋਰਟ ਨੇ 35 ਭਾਰਤੀ ਨਾਗਰਿਕਾਂ ਨੂੰ ਯੁੱਧ ਦੀ ਸਿਖਲਾਈ ਦੇ ਕੇ ਯੂਕਰੇਨ ਜੰਗ ਵਿਚ ਭੇਜਣ ਦੀ ਰਿਪੋਰਟ ਜ਼ਾਹਿਰ ਕੀਤੀ ਹੈ। ਪਿਛਲੇ ਸਾਲ ਆਰਮੇਨੀਆ ਵਿਚ ਨਾਗੋਰਨੋ-ਕਾਰਾਬਾਖ ਸੰਘਰਸ਼ ਦੇ ਦੌਰਾਨ ਅਜਰਬੈਜਾਨ ਸਰਹੱਦ ਉਤੇ ਹੋਈ ਗੋਲਾਬਾਰੀ ਵਿਚ ਦੋ ਭਾਰਤੀ ਨਾਗਰਿਕ ਜ਼ਖ਼ਮੀ ਮਿਲੇ ਸਨ। ਇਵੇਂ ਹੀ 2014 ਵਿਚ ਇਰਾਕ ਵਿਚ 40 ਭਾਰਤੀ ਨਿਰਮਾਣ ਮਜ਼ਦੂਰਾਂ ਨੂੰ ਅਗਵਾ ਕਰ ਲਿਆ ਗਿਆ ਸੀ।

ਪ੍ਰਵਾਸੀ ਭਾਰਤੀ ਮਜ਼ਦੂਰਾਂ ਦੀ ਸੁਰੱਖਿਆ ਦੇ ਪ੍ਰਤੀ ਭਾਰਤ ਸਰਕਾਰ ਕੋਈ ਗੰਭੀਰ ਨਹੀਂ। ਜਦੋਂ ਦੇਸ਼ ਤੋਂ ਬਾਹਰ ਯੁੱਧ ਦੀਆਂ ਥਾਵਾਂ 'ਤੇ ਭਾਰਤੀ ਮਜ਼ਦੂਰਾਂ ਨੂੰ ਭੇਜਿਆ ਜਾਵੇ ਤਾਂ ਸਿਧਾਂਤਕ ਤੌਰ 'ਤੇ ਹੋਏ ਵਾਅਦਿਆਂ ਮੁਤਾਬਕ, ਉਨ੍ਹਾਂ ਦੀ ਸੁਰੱਖਿਆ ਲਈ ਭਾਰਤ ਦੀ 'ਈ-ਮਾਈਗਰੇਟ' ਯੋਜਨਾ ਤਹਿਤ ਰਜਿਸਟ੍ਰੇਸ਼ਨ ਕਰਨ ਦੀ ਲੋੜ ਹੁੰਦੀ ਹੈ। ਇਜ਼ਰਾਇਲ ਇਸ ਯੋਜਨਾ ਵਿਚ ਸ਼ਾਮਲ ਨਹੀਂ ਹੈ ਨਾ ਹੀ ਰੂਸ ਜਾਂ ਆਰਮੇਨਿਆ ਇਸ ਯੋਜਨਾ ਵਿਚ ਸ਼ਾਮਲ ਹੈ। ਇਸ ਕਰਕੇ ਇਨ੍ਹਾਂ ਜੰਗੀ ਖੇਤਰਾਂ ਵਿਚ ਭਾਰਤੀ ਮਜ਼ਦੂਰਾਂ ਦੀ ਜਾਨ ਖਤਰੇ ਵਿਚ ਰਹਿੰਦੀ ਹੈ। ਇਜ਼ਰਾਇਲ ਨਾਲ ਹੋਏ ਭਾਰਤੀ ਮਜ਼ਦੂਰਾਂ ਦੇ ਸਮਝੌਤੇ ਵਿਚ ਦਰਜ ਹੈ ਕਿ ਭਾਰਤੀ ਮਜ਼ਦੂਰਾਂ ਨੂੰ ਘੱਟੋ ਘੱਟ ਇਕ ਸਾਲ ਤਾਂ ਕੰਮ ਕਰਨਾ ਹੀ ਪਵੇਗਾ। ਵੈਸੇ ਉਨ੍ਹਾਂ ਨਾਲ ਪੰਜ ਸਾਲ ਭਾਵ 63 ਮਹੀਨੇ ਕੰਮ ਕਰਨ ਦਾ ਸਮਝੌਤਾ ਹੈ।

ਇਜ਼ਰਾਇਲੀ ਹਾਕਮਾਂ ਦੇ ਕਹਿਣ ਮੁਤਾਬਕ ਅਤੇ ਇਕ ਅਣਦੱਸੇ ਸਰੋਤ ਮੁਤਾਬਕ ਟਾਈਮਜ਼ ਆਫ਼ ਇੰਡੀਆ ਨੇ ਇਹ ਜਾਣਕਾਰੀ ਸਾਂਝੀ ਕੀਤੀ ਸੀ ਕਿ "ਕਿਸੇ ਵੀ ਭਾਰਤੀ ਮਜ਼ਦੂਰ ਨੂੰ ਯੁੱਧ ਖੇਤਰ ਜਾਂ ਉਸ ਦੇ ਨੇੜੇ ਤੇੜੇ ਨਹੀਂ ਰੱਖਿਆ ਜਾਵੇਗਾ।" ਪਰ ਸਰਹੱਦੀ ਅਧਿਕਾਰੀਆਂ ਦੇ ਇਸ ਵਿਸ਼ਵਾਸ ਦੀਆਂ ਧੱਜੀਆਂ ਉਦੋਂ ਉਡ ਗਈਆਂ ਜਦੋਂ 5 ਮਾਰਚ ਨੂੰ 31 ਸਾਲਾ ਪੈਟ ਨਿਬਿਨ ਮੈਕਸਵੇਜ ਨਾਂ ਦਾ ਮਜ਼ਦੂਰ ਲਿਬਨਾਨ ਸਰਹੱਦ ਉਤੇ ਖੇਤਾਂ ਵਿਚ ਮ੍ਰਿਤਕ ਮਿਲਿਆ। ਕਿਹਾ ਗਿਆ ਕਿ ਇਹ ਹਿਜਬੁੱਲ ਇਜ਼ਾਇਲ ਹਮਲੇ ਦਾ ਸ਼ਿਕਾਰ ਹੋਇਆ। ਦੋ ਹੋਰ ਜ਼ਖ਼ਮੀ ਵੀ ਮਿਲੇ। ਇਹ ਹਜ਼ਾਰਾਂ ਭਾਰਤੀਆਂ ਨਾਲ ਜਨਵਰੀ 24 ਨੂੰ ਹੀ ਇਜ਼ਰਾਇਲ ਮਜ਼ਦੂਰੀ ਕਰਨ ਆਇਆ ਸੀ। ਜਿਸ ਦੀ ਪਿਛੇ ਗਰਭਵਤੀ ਪਤਨੀ ਅਤੇ ਪੰਜ ਸਾਲ ਦੀ ਬੇਟੀ ਅਨਾਥ ਹੋ ਗਈਆਂ ਹਨ।

ਇਥੇ ਜੋ ਸਮਝੌਤਾ ਕਰਕੇ ਇਜ਼ਰਾਇਲ ਭਾਰਤੀ ਕਾਮੇ ਲੈ ਕੇ ਗਿਆ ਹੈ। ਉਨ੍ਹਾਂ ਵਾਅਦਿਆਂ ਉਤੇ ਇਜ਼ਰਾਇਲ ਸਰਕਾਰ ਤੇ ਕਾਮਿਆਂ ਦੀ ਭਰਤੀ ਕਰਨ ਵਾਲੀਆਂ ਏਜੰਸੀਆਂ ਖਰੀਆਂ ਨਹੀਂ ਉਤਰੀਆਂ। ਪਹਿਲਾਂ ਤਾਂ ਕਾਮਿਆਂ ਨੂੰ ਭਰਤੀ ਕਰਨ ਵਾਲੀਆਂ ਏਜੰਸੀਆਂ ਹੀ ਮੋਟੀ ਰਾਸ਼ੀ ਵਸੂਲ ਲੈਂਦੀਆਂ ਹਨ। ਦੂਸਰਾ ਉਥੇ ਕੰਮ ਦੀਆਂ ਹਾਲਤਾਂ ਵੀ ਬਦਤਰ ਹਨ। ਜਿਹੜੇ ਕਾਮੇ ਖੇਤੀ ਖੇਤਰ ਵਿਚ ਹਨ ਉਨ੍ਹਾਂ ਵਿਚੋਂ ਇਕ ਲੇ ਇਕ 'ਫੋਰਨ ਪਾਲਿਸੀ' ਦੇ ਪੱਤਰਕਾਰ ਨੂੰ ਦੱਸਿਆ ਕਿ "ਉਹ 12 ਘੰਟੇ ਦੀ ਸ਼ਿਫਟ ਵਾਲਾ ਕੰਮ ਖੇਤਾਂ ਵਿਚ ਪੈਦਾਵਾਰ ਨੂੰ ਸਮੇਟਨ ਹਿੱਤ ਕਰਦਾ ਹੈ। ਇਹ ਲਗਾਤਾਰ ਹਫ਼ਤਾ ਭਰ ਕੰਮ ਕਰਨਾ ਪੈਂਦਾ ਹੈ, ਕੋਈ ਛੁੱਟੀ ਨਹੀਂ। ਉਹਨੂੰ ਪ੍ਰਤੀ ਘੰਟਾ ਕਾਨੂੰਨੀ ਮਜ਼ਦੂਰੀ ਤੋਂ ਬਹੁਤ ਘੱਟ ਮਿਲਦੀ ਹੈ।" ਉਹਨੇ ਦੱਸਿਆ ਕਿ "ਮਹੀਨੇ ਦੇ ਆਖਰ ਵਿਚ ਮਜ਼ਦੂਰੀ ਉਹਨੂੰ ਨਹੀਂ ਮਿਲਦੀ ਸਗੋਂ ਰੋਜ਼ਗਾਰ ਏਜੰਸੀ ਨੂੰ ਭੇਜ ਦਿੱਤੀ ਜਾਂਦੀ ਹੈ।" ਇਹੋ ਹਾਲ ਉਸਾਰੀ ਦੇ ਖੇਤਰ ਵਿਚ ਲੱਗੇ ਕਾਮਿਆਂ ਦਾ ਹੈ। ਭਾਵ ਸਰਕਾਰਾਂ ਦੇ ਸਮਝੌਤਿਆਂ ਵਿਚ, ਭਾਰਤ-ਇਜ਼ਰਾਇਲ ਮਜ਼ਦੁਰ ਠੇਕੇਦਾਰ ਦਲਾਲ ਏਜੰਸੀਆਂ ਦੀਆਂ ਪੌਂ-ਬਾਰਾਂ ਹਨ।

ਜੰਗੀ ਖੇਤਰਾਂ ਵਿਚ ਦੂਸਰੇ ਪਾਸੋਂ ਆ ਰਹੀਆਂ ਮਿਜ਼ਾਇਲਾਂ ਪ੍ਰਵਾਸੀ ਮਜ਼ਦੂਰਾਂ ਲਈ ਵੱਡੀ ਸਮੱਸਿਆ ਹੈ। ਮੈਕਸਵੈਲ ਤਾਂ ਮਾਰਿਆ ਗਿਆ ਪਰ ਉਸ ਤੋਂ ਪਹਿਲਾਂ ਵੀ ਅੱਧੀ ਦਰਜਨ ਤੋਂ ਵੱਧ ਭਾਰਤੀ ਕਾਮਿਆਂ ਨੂੰ ਮਿਜ਼ਾਇਲਾਂ ਨੇ ਨਿਗਲ ਲਿਆ ਸੀ ਤੇ ਕਈ ਦਰਜਨ ਜ਼ਖ਼ਮੀ ਹੋਏ ਹਨ। ਮਜ਼ਦੂਰਾਂ ਨੇ ਦੱਸਿਆ ਕਿ, "ਮਿਜ਼ਾਇਲ ਹਮਲੇ ਵਿਚ ਆਪਣੀ ਸਵੈ-ਸੁਰੱਖਿਆ ਕਿਵੇਂ ਕਰਨੀ ਹੈ ਇਹ ਦੀ ਟ੍ਰੇਨਿੰਗ ਜਾਂ ਇਸ ਤੋਂ ਬਚਾਅ ਲਈ ਸਾਨੂੰ ਕੁਝ ਵੀ ਨਹੀਂ ਦੱਸਿਆ ਜਾਂਦਾ। ਉਨ੍ਹਾਂ ਨੂੰ ਕੰਮ ਕਰਨ ਦੀ ਤੱਦੀ ਹੁੰਦੀ ਹੈ ਅਤੇ ਇਸ ਦਬਾਅ ਵਿਚ ਉਹ ਸੋਚ ਵੀ ਨਹੀਂ ਸਕਦੇ ਕਿ ਜਿਵੇਂ ਚੌਕਸ ਰਹਿਣਾ ਹੈ। ਇਕ ਇਜ਼ਰਾਇਲੀ ਗੈਰ ਸਰਕਾਰੀ ਸੰਸਥਾ ਕਾਓ-ਲਾਓਵੇਦ ਦੀ ਜਾਂਚ ਦੇ ਮੁਤਾਬਕ ਮਿਜ਼ਾਇਲੀ ਹਮਲਿਆਂ ਤੋਂ ਸੁਚੇਤ ਕਰਨ ਵਾਲੇ ਐਮਰਜੈਂਸੀ ਐਪ, ਗੈਰ ਇਜਰਾਇਲੀ ਫੋਨਾਂ ਵਿਚ ਡਾਊਨਲੋਡ ਨਹੀਂ ਹੋ ਸਕਦੇ। ਪਰ ਜੰਗ ਦੇ ਮੂਹਰਲੇ ਖੇਤਰਾਂ ਵਿਚ ਮੁਸ਼ਕਲ ਨਾਲ ਹੀ ਇਧਰ ਧਿਆਨ ਜਾਂਦਾ ਹੈ ਅਤੇ ਅਲਾਰਮ ਹਮਲੇ ਹੋਣ ਪਿਛੋਂ ਹੀ ਵੱਜਦੇ ਹਨ।

ਭਾਰਤੀ ਹੁਕਮਰਾਨ ਆਪਣੀ ਬਹੁਮੁੱਲੀ ਮਨੁੱਖੀ ਕਿਰਤ ਸ਼ਕਤੀ ਨੂੰ ਭਾਵ ਮਜ਼ਦੂਰਾਂ ਨੂੰ ਕੰਮ ਕਰਨ ਲਈ ਦੁਨੀਆ ਦੀ ਕਿਰਤ ਮੰਡੀ ਵਿਚ ਨਾ ਭੇਜਣ ਲਈ ਉਤਸੁਕ ਰਹਿੰਦਾ ਹੈ ਪਰ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਲੋੜੀਂਦੀ ਜ਼ਿੰਮੇਵਾਰੀ ਨਿਭਾਉਣ ਪ੍ਰਤੀ ਸੰਜੀਦਾ ਨਹੀਂ। ਇਕ ਅੰਦਾਜ਼ੇ ਮੁਤਾਬਕ ਇਜ਼ਰਾਇਲ 'ਚ ਇਸ ਸਮੇਂ ਇਕ ਲੱਖ 80 ਹਜ਼ਾਰ ਲੋਕ ਕੰਮ ਕਰ ਰਹੇ ਹਨ ਅਤੇ ਇਕ ਲੱਖ ਹੋਰ ਜਾਣ ਦੀ ਉਮੀਦ ਹੈ ਪਰ ਭਾਰਤੀ ਹਾਕਮ ਹੱਤਿਆਰੇ ਇਜ਼ਰਾਇਲੀ ਹਾਕਮਾਂ ਨਾਲ ਜੱਫੀਆਂ ਤਾਂ ਪਾ ਸਕਦੇ ਹਨ, ਪਰ ਭਾਰਤੀ ਕਾਮਿਆਂ ਦੀ ਸੁਰੱਖਿਆ ਦੀ ਗ੍ਰੰਟੀ ਅਤੇ ਦਲਾਲ ਸ਼ਿਕਾਰੀ ਏਜੰਸੀਆਂ ਤੋਂ ਉਨ੍ਹਾਂ ਦੀ ਅਤੇ ਉਨ੍ਹਾਂ ਦੀ ਕਿਰਤ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਨੂੰ ਤਵੱਜੋ ਨਹੀਂ ਦੇ ਸਕਦੇ। ਇਹ ਦਲਾਲ ਕੰਪਨੀਆਂ ਵੀ ਲੱਖਾਂ ਭਾਰਤੀ ਕਾਮਿਆਂ ਦੀ ਕਿਰਤ ਵਿਚੋਂ ਕਰੋੜਾਂ ਰੁਪਏ ਦੀ ਜੇਲ੍ਹ ਕੱਟ ਲੈਂਦੀਆਂ। ਵੈਸੇ ਵੀ ਅਜੋਕੀ ਪੂੰਜੀ ਦਾ ਇਹ ਕਿਰਦਾਰ ਹੈ ਕਿ 'ਵਰਤੋ ਅਤੇ ਸੁੱਟੋ'। ਇਵੇਂ ਹੀ ਭਾਰਤੀ ਕਾਮਿਆਂ ਨਾਲ ਇਜ਼ਰਾਇਲ ਵਿਚ ਹੋ ਰਿਹਾ ਹੈ। ਮਜ਼ਦੂਰਾਂ ਦੀ ਯੁੱਧ ਦੇ ਖੇਤਰਾਂ ਵਿਚ ਵਰਤੋਂ ਹੋ ਰਹੀ ਹੈ। ਉਨ੍ਹਾਂ ਨੂੰ ਵਿਕਾਸ ਦੇ ਕੰਮਾਂ 'ਚ ਵਰਤਿਆ ਜਾ ਰਿਹਾ ਹੈ ਪਰ ਉਨ੍ਹਾਂ ਨਾਲ ਮਨੁੱਖੀ ਵਿਉਹਾਰ ਨਹੀਂ ਹੋ ਰਿਹਾ। ਉਹ ਇਥੇ ਵੀ ਤੇ ਉਥੇ ਵੀ ਸੰਤਾਪ ਭੋਗਣ ਲਈ ਮਜ਼ਬੂਰ ਹਨ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
Satvachan Lal
B.Sc.Pharm
#1150, 4818 Westwindus Drive NE. Calgary
403-293-9360

# ਕੈਨੇਡਾ 'ਚ ਮੁੱਕ ਰਿਹਾ ਲੱਖਾਂ ਵਿਦਿਆਰਥੀਆਂ ਦਾ ਵਰਕ ਪਰਮਿਟ, ਹੋ ਸਕਦੇ ਨੇ ਡਿਪੋਰਟ





















ਕੈਨੇਡਾ ਸਰਕਾਰ ਦੀਆਂ ਬਦਲੀਆਂ ਇਮੀਗਰੇਸ਼ਨ ਨੀਤੀਆਂ ਕਰਕੇ ਲੱਖਾ ਅੰਤਰ ਰਾਸ਼ਟਰੀ ਵਿਦਿਆਰਥੀ ਅਤੇ ਕਾਮੇ ਪ੍ਰਭਾਵਿਤ ਹੋ ਰਹੇ ਨੇ। ਜਿਨ੍ਹਾ ਉੱਪਰ ਅਗਲੇ ਸਾਲ ਡਿਪੋਰਟੇਸ਼ਨ ਦੀ ਤਲਵਾਰ ਲਟਕੀ ਹੋਈ ਹੈ। ਜਿਸ ਕਰਕੇ ਓਂਟਾਰੀਓ ਦੇ ਬਰੈਂਪਟਨ ਵਿੱਚ ਪਿਛਲੇ 12 ਦਿਨਾਂ ਤੋ ਦਿਨ ਰਾਤ ਦਾ ਪੱਕਾ ਧਰਨਾ ਲਗਾਈ ਬੈਠੇ ਨੇ ਵਿਨੀਪੈਗ ਵਿੱਚ ਪਿਛਲੇ ਕਈ ਮਹੀਨਿਆਂ ਤੋ ਰੋਸ ਮੁਜ਼ਾਹਰੇ ਹੋ ਰਹੇ ਹਨ। ਇੱਕ ਰਿਪੋਰਟ ਮੁਤਾਬਕ ਇਸ ਸਾਲ ਜਿਨ੍ਹਾਂ ਦਾ ਵਰਕ ਪਰਮਿਟ ਮੁੱਕ ਰਿਹਾ ਹੈ ਉਨ੍ਹਾਂ ਦੀ ਗਿਣਤੀ 1ਲੱਖ 30 ਹਜ਼ਾਰ ਦੇ ਕਰੀਬ ਹੈ।

ਪਿਛਲੇ ਕਈ ਸਾਲਾਂ ਤੋਂ ਅੰਤਰ ਰਾਂਸ਼ਟਰੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਕੈਨੇਡਾ ਬਣਿਆ ਹੋਇਆ ਹੈ ਤੇ ਕੈਨੇਡਾ ਦੇ ਲਈ ਵੀ ਇਹ ਵਿਦਿਆਰਥੀ ਸੋਨੇ ਦਾ ਅੰਡਾ ਦੇਣ ਵਾਲੀ ਮੁਰਗ਼ੀ ਨੇ ਤਾਂਹੀ ਹਰ ਸਾਲ ਇਨ੍ਹਾਂ ਦਾ ਕੋਟਾ ਲਗਾਤਾਰ ਵਧਾਇਆ ਜਾ ਰਿਹਾ ਹੈ। ਇਨ੍ਹਾਂ ਦੇ ਸਿਰ ਤੋਂ ਜਿੱਥੇ ਕੈਨੇਡਾ ਹਰ ਸਾਲ ਬੀਲੀਅਨ ਡਾਲਰ ਇਕੱਠੇ ਕਰਦਾ ਹੈ, ਉੱਥੇ ਹੀ ਪ੍ਰਾਈਵੇਟ ਕਾਲਜ ਤੇ ਯੂਨੀਵਰਸਿਟੀਆਂ ਅਰਬਾਪਤੀ ਬਣ ਰਹੇ ਹਨ ਪਰ ਦੁਨੀਆ ਪੱਧਰ 'ਤੇ ਵੱਧ ਰਹੀ ਆਰਥਿਕ ਮੰਦੀ (ਰਿਸੈਸ਼ਨ) ਦੇ ਚੱਲਦਿਆਂ ਕੈਨੇਡਾ ਵਿੱਚ ਵੀ ਕੰਮ ਦੇ ਮੌਕੇ ਘੱਟ ਰਹੇ ਨੇ ਬੇਰੁਜ਼ਗਾਰੀ ਦੀ ਦਰ 7% ਵਧੀ ਹੈ। ਨਵੇਂ ਆਉਣ ਵਾਲੇ ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ, ਜ਼ਿਆਦਾਤਰ ਤਾਂ ਸਾਲ ਭਰ ਤੋਂ ਵਿਹਲੇ ਬੈਠੇ ਡਿਪਰੈਸ਼ਨ ਦੇ ਸ਼ਿਕਾਰ ਹੋ ਰਹੇ ਹਨ।

ਇਸ ਦੇ ਚੱਲਦਿਆਂ ਕੈਨੇਡੀਅਨ ਸਮਾਜ ਵਿੱਚ ਵਿਰੋਧਤਾਈਆਂ ਤਿੱਖੀਆਂ ਹੋ ਰਹੀਆਂ ਹਨ। ਵੱਡੀਆਂ ਟਰੱਕਿੰਗ ਕੰਪਨੀਆਂ ਸਮੇਤ ਹੋਰ ਬਹੁਤ ਸਾਰੇ ਬਿਜਨਸ ਬੈਂਕ ਕਰੱਪਸੀਆ ਵੀ ਫ਼ਾਇਲ ਕਰ ਰਹੇ ਹਨ। ਕੈਨੇਡਾ ਵਿੱਚ ਅਗਲੇ ਸਾਲ ਵੋਟਾਂ ਹਨ ਜ਼ਿਆਦਾਤਰ ਕੈਨੇਡੀਅਨ ਮੌਜੂਦਾ ਲਿਬਰਲ ਪਾਰਟੀ (ਜਸਟਿਸ ਟਰੂਡੋ) ਤੋਂ ਖੁਸ਼ ਨਹੀਂ ਹਨ ਉਹ ਸਮਝਦੇ ਹਨ ਕੈਨੇਡਾ ਜਿਨ੍ਹਾਂ ਮੁਸ਼ਕਿਲਾਂ ਵਿੱਚ ਫਸਿਆ ਹੋਇਆ ਹੈ ਉਸ ਦੀ ਜ਼ਿੰਮੇਵਾਰ ਇਹ ਪਾਰਟੀ ਹੈ। ਦੂਜੇ ਨੰਬਰ ਦੀ ਕੰਜਰਵੇਟਿਵ ਪਾਰਟੀ ਸੱਤਾ ਵਿੱਚ ਆਉਣ ਲਈ ਤਰਲੋਮੱਛੀ ਹੋ ਰਹੀ ਹੈ। ਇਹ ਦੋਵੇਂ ਪਾਰਟੀਆਂ ਸਿੱਧੇ ਅਸਿੱਧੇ ਤੌਰ 'ਤੇ ਕੈਨੇਡਾ ਦੇ ਇਨ੍ਹਾਂ ਹਾਲਤਾਂ ਲਈ ਪਰਵਾਸੀਆਂ ਨੂੰ ਦੋਸ਼ੀ ਬਣਾ ਕੇ ਪੇਸ਼ ਕਰ ਰਹੇ ਹਨ। ਸ਼ੋਸ਼ਲ ਮੀਡੀਆ ਤੇ ਹੋਰ ਮੀਡੀਆ ਰਾਹੀਂ ਇਹ ਭੰਬਲਭੂਸਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪਰਵਾਸੀਆਂ ਨੇ ਤੁਹਾਡੀਆਂ ਨੌਕਰੀਆਂ ਖੋਹ ਲਈਆਂ, ਘਰਾਂ ਦੀ ਘਾਟ ਲਈ ਵੀ ਇਹ ਹੀ ਜ਼ਿੰਮੇਵਾਰ ਹਨ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਝੂਠ ਬੋਲੇ ਜਾ ਰਹੇ ਹਨ। ਜਿਸ ਨਾਲ ਕੈਨੇਡਾ ਵਿੱਚ ਰੰਗ ਨਸਲ ਦੇ ਅਧਾਰ ਤੇ ਨਫ਼ਰਤ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਦਾ ਸਭ ਤੋ ਵੱਧ ਸ਼ਿਕਾਰ ਅੰਤਰ ਰਾਸ਼ਟਰੀ ਵਿਦਿਆਰਥੀ ਬਣ ਰਹੇ ਹਨ।

ਇਸ ਸਮੇਂ ਬਰੈਂਪਟਨ ਵਿੱਚ ਨੌਜਵਾਨ ਸੁਪੋਰਟ ਨੈੱਟਵਰਕ ਜਥੇਬੰਦੀ ਦੀ ਅਗਵਾਈ ਵਿੱਚ ਪੋਸਟ ਗ੍ਰੈਜੂਏਟ ਵਰਕ ਪਰਮਿਟ ਹੋਲਡਰ ਦੀ ਬਣੀ ਕਮੇਟੀ ਵੱਲੋਂ ਦਿਨ ਰਾਤ ਦਾ ਧਰਨਾ 12ਵੇ ਦਿਨ ਵਿੱਚ ਦਾਖਲ ਹੋ ਗਿਆ ਹੈ। ਇਸ ਧਰਨੇ ਦੀਆਂ ਚਾਰ ਮੁੱਖ ਮੰਗਾ ਹਨ।

1. 2024-25 ਵਿੱਚ ਜਿਨ੍ਹਾਂ ਦਾ ਵਰਕ ਪਰਮਿਟ ਮੁੱਕ ਰਿਹਾ ਹੈ ਉਸ ਨੂੰ 2 ਸਾਲ ਲਈ ਵਧਾਇਆ ਜਾਵੇ।

2. ਐਕਸਪਰੈਸ ਐਂਟਰੀ ਅਤੇ ਪੀਐਨਪੀ ਦੇ ਲਗਾਤਾਰ ਡਰਾਅ ਕੱਢੇ ਜਾਣ।

3. ਐਲਐਮਆਈ ਦੇ ਨਾਮ 'ਤੇ ਹੁੰਦੀ ਲੁੱਟ ਬੰਦ ਕੀਤੀ ਜਾਵੇ।

4. ਅੰਤਰਰਾਸ਼ਟਰੀ ਵਿਦਿਆਰਥੀ ਜੋ ਪੜ੍ਹ ਰਹੇ ਹਨ ਉਨ੍ਹਾਂ ਨੂੰ ਦੋ ਦੀ ਜਗਾ 5 ਸਾਲ ਦਾ ਵਰਕ ਪਰਮਿਟ ਦਿੱਤਾ ਜਾਵੇ।

ਇਨ੍ਹਾਂ ਪ੍ਰਦਰਸ਼ਨ ਕਰ ਰਹੇ ਕਾਮਿਆਂ ਦਾ ਕਹਿਣਾ ਹੈ ਕਿ ਪਿਛਲੇ 6 ਮਹੀਨੇ ਤੋਂ ਲਗਾਤਾਰ ਵੱਖ-ਵੱਖ ਪਾਰਟੀਆਂ ਨਾਲ ਮੀਟਿੰਗਾਂ ਹੋਈਆਂ ਜੋ ਗੱਲ ਸੁਣ ਤੇ ਸਮਝ ਰਹੇ ਹਨ। ਅੰਦਰਖਾਤੇ ਮੰਨ ਵੀ ਰਹੇ ਹਨ ਕਿ ਸਰਕਾਰ ਨੇ ਲੋੜ ਤੋਂ ਜ਼ਿਆਦਾ ਵਿਦਿਆਰਥੀ ਬੁਲਾਏ ਤੇ ਪੀਆਰ ਦਾ ਕੋਟਾ ਨਹੀਂ ਵਧਾਇਆ ਤੇ ਕੋਵਿਡ ਤੋਂ ਬਾਅਦ ਲਗਾਤਾਰ ਡਰਾਅ ਨਾ ਕੱਢਣ ਕਰਕੇ ਇਹ ਸਥਿਤੀ ਬਣੀ ਪਰ ਉਹ ਹੱਲ ਕਰਨ ਵੱਲ ਨਹੀਂ ਵੱਧ ਰਹੇ ਕਿਉਂਕਿ ਅਗਲੇ ਸਾਲ ਵੋਟਾਂ ਹਨ ਤੇ ਸਟੂਡੈਂਟ ਵੋਟਰ ਨਹੀਂ ਤੇ ਜਿਨ੍ਹਾਂ ਦੀਆਂ ਵੋਟਾਂ ਹਨ ਉਨ੍ਹਾਂ ਨੂੰ ਜਚਾਇਆ ਜਾ ਰਿਹਾ ਕਿ ਇਹ ਕੈਨੇਡਾ ਦੇ ਮਾੜੇ ਹਾਲਤਾਂ ਲਈ ਜ਼ਿੰਮੇਵਾਰ ਹਨ।

ਇਸ ਕਰਕੇ ਹੁਣ ਕੋਈ ਹੱਲ ਨਾ ਦਿਸਣ ਤੇ ਆਪਣੀ ਏਕਤਾ ਵਧਾਉਣ ਤੇ ਲਗਾਤਾਰ ਰੋਸ ਮੁਜ਼ਾਰਿਆਂ ਤੋਂ ਬਾਅਦ, ਹੋਰ ਲੋਕਾਂ ਤੋਂ ਸਾਥ ਲੈਣ ਲਈ ਦਿਨ ਰਾਤ ਦਾ ਧਰਨਾ ਸ਼ੁਰੂ ਕਰ ਦਿੱਤਾ। ਇੱਥੇ ਸ਼ਨੀਵਾਰ ਨੂੰ ਇੱਕ ਰੈਲੀ ਕੀਤੀ ਗਈ ਜਿਸ ਵਿੱਚ 12 ਦੇ ਕਰੀਬ ਹੋਰ ਕਾਮਿਆਂ ਦੀਆਂ ਜਥੇਬੰਦੀਆਂ ਨੇ ਇਨ੍ਹਾਂ ਦਾ ਸਾਥ ਦਿੱਤਾ ਤੇ ਹੋਰਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਸ਼ੋਸ਼ਲ ਮੀਡੀਆ ਤੇ ਵਿਰੋਧ ਦੇ ਬਾਵਜੂਦ ਹੋਰ ਵੀ ਲੋਕਾਂ ਦਾ ਸਾਥ ਵੀ ਮਿਲ ਰਿਹਾ ਹੈ ਤੇ ਜਦੋਂ ਤੱਕ ਕੋਈ ਹੱਲ ਨਹੀਂ ਮਿਲਦਾ ਉਦੋਂ ਤੱਕ ਇਹ ਧਰਨਾ ਚੱਲੇਗਾ ਤੇ ਹੋਰ ਐਕਸ਼ਨ ਵੀ ਕੀਤੇ ਜਾਣਗੇ।


ਪ੍ਰਭਾਵਿਤ ਹੋਣ ਵਾਲੇ ਲੱਖਾਂ 'ਚ ਹਨ ਤੇ ਲੜਨ ਵਾਲੇ ਸੈਂਕੜੇ ਵੀ ਨਹੀਂ। ਜ਼ਿਆਦਾਤਰ ਲੋਕ ਸੰਘਰਸ਼ ਦੀ ਬਜਾਏ ਆਪਣਾ-ਆਪਣਾ ਹੋਰ ਹੱਲ ਲੱਭਣ ਵਿੱਚ ਲੱਗੇ ਹੋਏ ਹਨ ਜੋ ਕਿ ਅਸਲ ਵਿੱਚ ਹੈ ਨਹੀਂ। ਇਮੀਗਰੇਸ਼ਨ ਏਜੰਟ ਉਨ੍ਹਾਂ ਨੂੰ ਗਲਤ ਸਲਾਹਾਂ ਦੇ ਰਹੇ ਹਨ। ਲੋਕ ਕੈਨੇਡਾ ਤੋਂ ਅਮਰੀਕਾ ਨੂੰ ਡੌਂਕੀ ਲਾ ਰਹੇ ਹਨ। ਧਰਨਾਕਰੀ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਅਪੀਲ ਕਰ ਰਹੇ ਹਨ। ਜਿਹੜੇ ਲੋਕ ਲਿਬਰਲ ਪਾਰਟੀ ਨੂੰ ਸੱਤਾ ਤੋਂ ਲਾਹ ਕੇ ਕੰਜਰਵੇਟਿਵ ਦੀ ਸਰਕਾਰ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਵੋਟਾਂ ਨਾਲ ਪਾਰਟੀ ਬਦਲ ਸਕਦੇ ਹੋ ਸਿਸਟਮ ਨਹੀਂ ਤੇ ਮੌਜੂਦਾ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਵਧਦੀਆਂ ਲੋਨ ਦਰਾਂ, ਘਰਾਂ ਦੀ ਕਿੱਲਤ ਮਹਿੰਗੀ ਇੰਸ਼ੋਰੈਂਸ, ਅਤੇ ਹੋਰ ਇਹ ਸਭ ਸਰਮਾਏਦਾਰੀ ਸਿਸਟਮ ਦੀ ਦੇਣ ਹੈ ਜੋ ਲੋਕਪੱਖੀ ਨਹੀਂ ਕੁਝ ਕੁ ਸਰਮਾਏਦਾਰ ਘਰਾਣਿਆਂ ਪੱਖੀ ਹੈ। ਕਾਮਿਆਂ ਤੇ ਕੰਮ ਮਾਲਕਾਂ ਵਿੱਚ ਆਰਥਿਕ ਪਾੜਾ ਲਗਾਤਾਰ ਵੱਧ ਰਿਹਾ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਲੋਕ ਵੀ ਆਪਣੀਆਂ ਮੰਗਾ ਲਈ ਸ਼ੰਘਰਸ਼ ਕਰਨਗੇ।

**ਬਿਕਰਮ ਕੁੱਲੇਵਾਲ** +1 647 612 5161
**ਮਹਿਕਦੀਪ ਮਾਨਸਾ** +1 416 918-9486

# ਵਿਦਿਆਰਥੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰੋ







**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਕਾਮਿਆਂ ਵੱਲੋਂ ਬਦਲੀਆਂ ਇਮੀਗਰੇਸ਼ਨ ਨੀਤੀਆਂ ਖਿਲਾਫ ਲਾਇਆ ਪੱਕਾ ਧਰਨਾ 24ਵੇ ਦਿਨ ਵਿੱਚ ਦਾਖਲ ਹੋ ਗਿਆ ਹੈ। ਧਰਨੇ ਵਿੱਚ ਇੰਦਰਜੀਤ ਸਿੰਘ ਬੱਲ, ਚਰਨਜੀਤ ਸਿੰਘ ਬਰਾੜ ਪੱਤਰਕਾਰ, ਹਰਬੰਸ ਸਿੰਘ ਐਡੀਟਰ ਸਰੋਕਾਰਾਂ ਦੀ ਆਵਾਜ਼, ਅਮਨ ਹਾਂਸ ਪੱਤਰਕਾਰ, ਅੰਮ੍ਰਿਤ ਢਿਲੋਂ, ਅਮਰਜੀਤ ਸਿੰਘ ਵਕੀਲ, ਦੇਵਿੰਦਰ ਤੂਰ ਸਰੋਕਾਰਾਂ ਦੀ ਆਵਾਜ਼, ਵਿਦਿਆਰਥੀ ਆਗੂਆਂ ਤੇ ਹੋਰ ਪਤਵੰਤੇ ਸਾਥੀਆਂ ਨੇ ਵਿਦਿਆਰਥੀਆਂ ਦੇ ਹੱਕ ਵਿੱਚ ਆਪਣੀ ਹਾਜ਼ਰੀ ਲਵਾਈ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com



# ਸ਼੍ਰੀਲੰਕਾ ਵਿੱਚ ਖੱਬੇ-ਪੱਖੀਆਂ ਦੀ ਰਾਸ਼ਟਰਪਤੀ ਚੋਣਾਂ 'ਚ ਜਿੱਤ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ



ਅਨੁਰਾ ਕੁਮਾਰਾ ਦਿਸਾਨਾਇਕ ਹੋਣਗੇ ਨਵੇਂ ਰਾਸ਼ਟਰਪਤੀ

ਸੰਸਾਰ ਭਰ ਵਿੱਚ ਆਰਥਿਕ ਮੰਦਵਾੜੇ ਅਤੇ ਪੂੰਜੀਵਾਦੀ ਨਿਜ਼ਾਮ ਦੀ ਬਦਇੰਤਜ਼ਾਮੀ ਤੋਂ ਪਰੇਸ਼ਾਨੀ ਦੇ ਦੌਰ ਵਿੱਚ ਸ਼੍ਰੀਲੰਕਾਂ ਦੇ ਲੋਕਾਂ ਨੇ ਖੱਬੇ-ਪੱਖੀ ਵਿਚਾਰਧਾਰਾ ਵਾਲੀ ਪਾਰਟੀ ਤੇ ਆਸਾਂ ਧਰੀਆਂ ਹਨ। ਸ਼੍ਰੀਲੰਕਾ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਖੱਬੇਪੱਖੀ 'ਨੈਸ਼ਨਲ ਪੀਪਲਜ਼ ਪਾਵਰ ਅਲਾਇੰਸ' ਦੇ ਅਨੁਰਾ ਕੁਮਾਰਾ ਦਿਸਾਨਾਇਕ ਨੇ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਇਸ ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਇੱਕ ਮਾਰਕਸਵਾਦੀ ਪਾਰਟੀ ਨੂੰ ਰਾਸ਼ਟਰਪਤੀ ਚੋਣ ਦੀ ਜਿੱਤ ਹਾਸਲ ਹੋਈ ਹੈ। 22 ਸਤੰਬਰ, 2024 ਨੂੰ, ਸ਼੍ਰੀਲੰਕਾ ਚੋਣ ਅਥਾਰਟੀ ਦੀ ਚੋਣ-ਘੋਸ਼ਣਾ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਕਿ ਜਨਤਾ ਵਿਮੁਕਤੀ ਪੇਰਾਮੁਨਾ (ਜੇ.ਵੀ.ਪੀ.) ਦੀ ਅਗਵਾਈ ਵਾਲੀ ਨੈਸ਼ਨਲ ਪੀਪਲਜ਼ ਪਾਵਰ (ਐਨਪੀਪੀ) ਗਠਜੋੜ ਦੇ ਅਨੁਰਾ ਕੁਮਾਰਾ ਦਿਸਾਨਾਇਕ ਨੇ ਰਾਸ਼ਟਰਪਤੀ ਚੋਣ ਜਿੱਤ ਲਈ ਹੈ ਚੋਣਾਂ ਵਿੱਚ ਇਸ ਮਹੱਤਵਪੂਰਨ ਜਿੱਤ ਨਾਲ ਦਿਸਾਨਾਇਕ ਦੇਸ਼ ਦੇ ਨੌਂਵੇਂ ਰਾਸ਼ਟਰਪਤੀ ਬਣ ਜਾਣਗੇ। ਦਿਸਾਨਾਇਕ ਸਨ 2014 ਤੋਂ ਖੱਬੇਪੱਖੀ ਵਿੰਗ ਜੇ.ਵੀ.ਪੀ ਪਾਰਟੀ ਦੇ ਨੇਤਾ ਹਨ। ਇਨ੍ਹਾਂ ਨੇ ਰਾਸ਼ਟਰਪਤੀ ਲਈ ਦੌੜ ਦੇ 37 ਉਮੀਦਵਾਰਾਂ ਨੂੰ ਪਛਾੜ ਦਿੱਤਾ ਹੈ, ਜਿਸ ਵਿੱਚ ਮੌਜੂਦਾ ਪ੍ਰਧਾਨ ਰਾਨਿਲ ਵਿਕਰਮਸਿੰਘੇ ਵਾਲੀ ਯੂਨਾਈਟਿਡ ਨੈਸ਼ਨਲ ਪਾਰਟੀ (ਯੂ.ਐਨ.ਪੀ) ਦੇ ਉਮੀਦਵਾਰ ਵੀ ਸ਼ਾਮਿਲ ਹਨ। ਦਿਸਾਨਾਇਕ ਨੇ ਉਸਦੇ ਸਭ ਤੋਂ ਨਜ਼ਦੀਕੀ ਮੁਕਾਬਲੇ ਵਾਲੇ ਸਾਮਗੀ-ਜਨ-ਬਲਵੇਗਵਾ ਪਾਰਟੀ ਦੇ ਸਜੀਤ ਪ੍ਰੇਮਦਾਸਾ ਨੂੰ ਭਾਰੀ ਫਰਕ ਨਾਲ ਹਰਾਇਆ। ਸ਼੍ਰੀਲੰਕਾ ਦੀ ਰਾਜਨੀਤੀ ਵਿੱਚ ਦਬਦਬਾ ਰੱਖਣ ਵਾਲੀਆਂ ਰਵਾਇਤੀ ਪਾਰਟੀਆਂ, ਜਿਵੇਂਕਿ ਸ਼੍ਰੀਲੰਕਾ ਪੋਦੁਜਾਨਾ ਪੇਰਾਮੁਨਾ (ਐਸ.ਐਲ.ਪੀ.ਪੀ.) ਅਤੇ ਯੂ.ਐਨ.ਪੀ, ਹੁਣ ਬੈਕਫੁੱਟ 'ਤੇ ਆ ਗਈਆਂ ਹਨ, ਹਾਲਾਂਕਿ ਉਹ ਸ਼੍ਰੀਲੰਕਾ ਦੀ ਸੰਸਦ ਵਿੱਚ ਹਾਵੀ ਹਨ। ਯਾਦ ਰਹੇ ਐਸ.ਐਲ.ਪੀ.ਪੀ ਕੋਲ ਸੰਸਦ ਦੀਆਂ ਕੁੱਲ 225 ਵਿੱਚੋਂ 105 ਸੀਟਾਂ ਹਨ ਅਤੇ ਯੂ.ਐਨ.ਪੀ ਕੋਲ 3 ਸੀਟਾਂ ਹਨ। ਇਹ ਗੱਲ ਅਲਗ ਹੈ ਕਿ ਦਿਸਾਨਾਇਕ ਦੀ ਜੇ ਵੀ ਪੀ ਕੋਲ ਸੰਸਦ ਵਿੱਚ ਸਿਰਫ਼ ਤਿੰਨ ਸੀਟਾਂ ਹਨ।

ਦਿਸਾਨਾਇਕ ਜੋਕਿ ਛੋਟੇ ਨਾਮ 'ਏ.ਕੇ.ਡੀ' ਨਾਲ ਜਾਣੇ ਜਾਂਦੇ ਹਨ। ਇਨ੍ਹਾਂ ਦਾ ਜਨਮ ਸਾਲ 1968 ਵਿੱਚ, ਰਾਜਧਾਨੀ ਕੋਲੰਬੋ ਤੋਂ ਦੂਰ ਉੱਤਰ-ਮੱਧ ਸ਼੍ਰੀਲੰਕਾ ਵਿੱਚ ਇੱਕ ਮਜ਼ਦੂਰ-ਸ਼੍ਰੇਣੀ ਦੇ ਪਿਛੋਕੜ ਨਾਲ ਸੰਬਧਿਤ ਪਰਿਵਾਰ ਵਿੱਚ ਹੋਇਆ। ਇਹ ਸ਼੍ਰੀਲੰਕਾ ਦੇ ਵਿਦਿਆਰਥੀ ਅੰਦੋਲਨ ਦੇ ਉੱਘੇ ਨੇਤਾ ਵੀ ਰਹੇ ਹਨ ਅਤੇ ਜੇ.ਵੀ.ਪੀ ਪਾਰਟੀ ਵਿੱਚ ਇੱਕ ਕਾਡਰ ਵਜੋਂ ਆਪਣੀ ਭੂਮਿਕਾ ਦੁਆਰਾ ਉਨ੍ਹਾਂ ਦੇ ਵਿਸ਼ਵ ਦ੍ਰਿਸ਼ਟੀਕੋਣ ਵਿਚਾਰਾਂ ਨੂੰ ਆਕਾਰ ਪ੍ਰਾਪਤ ਹੋਇਆ। ਸਾਲ 2004 ਵਿੱਚ ਸੰਸਦ ਚੋਣਾਂ ਵਿੱਚ ਜਦੋਂ ਉਸਦੀ ਜੇ.ਵੀ.ਪੀ ਪਾਰਟੀ ਨੇ ਪ੍ਰਧਾਨ ਮੰਤਰੀ (ਸਿਰੀਮਾਵੋ ਬੰਦਰਨਾਇਕ) ਦੀ ਧੀ ਚੰਦਰਿਕਾ ਕੁਮਾਰਤੁੰਗਾ ਨਾਲ ਗੱਠਜੋੜ ਕੀਤਾ, ਦਿਸਾਨਾਇਕ ਸੰਸਦ ਚੋਣਾਂ ਜਿੱਤਣ ਤੋਂ ਬਾਅਦ, ਸੰਸਦ ਮੈਂਬਰ ਬਣੇ। ਚੇਤੇ ਰਹੇ ਚੰਦਰਿਕਾ ਕੁਮਾਰਤੁੰਗਾ ਜੋਕਿ 1994 ਤੋਂ 2005 ਤੱਕ ਸ਼੍ਰੀਲੰਕਾ ਦੀ ਰਾਸ਼ਟਰਪਤੀ ਅਤੇ ਵਿਸ਼ਵ ਦੀ ਪਹਿਲੀ ਮਹਿਲਾ ਪ੍ਰੈਜ਼ੀਡੈਂਟ ਸੀ। ਦਿਸਾਨਾਇਕ ਨੂੰ, ਕੁਮਾਰਤੁੰਗਾ ਸਰਕਾਰ ਦੀ ਕੈਬਨਿਟ ਵਿੱਚ ਖੇਤੀਬਾੜੀ, ਭੂਮੀ ਅਤੇ ਪਸ਼ੂ ਧਨ ਮੰਤਰੀ ਬਣਾਇਆ ਗਿਆ। ਇਸ ਪ੍ਰਸਥਿਤੀ ਵਿੱਚ ਦਿਸਾਨਾਇਕ ਨੂੰ ਖੇਤੀ ਸੁਧਾਰਾਂ ਦਾ ਅਤੇ ਇੱਕ ਪ੍ਰਸ਼ਾਸਕ ਵਜੋਂ ਆਪਣੀ ਯੋਗਤਾ ਦਾ ਦਿਖਾਵਾ ਕਰਨ ਦਾ ਮੌਕਾ ਮਿਲਿਆ। ਸੰਭਾਵਤ ਤੌਰ 'ਤੇ ਹੁਣ ਉਹ ਬਤੌਰ ਪ੍ਰੈਜ਼ੀਡੈਂਟ ਆਪਣੇ ਇਸ ਏਜੰਡੇ ਨੂੰ ਕਾਫੀ ਉਤਸਾਹ ਨਾਲ ਚੁੱਕਣਗੇ। ਉਸ ਤੋਂ ਬਾਅਦ 2019 ਵਿੱਚ ਦਿਸਾਨਾਇਕ ਰਾਸ਼ਟਰਪਤੀ ਦੀ ਚੌਣ ਦੇ ਉਮੀਦਵਾਰ ਵੀ ਬਣੇ ਅਤੇ ਇਹ ਇੱਕ ਅਸਫਲ ਕੋਸ਼ਿਸ਼ ਰਹੀ, ਪਰ ਇਹ ਹਾਰ ਦਿਸਾਨਾਇਕ ਜਾਂ ਐਨ.ਪੀ.ਪੀ ਦੇ ਮਜ਼ਬੂਤ ਇਰਾਦਿਆਂ ਨੂੰ ਅੱਗੇ ਵੱਧਣ ਤੋਂ ਰੋਕ ਨਹੀਂ ਸਕੀ।

ਸ਼੍ਰੀਲੰਕਾ ਦੀ ਆਰਥਿਕ ਮੰਦਹਾਲੀ ਨਾਲ ਦੋ-ਚਾਰ ਹੋ ਰਹੇ ਲੋਕਾਂ ਨੂੰ ਦਿਸਾਨਾਇਕ ਤੇ ਕਾਫੀ ਆਸਾਂ ਹਨ, ਇਸ ਦਾ ਕਾਰਨ ਵੱਖ-ਵੱਖ ਸਮੇਂ ਇਨ੍ਹਾਂ ਦੁਆਰਾ ਕੀਤੇ ਗਏ ਕਈ ਲੋਕਪੱਖੀ ਐਲਾਨ ਹਨ। 2022 ਵਿੱਚ ਸ਼੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿੱਚ ਲੋਕਾਂ ਦੁਆਰਾ ਜ਼ੋਰਦਾਰ 'ਅਰਗਾਲਿਆ' (ਵਿਰੋਧ ਪ੍ਰਦਰਸ਼ਨ) ਦਾ ਸਾਹਮਣਾ ਕਰਨਾ ਪਿਆ। ਆਰਥਿਕ ਮੰਦਵਾੜੇ ਨਾਲ ਗ੍ਰਸਤ ਦੇਸ਼ ਵਿੱਚ ਆਰਥਿਕ ਮੌਕਿਆਂ ਦੀ ਤੇਜ਼ੀ ਨਾਲ ਗਿਰਾਵਟ ਕਰਕੇ ਲੋਕਾਂ ਵੱਲੋਂ ਇਹ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ, ਜਿਨ੍ਹਾਂ ਨੂੰ ਭੋਜਨ, ਬਾਲਣ ਅਤੇ ਦਵਾਈਆਂ ਸਮੇਤ ਜ਼ਰੂਰੀ ਵਸਤਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸ਼੍ਰੀਲੰਕਾ ਆਪਣੇ ਵਿਦੇਸ਼ੀ ਕਰਜ਼ੇ 'ਤੇ ਡਿਫਾਲਟ ਹੋਕੇ ਦੀਵਾਲੀਆ ਸੀ। ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਨ ਦੀ ਬਜਾਏ, ਆਪਣੇ ਨਵ-ਉਦਾਰਵਾਦੀ ਅਤੇ ਪੱਛਮੀ-ਪੱਖੀ ਰੁਝਾਨ ਨਾਲ ਲੈਸ ਵਿਕਰਮਸਿੰਘੇ ਦੀ ਪਾਰਟੀ ਨੇ, 2019 ਤੋਂ ਚਲ ਰਹੇ, ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇ ਛੇ ਸਾਲਾਂ ਦੇ ਕਾਰਜਕਾਲ ਨੂੰ ਸਿਰੇ ਚਾੜਣ ਲਈ ਰਾਸ਼ਟਰਪਤੀ ਅਹੁਦੇ 'ਤੇ ਕਬਜ਼ਾ ਕਰ ਲਿਆ ਸੀ। 'ਅਰਗਾਲਿਆ' (ਵਿਰੋਧ ਪ੍ਰਦਰਸ਼ਨ) ਦੇ ਨਤੀਜ਼ੇ ਵੱਜੋਂ ਪ੍ਰਦਰਸ਼ਨਕਾਰੀਆਂ ਦੁਆਰਾ ਰਾਸ਼ਟਰਪਤੀ ਮਹਿਲ ਦੇ ਕਬਜ਼ਾ ਕਰ ਲਿਆ ਗਿਆ ਸੀ ਅਤੇ ਤੱਤਕਾਲੀ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਨੂੰ ਜਲਦਬਾਜ਼ੀ ਵਿੱਚ ਭਜਣਾ ਪਿਆ ਸੀ।

ਵਿਕਰਮਸਿੰਘੇ ਦੀ ਲੂਲੀ-ਲੰਗੜੀ ਪ੍ਰਧਾਨਗੀ ਵਾਲੀ ਪਾਰਟੀ ਲੋਕ ਵੱਲੋਂ ਵਿਰੋਧ ਪ੍ਰਦਰਸ਼ਨਾਂ ਦੇ ਕਾਰਣ ਬਣੇ, ਕਿਸੇ ਵੀ ਮੁੱਦੇ ਨੂੰ ਹੱਲ ਕਰਣ ਵਿੱਚ ਅਸਫਲ ਰਹੀ। ਉਹ ਸਾਲ 2023, 2.9 ਬਿਲੀਅਨ ਅਮਰੀਕਨ ਡਾਲਰ ਬੇਲਆਊਟ ਪ੍ਰਾਪਤ ਕਰਨ ਲਈ, ਸ਼੍ਰੀਲੰਕਾ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (ਆਈ ਐਮ ਐਫ) ਦੀਆਂ ਸ਼ਰਤਾਂ ਹੇਠ ਲੈ ਆਂਦਾ। ਇਸ ਰਾਹੀਂ ਬਿਜਲੀ ਵਰਗੀਆਂ ਚੀਜ਼ਾਂ ਲਈ ਸਬਸਿਡੀਆਂ ਨੂੰ ਹਟਾਉਣ ਅਤੇ ਦੁੱਗਣੀ ਦਰ ਨਾਲ ਵੈਲਿਊ ਐਡਿਡ ਟੈਕਸ 18% ਤੱਕ ਪਹੁੰਚਾਉਣ ਵਾਲੇ ਨਤੀਜੇ ਸਾਹਮਣੇ ਆਏ। ਸ਼੍ਰੀਲੰਕਾ ਲਈ ਆਈ.ਐਮ.ਐਫ ਤੋਂ ਪ੍ਰਾਪਤ ਇਹ ਬੇਲਆਉਟ ਸਨ 1965 ਤੋਂ ਲੈਕੇ 17ਵਾਂ ਅਜਿਹਾ ਵਿਦੇਸ਼ੀ ਕਰਜ਼ੇ ਦਾ ਦਖਲ ਸੀ। ਇਸ ਕਰਜ਼ੇ ਦੀ ਕੀਮਤ ਸ਼੍ਰੀਲੰਕਾ ਵਿੱਚ ਮਜ਼ਦੂਰ ਵਰਗ ਦੁਆਰਾ ਹੀ ਅਦਾ ਕੀਤੀ ਜਾਣੀ ਸੀ ਨਾ ਕਿ ਬਾਹਰੀ ਦੂਸਰੇ ਰਿਣਦਾਤਿਆਂ ਦੁਆਰਾ। ਇਸ ਘੜੀ ਵਿੱਚ ਦਿਸਾਨਾਇਕ ਨੇ ਆਪਣੇ ਲੋਕ-ਪੱਖੀ ਐਲਾਨਾ ਕਾਰਣ ਹੋਰ ਹਰਮਨ ਪਿਆਰਾ ਬਣ ਗਿਆ। ਉਸਦੇ ਐਲਾਨਾਂ ਮੁਤਾਬਿਕ ਉਹ ਇਸ ਸਮੀਕਰਨ ਨੂੰ ਉਲਟਾਉਣਾ, ਸੌਦੇ ਦੀਆਂ ਸ਼ਰਤਾਂ 'ਤੇ ਮੁੜ ਗੱਲਬਾਤ ਕਰਨਾ, ਬਾਹਰੀ ਰਿਣਦਾਤਿਆਂ 'ਤੇ ਵਧੇਰੇ ਬੋਝ ਪਾਉਣਾ, ਆਮਦਨ ਕਰ ਮੁਕਤ ਥ੍ਰੈਸ਼ਹੋਲਡ ਵਧਾਉਣਾ ਅਤੇ ਕਈ ਜ਼ਰੂਰੀ ਵਸਤਾਂ (ਭੋਜਨ ਅਤੇ ਸਿਹਤ ਦੇਖਭਾਲ), ਵਧੀ ਹੋਈ ਟੈਕਸ ਪ੍ਰਣਾਲੀ ਨੂੰ ਛੋਟ ਦੇਣਾ ਚਾਹੁੰਦਾ ਹੈ। ਹੁਣ ਰਾਸ਼ਟਰਪਤੀ ਬਨਣ ਤੋਂ ਬਾਅਦ ਉਸਦੀ ਪਰਖ ਦੀ ਘੜੀ ਆਵੇਗੀ। ਜੇਕਰ ਦਿਸਾਨਾਇਕ ਅਜਿਹਾ ਕਰ ਸਕਦਾ ਹੈ ਅਤੇ ਜੇਕਰ ਉਹ ਸੰਸਥਾਗਤ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਦਿਲੋਂ ਦਖਲ ਅੰਦਾਜ਼ੀ ਕਰਦਾ ਹੈ, ਤਾਂ ਉਹ ਪਹਿਲ੍ਹਾਂ ਘਰੇਲੂ ਯੁੱਧ ਦੇ ਮਾੜੇ ਹਾਲਤ ਅਤੇ ਰਾਜਨੀਤਿਕ ਕੁਲੀਨ ਵਰਗ ਦੇ ਵਿਸ਼ਵਾਸਘਾਤ ਤੋਂ ਪੀੜਤ, ਸ਼੍ਰੀਲੰਕਾ ਦੀ ਰਾਜਨੀਤੀ 'ਤੇ ਗੰਭੀਰ ਛਾਪ ਲਗਾ ਦੇਵੇਗਾ।

ਦਿਸਨਾਇਕ ਨਾਲ ਸਬੰਧਿਤ ਜੇ.ਵੀ.ਪੀ. ਜਾਂ ਪੀਪਲਜ਼ ਲਿਬਰੇਸ਼ਨ ਫਰੰਟ ਦੀ ਸਥਾਪਨਾ 1965 ਵਿੱਚ ਇੱਕ ਮਾਰਕਸਵਾਦੀ-ਲੈਨਿਨਵਾਦੀ ਇਨਕਲਾਬੀ ਪਾਰਟੀ ਵਜੋਂ ਕੀਤੀ ਗਈ ਸੀ ਜੋਕਿ ਪੂੰਜੀਵਾਦੀ ਸਿਸਟਮ ਨੂੰ ਇੱਕ ਬੇਇਨਸਾਫ਼ ਅਤੇ ਭ੍ਰਿਸ਼ਟ ਪ੍ਰਣਾਲੀ ਵਜੋਂ ਸਮਝਦੀ ਹੈ। ਕਾਮਰੇਡ ਰੋਹਨਾ ਵਿਜੇਵੀਰਾ (1943-1989) ਦੀ ਅਗਵਾਈ ਵਾਲੀ ਇਸ ਪਾਰਟੀ ਨੇ 1971 ਵਿੱਚ ਅਤੇ ਦੁਬਾਰਾ 1987 ਤੋਂ 1989 ਤੱਕ ਦੋ ਹਥਿਆਰਬੰਦ ਬਗਾਵਤਾਂ ਦੀ ਅਗਵਾਈ ਕੀਤੀ। ਸਰਕਾਰਾਂ ਵੱਲੋਂ ਦੋਵੇਂ ਵਿਦਰੋਹਾਂ ਨੂੰ ਬੇਰਹਿਮੀ ਨਾਲ ਦਬਾ ਦਿੱਤਾ ਗਿਆ ਸੀ, ਜਿਸ ਵਿੱਚ ਕਾਮਰੇਡ ਵਿਜੇਵੀਰਾ ਦੀ ਹੱਤਿਆ ਸਮੇਤ ਹਜ਼ਾਰਾਂ ਮੌਤਾਂ ਹੋਈਆਂ ਸਨ। ਸਾਲ 1989 ਤੋਂ ਬਾਅਦ, ਜੇ.ਵੀ.ਪੀ ਪਾਰਟੀ ਨੇ ਹਥਿਆਰਬੰਦ ਸੰਘਰਸ਼ ਨੂੰ ਤਿਆਗ ਦਿੱਤਾ ਅਤੇ ਜਮਹੂਰੀ ਰਾਜਨੀਤਿਕ ਖੇਤਰ ਵਿੱਚ ਪ੍ਰਵੇਸ਼ ਕੀਤਾ। ਪਹਿਲਾਂ ਜੇ.ਵੀ.ਪੀ ਦਾ ਨੇਤਾ ਸੋਮਵੰਸ਼ਾ ਅਮਰਸਿੰਘੇ (1943-2016) ਰਿਹਾ, ਜਿਸਨੇ 1980 ਦੇ ਦਹਾਕੇ ਦੇ ਅਖੀਰ ਵਿੱਚ ਇਸਦੇ ਪ੍ਰਮੁੱਖ ਨੇਤਾਵਾਂ ਦੇ ਮਾਰੇ ਜਾਣ ਤੋਂ ਬਾਅਦ ਪਾਰਟੀ ਦਾ ਮੁੜ ਨਿਰਮਾਣ ਕੀਤਾ ਸੀ। ਦਿਸਾਨਾਇਕ ਦੀ ਅਗਵਾਈ ਨੇ ਜੇ.ਵੀ.ਪੀ ਇੱਕ ਖੱਬੇ-ਪੱਖੀ ਸਿਆਸੀ ਪਾਰਟੀ ਬਣਾਉਣ ਦੇ ਏਜੰਡੇ ਨੂੰ ਅੱਗੇ ਵਧਾਇਆ ਜੋ ਚੋਣ ਅਤੇ ਸਮਾਜਿਕ ਅਖਾੜਿਆਂ ਵਿੱਚ ਸਮਾਜਵਾਦੀ ਨੀਤੀਆਂ ਦੀ ਵਕਾਲਤ ਕਰਦੀ ਸੀ।

ਜੇ.ਵੀ.ਪੀ ਪਾਰਟੀ ਦੇ ਲੋਕ ਆਧਾਰ ਖੜ੍ਹਾ ਕਰਨ ਦੇ ਕੰਮ ਵਿੱਚ ਕਮਾਲ ਦੀ ਤਰੱਕੀ, ਇਹ ਦਿਸਾਨਾਇਕ ਦੀ ਪੀੜ੍ਹੀ ਦੇ ਪਾਰਟੀ ਨੇਤਾਵਾਂ ਦੇ ਕੰਮ ਦਾ ਨਤੀਜਾ ਹੈ। ਪਾਰਟੀ ਸੰਸਥਾਪਕਾਂ ਤੋਂ ਵੀਹ ਸਾਲ ਛੋਟੀ ਇਹ ਆਗੂ ਪੀੜ੍ਹੀ, ਅੱਜ ਸ਼੍ਰੀਲੰਕਾ ਦੇ ਮਜ਼ਦੂਰ-ਵਰਗ, ਕਿਸਾਨੀ ਦੇ ਵੱਡੇ ਹਿੱਸਿਆਂ ਅਤੇ ਗਰੀਬਾਂ ਵਿੱਚ ਜੇ.ਵੀ.ਪੀ ਦੀ ਸਮਾਜਵਾਦੀ ਵਿਚਾਰਧਾਰਾ ਨਾਲ ਲੈਸ ਹੋਕੇ ਅਗੁਵਾਈ ਕਰਨ ਦੇ ਯੋਗ ਹੈ। ਤਾਮਿਲ ਘੱਟਗਿਣਤੀ ਆਬਾਦੀ ਦੇ ਨਾਲ ਪਾਰਟੀ ਦੇ ਸਬੰਧਾਂ ਬਾਰੇ ਸਵਾਲ ਅੱਜ ਵੀ ਅਣਸੁਲਝੇ ਖੜ੍ਹੇ ਹਨ, ਖਾਸ ਤੌਰ 'ਤੇ ਜਦੋਂ ਇਹ ਨੁਕਤਾ ਆਇਆ ਕਿ ਸਰਕਾਰ ਨੂੰ ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ ਦੀ ਅਗਵਾਈ ਵਾਲੀ ਬਗਾਵਤ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ। ਇਸ ਅਣਸੁਲਝੇ ਸਵਾਲ ਨੇ ਇਸ ਦੇ ਕੁਝ ਨੇਤਾਵਾਂ ਦੀ ਸਿਨਹਾਲੀ ਰਾਸ਼ਟਰਵਾਦ ਵੱਲ ਜਾਣ ਦੀ ਪ੍ਰਵਿਰਤੀ ਨੂੰ ਰਾਹ ਦਿੱਤਾ। ਪਰ ਦਿਸਾਨਾਇਕੇ ਵਰਗੇ ਆਗੂ ਦਾ ਨਿੱਜੀ ਉਭਾਰ, ਉਸਦੀ ਇਮਾਨਦਾਰੀ ਦੇ ਕਾਰਨ ਹੋਇਆ ਹੈ। ਇਹ ਦੇਸ਼ ਦੇ ਕੁਲੀਨ ਵਰਗ ਦੇ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਦੇ ਬਿਲਕੁਲ ਉਲਟ ਹੈ ਅਤੇ ਉਹ ਸ਼੍ਰੀਲੰਕਾ ਦੀ ਰਾਜਨੀਤੀ ਨੂੰ ਨਸਲੀ ਵੰਡ ਦੇ ਦੁਆਲੇ ਪਰਿਭਾਸ਼ਤ ਨਹੀਂ ਕਰਨਾ ਚਾਹੁੰਦਾ।


ਤੰਗਦਿਲ ਖੱਬੇ-ਪੱਖੀ ਸੋਚ ਨੂੰ ਰੱਦ ਕਰਨਾ ਵੀ, ਜੇ.ਵੀ.ਪੀ ਦੀ ਮੁੜ ਸਥਾਪਨਾ ਦਾ ਹਿੱਸਾ ਰਿਹਾ ਹੈ। ਪਾਰਟੀ ਨੇ 21 ਖੱਬੇ ਅਤੇ ਕੇਂਦਰ-ਖੱਬੇ ਸਮੂਹਾਂ ਦੇ 'ਨੈਸ਼ਨਲ ਪੀਪਲਜ਼ ਪਾਵਰ' (ਐਨ.ਪੀ.ਪੀ) ਗੱਠਜੋੜ ਨੂੰ ਬਣਾਉਣ ਲਈ ਕੰਮ ਕੀਤਾ, ਜਿਸਦਾ ਸਾਂਝਾ ਏਜੰਡਾ ਭ੍ਰਿਸ਼ਟਾਚਾਰ ਵਿਰੋਧੀ ਅਤੇ ਸ਼੍ਰੀਲੰਕਾ ਦੇ ਲੋਕਾਂ ਲਈ ਵਿਦੇਸ਼ੀ ਕਰਜ਼ੇ ਅਤੇ ਆਰਥਿਕ-ਮੰਦਵਾੜੇ ਦਾ ਹੱਲ ਕਰਨਾ ਹੈ। ਐਨ.ਪੀ.ਪੀ ਅੰਦਰ ਕੁਝ ਬਣਤਰਾਂ ਵਿੱਚ ਡੂੰਘੇ ਮਤਭੇਦਾਂ ਦੇ ਬਾਵਜੂਦ ਵੀ, ਰਾਜਨੀਤੀ ਅਤੇ ਨੀਤੀ ਦੇ ਇੱਕ ਸਾਂਝੇ ਘੱਟੋ-ਘੱਟ ਪ੍ਰੋਗਰਾਮ ਲਈ ਵਚਨਬੱਧਤਾ ਰਹੀ ਹੈ। ਇਹ ਪ੍ਰੋਗਰਾਮ ਇੱਕ ਆਰਥਿਕ ਮਾਡਲ ਵਿੱਚ ਜੁੜਿਆ ਹੋਇਆ ਹੈ ਜੋ ਸਵੈ-ਨਿਰਭਰਤਾ, ਉਦਯੋਗੀਕਰਨ ਅਤੇ ਖੇਤੀ ਸੁਧਾਰਾਂ ਨੂੰ ਤਰਜੀਹ ਦਿੰਦਾ ਹੈ। ਜੇ.ਵੀ.ਪੀ ਅਤੇ ਐਨ.ਪੀ.ਪੀ. ਵਿੱਚ ਮੋਹਰੀ ਸ਼ਕਤੀ ਦੇ ਰੂਪ ਵਿੱਚ ਕੁਝ ਖੇਤਰਾਂ ਦੇ ਰਾਸ਼ਟਰੀਕਰਨ, ਖਾਸ ਤੌਰ 'ਤੇ ਕਿ ਊਰਜਾ ਵਿਵਸਥਾ ਸੇਵਾਵਾਂ ਕਰਨ ਦਾ ਉਦੇਸ਼ ਰੱਖਦਾ ਹੈ । ਇਹ ਗੱਠਜੋੜ ਨੇ ਦੇਸ਼ ਦੀ ਵਾਲੇ ਉਸਾਰੂ ਟੈਕਸਾਂ ਅਤੇ ਵਧੇ ਹੋਏ ਸਮਾਜਿਕ ਖਰਚਿਆਂ ਦੁਆਰਾ ਦੌਲਤ ਦੀ ਮੁੜ ਵੰਡ ਲਈ ਜ਼ੋਰ ਦਿੱਤਾ ਹੈ। ਇਨ੍ਹਾਂ ਦੇ ਦੇਸ਼ ਲਈ ਆਰਥਿਕ ਖੁਦਮੁਖਤਿਆਰੀ ਦੇ ਸੁਨੇਹੇ ਨੇ ਉਨ੍ਹਾਂ ਲੋਕਾਂ ਵਿੱਚ ਇੱਕ ਚੇਤਨਾ ਪੈਦਾ ਕੀਤੀ ਜੋ ਲੰਬੇ ਸਮੇਂ ਤੋਂ ਨਸਲੀ ਅਧਾਰ ਤੇ ਵੰਡ ਦਾ ਸ਼ਿਕਾਰ ਹਨ।

ਇਹਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਦਿਸਾਨਾਇਕ ਆਰਥਿਕ ਖੁਦਮੁਖਤਿਆਰੀ ਦੇ ਇਸ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੂਰਾ ਕਰਨ ਦੀ ਯੋਗਤਾ ਵਿੱਚ ਖ਼ਰੇ ਉਤਰਣਗੇ ਜਾਂ ਨਹੀਂ। ਹਾਲਾਂਕਿ, ਉਸਦੀ ਇਸ ਜਿੱਤ ਨੇ ਯਕੀਨੀ ਤੌਰ 'ਤੇ ਦੇਸ਼ ਦੀ ਨਵੀਂ ਪੀੜ੍ਹੀ ਨੂੰ ਦੁਬਾਰਾ ਸੁੱਖ ਦਾ ਸਾਹ ਲੈਣ ਲਈ ਉਤਸ਼ਾਹਿਤ ਕੀਤਾ ਹੈ ਲੋਕਾਂ ਨੂੰ ਇਸ ਗੱਲ ਲਈ ਵੀ ਆਸਵੰਦ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼, ਹੰਭ ਚੁੱਕੇ ਆਈ.ਐਮ.ਐਫ. ਏਜੰਡੇ ਤੋਂ ਦੂਰ ਜਾ ਸਕਦਾ ਹੈ ਅਤੇ ਇੱਕ ਨਵਾਂ 'ਸ਼੍ਰੀਲੰਕਾ ਪ੍ਰੋਜੈਕਟ' ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਜੇ ਇਹ ਕੋਸ਼ਿਸ਼ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਗਲੋਬਲ ਸਾਊਥ ਦੇ ਦੂਜੇ ਦੇਸ਼ਾਂ ਲਈ ਇੱਕ ਮਾਡਲ ਅਤੇ ਰਾਹ ਦਰਸਾਵਾ ਵੀ ਬਣ ਸਕਦਾ ਹੈ।



# ਕੈਲਗਰੀ ਵਿੱਚ ਪੰਜਾਬੀ ਰੰਗਮੰਚ ਦੀ ਧਮਾਲ











ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਪ੍ਰੌਗਰੈਸਿਵ ਕਲਚਰਲ ਐਸੋਈਏਸ਼ਨ ਕੈਲਗਰੀ ਵਲੋਂ ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਸਰੋਕਾਰਾਂ ਦੀ ਆਵਾਜ਼ ਦੇ ਸਹਿਯੋਗ ਨਾਲ ਕੈਲਗਰੀ ਵਿਖੇ ਰਚਾਇਆ ਗਿਆ ਨਾਟਕ ਸਮਾਗਮ ਕਾਮਯਾਬੀ ਦੇ ਉੱਚ ਮਿਆਰ ਕਾਇਮ ਕਰ ਗਿਆ। ਰੈਡ ਸਟੋਨ ਥੀਏਟਰ ਦੇ ਖਚਾ-ਖਚ ਭਰੇ ਹਾਲ ਵਿੱਚ ਪੰਜਾਬੀ ਦੇ ਸੁਪ੍ਰਸਿੱਧ ਨਾਟਕਕਾਰ ਡਾ. ਸਾਹਿਬ ਸਿੰਘ ਦੁਆਰਾ ਲਿਖੇ ਅਤੇ ਨਿਰਦੇਸ਼ਤ ਕੀਤੇ ਗਏ, ਦੋ ਨਾਟਕ ਪੇਸ਼ ਕੀਤੇ ਗਏ। ਦੋਵੇਂ ਨਾਟਕਾਂ ਨੇ ਦਰਸ਼ਕਾਂ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਅਜੋਕੇ ਸਮਾਜ ਦੀ ਜ਼ਿੰਦਾ ਤਸਵੀਰ ਦੇਖ ਕੇ ਲੋਕ ਅਸ਼-ਅਸ਼ ਕਰ ਉੱਠੇ। ਮਾਸਟਰ ਭਜਨ ਸਿੰਘ ਵਲੋਂ ਸ਼ੁਰੂਆਤੀ ਸ਼ਬਦਾਂ ਤੋਂ ਬਾਅਦ ਹਰਚਰਨ ਪ੍ਰਹਾਰ ਨੇ ਆਏ ਦਰਸ਼ਕਾਂ ਦਾ ਸਵਾਗਤ ਕੀਤਾ। ਨਾਟਕ ਸਮਾਗਮ ਦਾ ਰਸਮੀ ਉਦਘਾਟਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਬੀਬੀ ਜਸਵਿੰਦਰ ਮਾਨ, ਕਮੇਟੀ ਮੈਂਬਰ ਗੁਰਸ਼ਰਨ ਸੰਧੂ, ਕਮੇਟੀ ਮੈਂਬਰ ਹਰਕੀਰਤ ਧਾਲੀਵਾਲ, ਸਿੱਖ ਵਿਰਸਾ ਸੰਪਾਦਕ ਹਰਚਰਨ ਪ੍ਰਹਾਰ, ਕਮੇਟੀ ਮੈਂਬਰ ਸੰਦੀਪ ਗਿੱਲ ਨੇ ਕੀਤੀ। ਇਸ ਤੋਂ ਬਾਅਦ ਸਟੇਜ ਡਾ. ਸਾਹਿਬ ਸਿੰਘ ਦੇ ਹਵਾਲੇ ਕਰ ਦਿੱਤੀ ਗਈ।

ਪਹਿਲਾ ਨਾਟਕ ਸੋਲੋ "ਸੰਦੂਕੜੀ ਖੋਲ੍ਹ ਨਰੈਣਿਆਂ" ਪੰਜਾਬ ਤੋਂ ਕੈਨੇਡਾ ਆਉਂਦੇ ਨੌਜਵਾਨਾਂ ਦੀ ਕਹਾਣੀ ਪੇਸ਼ ਕਰ ਗਿਆ, ਮੁੱਖ ਪਾਤਰ ਹਰਨੇਕ ਸਿੰਘ ਕੈਨੇਡਾ ਪਹੁੰਚ ਕੇ ਓਪਰਾਪਨ ਮਹਿਸੂਸ ਕਰਦਾ ਹੈ, ਪਰ ਨਾਟਕਕਾਰ ਉਸਦੀ ਕਹਾਣੀ ਰਾਹੀਂ ਪੰਜਾਬ ਵਿੱਚ ਜਵਾਨੀ ਦੀ ਦਿਸ਼ਾਹੀਣ ਹਾਲਤ ਨੂੰ ਉਜਾਗਰ ਕਰਦਾ ਹੈ ਅਤੇ ਇਹ ਤਰਕ ਪੇਸ਼ ਕਰਦਾ ਹੈ ਕਿ ਕੈਨੇਡਾ ਵਿਚ ਜਿਹੜੇ ਵਿਦਿਆਰਥੀ ਅਜੀਬ ਹਰਕਤਾਂ ਕਰਦੇ ਤੇ ਮਰਦੇ ਨਜ਼ਰ ਆ ਰਹੇ ਹਨ, ਉਹਨਾਂ ਦੇ ਪਿਛੋਕੜ ਵਿੱਚ ਪਿਆ ਸਮਾਜਕ, ਰਾਜਨੀਤਕ ਅਤੇ ਧਾਰਮਿਕ ਪ੍ਰਬੰਧ ਵੀ ਸਮਝਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਨਾਟਕ ਵਿੱਚ ਫਿਰਕੂ ਸਦਭਾਵਨਾ ਦੀ ਵਿਲੱਖਣ ਮਿਸਾਲ ਪੇਸ਼ ਕਰਦਾ, ਪਾਤਰ ਕਿਸ਼ਨ ਸਿੰਘ ਉਰਫ਼ ਕਿਸ਼ੀ ਮਜ਼੍ਹਬੀ ਤੰਗ-ਨਜ਼ਰੀ ਦੇ ਖ਼ਿਲਾਫ਼ ਖੜ੍ਹਦਿਆਂ ਇਨਸਾਨੀਅਤ ਦਾ ਹੋਕਾ ਦਿੰਦਾ ਹੈ। ਨਾਟਕ ਵਿਚ ਦਲਿਤ ਪਾਤਰ ਜੋਬਨ ਦੀ ਅਣਹੋਈ ਮੌਤ ਅਨੇਕਾਂ ਸਵਾਲ ਖੜ੍ਹੇ ਕਰਦੀ ਹੈ ਕਿ ਪੂੰਜੀਵਾਦੀ ਪ੍ਰਬੰਧ ਕਿਵੇਂ ਜ਼ਾਲਮ ਸਿੱਧ ਹੁੰਦਾ ਹੈ। ਡੇਢ ਘੰਟੇ ਦੇ ਇਸ ਨਾਟਕ ਵਿੱਚ ਡਾ. ਸਾਹਿਬ ਸਿੰਘ ਨੇ ਅਦਾਕਾਰੀ ਦੀ ਮਿਸਾਲ ਪੇਸ਼ ਕਰਦਿਆਂ ਦਰਸ਼ਕਾਂ ਦਾ ਮਨ ਮੋਹ ਲਿਆ।

ਦੂਜਾ ਨਾਟਕ "ਐਲ ਐਮ ਆਈ ਏ" ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਪੇਸ਼ ਕੀਤਾ ਗਿਆ। ਡਾ. ਸਾਹਿਬ ਸਿੰਘ ਵਲੋਂ ਲਿਖੇ ਅਤੇ ਤਿਆਰ ਕਰਵਾਏ ਇਸ ਨਾਟਕ ਵਿੱਚ ਕਮਲਪ੍ਰੀਤ ਪੰਧੇਰ, ਹਰਪ੍ਰੀਤ ਕੌਰ, ਸੰਦੀਪ ਗਿੱਲ, ਅਮਰਬੀਰ ਕੌਰ, ਅਮ੍ਰਿਤਦੀਪ ਬਰਾੜ, ਗੁਰਸ਼ਰਨ ਸਿੰਘ, ਇਨਾਇਤ, ਜਪਰਾਜ, ਸਰਬਜੀਤ ਜਵੰਦਾ ਅਤੇ ਬਲਜਿੰਦਰ ਢਿਲੋਂ ਨੇ ਪ੍ਰਪੱਕ ਅਦਾਕਾਰੀ ਕਰਦਿਆਂ, ਜਿੱਥੇ ਦਰਸ਼ਕਾਂ ਨੂੰ ਹਸਾਇਆ, ਉੱਥੇ ਭਾਵੁਕ ਵੀ ਕੀਤਾ। ਇਹ ਨਾਟਕ ਐਲਐਮ ਆਈ ਏ ਦੇ ਵਰਤਾਰੇ ਰਾਹੀਂ ਕੈਨੇਡਾ ਵਿਚ ਵਸਦੇ ਪੰਜਾਬੀਆਂ ਸਾਹਮਣੇ ਮੌਜੂਦ ਅਨੇਕਾਂ ਚੁਣੌਤੀਆਂ ਨੂੰ ਬਹੁਤ ਦਿਲਚਸਪ ਤਰੀਕੇ ਨਾਲ ਪੇਸ਼ ਕਰਦਾ ਹੈ ਅਤੇ ਕੈਨੇਡਾ ਵਿਚ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਨਿਵੇਕਲੀ ਥਾਂ ਹਾਸਿਲ ਕਰਦਾ ਹੈ। ਇਹ ਨਾਟ ਸਮਾਗਮ ਹਰ ਪੱਖੋਂ ਕਾਮਯਾਬ ਰਿਹਾ ਅਤੇ ਦਰਸ਼ਕਾਂ ਦੇ ਚੇਤਿਆਂ ਵਿੱਚ ਦੇਰ ਤੱਕ ਤਾਜ਼ਾ ਰਹੇਗਾ।

ਅਖੀਰ ਵਿੱਚ ਮਾਸਟਰ ਭਜਨ ਸਿੰਘ ਹੋਰਾਂ ਖਚਾ-ਖਚ ਭਰੇ ਹਾਲ ਵਿੱਚ ਦਰਸ਼ਕਾਂ ਦੇ ਨਾਲ਼-ਨਾਲ਼ ਮੀਡੀਆ, ਵਲੰਟੀਅਰਜ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਦਰਸ਼ਕਾਂ ਦੀ ਇਸ ਗੱਲੋਂ ਬੇਹੱਦ ਸ਼ਲਾਘਾ ਕੀਤੀ ਕਿ ਉਨ੍ਹਾਂ ਦੇ ਇੱਕ ਹੋਕੇ 'ਤੇ ਸੁਸਾਇਟੀ ਨੂੰ ਅਜਿਹੇ ਸੰਜੀਦਾ ਪ੍ਰੋਗਰਾਮ ਕਰਾਉਣ ਲਈ ਨਾਟਕ ਸਮਾਗਮ ਦੌਰਾਨ ਦਿਲ ਖੋਲ੍ਹ ਕੇ ਆਰਥਿਕ ਮੱਦਦ ਕੀਤੀ। ਉਨ੍ਹਾਂ ਦਰਸ਼ਕਾਂ ਨਾਲ਼ ਇਹ ਸੂਚਨਾ ਬੜੇ ਮਾਣ ਨਾਲ਼ ਸਾਂਝੀ ਕੀਤੀ ਕਿ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਅਕਤੂਬਰ ਮਹੀਨੇ ਸਰੀ ਤੇ ਐਬਟਸਫੋਰਡ ਵਿੱਚ ਦੋ ਨਾਟਕ ਸਮਾਗਮ ਕਰਨ ਲਈ ਜਾਵੇਗੀ। ਜਿਨ੍ਹਾਂ ਵਿੱਚ 'ਤੇਰੀ ਮੇਰੀ ਕਹਾਣੀ' ਅਤੇ 'ਐਲ਼ ਐਮ ਆਈ ਏ' ਨਾਟਕ ਪੇਸ਼ ਕੀਤੇ ਜਾਣਗੇ। ਇਸ ਮੌਕੇ 'ਤੇ ਡਾ. ਸਾਹਿਬ ਸਿੰਘ ਦਾ ਵਿਸ਼ੇਸ਼ ਤੌਰ 'ਤੇ ਮਾਣ ਪੱਤਰ ਨਾਲ਼ ਸਨਮਾਨ ਕੀਤਾ ਗਿਆ।


BAINS VISION CENTRE


Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings

ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।

Services Available in Punjabi, Hindi, Urdu & English

403-274-4514

deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀਆਂ ਜਾਰੀ, ਸੱਟਡੀ ਪਰਮਿਟਾਂ ਦੀ ਗਿਣਤੀ ਵਿੱਚ ਕਟੌਤੀ, ਵਰਕ ਪਰਮਿਟ ਅਤੇ ਪੀ.ਆਰ ਦੀਆਂ ਸ਼ਰਤਾਂ ਹੋਰ ਸਖ਼ਤ

## *ਨੌਜਵਾਨ ਸਪੋਰਟਸ ਨੈੱਟਵਰਕ, ਬਰੈਂਪਟਨ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀ-ਪਰਮਿਟ ਧਾਰਕਾਂ ਦੀਆਂ ਇੰਮੀਗ੍ਰੇਸ਼ਨ ਮੰਗਾਂ ਲਈ ਸੰਘਰਸ਼*

**ਬਿਉਰੋ, ਸਰੋਕਾਰਾਂ ਦੀ ਆਵਾਜ਼**

ਪਿਛਲੇ ਦਿਨੀਂ, ਓਟਵਾ ਸਰਕਾਰ ਨੇ ਕੈਨੇਡਾ ਵਿੱਚ ਅਸਥਾਈ ਵਿਦੇਸ਼ੀ ਨਿਵਾਸੀਆਂ ਦੀ ਗਿਣਤੀ ਨੂੰ ਹੋਰ ਘਟਾਉਣ ਲਈ ਨਵੀਆਂ ਨੀਤੀਆਂ ਦਾ ਐਲਾਨ ਕੀਤਾ ਹੈ। ਜਿਸ ਰਾਹੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਲਾਗੂ ਕੈਪ ਵਿੱਚ ਸਖਤੀ ਕਰਨਾ ਅਤੇ ਵਿਦੇਸ਼ੀ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਸਪਾਉਸ ਵਰਕ ਪਰਮਿਟ ਨੂੰ ਸੀਮਤ ਕੀਤਾ ਜਾਵੇਗਾ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਸੱਟਡੀ ਪਰਮਿਟਾਂ ਦੀ ਸੰਖਿਆ ਨੂੰ 2024 ਵਿੱਚ 485,000 ਤੋਂ ਘਟਾ ਕੇ ਅਗਲੇ ਸਾਲ 437,000 ਕਰਨ ਦਾ ਐਲਾਨ ਕੀਤਾ। ਉਸਨੇ ਓਟਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਇਹ ਤਬਦੀਲੀਆਂ ਓਟਵਾ ਦੁਆਰਾ ਵਿਦੇਸ਼ੀ ਨਿਵਾਸੀਆਂ ਦੀ ਸੰਖਿਆ ਨੂੰ ਘਟਾਉਣ ਲਈ ਪਿਛਲੀਆਂ ਨੀਤੀਆਂ 'ਤੇ ਅਧਾਰਿਤ ਹਨ ਅਤੇ 2026 ਤੱਕ ਆਰਜ਼ੀ ਨਿਵਾਸੀਆਂ ਦੇ ਅਨੁਪਾਤ ਨੂੰ 6.5 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਕਰਨ ਦੇ ਫੈਡਰਲ ਟੀਚੇ ਨੂੰ ਪੂਰਾ ਕਰਨਾ ਹੈ। ਮਿਸਟਰ ਮਿਲਰ ਨੇ ਕਿਹਾ ਕਿ ਤਬਦੀਲੀਆਂ ਵਿੱਚ ਇਹ ਵੀ ਸ਼ਾਮਲ ਹੈ ਕਿ ਪੋਸਟ ਗ੍ਰੈਜੂਏਟ ਵਰਕ ਪਰਮਿਟ ਲਈ ਬਿਨੇਕਾਰ ਵਿਦਿਆਰਥੀਆਂ ਨੂੰ ਪਹਿਲਾਂ ਅੰਗਰੇਜ਼ੀ ਜਾਂ ਫ੍ਰੈਂਚ-ਭਾਸ਼ਾ ਦੀ ਪ੍ਰੀਖਿਆ ਪਾਸ ਕਰਨੀ ਪਵੇਗੀ।

ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਸਰਕਾਰ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਧੋਖਾਧੜੀ ਦੇ ਕੇਸਾਂ ਨੂੰ ਵਧਿਆ ਢੰਗ ਨਾਲ ਪਤਾ ਲਗਾਉਣ ਵਿੱਚ ਮਦਦ ਕਰਨ ਲਈ ਕਦਮ ਚੁੱਕ ਰਹੀ ਹੈ। ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਨ ਵਾਲੇ 'ਬੁਰੇ ਤੱਤਾਂ' ਨੂੰ ਘਟਾਉਣ ਲਈ ਤਬਦੀਲੀਆਂ ਦੀ ਲੋੜ ਸੀ। "ਅਸੀਂ ਇਸ ਸਾਲ ਘੱਟ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਦੇ ਰਹੇ ਹਾਂ ਅਤੇ ਅਗਲੇ ਸਾਲ, ਇਹ ਸੰਖਿਆ ਹੋਰ 10% ਹੇਠਾਂ ਜਾ ਰਹੀ ਹੈ, "ਪ੍ਰਧਾਨ ਮੰਤਰੀ ਨੇ ਐਕਸ 'ਤੇ ਪੋਸਟ ਕੀਤਾ।" ਇਮੀਗ੍ਰੇਸ਼ਨ ਸਾਡੀ ਆਰਥਿਕਤਾ ਲਈ ਇੱਕ ਫਾਇਦਾ ਹੈ ਪਰ ਜਦੋਂ ਮਾੜੇ ਤੱਤ ਸਿਸਟਮ ਦੀ ਦੁਰਵਰਤੋਂ ਕਰਦੇ ਹਨ ਅਤੇ ਵਿਦਿਆਰਥੀਆਂ ਦਾ ਫਾਇਦਾ ਉਠਾਉਂਦੇ ਹਨ ਤਾਂ ਅਸੀਂ ਕਰੈਕ ਡਾਊਨ ਕਰਦੇ ਹਾਂ। ਰੋਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਘੱਟ ਤਨਖਾਹ ਵਾਲੇ ਕਰਮਚਾਰੀਆਂ ਦੇ ਅਨੁਪਾਤ ਵਿੱਚ ਕਮੀ ਦਾ ਐਲਾਨ ਕੀਤਾ। ਉਸਨੇ 10 ਪ੍ਰਤੀਸ਼ਤ ਕੰਮ ਫੋਰਸ ਦਾ ਹਿੱਸਾ ਸੀਮਤ ਕੀਤਾ ਜੋ ਇੱਕ ਮਾਲਕ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਲਈ ਰੱਖ ਸਕਦਾ ਹੈ। ਪਰ ਉਸਨੇ ਸਿਹਤ ਸੰਭਾਲ, ਫੂਡ ਪ੍ਰੋਸੈਸਿੰਗ ਅਤੇ ਉਸਾਰੀ ਖੇਤਰਾਂ ਵਿੱਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਲਿਆਉਣ ਵਾਲੇ ਮਾਲਕਾਂ ਲਈ ਇੱਕ ਵੱਖਰੀ ਨੀਤੀ ਨੂੰ ਬਣਾਇਆ ਜੋਕਿ ਵਿਦੇਸ਼ੀ ਕਰਮਚਾਰੀਆਂ ਦਾ ਅਨੁਪਾਤ ਆਪਣੀ ਕਾਰਜ ਸ਼ਕਤੀ ਦਾ 20 ਪ੍ਰਤੀਸ਼ਤ ਲਿਆ ਸਕਦੇ ਹਨ।

ਪਿਛਲੇ ਨਵੰਬਰ, ਔਟਵਾ ਨੇ ਇਮੀਗ੍ਰੇਸ਼ਨ ਲਈ ਜਨਤਕ ਸਮਰਥਨ ਦੇ ਘੱਟਣ ਕਾਰਨ, ਇੱਥੇ 500,000 ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਫ੍ਰੀਜ਼ ਕਰ ਦਿੱਤਾ ਸੀ। ਮੌਜੂਦਾ ਪ੍ਰੈਸ ਕਾਨਫਰੰਸ ਵਿੱਚ ਮੰਤਰੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਅਤੇ ਕਾਮਿਆਂ ਦੇ ਸਪਾਉਸ ਦੀ ਗਿਣਤੀ ਵਿੱਚ ਕਟੌਤੀ ਕਰਨ ਦੇ ਉਪਾਵਾਂ ਦਾ ਵੀ ਐਲਾਨ ਕੀਤਾ ਜੋ ਕੈਨੇਡਾ ਵਿੱਚ ਨੌਕਰੀਆਂ ਲੈ ਸਕਦੇ ਹਨ। ਇਹਨਾਂ ਵਿੱਚ ਮਾਸਟਰ ਡਿਗਰੀ ਵਿਦਿਆਰਥੀਆਂ ਦੇ ਜੀਵਨ ਸਾਥੀ ਲਈ ਵਰਕ-ਪਰਮਿਟ ਨਿਯਮਾਂ ਨੂੰ ਸਖ਼ਤ ਕਰਨਾ ਸ਼ਾਮਲ ਹੈ। ਇਸ ਸਾਲ ਦੇ ਅਖੀਰ ਤੋਂ, ਸਿਰਫ਼ ਉਹੀ ਸਪਾਉਸ, ਵਰਕ ਪਰਮਿਟ ਲਈ ਯੋਗ ਹੋਣਗੇ, ਜਿਨ੍ਹਾਂ ਦੇ ਸਾਥੀ ਘੱਟੋ-ਘੱਟ 16 ਮਹੀਨਿਆਂ ਵਾਲੇ ਸਟੱਡੀ ਪ੍ਰੋਗਰਾਮਾਂ ਵਿੱਚ ਹਨ। ਵਰਕ ਪਰਮਿਟ ਸਿਰਫ ਪੇਸ਼ੇਵਰ ਜਾਂ ਪ੍ਰਬੰਧਨ ਨੌਕਰੀਆਂ ਜਿਵੇਂ ਕਿ ਅਕਾਦਮਿਕ ਅਤੇ ਵਕੀਲਾਂ ਲਈ, ਜਾਂ ਮਜ਼ਦੂਰਾਂ ਦੀ ਘਾਟ ਵਾਲੇ ਖੇਤਰਾਂ ਲਈ, ਜਿਵੇਂ ਕਿ ਉਸਾਰੀ ਵਿੱਚ ਵਿਦੇਸ਼ੀ ਕਾਮਿਆਂ ਦੇ ਸਪਾਉਸ ਨੂੰ ਦਿੱਤੇ ਜਾਣਗੇ। ਪੋਸਟ ਗ੍ਰੈਜੂਏਟ ਵਰਕ ਪ੍ਰੋਗਰਾਮ ਦੇ ਇੱਕ ਵੱਡੇ ਬਦਲਾਅ ਮੁਤਾਬਕ, ਕਾਲਜ ਗ੍ਰੈਜੂਏਟਾਂ ਲਈ ਸਿਰਫ ਉਹ ਵਰਕ ਪਰਮਿਟ ਤਿੰਨ ਸਾਲਾਂ ਤੱਕ ਵੈਧ ਉਪਲੱਬਧ ਹੋਵੇਗਾ ਜੋਕਿ ਸਿਰਫ ਉਹਨਾਂ ਖੇਤਰਾਂ ਵਿੱਚ ਜਿੱਥੇ ਯੋਗ ਕਰਮਚਾਰੀਆਂ ਦੀ ਘਾਟ ਹੈ। ਹੁਣ ਮੈਡੀਸਨ, ਨਰਸਿੰਗ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਜਾਂ ਟਰੇਡਜ਼, ਜਿਵੇਂ ਕਿ ਇਲੈਕਟ੍ਰੀਕਲ ਇੰਜਨੀਅਰਿੰਗ ਵਿਦਿਆਰਥੀ, ਜਿੱਥੇ ਅਜਿਹੇ ਅਹੁਦਿਆਂ ਨੂੰ ਭਰਨ ਲਈ ਕੈਨੇਡੀਅਨਾਂ ਦੀ ਘਾਟ ਹੈ, ਵਰਕ ਪਰਮਿਟ ਲਈ ਯੋਗ ਹੋਣਗੇ। ਹਾਲਾਂਕਿ, ਯੂਨੀਵਰਸਿਟੀ ਦੇ ਗ੍ਰੈਜੂਏਟਾਂ ਕੋਲ ਤਿੰਨ ਸਾਲਾਂ ਦੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਤੱਕ ਪਹੁੰਚ ਜਾਰੀ ਰਹੇਗੀ। ਓਟਵਾ ਸਰਕਾਰ ਨੇ ਇਹ ਵੀ ਸੰਕੇਤ ਦਿੱਤਾ ਕਿ, ਸਟੱਡੀ ਪਰਮਿਟਾਂ 'ਤੇ 2025-26 ਦੀ ਸੀਮਾ ਦੇ ਅੰਦਰ, ਲਗਭਗ 12 ਪ੍ਰਤੀਸ਼ਤ ਸਟੱਡੀ-ਪਰਮਿਟ ਅਲਾਟਮੈਂਟ ਮਾਸਟਰ ਅਤੇ ਡਾਕਟਰੇਟ ਦੇ ਵਿਦਿਆਰਥੀਆਂ ਲਈ ਰਾਖਵੇਂ ਹੋਣਗੇ।

ਦੂਸਰੇ ਪਾਸੇ ਨੌਜਵਾਨ ਸਪੋਰਟਸ ਨੈੱਟਵਰਕ, ਬਰੈਂਪਟਨ ਵੱਲੋਂ ਪਹਿਲਾਂ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ-ਪਰਮਿਟ ਧਾਰਕਾਂ ਦੀਆਂ ਇੰਮੀਗ੍ਰੇਸ਼ਨ ਮੰਗਾਂ ਲਈ ਸੰਘਰਸ਼ ਚਲ ਰਿਹਾ ਹੈ। ਕਿਉਂਕਿ ਹਜ਼ਾਰਾਂ ਅਸਥਾਈ ਨਿਵਾਸੀ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਪ ਵਿੱਚ ਕੈਨੇਡਾ ਆਏ ਸਨ। ਅਗਲੇ ਸਾਲ ਵਿੱਚ ਉਹਨਾਂ ਦੇ ਘਰੇਲੂ ਦੇਸ਼ਾਂ ਵਿੱਚ ਵਾਪਸ ਜਾਣ ਲਈ ਮਜਬੂਰ ਹੋ ਸਕਦੇ ਹਨ। ਹਾਲ ਹੀ ਵਿੱਚ ਇਮੀਗ੍ਰੇਸ਼ਨ ਨੀਤੀ ਵਿੱਚ ਤਬਦੀਲੀਆਂ ਦੀ ਇੱਕ ਲੜੀ ਦੇ ਨਤੀਜੇ ਵਜੋਂ ਉਹਨਾਂ ਨੂੰ ਪੀ ਆਰ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਨਹੀਂ ਰਹਿ ਗਈ ਹੈ। ਨੀਤੀ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ (PGWP) ਰੱਖਣ ਵਾਲੇ 70,000 ਤੋਂ 130,000 ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੀਜ਼ੇ ਦੀ ਮਿਆਦ 2024 ਅਤੇ 2025 ਵਿੱਚ ਪੁੱਗ ਜਾਵੇਗੀ। ਉਹ ਭਵਿੱਖਬਾਣੀ ਕਰਦੇ ਹਨ, ਜ਼ਿਆਦਾਤਰ ਵਿਦਿਆਰਥੀ, ਓਟਾਵਾ ਸਰਕਾਰ ਦੀ ਨੀਤੀ ਕਾਰਨ, ਵੀਜ਼ਾ ਐਕਸਟੈਂਸ਼ਨ ਜਾਂ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਸੱਦੇ ਨਹੀਂ ਜਾਣਗੇ। ਇਮੀਗ੍ਰੇਸ਼ਨ ਲਈ ਜਿਸ ਨੀਤੀ ਦਾ ਉਦੇਸ਼ ਦੇਸ਼ ਵਿੱਚ ਅਸਥਾਈ ਨਿਵਾਸੀਆਂ (Temporary Residentents) ਅਤੇ ਘੱਟ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਸੀਮਤ ਕਰਨਾ ਹੈ।

ਚੇਤੇ ਰਹੇ ਕਿ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ, ਕੈਨੇਡੀਅਨ ਕਾਲਜ ਜਾਂ ਯੂਨੀਵਰਸਿਟੀ ਤੋਂ ਡਿਪਲੋਮਾ ਜਾਂ ਡਿਗਰੀ ਪ੍ਰਾਪਤ ਕਰਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਨੌਂ ਮਹੀਨਿਆਂ ਤੋਂ ਤਕਰੀਬਨ ਤਿੰਨ ਸਾਲਾਂ ਦੀ ਮਿਆਦ ਲਈ ਜਾਰੀ ਕੀਤੇ ਜਾਂਦੇ ਹਨ। ਲਿਬਰਲ ਸਰਕਾਰ ਦੀ ਹਕੂਮਤ ਦੌਰਾਨ, ਜਾਰੀ ਕੀਤੇ ਗਏ PGWPs ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ – ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਕੰਮ ਕਰਨ ਅਤੇ ਰਹਿਣ ਲਈ ਉਤਸ਼ਾਹਿਤ ਕਰਨਾ। ਅਸਲ ਵਿੱਚ, 2021 ਵਿੱਚ ਮਹਾਂਮਾਰੀ ਦੇ ਸਿਖਰ 'ਤੇ ਦੇਸ਼ ਦੀ ਘਟਦੀ ਆਬਾਦੀ ਦੇ ਵਾਧੇ ਅਤੇ ਮਹਾਂਮਾਰੀ ਨਾਲ ਸਬੰਧਤ ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ ਇੱਕ ਜਾਣਬੁੱਝ ਕੇ ਬਣਾਈ ਨੀਤੀ ਦੇ ਹਿੱਸੇ ਵਜੋਂ ਔਟਵਾ ਸਰਕਾਰ ਨੇ ਤੇਜ਼ੀ ਨਾਲ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟਾਂ 'ਤੇ 90,000 ਅਸਥਾਈ ਕਰਮਚਾਰੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ PR ਪ੍ਰਦਾਨ ਕੀਤੀ। ਉਸੇ ਸਾਲ, ਸਰਕਾਰ ਨੇ ਇੱਕ ਉਪਾਅ ਪੇਸ਼ ਕੀਤਾ ਜਿਸ ਨਾਲ PGWP ਦੀ ਮਿਆਦ ਪੁੱਗਣ ਵਾਲੇ ਲੋਕਾਂ ਨੂੰ 18-ਮਹੀਨੇ ਦੇ ਐਕਸਟੈਂਸ਼ਨ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਗਈ। 2023 ਦੇ ਅੰਤ ਤੱਕ, ਦੇਸ਼ ਭਰ ਵਿੱਚ 396,235 PGWP ਧਾਰਕ ਸਨ, ਜੋ ਕਿ 2018 ਤੋਂ ਲਗਭਗ ਤਿੰਨ ਗੁਣਾ ਹੈ। ਉਸੇ ਸਾਲ, ਸਰਕਾਰ ਨੇ



ਨੀਤੀਆਂ ਵਿਚ ਤਬਦੀਲੀਆਂ ਅਤੇ ਤਬਦੀਲੀਆਂ ਦੀ ਲੜੀ ਦੀ ਸ਼ੁਰਆਤ ਕਰ ਦਿੱਤੀ। ਓਟਵਾ ਨੇ PGWPs ਨੂੰ ਐਕਸਟੈਂਸ਼ਨ ਦੇਣਾ ਬੰਦ ਕਰ ਦਿੱਤਾ ਅਤੇ ਨੋਟ ਕੀਤਾ ਕਿ ਥੋਕ ਵਿੱਚ ਅਸਥਾਈ ਨਿਵਾਸੀਆਂ ਨੂੰ ਸਥਾਈ ਨਿਵਾਸ ਪ੍ਰਦਾਨ ਕਰਨਾ ਇੱਕ ਵਾਰ ਦੀ ਐਮਰਜੈਂਸੀ ਮਹਾਂਮਾਰੀ ਦਾ ਉਪਾਅ ਸੀ। ਸਰਕਾਰ ਨੇ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਸਥਾਈ ਨਿਵਾਸੀ (PR) ਦੀ ਚੋਣ ਲਈ ਆਪਣੇ ਮਾਪਦੰਡ ਨੂੰ ਵੀ ਅਚਾਨਕ ਬਦਲ ਦਿੱਤਾ ਜੋ ਇੱਕ ਸਕੋਰ-ਅਧਾਰਿਤ ਅਰਜ਼ੀ ਪ੍ਰਕਿਰਿਆ ਰਾਹੀਂ ਸਥਾਈ ਨਿਵਾਸ ਲਈ ਯੋਗਤਾ ਨਿਰਧਾਰਤ ਕਰਦੀ ਹੈ। ਇਸਨੇ ਫ੍ਰੈਂਚ ਬੋਲਣ ਵਾਲਿਆਂ ਅਤੇ ਸਿਹਤ ਦੇਖਭਾਲ, ਹੁਨਰਮੰਦ ਵਪਾਰਾਂ, ਖੇਤੀਬਾੜੀ, ਆਵਾਜਾਈ ਅਤੇ STEM – ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ – ਖੇਤਰਾਂ ਵਿੱਚ ਨੌਕਰੀ ਦਾ ਤਜਰਬਾ ਰੱਖਣ ਵਾਲੇ ਲੋਕਾਂ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ, ਜੋ ਕਿ ਕੈਨੇਡੀਅਨ-ਵਿਸ਼ੇਸ਼ ਸਿੱਖਿਆ ਅਤੇ ਕੈਨੇਡੀਅਨ ਅਨੁਭਵ ਵਾਲੇ ਅਰਜ਼ੀਧਾਰਕ ਲੋਕਾਂ ਦੇ ਉਲਟ ਹੈ।

ਅਜਿਹਾ ਕੋਈ ਸਹੀ ਡੇਟਾ ਨਹੀਂ ਹੈ ਜੋ ਦਰਸਾਉਂਦਾ ਹੋਵੇ ਕਿ ਮੌਜੂਦਾ ਸਮੇਂ ਵਿੱਚ PGWP ਰੱਖਣ ਵਾਲੇ ਕਿੰਨੇ ਵਿਦੇਸ਼ੀ ਗ੍ਰੈਜੂਏਟ ਹਨ ਜਿਨ੍ਹਾਂ ਦੇ ਵੀਜ਼ਿਆਂ ਦੀ ਮਿਆਦ ਇਸ ਸਾਲ ਪੁੱਗਣ ਵਾਲੀ ਹੈ। ਨੌਜ਼ਵਾਨ ਸਪੋਰਟ ਨੈੱਟਵਰਕ, ਬਰੈਂਪਟਨ ਦਾ ਅੰਦਾਜ਼ਾ ਹੈ ਕਿ ਲਗਭਗ 70,000 PGWP ਧਾਰਕ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਪਹਿਲਾਂ ਸਥਾਈ ਨਿਵਾਸ ਪ੍ਰਾਪਤ ਨਹੀਂ ਕਰਨਗੇ ਅਤੇ 2024 ਅਤੇ 2025 ਵਿੱਚ ਕੈਨੇਡਾ ਛੱਡਣ ਲਈ ਮਜਬੂਰ ਹੋਣਗੇ। ਲਿਬਰਲ ਸਰਕਾਰ ਦੇ ਅਧੀਨ, ਜਾਰੀ ਕੀਤੇ ਗਏ PGWPs ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਕੰਮ ਕਰਨ ਅਤੇ ਰਹਿਣ ਲਈ ਉਤਸ਼ਾਹਿਤ ਕਰਨਾ, ਅਸਲ ਵਿੱਚ, ਦੇਸ਼ ਦੀ ਘਟਦੀ ਆਬਾਦੀ ਦੇ ਵਾਧੇ ਅਤੇ ਮਹਾਂਮਾਰੀ ਨਾਲ ਸਬੰਧਤ ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ ਬਣਾਈ ਨੀਤੀ ਦਾ ਹਿੱਸਾ ਸੀ। 2021 ਵਿੱਚ ਮਹਾਂਮਾਰੀ ਦੇ ਸਿਖਰ 'ਤੇ, ਔਟਵਾ ਨੇ ਤੇਜ਼ੀ ਨਾਲ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟਾਂ 'ਤੇ 90,000 ਅਸਥਾਈ ਕਰਮਚਾਰੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਥਾਈ ਨਿਵਾਸ ਪ੍ਰਦਾਨ ਕੀਤਾ। ਉਸੇ ਸਾਲ, ਸਰਕਾਰ ਨੇ ਇੱਕ ਉਪਾਅ ਪੇਸ਼ ਕੀਤਾ ਜਿਸ ਨਾਲ PGWP ਦੀ ਮਿਆਦ ਪੁੱਗਣ ਵਾਲੇ ਲੋਕਾਂ ਨੂੰ 18-ਮਹੀਨੇ ਦੇ ਐਕਸਟੈਂਸ਼ਨ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਗਈ।

2023 ਦੇ ਅੰਤ ਤੱਕ, ਦੇਸ਼ ਭਰ ਵਿੱਚ 396,235 PGWP ਧਾਰਕ ਸਨ, ਜੋ ਕਿ 2018 ਤੋਂ ਲਗਭਗ ਤਿੰਨ ਗੁਣਾ ਹੈ। ਉਸੇ ਸਾਲ, ਨੀਤੀ ਵਿਚ ਤਬਦੀਲੀਆਂ ਅਤੇ ਤਬਦੀਲੀਆਂ ਦੀ ਲੜੀ ਸ਼ੁਰੂ ਹੋ ਗਈ। ਓਟਵਾ ਨੇ PGWPs ਨੂੰ ਐਕਸਟੈਂਸ਼ਨ ਦੇਣਾ ਬੰਦ ਕਰ ਦਿੱਤਾ ਅਤੇ ਨੋਟ ਕੀਤਾ ਕਿ ਥੋਕ ਵਿੱਚ ਅਸਥਾਈ ਨਿਵਾਸੀਆਂ ਨੂੰ ਸਥਾਈ ਨਿਵਾਸ ਪ੍ਰਦਾਨ ਕਰਨਾ ਇੱਕ ਵਾਰ ਦੀ ਐਮਰਜੈਂਸੀ ਮਹਾਂਮਾਰੀ ਦਾ ਉਪਾਅ ਸੀ। ਸਰਕਾਰ ਨੇ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਸਥਾਈ ਨਿਵਾਸੀ (PR) ਦੀ ਚੋਣ ਲਈ ਆਪਣੇ ਮਾਪਦੰਡ ਨੂੰ ਵੀ ਅਚਾਨਕ ਬਦਲ ਦਿੱਤਾ-ਇੱਕ ਸਕੋਰ-ਅਧਾਰਿਤ ਅਰਜ਼ੀ ਪ੍ਰਕਿਰਿਆ ਜੋ ਸਥਾਈ ਨਿਵਾਸ ਲਈ ਯੋਗਤਾ ਨਿਰਧਾਰਤ ਕਰਦੀ ਹੈ। ਇਸਨੇ ਫ੍ਰੈਂਚ ਬੋਲਣ ਵਾਲਿਆਂ ਅਤੇ ਸਿਹਤ ਦੇਖਭਾਲ, ਹੁਨਰਮੰਦ ਵਪਾਰਾਂ, ਖੇਤੀਬਾੜੀ, ਆਵਾਜਾਈ ਅਤੇ STEM (ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ) ਖੇਤਰਾਂ ਵਿੱਚ ਨੌਕਰੀ ਦਾ ਤਜਰਬਾ ਰੱਖਣ ਵਾਲੇ ਲੋਕਾਂ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ, ਜੋ ਕਿ ਕੈਨੇਡੀਅਨ-ਵਿਸ਼ੇਸ਼ ਸਿੱਖਿਆ ਅਤੇ ਅਨੁਭਵ ਵਾਲੇ ਲੋਕਾਂ ਦੇ ਉਲਟ ਹੈ।








ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ-14*

# ਪਾਠ-ਪੂਜਾ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ।ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ।ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ।ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ।ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ।ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ।ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ।ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ।ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ।ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ।ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ।ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਪੁਜਾਰੀਆਂ ਦੇ ਨਕਲੀ ਧਰਮਾਂ ਵਿੱਚ ਪਾਠ-ਪੂਜਾ ਦਾ ਬੜਾ ਅਹਿਮ ਸਥਾਨ ਹੈ। ਵੱਖ-ਵੱਖ ਧਰਮਾਂ ਵਿੱਚ ਪਾਠ-ਪੂਜਾ ਦੇ ਵੱਖ-ਵੱਖ ਢੰਗ ਪ੍ਰਚਲਤ ਹਨ। ਇਨ੍ਹਾਂ ਧਰਮਾਂ ਵਿੱਚ ਨੇਮ ਨਾਲ ਪੂਜਾ-ਪਾਠ ਕੀਤੇ ਬਿਨਾਂ ਕੋਈ ਵਿਅਕਤੀ ਅਸਲੀ ਧਰਮੀ ਨਹੀਂ ਅਖਵਾ ਸਕਦਾ। ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਅੱਖਾਂ ਮੀਟ ਕੇ, ਹੱਥ ਜੋੜ ਕੇ, ਲੰਮੇ ਪੈ ਕੇ, ਪੈਰੀਂ ਢਹਿ ਕੇ, ਪੂਰਨ ਸ਼ਰਧਾ ਨਾਲ ਪੂਜਾ-ਪਾਠ ਕਰਨ ਵਾਲਾ ਹੀ ਧਰਮ ਵਿੱਚ ਸਤਿਕਾਰਯੋਗ ਸਥਾਨ ਹਾਸਿਲ ਕਰ ਸਕਦਾ ਹੈ। ਇਹੀ ਵਜ੍ਹਾ ਹੈ ਕਿ ਹਰ ਕੋਈ ਧਰਮੀ ਬਣਨ ਜਾਂ ਦਿਸਣ ਲਈ ਬਾਹਰੀ ਤੌਰ 'ਤੇ ਬੜਾ ਪੂਜਾ ਪਾਠ ਕਰਦਾ ਦਿਖਾਈ ਦਿੰਦਾ ਹੈ, ਅੰਦਰੋਂ ਉਸਦੀ ਸੁਰਤ ਬੇਸ਼ਕ ਕਿਤੇ ਹੋਰ ਘੁੰਮਦੀ ਹੋਵੇ। ਨੇਮ ਨਾਲ ਪਾਠ ਕਰਨ ਵਾਲੇ ਜਾਂ ਨਿਮਾਜਾਂ ਜਾਂ ਅਰਦਾਸਾਂ ਕਰਨ ਵਾਲੇ ਲੋਕ ਸੁਤੇ ਸਿੱਧ ਹੀ ਆਪਣਾ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਬਹੁਤੀ ਵਾਰ ਪਤਾ ਹੀ ਨਹੀਂ ਲਗਦਾ ਕਿ ਕਦੋਂ ਉਨ੍ਹਾਂ ਆਪਣਾ ਪਾਠ ਸ਼ੁਰੂ ਕੀਤਾ ਸੀ ਤੇ ਕਦੋਂ ਖਤਮ ਹੋ ਗਿਆ। ਪੂਜਾ ਪਾਠ ਦਾ ਅੱਖਰੀ ਅਰਥ ਦੇਖੀਏ ਤਾਂ ਇਹੀ ਸਮਝ ਪੈਂਦੀ ਹੈ ਕਿ ਪੁਜਾਰੀਆਂ ਦੇ ਆਪੂੰ ਬਣਾਏ ਰੱਬ ਜਾਂ ਰੱਬ ਦੇ ਬਣਾਏ ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਰਹਿਬਰਾਂ, ਗੁਰੂਆਂ ਜਾਂ ਇਨ੍ਹਾਂ ਸਭ ਦੀਆਂ ਬਣਾਈਆਂ ਮੂਰਤੀਆਂ ਜਾਂ ਮੂਰਤਾਂ ਅੱਗੇ ਆਪਣੇ ਕਸ਼ਟ ਨਿਵਾਰਨ, ਜੀਵਨ ਦੀਆਂ ਸਭ ਖੁਸ਼ੀਆਂ ਤੇ ਸੁੱਖ-ਸਹੂਲਤਾਂ ਹਾਸਿਲ ਕਰਨ, ਅਗਲੇ ਜਨਮਾਂ ਵਿੱਚ ਸੁੱਖ ਮਾਨਣ, ਸਵਰਗਾਂ ਵਿੱਚ ਸੀਟ ਪੱਕੀ ਕਰਨ, ਨਰਕ ਤੋਂ ਬਚਣ ਆਦਿ ਦੇ ਮਨਸ਼ੇ ਨਾਲ ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਧੂਪ ਬੱਤੀ ਕਰਨੀ, ਡੰਡੌਤ ਕਰਨੀ, ਆਰਤੀ ਕਰਨੀ, ਪਾਠ ਕਰਨੇ, ਭਜਨ-ਬੰਦਗੀ ਕਰਨੀ, ਕਠਿਨ ਤਪ ਕਰਨੇ, ਵਰਤ/ਰੋਜ਼ੇ ਰੱਖਣੇ, ਪਰੇਅਰ/ਅਰਦਾਸ ਕਰਨੀ, ਸੁੱਖਣਾ ਸੁਖਣੀ, ਮੰਨਤ ਮੰਨਣੀ, ਮੰਤਰ ਪੜ੍ਹਨੇ, ਬਲੀ ਦੇਣੀ, ਧਰਮ ਸਥਾਨਾਂ ਦੀ ਯਾਤਰਾ ਕਰਨੀ, ਸਰੋਵਰਾਂ ਵਿੱਚ ਖਾਸ ਮੌਕਿਆਂ ਤੇ ਇਸ਼ਨਾਨ ਕਰਨੇ ਆਦਿ ਸਭ ਪੂਜਾ ਪਾਠ ਦਾ ਹੀ ਹਿੱਸਾ ਹੈ।ਜਿਹੜੇ ਧਰਮ ਮੂਰਤੀਆਂ ਜਾਂ ਮੂਰਤਾਂ, ਵਿਅਕਤੀਆਂ ਜਾਂ ਬੁੱਤਾਂ ਦੀ ਪੂਜਾ ਵਿੱਚ ਵਿਸ਼ਵਾਸ਼ ਨਹੀਂ ਰੱਖਦੇ, ਉਹ ਆਪਣੇ ਧਰਮ ਗੁਰੂਆਂ ਦੇ ਗਿਆਨ ਦੇ ਗ੍ਰੰਥਾਂ ਦੀ ਮੂਰਤੀ ਵਾਂਗ ਪੂਜਾ ਕਰਦੇ, ਵਿਧੀ ਨਾਲ ਪਾਠ ਕਰਾਉਂਦੇ, ਅਰਦਾਸਾਂ ਕਰਦੇ ਆਮ ਦੇਖੇ ਜਾ ਸਕਦੇ ਹਨ। ਇਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਜਿਥੇ ਵਿਧੀ ਜਾਂ ਮਰਿਯਾਦਾ ਅਨੁਸਾਰ ਪੂਜਾ ਕਰਨ ਵਾਲਾ ਸ਼ਰਧਾਲੂ ਹੈ, ਉਥੇ ਸ਼ਰਧਾਲੂਆਂ ਤੋਂ ਹਰ ਤਰ੍ਹਾਂ ਦੇ ਕਰਮਕਾਂਡ ਜਾਂ ਪੂਜਾ ਪਾਠ ਕਰਾਉਣ ਵਾਲਾ ਪੁਜਾਰੀ ਹੈ। ਜਿਹੜਾ ਹਰ ਤਰ੍ਹਾਂ ਦੇ ਪੂਜਾ ਪਾਠ ਲਈ ਸ਼ਰਧਾਲੂ ਤੋਂ ਦਾਨ-ਦੱਸ਼ਣਾ (ਫੀਸ) ਲੈਂਦਾ ਹੈ। ਹਰ ਪੁਜਾਰੀ ਆਪਣੇ ਸ਼ਰਧਾਲੂ ਕੋਲੋਂ ਜਨਮ ਤੋਂ ਮਰਨ ਅਤੇ ਫਿਰ ਮਰਨ ਤੋਂ ਬਾਅਦ ਵੀ ਪਰਿਵਾਰ ਤੋਂ ਪੂਜਾ ਪਾਠ ਲਈ ਫੀਸ ਚਾਰਜ ਕਰਦਾ ਹੈ। ਕਿਸੇ ਵੀ ਧਾਰਮਿਕ ਫਿਰਕੇ ਦਾ ਇਤਿਹਾਸ ਪੜ੍ਹ ਕੇ ਵੇਖ ਲਉ, ਉਸ ਧਰਮ ਨੂੰ ਸ਼ੁਰੂ ਕਰਨ ਵਾਲੇ ਪੈਗੰਬਰ ਜਾਂ ਗੁਰੂ ਨੇ ਨਾ ਕਦੇ ਇਸ ਤਰ੍ਹਾਂ ਦੇ ਫੋਕਟ ਪੂਜਾ ਪਾਠਾਂ ਨੂੰ ਮਾਨਤਾ ਦਿੱਤੀ ਹੈ ਤੇ ਨਾ ਹੀ ਇਨ੍ਹਾਂ ਰੱਬ ਦੇ ਵਿਚੋਲੇ ਬਣ ਬੈਠੇ ਪੁਜਾਰੀਆਂ ਨੂੰ ਕੋਈ ਮਾਨਤਾ ਹੈ। ਪਰ ਹਰ ਧਰਮ ਨਾਲ ਇਹੀ ਮੰਦਭਾਗਾ ਭਾਣਾ ਵਰਤਿਆ ਹੈ ਕਿ ਇਨ੍ਹਾਂ ਧਰਮਾਂ ਨੂੰ ਸ਼ੁਰੂ ਕਰਨ ਵਾਲੇ ਧਰਮ ਗੁਰੂਆਂ ਦੇ ਇਸ ਸੰਸਾਰ ਤੋਂ ਜਾਣ ਬਾਅਦ ਪੁਜਾਰੀ ਨਵੇਂ ਰੂਪ ਵਿੱਚ ਨਵੇਂ ਕਰਮਕਾਂਡ ਜਾਂ ਮਰਿਯਾਦਾਵਾਂ ਤੇ ਨਵੇਂ ਧਾਰਮਿਕ ਚਿੰਨ ਜਾਂ ਪਹਿਰਾਵੇ ਲੈ ਕੇ ਪ੍ਰਗਟ ਹੋ ਜਾਂਦੇ ਹਨ ਤੇ ਪੈਗੰਬਰਾਂ ਦੇ ਮਨੁੱਖਤਾਵਾਦੀ ਤੇ ਸਰਬਤ ਦੇ ਭਲੇ ਦੇ ਸੰਦੇਸ਼ ਨੂੰ ਫਿਰਕਿਆਂ ਦੀ ਸੋਚ ਵਿੱਚ ਵੰਡ ਕੇ ਧਰਮ ਤੇ ਕਾਬਿਜ਼ ਹੋ ਜਾਂਦੇ ਹਨ। ਜਿਸ ਨਾਲ ਗੁਰੂਆਂ ਪੀਰਾਂ ਦਾ ਸਾਰੀ ਮਨੁੱਖਤਾ ਨੂੰ ਗਲਵੱਕੜੀ ਵਿੱਚ ਲੈਣ ਵਾਲਾ ਸਾਂਝੀਵਾਲਤਾ ਦਾ ਸੰਦੇਸ਼ ਮਨੁੱਖਤਾ ਦੇ ਗਲ ਦੀ ਫਾਹੀ ਬਣ ਜਾਂਦਾ ਹੈ। ਅੱਜ ਹਰ ਧਰਮ ਵਿੱਚ ਪੁਜਾਰੀਆਂ ਦੀਆਂ ਪੂਜਾ ਪਾਠ ਦੀਆਂ ਮਰਿਯਾਦਾਵਾਂ ਹਰ ਧਰਮੀ ਮਨੁੱਖ ਲਈ ਬੇੜੀਆਂ ਬਣ ਕੇ ਉਸਦੀ ਸੋਚ ਨੂੰ ਸੰਕੀਰਣ ਬਣਾ ਰਹੀਆਂ ਹਨ। ਅੱਜ ਹਰ ਧਰਮੀ ਮਨੁੱਖ ਦੀ ਸੋਚ ਮਨੁੱਖਤਾਵਾਦੀ ਹੋਣ ਦੀ ਥਾਂ ਫਿਰਕਾਵਾਦੀ ਹੋ ਗਈ ਹੈ। ਧਰਮ ਦੇ ਨਾਮ ਤੇ ਬਣੇ ਫਿਰਕਿਆਂ ਦੇ ਸ਼ਰਧਾਲੂ ਆਪਣੇ ਨਿੱਜ ਜਾਂ ਵੱਧ ਤੋਂ ਵੱਧ ਆਪਣੇ ਫਿਰਕੇ ਬਾਰੇ ਹੀ ਸੋਚਦੇ ਹਨ, ਮਾਨਵਤਾ ਦੇ ਸਾਂਝੇ ਦੁੱਖਾਂ-ਦਰਦਾਂ, ਤੰਗੀਆਂ-ਤੁਰਸ਼ੀਆਂ, ਖੁਸ਼ੀਆਂ-ਗਮੀਆਂ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਰਿਹਾ।ਹਰ ਕੋਈ ਆਪਣੇ ਫਿਰਕੇ ਨੂੰ ਵੱਡਾ ਕਰਨ ਦੇ ਪ੍ਰਚਾਰ ਵਿੱਚ ਲੱਗਾ ਹੋਇਆ ਹੈ, ਭਾਵੇਂ ਉਸ ਲਈ ਉਨ੍ਹਾਂ ਨੂੰ ਮਨੁੱਖਤਾ ਦਾ ਖੂਨ ਵਹਾਉਣਾ ਪਵੇ ਤੇ ਚਾਹੇ ਮਨੁੱਖਤਾ ਵਿਰੋਧੀ ਹਾਕਮਾਂ ਨਾਲ ਸਾਂਝ ਪਾਉਣੀ ਪਵੇ ਜਾਂ ਸਮਾਜ ਵਿਰੋਧੀ ਤੱਤਾਂ ਨਾਲ ਹੱਥ ਮਿਲਾਉਣਾ ਪਵੇ। ਇਥੋਂ ਤੱਕ ਕਿ ਹੁਣ ਧਰਮਾਂ ਵਲੋਂ ਵੱਖ-ਵੱਖ ਲੋਕ ਤਿਉਹਾਰਾਂ ਨੂੰ ਵੀ ਧਰਮਾਂ ਦੀ ਵਲਗਣ ਵਿੱਚ ਲਿਆ ਕਿ ਫਿਰਕਿਆਂ ਵਿੱਚ ਬੰਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਨ੍ਹਾਂ ਤਿਉਹਾਰਾਂ ਦੀਆਂ ਸਭਿਆਚਾਰਕ ਤੇ ਲੋਕ ਪੱਖੀ ਤੰਦਾਂ ਨੂੰ ਤੋੜ ਕੇ ਪੂਰੀ ਤਰ੍ਹਾਂ ਧਾਰਮਿਕ ਰੰਗਤ ਦਿੱਤੀ ਜਾਂਦੀ ਹੈ ਤਾਂ ਕਿ ਸਾਰੇ ਲੋਕ ਸਾਂਝੇ ਤੌਰ ਤੇ ਲੋਕ ਤਿਉਹਾਰ ਮਨਾਉਣ ਦੀ ਥਾਂ ਆਪਣੇ ਆਪਣੇ ਫਿਰਕੇ ਵਿੱਚ ਫਸੇ ਰਹਿਣ। ਪੁਜਾਰੀਆਂ ਤੇ ਇਨ੍ਹਾਂ ਦੇ ਸ਼ਰਧਾਲੂਆਂ ਦੀ ਇਸ ਫਿਰਕੂ ਸੋਚ ਕਾਰਨ ਹੀ 6000 ਸਾਲਾਂ ਦੇ ਧਰਮਾਂ ਦੇ ਇਤਿਹਾਸ ਵਿੱਚ 12000 ਤੋਂ ਵੱਧ ਛੋਟੇ-ਵੱਡੇ ਧਰਮ ਯੁੱਧ ਹੋ ਚੁੱਕੇ ਹਨ। ਦੁਨੀਆਂ ਦੇ ਇਤਿਹਾਸ ਵਿੱਚ ਹਾਕਮ ਜਮਾਤਾਂ ਵਲੋਂ ਜ਼ਰ, ਜ਼ੋਰੂ, ਜ਼ਮੀਨ ਲਈ ਕੀਤੇ ਯੁੱਧਾਂ ਵਿੱਚ ਇਤਨਾ ਖੂਨ ਨਹੀਂ ਵਹਾਇਆ ਗਿਆ, ਜਿਤਨਾ ਪੁਜਾਰੀਆਂ ਨੇ ਧਰਮ ਦੇ ਨਾਮ ਤੇ ਹੋਏ ਧਰਮ ਯੁੱਧਾਂ ਜਾਂ ਜ਼ਹਾਦਾਂ ਤੇ ਫਿਰਕੂ ਦੰਗਿਆਂ ਵਿੱਚ ਵਹਾਇਆ ਹੈ। ਭਾਵੇਂ ਇਹ ਵੀ ਇਤਿਹਾਸ ਦਾ ਕੌੜਾ ਸੱਚ ਹੈ ਕਿ ਦੁਨੀਆਂ ਵਿੱਚ ਹੋਏ ਤਕਰੀਬਨ ਬਹੁਤੇ ਯੁੱਧ ਪੁਜਾਰੀਆਂ ਤੇ ਹਾਕਮ ਜਮਾਤਾਂ ਦੀ ਸਾਂਝੀ ਸਾਜ਼ਿਸ਼ ਦਾ ਨਤੀਜਾ ਸਨ।

ਜਿਸ ਤਰ੍ਹਾਂ ਆਮ ਤੌਰ 'ਤੇ ਪੁਜਾਰੀਆਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਸਾਰੇ ਧਰਮ ਬਰਾਬਰ ਹਨ, ਸਾਰੇ ਧਰਮ ਅਸਥਾਨ ਰੱਬ ਦੇ ਘਰ ਹਨ, ਸਾਰੇ ਧਰਮਾਂ ਦਾ ਰੱਬ ਇੱਕ ਹੈ। ਇਸ ਲਈ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਫਿਰ ਜੇ ਰੱਬ ਇੱਕ ਹੈ ਤੇ ਸਾਰੇ ਧਰਮ ਸਥਾਨ ਉਸਦਾ ਘਰ ਹਨ ਤਾਂ ਧਰਮ ਇੱਕ ਕਿਉਂ ਨਹੀਂ? ਜਾਂ ਉਸ ਰੱਬ ਦੀ ਪੂਜਾ ਦਾ ਢੰਗ ਇੱਕ ਕਿਉਂ ਨਹੀਂ? ਚਲੋ ਜੇ ਮੰਨ ਲਈਏ ਰੱਬ ਤਾਂ ਇੱਕ ਹੈ, ਪਰ ਵੱਖ-ਵੱਖ ਧਰਮ ਗੁਰੂਆਂ ਜਾਂ ਪੈਗੰਬਰਾਂ ਦੀ ਵਿਚਾਰਧਾਰਾ ਵੱਖਰੀ ਹੋਣ ਕਰਕੇ ਧਰਮ ਵੀ ਵੱਖ-ਵੱਖ ਹਨ ਤੇ ਪੂਜਾ ਪਾਠ ਵੀ ਵੱਖ-ਵੱਖ ਹਨ? ਫਿਰ ਰੱਬ ਦੇ ਘਰ ਮਸਜਿਦ ਵਿੱਚ ਹਿੰਦੂ ਆਪਣੀ ਮੂਰਤੀ ਪੂਜਾ ਜਾਂ ਆਰਤੀ ਕਿਉਂ ਨਹੀਂ ਕਰ ਸਕਦਾ? ਮੁਸਲਮਾਨ ਨੂੰ ਰੱਬ ਦੇ ਘਰ ਮੰਦਰ ਵਿੱਚ ਜਾ ਕੇ ਨਮਾਜ ਪੜ੍ਹਨ ਦਾ ਹੱਕ ਕਿਉਂ ਨਹੀਂ? ਜੇ ਇਕੋ ਰੱਬ ਨੂੰ ਮੰਨਣ ਵਾਲਾ ਮੁਸਲਮਾਨ ਗਾਂ ਦਾ ਮਾਸ ਖਾ ਸਕਦਾ ਹੈ ਤੇ ਉਸੇ ਰੱਬ ਦਾ ਭਗਤ ਹਿੰਦੂ ਸੂਰ ਖਾ ਸਕਦਾ ਹੈ ਤਾਂ ਫਿਰ ਕਿਸੇ ਸ਼ਰਾਰਤੀ ਵਲੋਂ ਗਾਂ ਦੀ ਪੂਛ ਮੰਦਰ ਵਿੱਚ ਸੁੱਟਣ ਜਾਂ ਸੂਰ ਦੇ ਮਾਸ ਦਾ ਟੁਕੜਾ ਮਸਜਿਦ ਵਿੱਚ ਰੱਖਣ ਨਾਲ ਦੰਗੇ ਕਿਉਂ ਭੜਕ ਜਾਂਦੇ ਹਨ? ਜੇ ਕੋਈ ਸਿੱਖ, ਰੱਬ ਦੇ ਘਰ ਮੰਦਰ ਚਲਾ ਜਾਵੇ, ਹਿੰਦੂ, ਰੱਬ ਦੇ ਘਰ ਚਰਚ ਚਲਾ ਜਾਵੇ, ਮੁਸਲਮਾਨ, ਰੱਬ ਦੇ ਘਰ ਗੁਰਦੁਆਰੇ ਚਲਾ ਜਾਵੇ ਤਾਂ ਧਰਮ ਨੂੰ ਖਤਰਾ ਕਿਉਂ ਪੈਦਾ ਹੋ ਜਾਂਦਾ ਹੈ, ਜਦੋਂ ਕਿ ਰੱਬ ਇੱਕ ਹੈ, ਸਾਰੇ ਧਰਮ ਅਸਥਾਨ ਉਸਦੇ ਘਰ ਹਨ? ਪੁਜਾਰੀਆਂ ਵਲੋਂ ਅਕਸਰ ਇਹ ਪ੍ਰਚਾਰ ਵੀ ਕੀਤਾ ਜਾਂਦਾ ਹੈ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਤੇ ਇਸਾਈ ਪੱਕਾ ਇਸਾਈ ਬਣੇ, ਇਹ ਸਭ ਕਹਿਣ ਦਾ ਮਕਸਦ ਲੋਕਾਂ ਨੂੰ ਪੱਕੇ ਧਰਮੀ ਬਣਾਉਣਾ ਨਹੀਂ, ਸਗੋਂ ਪੱਕੇ ਫਿਰਕੂ ਬਣਾਉਣਾ ਹੈ ਤਾਂ ਕਿ ਲੋਕ ਅੱਖਾਂ ਮੀਟ ਕੇ, ਸਿਰ ਸੁੱਟ ਕੇ ਸਾਰੀ ਉਮਰ ਧਰਮ ਦੇ ਨਾਮ ਤੇ ਬਣੀ ਜਿਸ ਦੁਕਾਨ ਤੋਂ ਇੱਕ ਵਾਰ ਸੌਦਾ ਲੈਣਾ ਸ਼ੁਰੂ ਕਰ ਦੇਵੇ, ਬਸ ਉਸਦਾ ਹੀ ਸ਼ਰਧਾਲੂ ਬਣਿਆ ਰਹੇ ਤਾਂ ਕਿ ਪੁਜਾਰੀ ਮਨਮਰਜ਼ੀ ਨਾਲ ਉਸਦੀ ਲੁੱਟ ਕਰਦਾ ਰਹੇ। ਜੇ ਇਹ ਦੁਕਾਨਦਾਰੀ ਨਹੀਂ ਤਾਂ ਫਿਰ ਇਸ ਵਿੱਚ ਕੀ ਫਰਕ ਪੈਂਦਾ ਹੈ ਕਿ ਕੌਣ ਮੰਦਰ ਜਾਂਦਾ ਹੈ ਤੇ ਕੌਣ ਗੁਰਦੁਆਰੇ ਜਾਂ ਮਸਜਿਦ ਜਾਂ ਚਰਚ? ਜਦੋਂ ਸਾਰੇ ਧਰਮ ਅਸਥਾਨ ਇਕੋ ਰੱਬ ਦੇ ਘਰ ਹਨ ਤੇ ਸਾਰੇ ਧਰਮ ਰੂਪੀ ਰਸਤਿਆਂ ਦੀ ਮੰਜ਼ਿਲ ਇੱਕ ਹੈ। ਅਸਲ ਵਿੱਚ ਅਜਿਹਾ ਨਹੀਂ ਹੈ, ਕਿਉਂਕਿ ਧਰਮ ਪੁਜਾਰੀ ਲੋਕਾਂ ਨੂੰ ਭੇਡਾਂ ਬੱਕਰੀਆਂ ਬਣਾ ਕੇ, ਉਪਰ ਆਪਣੇ ਫਿਰਕੇ ਦਾ ਲੇਬਲ ਲਾ ਕੇ ਰੱਖਣਾ ਚਾਹੁੰਦੇ ਹਨ ਤਾਂ ਕਿ ਉਹ ਜਦੋਂ ਚਾਹੁਣ, ਜਿਧਰ ਨੂੰ ਚਾਹੁਣ ਉਨ੍ਹਾਂ ਨੂੰ ਹੱਕ ਸਕਣ ਜਾਂ ਕਿਸੇ ਵੀ ਹਾਕਮ ਦੇ ਰਾਜ ਨੂੰ ਵਧਾਉਣ ਜਾਂ ਧਰਮ ਦਾ ਰਾਜ ਸਥਾਪਿਤ ਕਰਨ ਦੇ ਨਾਮ ਤੇ ਲੋਕਾਂ ਨੂੰ ਬਲੀ ਦਾ ਬੱਕਰਾ ਬਣਾ ਸਕਣ।

ਜਿਸ ਤਰ੍ਹਾਂ ਪਹਿਲਾਂ ਵੀ ਨਕਲੀ ਧਰਮਾਂ ਦੀ ਵਿਆਖਿਆ ਦੌਰਾਨ ਅਸੀਂ ਵਿਚਾਰਿਆ ਸੀ ਕਿ ਤਕਰੀਬਨ ਸਾਰੇ ਨਕਲੀ ਧਰਮ ਮਨੁੱਖ ਦੀ ਲੋਭੀ ਤੇ ਡਰ ਦੀ ਪ੍ਰਵਿਰਤੀ ਸਿਰ ਚਲਦੇ ਹਨ।ਪੁਜਾਰੀ, ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜੋਰੀਆਂ ਤੋਂ ਭਲੀ-ਭਾਂਤ ਜਾਣੂ ਹਨ, ਇਸ ਲਈ ਪੁਜਾਰੀਆਂ ਨੇ ਪੂਜਾ ਪਾਠ ਦੇ ਜੋ ਢੰਗ ਬਣਾਏ ਹੋਏ ਹਨ, ਉਹ ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜੋਰੀਆਂ ਦੀ ਪੂਰਤੀ ਦੇ ਸਾਧਨ ਮਾਤਰ ਹਨ। ਬੇਸ਼ਕ ਪੁਜਾਰੀ ਨੂੰ ਸਭ ਪਤਾ ਹੈ ਕਿ ਇਨ੍ਹਾਂ ਪੂਜਾ ਪਾਠਾਂ ਨਾਲ ਨਾ ਕਦੇ ਕਿਸੇ ਦਾ ਕੁਝ ਸੰਵਰਿਆ ਹੈ ਤੇ ਨਾ ਸੰਵਰੇਗਾ, ਪਰ ਫਿਰ ਵੀ ਪੁਜਾਰੀ ਮਨੁੱਖ ਨੂੰ ਇਨ੍ਹਾਂ ਦੀ ਪੂਰਤੀ ਦਾ ਲਾਲਚ ਦੇ ਕੇ ਸਦੀਆਂ ਤੋਂ ਲੁੱਟਦਾ ਆ ਰਿਹਾ ਹੈ। ਜ਼ਰਾ ਧਿਆਨ ਨਾਲ ਸੋਚੋ ਕਿ ਜੇ ਪੂਜਾ ਪਾਠ ਨਾਲ ਲੋਭ ਜਾਂ ਡਰ ਦੀ ਪੂਰਤੀ ਹੁੰਦੀ ਤਾਂ ਫਿਰ ਉਹੀ ਪੁਜਾਰੀ ਪੂਜਾ, ਪਾਠ, ਅਰਦਾਸ ਆਦਿ ਕਰਨ ਲਈ ਤੁਹਾਡੇ ਅੱਗੇ ਹੱਥ ਕਿਉਂ ਅੱਡਦਾ ਹੈ? ਉਹ ਖੁਦ ਪੂਜਾ ਪਾਠ ਕਰਕੇ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਕਿਉਂ ਨਹੀਂ ਕਰ ਲੈਂਦਾ? ਜਾਂ ਉਸਦਾ ਆਪਣਾ ਡਰ ਦੂਰ ਕਰ ਲੈਂਦਾ, ਉਹ ਖੁਦ ਤਾਂ ਡਰਦਾ ਮਾਰਾ ਧਰਮ ਦੇ ਆਗੂਆਂ, ਪ੍ਰਬੰਧਕਾਂ, ਸ਼ਰਧਾਲੂਆਂ ਦੇ ਪੈਰੀਂ ਪਿਆ ਹੁੰਦਾ ਹੈ।ਨਕਲੀ ਧਰਮਾਂ ਦੇ ਪੁਜਾਰੀ ਤਾਂ ਨਕਲੀ ਹੈਨ ਹੀ, ਸ਼ਰਧਾਲੂ ਵੀ ਨਕਲੀ ਬਣ ਗਿਆ ਹੈ।ਪੂਜਾ ਪਾਠ ਦੀਆਂ ਸਚਾਈਆਂ ਉਨ੍ਹਾਂ ਦੇ ਸਾਹਮਣੇ ਹੁੰਦੀਆ ਹਨ, ਪਰ ਫਿਰ ਵੀ ਡਰ ਜਾਂ ਲਾਲਚ ਅਧੀਨ ਸੋਚਦਾ ਹੈ ਕਿ ਸ਼ਾਇਦ ਕੁਝ ਸਚਾਈ ਹੋਵੇ? ਇਹੀ ਵਜ੍ਹਾ ਹੈ ਕਿ ਅੱਜ ਹਰ ਧਰਮ ਦਾ ਸ਼ਰਧਾਲੂ ਧਰਮ ਅਸਥਾਨ ਆਪਣੇ ਲੋਭ ਦੀ ਪੂਰਤੀ ਲਈ ਜਾਂਦਾ ਹੈ, ਪੁਜਾਰੀ ਉਸਨੂੰ ਸਾਰੀਆਂ ਪੂਜਾ ਵਿਧੀਆਂ, ਉਸਦੀਆਂ ਨਿੱਜੀ ਖਾਹਸ਼ਾਂ ਜਾਂ ਇਛਾਵਾਂ ਦੀ ਪੂਰਤੀ ਲਈ ਹੀ ਦੱਸਦਾ ਹੈ।ਕੋਈ ਵਿਅਕਤੀ ਕਿਸੇ ਧਰਮ ਮੰਦਰ ਵਿੱਚ ਮਨੁੱਖਤਾ ਦੀ ਸੇਵਾ, ਰੱਬ ਦੀ ਸੇਵਾ ਕਰਨ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਉਸਦੀ ਦੂਜਿਆਂ ਦੀ ਸੇਵਾ ਵਿੱਚ ਵੀ ਉਸਦਾ ਆਪਣਾ ਨਿੱਜ ਸਵਾਰਥ ਛੁਪਿਆ ਹੁੰਦਾ ਹੈ। ਉਨ੍ਹਾਂ ਦੀ ਸੇਵਾ ਵੀ ਆਪਣੇ ਲੋਭ ਦੀ ਪੂਰਤੀ ਲਈ ਹੀ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਪੁਜਾਰੀ ਮਨੁੱਖ ਵਿਚ ਬਚਪਨ ਤੋਂ ਹੀ ਪਹਿਲਾਂ ਰੱਬ ਦਾ ਡਰ ਪਾਉਂਦਾ ਹੈ ਤੇ ਫਿਰ ਇਹ ਸਥਾਪਿਤ ਕਰਦਾ ਹੈ ਕਿ ਸਭ ਕੁਝ ਦੇਣ ਵਾਲਾ ਰੱਬ ਹੀ ਹੈ। ਹੁਣ ਜਿਹੜਾ ਵਿਅਕਤੀ ਰੱਬ ਨੂੰ ਆਪਣੇ ਹੱਕ ਵਿੱਚ ਭੁਗਤਾ ਕੇ ਆਪਣੀਆਂ ਮਨੋ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦਾ ਹੈ, ਉਸਨੂੰ ਪੁਜਾਰੀ ਦੁਆਰਾ ਦੱਸੀ ਵਿਧੀ ਅਨੁਸਾਰ ਪੂਜਾ ਪਾਠ ਕਰਨਾ ਪਵੇਗਾ। ਇਹੀ ਕਾਰਨ ਹੈ ਕਿ ਮਨੁੱਖ ਧਰਮ ਅਸਥਾਨਾਂ ਵਿੱਚ ਧਰਮ ਕਮਾਉਣ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਇਸ ਡਰ ਵਿੱਚ ਜਾਂਦਾ ਹੈ ਕਿ ਜੋ ਉਸ ਕੋਲ ਹੈ, ਉਹ ਖੁਸ ਨਾ ਜਾਵੇ ਅਤੇ ਜੋ ਨਹੀਂ ਹੈ, ਉਹ ਪੂਜਾ ਪਾਠ ਕਰਕੇ ਮਿਲ ਜਾਵੇ।

ਮਨੁੱਖ ਦੀ ਇਸ ਡਰ ਤੇ ਲੋਭ ਦੀ ਪ੍ਰਵਿਰਤੀ ਨੇ ਉਸ ਕੋਲੋਂ ਪੁਜਾਰੀਆਂ ਮਗਰ ਲੱਗ ਕੇ ਕੀ ਕੁਝ ਨਹੀਂ ਕਰਵਾਇਆ। ਪੁਜਾਰੀ ਨੇ ਮਨੁੱਖ ਤੋਂ ਆਪਣੇ ਹੱਥੀਂ ਬਣਾਏ ਪੱਥਰ ਦੇ ਬੁੱਤਾਂ ਅੱਗੇ ਲੰਮੇ ਪਾਇਆ, ਮਨੁੱਖਾਂ, ਦਰਖਤਾਂ, ਜਾਨਵਰਾਂ ਜਾਂ ਕੁਦਰਤੀ ਸ਼ਕਤੀਆਂ ਅੱਗ, ਹਵਾ, ਪਾਣੀ, ਬਿਜਲੀ ਆਦਿ ਦੀ ਪੂਜਾ ਕਰਵਾਈ। ਇਹੀ ਕਾਰਨ ਹੈ ਕਿ ਕੰਪਿਊਟਰ ਯੁਗ ਦਾ ਪੜ੍ਹਿਆ ਲਿਖਿਆ ਤੇ ਮੌਡਰਨ ਸੋਚ ਦਾ ਧਾਰਨੀ ਮਨੁੱਖ ਵੀ ਧਾਰਮਿਕ ਖੇਤਰ ਵਿੱਚ ਹਜਾਰਾਂ ਸਾਲ ਪਹਿਲੇ ਮਨੁੱਖ ਨਾਲੋਂ ਬੌਧਿਕ ਪੱਧਰ ਤੇ ਵਿਕਸਤ ਨਹੀਂ ਹੋਇਆ। ਉਹ ਅੱਜ ਵੀ ਅੱਗ, ਪਾਣੀ, ਹਵਾ, ਪੱਥਰ, ਦਰਖਤ, ਜਾਨਵਰ, ਮਨੁੱਖ, ਫੋਟੋ ਆਦਿ ਦੀ ਪੂਜਾ ਕਰਦਾ ਹੈ, ਉਸਨੂੰ ਧੂਪ ਬੱਤੀ ਕਰਦਾ ਹੈ, ਉਸਦੇ ਅੱਗੇ ਮਨੋ ਕਾਮਨਾਵਾਂ ਪੂਰੀਆਂ ਹੋਣ ਲਈ ਅਰਦਾਸਾਂ ਕਰਦਾ ਹੈ।ਆਪਣੀ ਕਿਸਮਤ ਨੂੰ ਆਪ ਘੜਨ ਦੇ ਸਮਰੱਥ ਹੋਣ ਦੀ ਥਾਂ ਕਿਸੇ ਪਾਂਧੇ, ਪੰਡਤ, ਜੋਤਸ਼ੀ, ਸਾਧ, ਬਾਬੇ, ਪੁਛਾਂ ਦੇਣ ਵਾਲੇ ਅੱਗੇ ਹੱਥ ਅੱਡੀ ਬੈਠਾ ਹੁੰਦਾ ਹੈ। ਪੁਜਾਰੀ ਨੇ ਉਸਨੂੰ ਮਾਨਸਿਕ ਤੌਰ ਤੇ ਇਤਨਾ ਕਮਜੋਰ ਕਰ ਦਿੱਤਾ ਹੈ ਕਿ ਜੇ ਕਿਸੇ ਧਰਮ ਗੁਰੂ ਨੇ ਪੱਥਰਾਂ, ਦਰਖਤਾਂ, ਜਾਨਵਰਾਂ, ਮਨੁੱਖਾਂ ਦੀ ਪੂਜਾ 'ਚੋਂ ਕੱਢ ਕੇ ਗਿਆਨਵਾਨ ਬਣਾਉਣ ਲਈ ਧਰਮ ਗ੍ਰੰਥ ਦਿੱਤੇ ਤਾਂ ਕਿ ਮਨੁੱਖ ਉਨ੍ਹਾਂ ਨੂੰ ਪੜ੍ਹ ਕੇ, ਵਿਚਾਰ ਕੇ, ਗਿਆਨਵਾਨ ਹੋ ਕੇ ਪੁਜਾਰੀ ਦੇ ਭਰਮਜਾਲ ਵਿਚੋਂ ਨਿਕਲ ਸਕੇ, ਪਰ ਮਨੁੱਖ ਦੀ ਤਰਾਸਦੀ ਦੇਖੋ, ਸ਼ੈਤਾਨ ਪੁਜਾਰੀ ਮਗਰ ਲੱਗ ਕੇ ਉਸਨੇ ਗ੍ਰੰਥਾਂ ਨੂੰ ਵੀ ਮੂਰਤੀਆਂ ਵਾਂਗ ਪੂਜਣਾ ਲੱਗਾ, ਉਸਦੀ ਧੂਪ ਬੱਤੀ ਕਰਨ ਲੱਗਾ, ਉਸ ਅੱਗੇ ਹੱਥ ਜੋੜ ਅਰਦਾਸਾਂ ਕਰਨ ਲੱਗਾ। ਗ੍ਰੰਥਾਂ ਦੇ ਗਿਆਨ ਨੂੰ ਆਪਣੀਆਂ ਨਿੱਜੀ ਮੰਗਾਂ ਦੀ ਪੂਰਤੀ ਜਾਂ ਵਿਰੋਧੀਆਂ ਦਾ ਨੁਕਸਾਨ ਕਰਨ ਦੇ ਭਰਮ ਅਧੀਨ ਫੋਕਟ ਮੰਤਰ ਪਾਠਾਂ, ਅਰਦਾਸਾਂ, ਨਿਤਨੇਮਾਂ, ਨਿਮਾਜਾਂ, ਪ੍ਰੇਅਰਾਂ ਲਈ ਵਰਤਣ ਲੱਗਾ। ਉਸਨੇ ਧਰਮ ਗ੍ਰੰਥਾਂ ਦੇ ਗਿਆਨ ਦੇ ਸ਼ਰਧਾ ਪੂਰਨ, ਦੁੱਖ ਭੰਜਨੀ, ਮਨੋ ਕਾਮਨਾ ਪੂਰਨ ਗੁਟਕੇ ਬਣਾ ਲਏ ਹਨ, ਉਨ੍ਹਾਂ ਦੇ ਪਾਠਾਂ ਨਾਲ ਆਪਣੇ ਫਾਇਦੇ ਤੇ ਵਿਰੋਧੀਆਂ ਦੇ ਨੁਕਸਾਨ ਦੇ ਭਰਮ ਪਾਲ੍ਹੇ ਹੋਏ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਪੁਜਾਰੀ ਦੇ ਪੂਜਾ ਪਾਠ ਦੇ ਭਰਮ ਜਾਲ ਵਿਚੋਂ ਨਿਕਲੇ ਕਿਵੇਂ? ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੋਂ ਇਹ ਸ੍ਰਿਸਟੀ ਬਣੀ ਹੈ, ਸਾਰਾ ਮੈਟਰ ਇੱਕ ਵਾਰ ਹੀ ਬਣ ਗਿਆ ਸੀ। ਇਹ ਮੈਟਰ (ਮਾਦਾ ਜਾਂ ਸਮਾਨ) ਨਾ ਵਧਦਾ ਹੈ ਤੇ ਨਾ ਘਟਦਾ ਹੈ। ਇਹ ਕਰੋੜਾਂ ਸਾਲਾਂ ਤੋਂ ਸਿਰਫ ਰੀਸਾਈਕਲ ਹੀ ਹੋ ਰਿਹਾ ਹੈ। ਜੋ ਵੀ ਇਸ ਧਰਤੀ ਤੇ ਪੈਦਾ ਹੁੰਦਾ ਹੈ, ਉਹ ਆਪਣੀ ਉਮਰ ਜਾਂ ਸਮਰਥਾ ਅਨੁਸਾਰ ਇਸਨੂੰ ਖਾਂਦਾ, ਖਰਚਦਾ, ਵਰਤਦਾ ਹੈ ਤੇ ਫਿਰ ਇੱਕ ਦਿਨ ਮਰਨ ਬਾਅਦ ਆਪ ਵੀ ਇਥੇ ਹੀ ਰੀਸਾਈਕਲ ਹੋ ਜਾਂਦਾ ਹੈ। ਸਾਡੇ ਇਸ ਪਲੈਨਿਟ (ਗ੍ਰਹਿ) ਤੇ ਨਾ ਕੁਝ ਬਾਹਰੋਂ ਆ ਰਿਹਾ ਹੈ ਤੇ ਨਾ ਹੀ ਕਿਤੇ ਜਾ ਰਿਹਾ ਹੈ। ਕੁਦਰਤ ਵਿੱਚ ਇਹ ਵਰਤਾਰਾ ਲੱਖਾਂ-ਕ੍ਰੋੜਾਂ ਸਾਲਾਂ ਤੋਂ ਚੱਲ ਰਿਹਾ ਹੈ, ਪਰ ਨਾਲ

ਹੀ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਇਹ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਵਾਪਰ ਰਿਹਾ ਹੈ, ਮਨੁੱਖ ਇਨ੍ਹਾਂ ਨਿਯਮਾਂ ਨੂੰ ਸਮਝ ਕੇ ਲਾਭ ਵੀ ਲੈ ਸਕਦਾ ਹੈ ਤੇ ਨੁਕਸਾਨ ਵੀ ਕਰ ਜਾਂ ਕਰਵਾ ਸਕਦਾ ਹੈ। ਪਰ ਨਾਲ ਹੀ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਕੁਦਰਤ ਦੇ ਇਨ੍ਹਾਂ ਅਟੱਲ ਨਿਯਮਾਂ ਉੱਤੇ ਕਿਸੇ ਦੇ ਪੂਜਾ ਪਾਠ, ਮੰਤਰ ਪਾਠ, ਟੂਣੇ ਟਾਮਣੇ, ਮੰਤਰ ਜੰਤਰ, ਭਗਤੀ, ਬੰਦਗੀ, ਸਿਮਰਨ ਆਦਿ ਦਾ ਕੋਈ ਅਸਰ ਨਹੀਂ ਹੁੰਦਾ, ਇਹ ਨਿਯਮ ਨਾ ਕਦੇ ਪੂਜਾ ਪਾਠ ਨਾਲ ਬਦਲੇ ਹਨ ਤੇ ਨਾ ਹੀ ਬਦਲਣਗੇ। ਇਸ ਲਈ ਸਾਨੂੰ ਲੋੜ ਇਹ ਗੱਲ ਸਮਝਣ ਦੀ ਹੈ ਕਿ ਅਸੀਂ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝੀਏ, ਉਨ੍ਹਾਂ ਅਨੁਸਾਰ ਚੱਲਣ ਦਾ ਯਤਨ ਕਰੀਏ, ਉਨ੍ਹਾਂ ਨਿਯਮਾਂ ਵਿੱਚ ਰਹਿ ਕੇ ਆਪਣੀ ਸਰੀਰਕ ਤੇ ਮਾਨਸਿਕ ਤਰੱਕੀ ਲਈ ਯਤਨ ਕਰੀਏ। ਅਸਲੀ ਧਰਮ ਮਨੁੱਖ ਨੂੰ ਲੋਭੀ ਤੇ ਡਰਾਕਲ ਨਹੀਂ ਬਣਾਉਂਦਾ ਸਗੋਂ ਅਸਲੀ ਧਰਮ ਤਾਂ ਮਨੁੱਖ ਨੂੰ ਕੁਦਰਤ ਦੇ ਨਿਯਮਾਂ ਵਿੱਚ (ਰੱਬ ਦੇ ਹੁਕਮ ਵਿੱਚ) ਰਹਿੰਦੇ ਹੋਏ ਸਬਰ ਸੰਤੋਖ ਦੇ ਜੀਵਨ ਦੀ ਜਾਚ ਸਿਖਾਉਂਦਾ ਹੈ। ਮਨੁੱਖ ਨੂੰ ਰੱਬ ਤੋਂ ਡਰਨ ਦੀ ਨਹੀਂ, ਸਗੋਂ ਉਸਦੇ ਨਿਯਮਾਂ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਜਾਚ ਸਿੱਖਣ ਦੀ ਲੋੜ ਹੈ। ਜਿਨ੍ਹਾਂ ਨੇ ਇਨ੍ਹਾਂ ਨਿਯਮਾਂ ਨੂੰ ਸਮਝਿਆ ਹੈ, ਉਨ੍ਹਾਂ ਨੇ ਆਪਣੇ ਲਈ ਤੇ ਸਾਰੀ ਮਨੁੱਖਤਾ ਲਈ ਅਨੇਕਾਂ ਸੁੱਖ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਧਰਮ ਦੀ ਪੂਜਾ ਪਾਠ ਨਾ ਕਿਸੇ ਸ਼ਰਧਾਲੂ ਦਾ ਕੁਝ ਸੰਵਾਰ ਸਕੀ ਹੈ ਤੇ ਨਾ ਹੀ ਮਨੁੱਖਤਾ ਦਾ ਕੋਈ ਭਲਾ ਕਰ ਸਕੀ ਹੈ। ਹੁਣ ਤੱਕ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝ ਕੇ ਮੈਟਰ ਦੀ ਖੋਜ ਕਰਨ ਵਾਲੇ ਸਾਇੰਸਦਾਨਾਂ ਨੇ ਤਾਂ ਮਨੁੱਖਤਾ ਲਈ ਲੱਖਾਂ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀਆਂ ਜਾਂ ਸ਼ਰਧਾਲੂਆਂ ਦੇ ਪੂਜਾ ਪਾਠਾਂ ਦੀ ਮਨੁੱਖਤਾ ਨੂੰ ਕੀ ਦੇਣ ਹੈ? ਹੁਣ ਇਨ੍ਹਾਂ ਨੂੰ ਪੁਛਣ ਦਾ ਵਕਤ ਆ ਗਿਆ ਹੈ? ਸਾਨੂੰ ਜਾਗਰੂਕ ਹੋਣ ਦੀ ਲੋੜ ਹੈ, ਤਾਂ ਹੀ ਅਸੀਂ ਇਨ੍ਹਾਂ ਪੁਜਾਰੀਆਂ ਜਾਂ ਇਨ੍ਹਾਂ ਦੇ ਅੰਧ ਵਿਸ਼ਵਾਸੀ ਸ਼ਰਧਾਲੂਆਂ ਨੂੰ ਕਹਿਣ ਦੀ ਹਿੰਮਤ ਕਰ ਸਕਾਂਗੇ ਕਿ ਦੱਸੋ ਤੁਹਾਡੇ ਪੂਜਾ ਪਾਠਾਂ ਨੇ ਮਨੁੱਖ ਦਾ, ਸਮਾਜ ਦਾ, ਮਾਨਵਤਾ ਦਾ ਕੀ ਭਲਾ ਕੀਤਾ ਹੈ? ਜੇ ਤੁਸੀਂ 6000 ਸਾਲਾਂ ਵਿੱਚ ਕੁਝ ਨਹੀਂ ਕਰ ਸਕੇ ਤਾਂ ਬੰਦ ਕਰੋ ਆਪਣੀਆਂ ਇਹ ਫਿਰਕੂ ਦੁਕਾਨਾਂ, ਸਾਨੂੰ ਅਸਲੀ ਧਰਮ ਤੇ ਅਸਲੀ ਰੱਬ ਦੀ ਸੋਝੀ ਹੋ ਚੁੱਕੀ ਹੈ। ਸਾਨੂੰ ਰੱਬ ਦੇ ਹੁਕਮ ਦੀ ਸੋਝੀ ਹੋ ਚੁੱਕੀ ਹੈ, ਅਸੀਂ ਹੁਣ ਤੁਹਾਡੇ ਪਾਖੰਡੀ ਜਾਲ ਵਿੱਚ ਨਹੀਂ ਫਸਣਾ। ਅਖੀਰ ਵਿੱਚ ਇੱਕ ਨੁਕਤਾ ਇਹ ਵੀ ਸਮਝ ਲੈਣਾ ਜਰੂਰੀ ਹੈ ਕਿ ਧਰਮ ਵਸਤੂਆਂ (ਮੈਟਰ) ਦਾ ਵਿਸ਼ਾ ਨਹੀਂ, ਸਗੋਂ ਮਨ (ਆਤਮਾ, ਦਿਮਾਗ) ਦਾ ਵਿਸ਼ਾ ਹੈ, ਵਸਤੂਆਂ (ਮਾਦਾ, ਮੈਟਰ) ਸਾਇੰਸ ਦਾ ਵਿਸ਼ਾ ਹੈ। ਜੇ ਅਸੀਂ ਵਸਤੂਆਂ ਪ੍ਰਾਪਤ ਕਰਨੀਆਂ ਹਨ ਤਾਂ ਇਹ ਧਰਮ ਅਸਥਾਨਾਂ ਦੀ ਪੂਜਾ ਪਾਠ ਤੋਂ ਨਹੀਂ ਮਿਹਨਤ ਤੇ ਕੁਦਰਤ ਦੇ ਨਿਯਮਾਂ ਅਨੁਸਾਰ ਮਿਲਣਗੀਆਂ। ਪਰ ਜੇ ਸਾਡੀ ਭਾਲ ਮਨ ਦੀ ਸ਼ਾਂਤੀ, ਖੁਸ਼ੀ, ਖੇੜਾ, ਮਨ ਦੀਆਂ ਕਮਜ਼ੋਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਬਚਣ, ਸਰਬੱਤ ਦਾ ਭਲਾ ਆਦਿ ਹੈ ਤਾਂ ਫਿਰ ਸਾਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ, ਆਪਾ ਚੀਨਣ ਦੀ ਲੋੜ ਹੈ, ਆਪਣੇ ਅੰਦਰ ਵਸਦੀ ਰੱਬੀ ਜੋਤ ਪਛਾਨਣ ਦੀ ਲੋੜ ਹੈ, ਇਸ ਧਰਤੀ ਤੇ ਮਨੁੱਖੀ ਜੀਵਨ ਦੇ ਲਕਸ਼ ਨੂੰ ਜਾਨਣ ਦੀ ਲੋੜ ਹੈ, ਕੁਦਰਤ ਦੇ ਜੀਵਨ ਰੂਪੀ ਇਸ ਖੇਡ ਤਮਾਸ਼ੇ ਨੂੰ ਸਮਝਣ ਦੀ ਲੋੜ ਹੈ। ਅਸਲ ਵਿੱਚ ਧਰਮ ਅੰਦਰੋਂ ਜਾਗਣ ਦਾ ਨਾਮ ਹੈ, ਹਿਰਦੇ ਦੇ ਖਿੜ ਜਾਣ ਦਾ ਨਾਮ ਹੈ, ਸ੍ਰਿਸ਼ਟੀ ਦੇ ਕਣ ਕਣ ਵਿੱਚ ਉਸ ਕਾਦਰ ਦੀ ਹੋਂਦ ਮਹਿਸੂਸ ਕਰਨ ਦਾ ਨਾਮ ਹੈ, ਸਾਰੀ ਮਨੁੱਖਤਾ ਨੂੰ ਭਾਈ ਭਾਈ ਸਮਝਣ ਦਾ ਨਾਮ ਹੈ, ਨਾ ਕਿ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਨਿੱਜੀ ਲਾਭਾਂ ਤੇ ਵਿਰੋਧੀਆਂ ਦੇ ਨੁਕਸਾਨ ਲਈ ਪੂਜਾ ਪਾਠ ਕਰਨਾ।

### ਬੰਗਲਾਦੇਸ਼ ਵਿੱਚ ਮੁਹੰਮਦ ਯੂਨਸ ਦੀ ਸਰਕਾਰ

# ਇਨਕਲਾਬੀ ਅਗਵਾਈ ਦੀ ਅਣਹੋਂਦ 'ਚ ਸਰਮਾਏਦਾਰ ਹਾਕਮਾਂ ਦੇ ਦੂਜੇ ਧੜੇ ਨੇ ਸੰਭਾਲੀ ਸੱਤ੍ਹਾ

**ਗੁਰਪ੍ਰੀਤ ਅੰਮ੍ਰਿਤਸਰ**

ਲੰਘੀ 5 ਅਗਸਤ ਨੂੰ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਬੰਗਲਾਦੇਸ਼ੀ ਲੋਕਾਈ, ਜਿਸਦੀ ਅਗਵਾਈ ਮੁੱਖ ਰੂਪ ਵਿੱਚ ਵਿਦਿਆਰਥੀਆਂ ਦੇ ਹੱਥ ਵਿੱਚ ਸੀ, ਨੇ ਅਸਤੀਫ਼ਾ ਦੇ ਕੇ ਦੇਸ਼ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ। ਪਿਛਲੇ ਇੱਕ ਦਹਾਕੇ ਤੋਂ ਵੀ ਵੱਧ ਸਮੇ ਤੋਂ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ ਸੱਤ੍ਹਾ ਉੱਪਰ ਕਾਬਜ ਸੀ। ਵਿਦਿਆਰਥੀਆਂ ਦੇ ਰੋਹ ਫੁਟਾਰੇ ਦਾ ਫੌਰੀ ਕਾਰਣ ਸਰਕਾਰ ਦੀ ਰਾਖਵਾਂਕਰਨ ਨੀਤੀ ਬਣੀ। ਹੌਲੀ-ਹੌਲੀ ਇਸ ਲਹਿਰ ਨੇ ਵਿਸ਼ਾਲ ਹੁੰਦੇ ਹੋਏ ਸਰਕਾਰ ਖਿਲਾਫ ਇੱਕ ਜਬਰਦਸਤ ਸਿਆਸੀ ਲਹਿਰ ਦਾ ਰੂਪ ਧਾਰ ਲਿਆ। ਸਰਕਾਰ ਵੱਲੋਂ ਭਿਆਨਕ ਪੁਲਸੀਆ ਜਬਰ ਦੇ ਬਾਵਜੂਦ ਲੋਕ ਰੋਹ ਘੱਟ ਨਹੀਂ ਹੋਇਆ ਤੇ ਆਖਰਕਾਰ ਪ੍ਰਧਾਨ ਮੰਤਰੀ ਨੂੰ ਦੇਸ਼ ਛੱਡ ਕੇ ਭਾਰਤ ਵਿੱਚ ਸ਼ਰਨ ਲੈਣੀ ਪਈ। ਇਸ ਤੋਂ ਬਾਅਦ ਫੌਜ ਨੇ ਨਵੀਂ ਸਰਕਾਰ ਬਣਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਿਸ ਤਹਿਤ ਸਰਮਾਏਦਾਰਾ ਅਰਥਸ਼ਾਸਤਰੀ ਮੁਹੰਮਦ ਯੂਨਸ ਨੂੰ ਸਰਕਾਰ ਨੂੰ ਨਵਾਂ ਪ੍ਰਧਾਨ ਮੰਤਰੀ ਥਾਪਿਆ ਗਿਆ। ਇਸ ਕਾਰਜਕਾਰੀ ਮੰਤਰੀ ਮੰਡਲ ਵਿੱਚ ਕੁੱਝ ਹੋਰ ਬੈਂਕਰ, ਸਾਬਕਾ ਫੌਜੀ ਜਰਨੈਲ, ਨੌਕਰਸ਼ਾਹ ਅਤੇ ਇਸ ਸਰਕਾਰ ਦੀ ਲੋਕਾਂ ਵਿੱਚ ਮਾਨਤਾ ਸਥਾਪਤ ਕਰਨ ਲਈ ਵਿਦਿਆਰਥੀ ਸੰਘਰਸ਼ ਦੇ ਦੋ ਆਗੂਆਂ ਨੂੰ ਵੀ ਮੰਤਰੀ ਮੰਡਲ ਵਿੱਚ ਲਿਆ ਗਿਆ ਹੈ। ਇਸ ਨਵੀਂ ਸਰਕਾਰ ਨੇ ਆਉਂਦਿਆਂ ਹੀ ਆਪਣੇ ਅਸਲ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਯੂਨੀਵਰਸਿਟੀਆਂ ਵਿੱਚ ਸਿਆਸੀ ਮੁੱਦਿਆਂ ਉੱਪਰ ਵਿਚਾਰ ਚਰਚਾ, ਵਿਦਿਆਰਥੀ ਜਥੇਬੰਦੀਆਂ ਉੱਪਰ ਪਬੰਦੀਆਂ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਬਿਨਾਂ ਸਰਕਾਰ ਨੇ ਸਰਮਾਏਦਾਰਾ "ਕਾਨੂੰਨ ਵਿਵਸਥਾ" ਨੂੰ ਮੁੜ ਪੈਰਾਂ ਭਾਰ ਲੈ ਕੇ ਆਉਣ ਦਾ ਕੰਮ ਵੀ ਹੱਥ ਲਿਆ ਹੈ। ਆਪਣੇ ਪਹਿਲੇ ਫੈਸਲਿਆਂ ਵਿੱਚ ਹੀ ਇਸ ਸਰਕਾਰ ਦਾ ਅਸਲ ਕਿਰਦਾਰ ਸਾਹਮਣੇ ਆ ਗਿਆ ਹੈ। ਇਹ ਸਰਕਾਰ ਇਸ ਸਾਲ ਜਨਵਰੀ ਮਹੀਨੇ ਵਿੱਚ ਸ਼ੇਖ ਹਸੀਨਾ ਸਰਕਾਰ ਵੱਲੋਂ ਕੌਮਾਂਤਰੀ ਮੁਦਰਾ ਕੋਸ਼ ਨਾਲ਼ ਕੀਤੇ ਗਏ 4.7 ਅਰਬ ਡਾਲਰ ਦੇ ਸਮਝੌਤੇ ਨੂੰ ਵੀ ਲਾਗੂ ਕਰ ਰਹੀ ਹੈ। ਇਸ ਸਰਕਾਰ ਦੇ ਕੰਮ ਅਸਲ ਵਿੱਚ ਫੌਜ ਹੀ ਸਾਂਭ ਰਹੀ ਹੈ ਅਤੇ ਇਸਦੇ ਜਿਆਦਾਤਰ ਜਰੂਰੀ ਫੈਸਲੇ ਵੀ ਫੌਜ ਦੀ ਮਰਜੀ ਨਾਲ਼ ਹੀ ਹੋ ਰਹੇ ਹਨ। ਮੁਹੰਮਦ ਯੂਨਸ ਨੇ ਚੋਣਾਂ ਕਰਵਾਉਣ ਸਬੰਧੀ ਵੀ ਗੋਲ-ਮੋਲ ਬਿਆਨ ਦਿੱਤੇ ਹਨ ਜਿਹਨਾਂ ਵਿੱਚ ਉਹ ਕਹਿੰਦਾ ਹੈ ਕਿ "ਸਭ ਹਾਲਾਤਾਂ ਆਮ ਹੋਣ ਪਿੱਛੋਂ ਹੀ ਚੋਣਾਂ ਕਰਵਾਈਆਂ ਜਾਣਗੀਆਂ। ਕੁੱਲ ਮਿਲ਼ਾ ਕੇ ਇਹ ਸਰਕਾਰ ਵੀ ਸ਼ੇਖ ਹਸੀਨਾ ਦੀ ਸਰਕਾਰ ਵਾਂਗ ਇੱਕ ਸਰਮਾਏਦਾਰਾ ਸਰਕਾਰ ਹੀ ਹੈ ਅਤੇ ਇਸਦਾ ਅਸਲ ਕੰਮ ਆਪਣੇ ਅਸਲ ਮਾਲਕਾਂ, ਯਾਨੀ ਦੇਸੀ ਸਰਮਾਏਦਾਰਾਂ ਅਤੇ ਸਾਮਰਾਜੀ ਸਰਮਾਏ ਜਿਸ ਵਿੱਚ ਅਮਰੀਕਾ ਦੀ ਅਗਵਾਈ ਵਾਲਾ ਪੱਛਮੀ ਸਾਮਰਾਜੀ ਧੜਾ ਮੁੱਖ ਹੈ, ਦੀ ਸੇਵਾ ਕਰਨਾ ਹੈ। ਭਾਵੇਂ ਵਿਦਿਆਰਥੀਆਂ ਦੀ ਅਗਵਾਈ ਵਿੱਚ ਬੰਗਲਾਦੇਸ਼ ਦੀ ਲੋਕਾਈ ਦਾ ਘੋਲ਼ ਮਿਸਾਲੀ ਸੀ ਪਰ ਇਨਕਲਾਬੀ ਪਾਰਟੀ ਦੀ ਅਗਵਾਈ ਦੀ ਅਣਹੋਂਦ ਵਿੱਚ ਲੋਕ ਰੋਹ ਦੇ ਬਾਵਜੂਦ ਹਾਕਮਾਂ ਦੇ ਇੱਕ ਧੜੇ ਦੀ ਥਾਂ ਦੂਜਾ ਸੱਤ੍ਹਾ ਉੱਪਰ ਕਾਬਜ਼ ਹੋ ਗਿਆ ਹੈ।

**ਕੌਣ ਹੈ ਮੁਹੰਮਦ ਯੂਨਸ** : ਮੁਹੰਮਦ ਯੂਨਸ ਇੱਕ ਸਰਮਾਏਦਾਰਾ ਅਰਥਸ਼ਾਸਤਰੀ ਅਤੇ ਸਾਬਕਾ ਬੈਂਕਰ ਹੈ। ਯੂਨਸ ਨੂੰ ਸਰਮਾਏਦਾਰ ਹਾਕਮਾਂ ਦੀ ਸੇਵਾ ਲਈ ਸਾਲ 2006 ਵਿੱਚ ਨੋਬਲ ਇਨਾਮ ਵੀ ਮਿਲ਼ ਚੁੱਕਾ ਹੈ। ਮੁਹੰਮਦ ਯੂਨਸ ਅਮਰੀਕੀ ਅਤੇ ਪੱਛਮੀ ਸਾਮਰਾਜੀਆਂ ਦਾ ਲਾਡਲਾ ਹੈ। ਯੂਨਸ ਪੂਰੀ ਤਰ੍ਹਾਂ ਸੱਜੇ-ਪੱਖੀ ਅਰਥਸ਼ਾਸਤਰੀ ਹੈ। ਗਰੀਬੀ ਦੂਰ ਕਰਨ ਲਈ ਵੀ ਉਹ ਮਹਾਂ-ਬਕਵਾਸ ਨੀਤੀਆਂ ਦਾ ਪ੍ਰਚਾਰ ਕਰਦਾ ਹੈ। ਯੂਨਸ ਮੁਤਾਬਕ ਗਰੀਬੀ ਨੂੰ ਦੂਰ ਕਰਨ ਲਈ ਗਰੀਬਾਂ ਵਿੱਚ ਆਪਣੇ ਛੋਟੇ ਉੱਦਮ ਖੋਲਣ ਲਈ ਹੇਠਲੇ ਪੱਧਰ 'ਤੇ ਛੋਟੇ ਕਰਜੇ ਦੇਣ ਲਈ ਬੈਂਕ ਸਥਾਪਤ ਕੀਤੇ ਜਾਣੇ ਚਾਹੀਦੇ ਹਨ। 1983 ਵਿੱਚ ਪੇਂਡੂ ਬੈਂਕ ਦੀ ਸਥਾਪਨਾ ਦੇ ਨਾਲ਼ ਯੂਨਸ ਨੇ ਆਪਣੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਸੀ। ਇਹ ਸੰਕਲਪ ਵੀ ਯੂਨਸ ਦਾ ਆਪਣਾ ਨਹੀਂ ਸਗੋਂ ਇਹ ਵੀ ਜਰਮਨ ਸਹਿਕਾਰੀ ਬੈਂਕਾਂ ਦੀਆਂ ਨੀਤੀਆਂ ਨਾਲ਼ ਮਿਲਦਾ-ਜੁਲਦਾ ਹੀ ਸੀ। ਕਰਜਿਆਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਹਰ ਹਫ਼ਤੇ ਕਰਨੀ ਪੈਂਦੀ ਹੈ। ਲੋਕਾਂ ਕੋਲ਼ੋਂ ਕਰਜ਼ਾ ਵਸੂਲਣ ਲਈ ਕਿਰਾਏ ਦੇ ਗੁੰਡੇ ਰੱਖੇ ਜਾਂਦੇ ਹਨ ਜੋ ਕਰਜਾ ਨਾ ਮੋੜਨ ਦੀ ਸਥਿਤੀ ਵਿੱਚ ਪੂਰੇ ਪਰਿਵਾਰ ਨੂੰ ਅਗਵਾ ਤੱਕ ਵੀ ਕਰ ਲੈਂਦੇ ਹਨ। ਯੂਨਸ ਦੇ ਇਸ ਮਾਡਲ ਨੂੰ ਸੰਸਾਰ ਭਰ ਵਿੱਚ ਕਈ ਥਾਵਾਂ 'ਤੇ ਵਰਤ ਕੇ ਵਿੱਤੀ ਸਰਮਾਏਦਾਰਾਂ ਨੇ ਮੋਟੇ ਮੁਨਾਫੇ ਕਮਾਏ। ਸਾਲ 2010 ਵਿੱਚ ਗਰੀਬਾਂ ਦਾ ਖੂਨ ਨਿਚੋੜ ਕੇ ਯੂਨਸ ਦੀ ਬੈਂਕ ਕੰਪਨੀ (ਗ੍ਰਾਮੀਣ ਬੈਂਕ) ਨੇ 10 ਅਰਬ ਡਾਲਰ ਦਾ ਮੁਨਾਫਾ ਕਮਾਇਆ। ਵਿੱਤੀ ਖੇਤਰ ਤੋਂ ਬਿਨਾਂ ਯੂਨਸ ਨੇ ਦੂਰਸੰਚਾਰ, ਊਰਜਾ, ਉਸਾਰੀ ਅਤੇ ਕੱਪੜਾ ਸਨਅਤ ਵਿੱਚ



ਵੀ ਨਿਵੇਸ਼ ਕੀਤਾ ਹੋਇਆ ਹੈ। ਯੂਨਸ ਦੇ ਇਹ "ਸਮਾਜਕ ਉੱਦਮ" ਵੱਡੇ ਸਰਮਾਏ ਉੱਪਰ ਪੂਰੀ ਤਰ੍ਹਾਂ ਨਾਲ਼ ਨਿਰਭਰ ਹਨ। ਉਸਦੀ ਗ੍ਰਾਮੀਣ ਦੂਰਸੰਚਾਰ ਕੰਪਨੀ ਵੀ ਨਾਰਵੇ ਦੀ ਟੈਲੀਨੌਰ ਕੰਪਨੀ ਦਾ ਖਾਸਾ ਵੱਡਾ ਨਿਵੇਸ਼ ਹੈ। ਹੁਣ ਤੱਕ ਦਾ ਤਜਰਬਾ ਇਹ ਸਾਬਤ ਕਰ ਚੁੱਕਾ ਹੈ ਕਿ ਮਾਇਕਰੋ ਕਰਜ਼ਿਆਂ ਨਾਲ਼ ਛੋਟੇ ਉੱਦਮ ਸਥਾਪਤ ਕਰਕੇ ਸਮਾਜ ਵਿੱਚੋਂ ਗਰੀਬੀ ਦੂਰ ਕਰਨਾ ਅਸੰਭਵ ਹੈ। ਇਹ ਨੀਤੀਆਂ ਸਿਰਫ ਸਰਮਾਏਦਾਰਾਂ ਲਈ ਮੁਨਾਫਾ ਕਮਾਉਣ ਦੇ ਨਵੇਂ ਦਿਸਹੱਦੇ ਖੋਲਣ ਦਾ ਹੀ ਕੰਮ ਕਰਦੀਆਂ ਹਨ। ਇਸੇ ਕਾਰਣ ਯੂਨਸ ਪੱਛਮੀ ਸਾਮਰਾਜੀਆਂ ਵਿੱਚ ਕਾਫੀ ਹਰਮਨ ਪਿਆਰਾ ਹੈ। ਨੋਬਲ ਸ਼ਾਂਤੀ ਇਨਾਮ ਤੋਂ ਬਿਨਾਂ, ਉਸਨੂੰ 2009 ਵਿੱਚ ਓਬਾਮਾ ਦੁਆਰਾ ਅਜਾਦੀ ਦਾ ਮੈਡਲ ਤੇ ਪੱਛਮੀ ਸਾਮਰਾਜੀਆਂ ਵੱਲੋਂ ਹੋਰ ਕਈ ਤਗਮੇ ਦਿੱਤੇ ਗਏ ਹਨ।

**ਸ਼ੇਖ ਹਸੀਨਾ ਖਿਲਾਫ ਵਿਦਰੋਹ ਅਤੇ ਬੰਗਲਾਦੇਸ਼ ਦੀ ਨਵੀਂ ਸਰਕਾਰ** : ਸ਼ੇਖ ਹਸੀਨਾ ਦੀ ਪਾਰਟੀ ਪਿਛਲੇ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਬੰਗਲਾਦੇਸ਼ ਦੀ ਰਾਜਸੱਤ੍ਹਾ ਉੱਪਰ ਕਾਬਜ ਸੀ। ਇਸ ਸਰਕਾਰ ਨੇ ਧੜੱਲੇ ਨਾਲ਼ ਨਵ-ਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕਰਕੇ ਦੇਸੀ-ਵਿਦੇਸ਼ੀ ਸਰਮਾਏ ਦੀ ਸੇਵਾ ਕੀਤੀ। ਇਹਨਾਂ ਨੀਤੀਆਂ ਨੂੰ ਹੋਰ ਜਿਆਦਾ ਤੇਜੀ ਨਾਲ਼ ਲਾਗੂ ਕਰਨ ਲਈ ਸਰਕਾਰ ਨੇ ਲੋਕਾਂ ਦੇ ਸੀਮਤ ਜਮਹੂਰੀ ਹੱਕਾਂ ਨੂੰ ਬੁਰੀ ਤਰ੍ਹਾਂ ਨਾਲ਼ ਕੁਚਲਿਆ। ਇੱਥੋਂ ਤੱਕ ਕਿ ਸਰਮਾਏਦਾਰਾ ਵਿਰੋਧੀ ਪਾਰਟੀਆਂ ਵੀ ਇੱਕ ਤਰ੍ਹਾਂ ਨਾਲ਼ ਪਬੰਦੀ ਵਾਲ਼ੀ ਹਾਲਤ ਵਿੱਚ ਹੀ ਸਨ। ਮਜਦੂਰ ਟਰੇਡ ਯੂਨੀਅਨ, ਵਿਦਿਆਰਥੀ ਜਥੇਬੰਦੀਆਂ ਨੂੰ ਵੀ ਖੁੱਲ੍ਹ ਕੇ ਕੰਮ ਕਰਨ ਦੀ ਅਜ਼ਾਦੀ ਨਹੀਂ ਸੀ। ਪਿਛਲੇ ਕਾਫੀ ਸਮੇਂ ਤੋਂ ਬੰਗਲਾਦੇਸ਼ ਵਿੱਚ ਗਰੀਬੀ, ਬੇਰੁਜਗਾਰੀ ਬਹੁਤ ਜ਼ਿਆਦਾ ਵਧ ਰਹੀ ਸੀ ਜਿਸ ਕਾਰਣ ਲੋਕਾਂ ਵਿੱਚ ਇਸ ਸਰਕਾਰ ਵਿਰੁੱਧ ਕਾਫੀ ਗੁੱਸਾ ਸੀ। ਸਰਕਾਰ ਦੇ ਡਿੱਗਣ ਤੋਂ ਐਨ ਪਹਿਲਾਂ ਮਹਿੰਗਾਈ ਦਰ 10% ਤੱਕ ਪਹੁੰਚ ਚੁੱਕੀ ਸੀ। ਬੰਗਲਾਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ ਵੀ ਘਟਕੇ 42 ਅਰਬ ਡਾਲਰ ਹੋ ਗਿਆ ਸੀ ਜਿਸ ਤੋਂ ਬਾਅਦ ਇਸ ਸਾਲ ਜਨਵਰੀ ਵਿੱਚ ਸਰਕਾਰ ਨੂੰ ਕੌਮਾਂਤਰੀ ਮੁਦਰਾ ਕੋਸ਼ ਕੋਲੋਂ 4.7 ਅਰਬ ਡਾਲਰ ਦਾ ਇੱਕ ਕਰਜਾ ਲੈਣਾ ਪਿਆ। ਇਸ ਕਰਜੇ ਦੀਆਂ ਸ਼ਰਤਾਂ ਤਹਿਤ ਅਵਾਮੀ ਲੀਗ ਦੀ ਸਰਕਾਰ ਨੇ ਲੋਕਾਂ ਨੂੰ ਮਿਲਣ ਵਾਲ਼ੀਆਂ ਨਿਗੂਣੀਆਂ ਸਮਾਜਕ ਸਹੂਲਤਾਂ ਉੱਪਰ ਹੋਰ ਵੱਡੀ ਕਾਟ ਲਾਈ ਜਿਸ ਕਾਰਣ ਪਹਿਲਾਂ ਤੋਂ ਹੀ ਤੰਗ ਲੋਕਾਂ ਦਾ ਜੀਵਨ ਪੱਧਰ ਹੋਰ ਡਿੱਗ ਪਿਆ। ਲੋਕ ਰੋਹ ਦਾ ਫੌਰੀ ਕਾਰਣ ਬੰਗਲਾਦੇਸ਼ ਦੀਆਂ ਸਰਕਾਰੀ ਨੌਕਰੀਆਂ ਵਿੱਚ 1971 ਦੀ ਅਜਾਦੀ ਦੀ ਜੰਗ ਦੇ ਫੌਜੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤਾ ਜਾਣ ਵਾਲ਼ਾ ਰਾਖਵਾਂਕਰਨ ਬਣਿਆ। ਹਸੀਨਾ ਸਰਕਾਰ ਨੇ ਵਿਦਿਆਰਥੀਆਂ ਨਾਲ਼ ਗੱਲਬਾਤ ਕਰਨ ਦੀ ਥਾਂ 'ਤੇ ਜਬਰ ਕਰਨ ਦਾ ਰਾਹ ਚੁਣਿਆ। ਭਿਆਨਕ ਪੁਲਸੀਆ ਜਬਰ ਵਿੱਚ 800 ਤੋਂ ਵੱਧ ਵਿਦਿਆਰਥੀ ਅਤੇ ਹੋਰ ਲੋਕ ਮਾਰੇ ਗਏ ਅਤੇ 25,000 ਤੋਂ ਵੱਧ ਜਖਮੀ ਹੋਏ। ਇਸ ਜਬਰ ਕਾਰਣ ਲੋਕਾਂ ਦਾ ਗੁੱਸਾ ਹੋਰ ਭੜਕ ਪਿਆ ਅਤੇ ਇਸ ਲਹਿਰ ਦਾ ਦਾਇਰਾ ਨੌਕਰੀਆਂ ਲੈਣ ਲਈ ਸੰਘਰਸ਼ ਤੋਂ ਵਧ ਕੇ ਕੁੱਲ ਸਰਕਾਰ ਦਾ ਤਖਤਾਪਲਟ ਕਰਨ ਤੱਕ ਪਹੁੰਚ ਗਿਆ। ਇਹ ਘੋਲ਼ ਸਰਕਾਰ ਦੀ ਥਾਂ 'ਤੇ ਕਿਤੇ ਕੁੱਲ ਰਾਜ ਪ੍ਰਬੰਧ ਵਿਰੁੱਧ ਸੇਧਤ ਨਾ ਹੋ ਜਾਵੇ, ਇਸ ਲਈ ਫੌਜ ਨੇ ਸ਼ੇਖ ਹਸੀਨਾ ਨੂੰ ਅਸਤੀਫ਼ਾ ਦੇ ਕੇ ਦੇਸ਼ ਛੱਡ ਜਾਣ ਲਈ ਕਿਹਾ।

ਇਸ ਲਹਿਰ ਦੀ ਅਗਵਾਈ ਕਿਸੇ ਇਨਕਲਾਬੀ ਪਾਰਟੀ ਦੇ ਹੱਥ ਵਿੱਚ ਨਹੀਂ ਸੀ। ਇਹ ਲੋਕਾਂ ਦਾ ਆਪ ਮੁਹਾਰੇ ਫੁੱਟਿਆ ਘੋਲ਼ ਸੀ ਜਿਸਦਾ ਟੀਚਾ ਇਸ ਪ੍ਰਬੰਧ ਨੂੰ ਮੁੱਢੋਂ-ਸੁੱਢੋਂ ਬਦਲਣਾ ਨਹੀਂ ਸੀ। ਵਿਦਿਆਰਥੀਆਂ ਦੀਆਂ ਮੰਗਾਂ ਵਧ ਕੇ ਸਿਰਫ ਸ਼ੇਖ ਹਸੀਨਾ ਦੀ ਸਰਕਾਰ ਨੂੰ ਸੁੱਟਣ ਤੱਕ ਹੀ ਰਹੀਆਂ। ਇਸ ਸੰਘਰਸ਼ ਦਾ ਖਾਸਾ ਕਦੀ ਵੀ ਕੁੱਲ ਸਰਮਾਏਦਾਰਾ ਪ੍ਰਬੰਧ ਨੂੰ ਉਲਟਾਉਣ ਦਾ ਨਹੀਂ ਬਣਿਆ। ਬਿਨਾਂ ਸ਼ੱਕ ਇਸ ਘੋਲ਼ ਨੇ ਜਮਹੂਰੀ ਹੱਕ ਹਾਸਲ ਕੀਤੇ ਹਨ ਪਰ ਜੇਕਰ ਇਸ ਘੋਲ਼ ਨੂੰ ਇਨਕਲਾਬੀ ਅਗਵਾਈ ਨਾ ਮਿਲ਼ੀ ਤਾਂ ਸਮਾਂ ਆਉਣ 'ਤੇ ਹਾਕਮ ਮੁੜ ਇਹਨਾਂ ਹੱਕਾਂ ਨੂੰ ਖੋਹ ਲੈਣਗੇ। ਇਸ ਘੋਲ਼ ਵਿੱਚ ਮਜਦੂਰ ਜਮਾਤ ਇੱਕ ਸੁਚੇਤ, ਜਥੇਬੰਦ ਸਿਆਸੀ ਜਮਾਤ ਵਜੋਂ ਸ਼ਾਮਲ ਨਹੀਂ ਹੋਈ। ਮਜਦੂਰਾਂ ਨੇ ਲੋਕਾਈ ਦੇ ਹਿੱਸੇ ਵਜੋਂ, ਆਪ-ਮੁਹਾਰੇ ਢੰਗ ਨਾਲ਼ ਘੋਲ਼ ਵਿੱਚ ਸ਼ਮੂਲੀਅਤ ਕੀਤੀ। ਇਹ ਇਸ ਘੋਲ਼ ਦੀ ਸੀਮਤਾਈ ਹੈ।

ਬੰਗਲਾਦੇਸ਼ ਵਿੱਚ ਇੱਕ ਸਰਮਾਏਦਾਰਾ ਸਰਕਾਰ ਦੀ ਜਗ੍ਹਾ, ਦੂਜੀ ਸਰਮਾਏਦਾਰਾ ਸਰਕਾਰ ਨੇ ਲੈ ਲਈ ਹੈ ਪਰ ਸਰਮਾਏਦਾਰਾ ਲੋਟੂ ਰਾਜ ਉਵੇਂ ਦਾ ਉਵੇਂ ਕਾਇਮ ਹੈ। ਸੰਘਰਸ਼ ਦੌਰਾਨ ਲੋਕਾਂ ਨੇ ਪੁਲਸੀਆ ਜਬਰ ਦੇ ਜਵਾਬ ਵਿੱਚ ਬੰਗਲਾਦੇਸ਼ ਵਿੱਚ 450 ਤੋਂ ਵੱਧ ਪੁਲਸ ਸਟੇਸ਼ਨ ਉੱਪਰ ਜਵਾਬੀ ਹਮਲੇ ਕੀਤੇ। ਸਰਕਾਰ ਡਿੱਗਣ ਤੋਂ ਬਾਅਦ ਬੰਗਲਾਦੇਸ਼ ਦੀ ਪੁਲਸ ਨੇ ਕੁਝ ਸਮੇਂ ਲਈ ਹੜਤਾਲ ਕਰ ਦਿੱਤੀ ਅਤੇ ਨਵੀਂ ਬਣੀ ਸਰਕਾਰ ਵੱਲੋਂ ਸੁਰੱਖਿਆ ਦੇ ਵਾਅਦੇ ਤੋਂ ਬਾਅਦ ਹੀ ਡਿਊਟੀ ਉੱਪਰ ਵਾਪਸ ਆਈ। ਇਸ ਤੋਂ ਬਿਨਾਂ ਨਵੀਂ ਸਰਕਾਰ ਨੇ ਫੌਰਨ ਲੋਕਾਂ ਨੂੰ ਆਪਣੇ ਹਥਿਆਰ ਵਾਪਸ ਕਰਨ, ਸੰਘਰਸ਼ ਕਮੇਟੀਆਂ ਭੰਗ ਕਰਨ ਦੇ ਹੁਕਮ ਸੁਣਾਏ ਹਨ। ਇਸ ਸੰਘਰਸ਼ ਦੌਰਾਨ ਲੋਕਾਂ ਉੱਪਰ ਭਿਆਨਕ ਜਬਰ ਢਾਹੁਣ ਵਾਲ਼ੇ ਪੁਲਸ ਅਧਿਕਾਰੀਆਂ ਉੱਪਰ ਅਜੇ ਕਿਸੇ ਕਿਸਮ ਦੀ ਕਾਰਵਾਈ ਦੀ ਵੀ ਕੋਈ ਖ਼ਬਰ ਨਹੀਂ ਹੈ। ਕੁਝ ਦਿਨ ਪਹਿਲਾਂ ਹੀ ਨਵੇਂ ਮੁਖੀ ਮੁਹੰਮਦ ਯੂਨਸ ਨੇ ਬੰਗਲਾਦੇਸ਼ ਦੇ ਵੱਡੇ ਸਰਮਾਏਦਾਰਾਂ ਨਾਲ਼ ਮੀਟਿੰਗ ਕੀਤੀ। ਇਸ ਮੀਟਿੰਗ ਤੋਂ ਬਾਅਦ ਬੰਗਲਾਦੇਸ਼ੀ ਸਰਮਾਏਦਾਰਾਂ ਦੀ ਸਾਂਝੀ ਸੰਸਥਾ ਨੇ ਨਵੀਂ ਸਰਕਾਰ ਉੱਪਰ ਆਪਣਾ ਪੂਰਾ ਭਰੋਸਾ ਜਤਾਇਆ! ਇਸ ਤੋਂ ਬਿਨਾਂ ਸਰਕਾਰ ਕੋਲ਼ੋਂ ਕਰਜਾ ਮੁਆਫੀ ਅਤੇ ਕੁਝ ਹੋਰ ਸਹੂਲਤਾਂ ਦੀ ਮੰਗ ਵੀ ਕੀਤੀ। ਕੁੱਲ ਮਿਲ਼ਾਕੇ ਮੁਹੰਮਦ ਯੂਨਸ ਦੀ ਸਰਕਾਰ ਤੇਜੀ ਨਾਲ਼ ਸਰਮਾਏਦਾਰਾ ਰਾਜ ਨੂੰ ਮੁੜ ਪੱਕੇ ਪੈਰੀਂ ਕਰ ਰਹੀ ਹੈ।


ਇਸ ਤੋਂ ਬਿਨਾਂ ਇਹ ਨਵੀਂ ਸਰਕਾਰ ਦੇ ਬਣਦਿਆਂ ਹੀ ਅਮਰੀਕਾ ਸਮੇਤ ਪੱਛਮੀ ਸਾਮਰਾਜੀ ਕਾਫੀ ਖੁਸ਼ ਹਨ। ਕੁਝ ਮਸਲਿਆਂ ਉੱਪਰ ਸ਼ੇਖ ਹਸੀਨਾ ਸਰਕਾਰ ਨਾਲ਼ ਅਮਰੀਕੀ ਸਾਮਰਾਜੀਆਂ ਦੀ ਅਣਬਣ ਚੱਲ ਰਹੀ ਸੀ। ਅਮਰੀਕਾ ਚੀਨ ਨੂੰ ਘੇਰਨ ਲਈ, ਬੰਗਲਾਦੇਸ਼ ਦੇ ਇੱਕ ਟਾਪੂ ਉੱਪਰ ਆਪਣੀ ਫੌਜੀ ਚੌਕੀ ਬਣਾਉਣ ਲਈ ਸ਼ੇਖ ਹਸੀਨਾ ਉੱਪਰ ਦਬਾਅ ਬਣਾ ਰਿਹਾ ਸੀ। ਹੁਣ ਇੰਦਾਂ ਲੱਗਦਾ ਹੈ ਕਿ ਬੰਗਲਾਦੇਸ਼ ਵਿੱਚ ਪੱਛਮੀ ਸਾਮਰਾਜੀ ਧੜੇ ਦਾ ਹੱਥ ਉੱਪਰ ਹੋ ਗਿਆ ਹੈ। ਇਸ ਵਰਤਾਰੇ ਤੋਂ ਵੀ ਇਹ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਹ ਨਵੀਂ ਸਰਕਾਰ ਕਿੰਨੀ ਕੁ ਲੋਕ ਪੱਖੀ ਹੋਵੇਗੀ, ਜਿਸਦੇ ਬਣਨ ਉੱਪਰ ਅਮਰੀਕੀ ਸਾਮਰਾਜੀ ਖੁਸ਼ ਹੋ ਰਹੇ ਹਨ! 20 ਅਗਸਤ ਨੂੰ ਮੀਡੀਆ ਨੂੰ ਮੁਖਾਤਬ ਹੁੰਦੇ ਹੋਏ, ਅਮਰੀਕੀ ਸੁਰੱਖਿਆ ਸੰਸਥਾ ਪੈਂਟਾਗਨ ਦੇ ਪ੍ਰੈਸ ਸਕੱਤਰ ਮੇਜਰ-ਜਨਰਲ ਪੈਟ ਰਾਈਡਰ ਨੇ ਅਮਰੀਕਾ-ਬੰਗਲਾਦੇਸ਼ "ਰੱਖਿਆ ਸਬੰਧਾਂ" ਦੀ ਸ਼ਲਾਘਾ ਕੀਤੀ। ਉਸਨੇ ਅੱਗੇ ਕਿਹਾ ਕਿ ਅਮਰੀਕਾ ਬੰਗਲਾਦੇਸ਼ ਦੀ ਫੌਜ ਅਤੇ ਅੰਤਰਿਮ ਸਰਕਾਰ ਨਾਲ਼ ਮਿਲ਼ ਕੇ "ਕੰਮ ਕਰਨ ਲਈ ਉਤਸ਼ਾਹਤ" ਹੈ। ਅਮਰੀਕਾ ਯੂਨਸ ਨਾਲ਼ ਆਪਣੇ ਚੰਗੇ ਸਬੰਧਾਂ ਨੂੰ ਵਰਤ ਕੇ, ਦੱਖਣੀ ਏਸ਼ੀਆ ਦੇ ਖਿੱਤੇ ਵਿੱਚ ਚੀਨ ਨੂੰ ਘੇਰਾ ਪਾਉਣ ਦੀ ਯੁੱਧਨੀਤੀ ਤਹਿਤ ਨਵੀਂ ਸਰਕਾਰ ਦੀ ਹਮਾਇਤ ਕਰ ਰਿਹਾ ਹੈ। ਪਰ ਇਹ ਇਸ ਖਿੱਤੇ ਦੇ ਕਿਰਤੀ ਲੋਕਾਂ ਲਈ ਬਿਲਕੁਲ ਵੀ ਚੰਗੀ ਗੱਲ ਨਹੀਂ ਹੈ।

ਬੰਗਲਾਦੇਸ਼ ਵਿੱਚ ਹੋਏ ਲੋਕ ਉਭਾਰ ਤੋਂ ਕਈ ਚੀਜਾਂ ਮੁੜ-ਸਪੱਸ਼ਟ ਹੋ ਗਈਆਂ। ਇਸ ਘੋਲ਼ ਦੀ ਪ੍ਰਾਪਤੀ ਇਹ ਹੈ ਕਿ ਸਿਰਫ ਕੁਝ ਦਿਨਾਂ ਵਿੱਚ ਹੀ ਲੋਕਾਂ ਦੇ ਰੋਹ ਨੇ ਇੱਕ ਜਾਬਰ ਸਰਕਾਰ ਦਾ ਤਖਤਾਪਲਟ ਕਰ ਦਿੱਤਾ। ਇਸ ਨੇ ਸਾਡੇ ਸਾਹਮਣੇ ਲੋਕਾਂ ਦੀ ਤਾਕਤ ਦਾ ਮਿਸਾਲੀ ਨਮੂਨਾ ਪੇਸ਼ ਕੀਤਾ ਹੈ। ਲੋਕ ਰੋਹ ਦੇ ਸਾਹਮਣੇ ਫੌਜ, ਪੁਲਸ ਕਿਵੇਂ ਰੇਤ ਦੀਆਂ ਕੰਧਾਂ ਸਾਬਤ ਹੋਏ, ਇਹ ਸਾਰੇ ਸੰਸਾਰ ਦੀ ਲੋਕਾਈ ਨੇ ਦੇਖਿਆ। ਇਸ ਵਰਤਾਰੇ ਤੋਂ ਲਾਜਮੀ ਹੀ ਪੂਰੇ ਸੰਸਾਰ ਵਿੱਚ ਜਮਹੂਰੀ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਊਰਜਾ ਪ੍ਰਾਪਤ ਹੋਈ ਹੈ। ਬੰਗਲਾਦੇਸ਼ ਦੇ ਲੋਕਾਂ ਦੇ ਆਪਣੇ ਸ਼ਾਨਮੱਤੇ ਸੰਘਰਸ਼ੀਲ ਇਤਿਹਾਸ ਨੂੰ ਮੁੜ ਦੁਹਰਾਉਂਦਿਆਂ ਜਮਹੂਰੀ ਹੱਕ ਹਾਸਲ ਕੀਤੇ ਹਨ। ਇਸ ਘੋਲ਼ ਤੋਂ ਬਾਅਦ, ਬੰਗਲਾਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮਜਦੂਰ ਟਰੇਡ ਯੂਨੀਅਨ ਲਹਿਰ ਮੁੜ ਆਪਣੇ ਪੈਰਾਂ ਭਾਰ ਹੋ ਰਹੀ ਹੈ। ਕਈ ਫੈਕਟਰੀਆਂ ਵਿੱਚ ਮਜਦੂਰਾਂ ਨੇ ਉਜਰਤਾਂ ਵਧਾਉਣ, ਕੰਮ ਦੀਆਂ ਹਾਲਤਾਂ ਸੁਧਾਰਨ ਲਈ ਰੋਸ ਵਿਖਾਵੇ ਕੀਤੇ ਹਨ। ਇਹ ਇੱਕ ਸਵਾਗਤਯੋਗ ਵਰਤਾਰਾ ਹੈ। ਪਰ ਇਸਦੇ ਨਾਲ਼ ਹੀ ਇਸ ਘੋਲ਼ ਦੇ ਕਮਜ਼ੋਰ ਪੱਖ ਉੱਪਰ ਵੀ ਧਿਆਨ ਦੇਣਾ ਜਰੂਰੀ ਹੈ। ਇੱਕ ਇਨਕਲਾਬੀ ਪਾਰਟੀ ਦੀ ਜਥੇਬੰਦ ਅਗਵਾਈ ਦੀ ਅਣਹੋਂਦ ਵਿੱਚ, ਲੋਕ ਸੰਘਰਸ਼ ਕੁੱਲ ਲੋਟੂ ਪ੍ਰਬੰਧ ਨੂੰ ਨਹੀਂ ਬਦਲ ਸਕਦੇ। ਇਸ ਸੰਘਰਸ਼ ਵਿੱਚ ਵੀ ਬੰਗਲਾਦੇਸ਼ ਦੀ ਮਜਦੂਰ ਜਮਾਤ ਦੇ ਇੱਕ ਸੁਚੇਤ, ਸਿਆਸੀ ਜਮਾਤ ਵਜੋਂ ਸ਼ਾਮਲ ਨਾ ਹੋਣ ਕਾਰਣ ਸਰਮਾਏਦਾਰਾ ਰਾਜ ਕਾਇਮ ਹੈ, ਭਾਵੇਂ ਕਿ ਇਹ ਪਹਿਲਾਂ ਦੇ ਮੁਕਾਬਲੇ ਕੁਝ ਕਮਜ਼ੋਰ ਜ਼ਰੂਰ ਹੋਇਆ ਹੈ। ਸਿਰਫ ਇੱਕ ਜਾਂ ਦੂਜੀ ਸਰਕਾਰ ਦੇ ਬਦਲਣ ਨਾਲ਼, ਇਸ ਪ੍ਰਬੰਧ ਵਿੱਚ ਗਰੀਬੀ, ਬੇਰੁਜਗਾਰੀ, ਲੁੱਟ ਖਤਮ ਨਹੀਂ ਕੀਤੀ ਜਾ ਸਕਦੀ। ਇਸ ਸਰਮਾਏਦਾਰਾ ਪ੍ਰਬੰਧ ਨੂੰ ਮੁਕੰਮਲ ਰੂਪ ਵਿੱਚ ਉਲਟ ਕੇ, ਇੱਕ ਸਮਾਜਵਾਦੀ ਰਾਜ ਕਾਇਮ ਕਰਨ ਨਾਲ਼ ਹੀ ਕਿਰਤੀ ਲੋਕਾਂ ਦੇ ਦੁੱਖਾਂ ਦਾ ਅੰਤ ਹੋਵੇਗਾ।

**ਲਲਕਾਰ 'ਚੋਂ ਧੰਨਵਾਦ ਸਹਿਤ**

# 'ਬੁਲਡੋਜ਼ਰ ਨਿਆਂ' ਦੇ ਦੌਰ 'ਚ ਹਾਵਰਡ ਜ਼ਿਨ ਦੇ ਭਾਸ਼ਣ ਦੀ ਪ੍ਰਸੰਗਿਕਤਾ

- ਸੁਭਾਸ਼ ਗਾਤਾੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ





***ਬੁਲਡੋਜ਼ਰਾਂ ਰਾਹੀਂ ਮਕਾਨ ਢਾਹੁਣ ਦੀ ਮੁਹਿੰਮ ਦੇ ਤਹਿਤ ਤਾਜ਼ਾ ਕੇਸ ਮੱਧ ਪ੍ਰਦੇਸ਼ ਦੇ ਛਤਰਪੁਰ ਦਾ ਹੈ ਜਿੱਥੇ ਲੱਗਭੱਗ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਮਕਾਨ ਢਾਹ ਦਿੱਤਾ ਗਿਆ । ਇਹ ਘਟਨਾ ਮੁਲਕ ਤੇ ਲੋਕਾਂ ਦੇ ਸਾਹਮਣੇ ਵਾਪਰੀ ਅਤੇ ਸਾਰੇ ਲੋਕ ਹਮੇਸ਼ਾ ਵਾਂਗ ਚੁੱਪ ਰਹੇ । ਦਿਨ-ਦਿਹਾੜੇ ਕਾਂਗਰਸ ਨੇਤਾ ਹਾਜੀ ਸ਼ਹਿਜਾਦ ਅਲੀ ਦਾ ਇਹ ਮਕਾਨ ਢਾਹ ਦਿੱਤਾ ਗਿਆ । ਬਗੈਰ ਕਿਸੇ ਨੋਟਿਸ ਦੇ ਅਤੇ ਬਗੈਰ ਕਿਸੇ ਅਗਾਊਂ ਸੂਚਨਾ ਦੇ । ਘਰ ਦੇ ਸਾਹਮਣੇ ਖੜ੍ਹੀਆਂ ਤਿੰਨ ਕਾਰਾਂ ਵੀ ਨਸ਼ਟ ਕਰ ਦਿੱਤੀਆਂ ਗਈਆਂ ।***

'ਸਾਡੀ ਸਮੱਸਿਆ ਨਾਗਰਿਕ ਜੀ-ਹਜ਼ੂਰੀ ਹੈ-ਇਹ ਸ਼ਬਦ ਉੱਘੇ ਅਮਰੀਕੀ ਇਤਿਹਾਸਕਾਰ, ਨਾਟਕਕਾਰ, ਦਾਰਸ਼ਨਿਕ ਅਤੇ ਸਮਾਜਵਾਦੀ ਸਿਧਾਂਤਕਾਰ ਹਾਵਰਡ ਜ਼ਿਨ ਦੇ ਹਨ, ਜਿਸ ਦੀ ਲਿਖੀ ਕਿਤਾਬ 'ਏ ਪੀਪਲਜ਼ ਹਿਸਟਰੀ ਆਫ ਯੂਨਾਈਟਿਡ ਸਟੇਟਸ' ਦੀਆਂ ਲੱਖਾਂ ਕਾਪੀਆਂ ਵਿਕ ਚੁੱਕੀਆਂ ਹਨ। ਦੁਨੀਆ ਦੇ ਮੁਲਕਾਂ 'ਚ ਜਦੋਂ ਵੀ ਉੱਥੋਂ ਦੀ ਜਨਤਾ ਹੁਕਮਰਾਨਾਂ ਦੇ ਹਰ ਫਰਮਾਨ ਨੂੰ ਸਿਰ-ਮੱਥੇ ਕਬੂਲ ਕਰਦੀ ਹੈ ਤਾਂ ਇਹ ਸ਼ਬਦ ਅੱਜ ਵੀ ਦੁਹਰਾਏ ਜਾਂਦੇ ਹਨ।

ਇਸ ਬਿਆਨ ਦੇ ਇਤਿਹਾਸ ਬਾਰੇ ਬਹੁਤ ਘੱਟ ਜਾਣਕਾਰੀ ਹੈ, ਜੋ ਉਸ ਨੇ ਅਮਰੀਕਾ ਦੇ ਯੁੱਧ-ਵਿਰੋਧੀ ਅੰਦੋਲਨ (1971) ਦੌਰਾਨ ਬਾਲਟੀਮੋਰ ਯੂਨੀਵਰਸਿਟੀ ਕੈਂਪਸ ਵਿਚ ਰੈਡੀਕਲ ਵਿਦਿਆਰਥੀਆਂ ਅਤੇ ਤਬਦੀਲੀਪਸੰਦ ਅਧਿਆਪਕਾਂ ਦੇ ਵਿਸ਼ਾਲ ਇਕੱਠ 'ਚ ਦਿੱਤਾ ਸੀ। ਇਹ ਉਹ ਦੌਰ ਸੀ ਜਦੋਂ ਅਮਰੀਕਨ ਸਰਕਾਰ ਵੀਅਤਨਾਮ ਯੁੱਧ ਵਿਚ ਗ੍ਰਸਤ ਸੀ, ਜਿੱਥੋਂ ਅਮਰੀਕੀ ਫ਼ੌਜੀਆਂ ਦੀਆਂ ਮਹਿਜ਼ ਲਾਸ਼ਾਂ ਹੀ ਵਾਪਸ ਆਉਂਦੀਆਂ ਸਨ। ਇਸ ਨੂੰ ਲੈ ਕੇ ਲੋਕਾਂ 'ਚ ਗੁੱਸਾ ਵਧ ਰਿਹਾ ਸੀ ਅਤੇ ਜਨਤਕ ਅੰਦੋਲਨ ਵੱਲੋਂ ਅਮਰੀਕੀ ਸਰਕਾਰ ਉੱਪਰ ਉੱਥੋਂ ਆਪਣੀਆਂ ਫ਼ੌਜਾਂ ਵਾਪਸ ਸੱਦਣ ਲਈ ਦਬਾਅ ਪਾਇਆ ਜਾ ਰਿਹਾ ਸੀ।

ਇਸ ਇਤਿਹਾਸਕ ਸਾਬਤ ਹੋ ਚੁੱਕੇ ਭਾਸ਼ਣ ਤੋਂ ਇਕ ਦਿਨ ਪਹਿਲਾਂ ਜੋ ਵਾਪਰਿਆ ਉਹ ਅਣਵਿਉਂਤਿਆ ਤੇ ਅਣਕਿਆਸਿਆ ਸੀ। ਇਕ ਯੁੱਧ ਵਿਰੋਧੀ ਪ੍ਰਦਰਸ਼ਨ 'ਚ ਸ਼ਾਮਲ ਹੋਣ ਕਰਕੇ ਹਾਵਰਡ ਨੂੰ ਫੈਡਰਲ ਪੁਲਿਸ ਨੇ ਹਿਰਾਸਤ 'ਚ ਲਿਆ ਸੀ ਅਤੇ ਉਸ ਨੂੰ ਅਗਲੇ ਦਿਨ ਅਦਾਲਤ 'ਚ ਹਾਜ਼ਰ ਹੋਣ ਲਈ ਕਿਹਾ ਗਿਆ ਸੀ। ਸਵਾਲ ਇਹ ਸੀ ਕਿ ਕੀ ਉਹ ਅਗਲੇ ਦਿਨ ਅਦਾਲਤ ਦੇ ਸਾਹਮਣੇ ਹਾਜ਼ਰ ਹੋਵੇ, ਜਿੱਥੇ ਉਸ ਨੂੰ ਚੇਤਾਵਨੀ ਦਿੱਤੀ ਜਾਵੇਗੀ ਅਤੇ ਫਿਰ ਘਰ ਜਾਣ ਨੂੰ ਕਿਹਾ ਜਾਵੇਗਾ, ਜਾਂ ਉਹ ਬਾਲਟੀਮੋਰ ਜਾਣ ਦੇ ਆਪਣੇ ਫ਼ੈਸਲੇ ਉੱਪਰ ਡੱਟਿਆ ਰਹੇ? ਯਾਨੀ, ਰੈਡੀਕਲ ਵਿਦਿਆਰਥੀਆਂ ਨੇ ਉਸ ਨੂੰ ਜੋ ਸੱਦਾ ਭੇਜਿਆ ਸੀ ਪਹਿਲਾਂ ਉਸਦਾ ਸਨਮਾਨ ਕਰੇ ਅਤੇ ਉਸ ਤੋਂ ਅਗਲੇ ਦਿਨ ਅਦਾਲਤ ਦੇ ਸਾਹਮਣੇ ਹਾਜ਼ਰ ਹੋਵੇ? ਇਹ ਸਪੱਸ਼ਟ ਸੀ ਕਿ ਇਸ ਹੁਕਮ-ਅਦੂਲੀ ਲਈ ਉਸ ਨੂੰ ਘੱਟੋਘੱਟ ਕੁਝ ਦਿਨ ਜਾਂ ਮਹੀਨੇ ਤਾਂ ਸੀਖ਼ਾਂ ਦੇ ਪਿੱਛੇ ਜਾਣਾ ਹੀ ਪੈਂਦਾ।

ਜ਼ਿਨ ਨੇ ਬਾਲਟੀਮੋਰ ਜਾਣ ਦਾ ਫ਼ੈਸਲਾ ਲਿਆ। ਜਿੱਥੇ ਉਸ ਨੇ ਉਪਰੋਕਤ ਭਾਸ਼ਣ ਦਿੱਤਾ, ਜਿਸ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ 'ਚ ਜਬਰਦਸਤ ਪ੍ਰਤੀਕਰਮ ਹੋਇਆ। ਵਾਪਸ ਆ ਕੇ ਅਗਲੇ ਹੀ ਦਿਨ ਉਹ ਅਦਾਲਤ ਦੇ ਸਾਹਮਣੇ ਹਾਜ਼ਰ ਹੋਇਆ। ਜਿਵੇਂ ਕਿ ਉਮੀਦ ਸੀ, ਉਸ ਨੂੰ ਕੁਝ ਹਫ਼ਤੇ ਲਈ ਜੇਲ੍ਹ ਭੇਜ ਦਿੱਤਾ ਗਿਆ।

ਇਸ ਵਕਤ, ਜਦੋਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਮੁਲਕ ਵਿਚ 'ਬੁਲਡੋਜ਼ਰ ਨਿਆਂ' ਦੀਆਂ ਘਟਨਾਵਾਂ ਵਾਰ-ਵਾਰ ਸਾਹਮਣੇ ਆ ਰਹੀਆਂ ਹਨ, ਤਾਂ ਹਾਵਰਡ ਜ਼ਿਨ ਦੇ ਉਪਰੋਕਤ ਭਾਸ਼ਣ ਦੀ ਪ੍ਰਸੰਗਿਕਤਾ ਹੋਰ ਵੀ ਵਧ ਜਾਂਦੀ ਹੈ।

ਬੁਲਡੋਜ਼ਰ ਨੂੰ ਨਿਆਂ ਦਾ 'ਵਾਹਕ' ਬਣਾਉਣਾ ਹੁਣ ਆਮ ਗੱਲ ਹੋ ਗਈ ਹੈ।

ਅਜੇ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਇਕ ਪ੍ਰਮੁੱਖ ਨਿਊਜ਼ ਰਸਾਲੇ ਫਰੰਟਲਾਈਨ ਨੇ ਭਾਰਤ ਵਿਚ ਫੈਲ ਰਹੇ 'ਬੁਲਡੋਜ਼ਰ ਰਾਜ' ਬਾਰੇ ਤੱਥ ਪੇਸ਼ ਕੀਤੇ ਸਨ। ਰਸਾਲੇ ਅਨੁਸਾਰ, ਸਿਰਫ਼ ਦੋ ਸਾਲਾਂ ਵਿਚ ਹੀ ਪੂਰੇ ਮੁਲਕ ਵਿਚ 1.5 ਲੱਖ ਤੋਂ ਵੱਧ ਘਰ ਢਾਹ ਦਿੱਤੇ ਗਏ ਹਨ ਅਤੇ 7.4 ਲੱਖ ਲੋਕ ਬੇਘਰ ਹੋ ਗਏ ਹਨ। ਲੇਖ ਵਿਚ ਇਹ ਵੀ ਚਰਚਾ ਕੀਤੀ ਗਈ ਕਿ ਜਦੋਂ ਛੋਟੀਆਂ-ਮੋਟੀਆਂ ਘਟਨਾਵਾਂ ਦੇ ਬਹਾਨੇ ਘਰਾਂ ਅਤੇ ਵਪਾਰਕ ਥਾਵਾਂ ਨੂੰ ਢਾਹੁਣ ਲਈ ਭੇਜਿਆ ਬੁਲਡੋਜ਼ਰ ਚੱਲਦਾ ਹੈ ਤਾਂ ਮੁਸਲਮਾਨਾਂ ਅਤੇ ਹੋਰ ਧਾਰਮਿਕ ਤੇ ਸਮਾਜਿਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਸਮੂਹਾਂ ਉੱਪਰ ਇਸਦੀ ਸਭ ਤੋਂ ਵੱਧ ਕਿਵੇਂ ਮਾਰ ਪੈਂਦੀ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਸਾਲ ਚੋਣ ਨਤੀਜੇ ਆਉਣ ਤੋਂ ਪੰਦਰਾਂ ਦਿਨ ਦੇ ਅੰਦਰ ਹੀ, ਲਖਨਊ ਦੇ ਅਕਬਰਨਗਰ ਵਿਚ ਇਸੇ ਤਰ੍ਹਾਂ ਦੀ ਵਿਆਪਕ ਤਬਾਹੀ ਮੁਹਿੰਮ ਚਲਾਈ ਗਈ, ਜਿਸ ਦੇ ਤਹਿਤ ਰਾਜ ਸਰਕਾਰ ਨੇ 1,800 ਤੋਂ ਵੱਧ ਇਮਾਰਤਾਂ ਢਾਹ ਦਿੱਤੀਆਂ ਸਨ ਜਿਨ੍ਹਾਂ ਵਿਚ 1,169 ਘਰ ਅਤੇ 101 ਕਾਰੋਬਾਰੀ ਅਦਾਰੇ ਸ਼ਾਮਲ ਸਨ। ਇਸ ਦੇ ਬਾਵਜੂਦ ਕਿ ਲੋਕ ਕਈ ਦਹਾਕਿਆਂ ਤੋਂ ਉੱਥੇ ਰਹਿ ਰਹੇ ਸਨ।

ਇਹ ਕਾਰਵਾਈ ਭਾਰਤ ਦੇ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਸੀ ਜਿਸ ਦੇ ਤਹਿਤ ਰਾਜ ਲੋਕਾਂ ਨੂੰ ਜ਼ਿੰਦਗੀ ਅਤੇ ਨਿੱਜੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਨਿਆਂ ਦੀ ਸਹੀ ਪ੍ਰਕਿਰਿਆ ਤੋਂ ਬਿਨਾਂ ਬੁਨਿਆਦੀ ਅਧਿਕਾਰਾਂ ਤੋਂ ਵਿਰਵਾ ਨਹੀਂ ਕੀਤਾ ਜਾ ਸਕਦਾ।

ਬੁਲਡੋਜ਼ਰਾਂ ਰਾਹੀਂ ਮਕਾਨ ਢਾਹੁਣ ਦੀ ਮੁਹਿੰਮ ਦੇ ਤਹਿਤ ਤਾਜ਼ਾ ਕੇਸ ਮੱਧ ਪ੍ਰਦੇਸ਼ ਦੇ ਛਤਰਪੁਰ ਦਾ ਹੈ ਜਿੱਥੇ ਲੱਗਭੱਗ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਮਕਾਨ ਢਾਹ ਦਿੱਤਾ ਗਿਆ। ਇਹ ਘਟਨਾ ਮੁਲਕ ਤੇ ਲੋਕਾਂ ਦੇ ਸਾਹਮਣੇ ਵਾਪਰੀ ਅਤੇ ਸਾਰੇ ਲੋਕ ਹਮੇਸ਼ਾ ਵਾਂਗ ਚੁੱਪ ਰਹੇ। ਦਿਨ-ਦਿਹਾੜੇ ਕਾਂਗਰਸ ਨੇਤਾ ਹਾਜੀ ਸ਼ਹਿਜਾਦ ਅਲੀ ਦਾ ਇਹ ਮਕਾਨ ਢਾਹ ਦਿੱਤਾ ਗਿਆ। ਬਗੈਰ ਕਿਸੇ ਨੋਟਿਸ ਦੇ ਅਤੇ ਬਗੈਰ ਕਿਸੇ ਅਗਾਊਂ ਸੂਚਨਾ ਦੇ। ਘਰ ਦੇ ਸਾਹਮਣੇ ਖੜ੍ਹੀਆਂ ਤਿੰਨ ਕਾਰਾਂ ਵੀ ਨਸ਼ਟ ਕਰ ਦਿੱਤੀਆਂ ਗਈਆਂ।

ਇਹ ਅਜੇ ਵੀ ਸਪੱਸ਼ਟ ਨਹੀਂ ਹੈ ਕਿ ਇਹ ਵਿਸ਼ਾਲ ਮਕਾਨ ਕਿਸ ਦੇ ਹੁਕਮ 'ਤੇ ਢਾਹਿਆ ਗਿਆ ਅਤੇ ਬਾਹਰ ਖੜ੍ਹੀਆਂ ਤਿੰਨ ਕਾਰਾਂ ਕਿਸ ਦੇ ਹੁਕਮ 'ਤੇ ਤੋੜੀਆਂ ਗਈਆਂ। ਆਖ਼ਿਰ ਕਿਸ ਕਾਨੂੰਨ ਨੇ ਪੁਲਿਸ ਅਤੇ ਪ੍ਰਸ਼ਾਸਨ ਨੂੰ ਭਾਰਤ ਦੇ ਇਕ ਨਾਗਰਿਕ ਨੂੰ ਇਸ ਤਰ੍ਹਾਂ ਦਾ 'ਝੱਟਪੱਟ ਨਿਆਂ' ਦਿੱਤਾ? ਕੀ ਸ਼ਿਕਾਇਤਾਂ ਪੇਸ਼ ਕਰਨ ਲਈ ਲੋਕਾਂ ਦੀ ਅਗਵਾਈ ਕਰਨਾ ਜਾਂ ਲੋਕਾਂ ਨੂੰ ਹਿੰਸਕ ਨਾ ਹੋਣ ਤੇ ਸ਼ਾਂਤਮਈ ਰਹਿਣ ਲਈ ਕਹਿਣਾ ਜੁਰਮ ਹੈ? ਅਤੇ ਜੇ ਹਜੂਮ ਬੇਕਾਬੂ ਵੀ ਹੋ ਜਾਵੇ ਤਾਂ ਕੀ ਇਸਦਾ ਭਾਵ ਇਹ ਹੈ ਕਿ ਭਾਈਚਾਰੇ ਦੇ ਆਗੂ ਜਾਂ ਇਲਾਕੇ ਦੇ ਜਾਣੇ-ਪਛਾਣੇ ਵਿਅਕਤੀ, ਜੋ ਕਥਿਤ ਤੌਰ 'ਤੇ ਜਲੂਸ ਦੀ ਅਗਵਾਈ ਕਰ ਰਿਹਾ ਹੈ, ਨੂੰ ਆਪਣੇ ਹੀ ਘਰ ਅਤੇ ਕਾਰੋਬਾਰਾਂ ਨੂੰ ਤੋੜੇ ਜਾਣ ਦਾ ਸਾਹਮਣਾ ਕਰਨਾ ਪਵੇ? ਕਿਹੜਾ ਕਾਨੂੰਨ ਬੁਨਿਆਦੀ ਹੱਕਾਂ 'ਤੇ ਇਸ ਤਰ੍ਹਾਂ ਹਮਲਾ ਕਰਨ ਦਾ ਅਧਿਕਾਰ ਦਿੰਦਾ ਹੈ?

ਕੀ ਇਹ ਕਹਿਣਾ ਮੁਨਾਸਿਬ ਹੋਵੇਗਾ ਕਿ ਇਸ ਕਾਰਵਾਈ ਬਾਰੇ ਪ੍ਰਸ਼ਾਸਨ ਦੀਆਂ ਵੱਖੋ-ਵੱਖਰੀਆਂ ਵਿਆਖਿਆਵਾਂ ਇਸ ਮੁੱਦੇ 'ਤੇ ਉਨ੍ਹਾਂ ਦੇ ਘਚੋਲੇ ਨੂੰ ਦਰਸਾਉਂਦੀਆਂ ਹਨ, ਕਿ ਇਸ ਕਾਰਵਾਈ ਵਿਚ ਪ੍ਰਸ਼ਾਸਨ ਨੂੰ ਬਚਾਓਵਾਦੀ ਪੈਂਤੜਾ ਅਪਣਾਉਣਾ ਪੈ ਰਿਹਾ ਹੈ? ਜਿਵੇਂ ਕਿ ਵਿਸ਼ਲੇਸ਼ਣ ਕਰਤਾਵਾਂ ਨੇ ਕਿਹਾ ਹੈ ਕਿ ਪਹਿਲਾਂ ਇਸ ਤੋੜ-ਫੋੜ ਨੂੰ ਇਸ ਆਧਾਰ 'ਤੇ ਜਾਇਜ਼ ਠਹਿਰਾਇਆ ਗਿਆ ਕਿ ਇਹ ਸਰਕਾਰੀ ਜ਼ਮੀਨ 'ਤੇ ਬਣਿਆ ਹੋਇਆ ਸੀ, ਫਿਰ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ ਇਹ ਜਲ-ਸਰੋਤ ਦੇ ਨੇੜੇ ਸੀ ਅਤੇ ਹੁਣ ਕਿਹਾ ਜਾ ਰਿਹਾ ਹੈ ਕਿ ਜ਼ਮੀਨ ਤਾਂ ਸ਼ਹਿਜਾਦ ਅਲੀ ਦੀ ਹੀ ਹੈ, ਪਰ ਘਰ ਦਾ ਨਕਸ਼ਾ ਸੰਬੰਧਤ ਵਿਭਾਗ ਤੋਂ ਪਾਸ ਨਹੀਂ ਕਰਾਇਆ ਗਿਆ ਸੀ।

ਆਖ਼ਿਰ ਕਦੋਂ ਤੋਂ ਕੋਈ ਉਸਾਰੀ - ਜਿਸਦਾ ਨਕਸ਼ਾ ਸੰਬੰਧਤ ਅਧਿਕਾਰੀਆਂ ਵੱਲੋਂ ਪਾਸ ਨਾ ਕੀਤਾ ਗਿਆ ਹੋਵੇ - ਇਸ ਤਰ੍ਹਾਂ ਤੁਰੰਤ ਢਾਹੀ ਜਾਣ ਲੱਗੀ ਹੈ, ਤਰੁੱਟੀ ਨੂੰ ਦਰੁਸਤ ਕਰਨ ਦੀ ਪ੍ਰਕਿਰਿਆ ਅਪਣਾਏ ਬਿਨਾਂ, ਜਿਸ ਤਹਿਤ ਅਦਾਲਤ ਜਾਂ ਸੰਬੰਧਤ ਵਿਭਾਗ ਕੁਝ ਜੁਰਮਾਨਾ ਲਾਉਂਦਾ ਹੈ ਜਾਂ ਵਿਵਾਦਗ੍ਰਸਤ ਇਮਾਰਤ ਦੇ ਇਕ ਹਿੱਸੇ ਨੂੰ ਢਾਹ ਦਿੰਦਾ ਹੈ?

ਦਰਅਸਲ, ਜਿਸ ਤਰੀਕੇ ਨਾਲ ਇਸ ਮਹਿਲਨੁਮਾ ਮਕਾਨ ਨੂੰ ਢਾਹਿਆ ਗਿਆ ਅਤੇ ਹੁਣ ਇਕ ਤੋਂ ਬਾਅਦ ਇਕ ਨਵੇਂ ਸਪੱਸ਼ਟੀਕਰਨ ਸਾਹਮਣੇ ਆ ਰਹੇ ਹਨ, ਉਸ ਨੂੰ ਦੇਖਦਿਆਂ ਮੱਧ ਪ੍ਰਦੇਸ਼ ਸਰਕਾਰ ਦੇ ਅਧਿਕਾਰੀਆਂ ਨੂੰ ਹੁਣ ਇਨ੍ਹਾਂ ਦੋਸ਼ਾਂ ਤੋਂ ਬਚਣਾ ਮੁਸ਼ਕਲ ਲੱਗ ਰਿਹਾ ਹੈ ਕਿ ਉਨ੍ਹਾਂ ਨੇ ਪੱਖਪਾਤੀ ਤਰੀਕੇ ਨਾਲ ਵਿਹਾਰ ਕੀਤਾ ਅਤੇ ਸੰਵਿਧਾਨ ਦੇ ਰੱਖਿਅਕਾਂ ਵਜੋਂ ਨਹੀਂ ਸਗੋਂ 'ਸੱਤਾਧਾਰੀ ਭਾਜਪਾ ਦੇ ਸੇਵਕਾਂ ਵਾਂਗ' ਵਰਤਾਓ ਕੀਤਾ। ਇਨ੍ਹਾਂ ਵਿਵਾਦਪੂਰਨ ਇਮਾਰਤਾਂ ਨੂੰ ਢਾਹੁਣ ਤੋਂ ਸਿਰਫ਼ ਦੋ ਹਫ਼ਤੇ ਪਹਿਲਾਂ, ਕਾਂਗਰਸ ਪਾਰਟੀ ਨੇ ਆਪਣੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਦੀ ਅਗਵਾਈ 'ਚ ਇਕ ਵਿਸ਼ਾਲ ਰੈਲੀ ਕੀਤੀ ਸੀ ਜਿਸ ਵਿਚ ਭਿੰਡ ਦੇ ਜ਼ਿਲ੍ਹਾ ਕੁਲੈਕਟਰ (ਡੀਸੀ) ਵਿਰੁੱਧ ਐੱਫਆਈਆਰ ਦਰਜ ਕਰਨ ਦੀ ਮੰਗ ਕੀਤੀ ਗਈ ਸੀ ਜਿਸ ਨੇ ਕਥਿਤ ਤੌਰ 'ਤੇ ਧਾਰਮਿਕ ਅਧਾਰ 'ਤੇ ਘਰ ਢਾਹ ਦਿੱਤੇ ਸਨ।

ਇਹ ਭੁੱਲਣਾ ਨਹੀਂ ਚਾਹੀਦਾ ਕਿ ਇਮਾਰਤਾਂ ਢਾਹੁਣ ਦੀਆਂ ਇਹ ਘਟਨਾਵਾਂ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਚੱਲ ਰਹੇ ਵਿਆਪਕ ਵਰਤਾਰੇ ਦੀ ਝਲਕ ਮਾਤਰ ਹਨ।

ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਸਿਰਫ਼ ਇਕ ਹਫ਼ਤਾ ਬਾਅਦ, ਆਦਿਵਾਸੀ ਬਹੁਗਿਣਤੀ ਵਾਲੇ ਮੰਡਲਾ ਜ਼ਿਲ੍ਹੇ ਵਿਚ ਸਰਕਾਰੀ ਜ਼ਮੀਨ ਉੱਪਰ ਬਣੇ ਘੱਟਗਿਣਤੀ ਭਾਈਚਾਰੇ ਦੇ 11 ਘਰ ਇਹ ਦੋਸ਼ ਲਾ ਕੇ ਢਾਹ ਦਿੱਤੇ ਗਏ ਸਨ ਕਿ ਉੱਥੇ 'ਬੀਫ ਦਾ ਗ਼ੈਰਕਾਨੂੰਨੀ ਵਪਾਰ' ਕੀਤਾ ਜਾ ਰਿਹਾ ਹੈ। ਜਿਵੇਂ ਕਿ ਪੀੜਤਾਂ ਨੇ ਦੱਸਿਆ, ਮਕਾਨਾਂ ਨੂੰ ਢਾਹੁਣ ਤੋਂ ਪਹਿਲਾਂ ਕਿਸੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਸਿਰਫ਼ ਇਹ ਦਾਅਵਾ ਕੀਤਾ ਗਿਆ ਕਿ ਘਰ 'ਸਰਕਾਰੀ ਜ਼ਮੀਨ 'ਤੇ ਬਣਾਏ ਹੋਏ ਹਨ। ਉਨ੍ਹਾਂ ਇਲਾਕਿਆਂ 'ਚ ਫਟਾਫਟ ਬੁਲਡੋਜ਼ਰ ਭੇਜ ਦਿੱਤੇ ਗਏ ਅਤੇ ਪੁਲਿਸ ਲਸ਼ਕਰਾਂ ਦੇ ਪਹਿਰੇ ਹੇਠ ਉਨ੍ਹਾਂ ਦੇ ਮਕਾਨ ਮਲਬੇ ਦੇ ਢੇਰ ਬਣਾ ਦਿੱਤੇ ਗਏ।

ਇੰਝ ਜਾਪਦਾ ਹੈ ਕਿ ਹੁਣ 'ਹਜੂਮ ਦਾ ਕੰਮ' 'ਪੁਲਿਸ/ਪ੍ਰਸ਼ਾਸਨ ਨੇ ਆਪਣੇ ਹੱਥ ਲੈ ਲਿਆ ਹੈ ਜਿੱਥੇ ਰਾਜ ਦਾ ਚੌਕਸੀਵਾਦ ਘੱਟਗਿਣਤੀ ਭਾਈਚਾਰੇ ਵਿਰੁੱਧ ਹਿੰਸਾ ਨੂੰ ਵਾਜਬੀਅਤ ਮੁਹੱਈਆ ਕਰ ਰਿਹਾ ਹੈ। ਇਹ ਇਕ ਤਰ੍ਹਾਂ ਨਾਲ 2015 'ਚ ਵਾਪਰੇ ਕਾਂਡ ਦਾ ਦੁਹਰਾਓ ਹੈ, ਜਦੋਂ ਰਾਜਧਾਨੀ ਦਿੱਲੀ ਨੇੜੇ ਦਾਦਰੀ ਨਾਂ ਦੇ ਸਥਾਨ 'ਤੇ ਪਿੰਡ ਵਾਲਿਆਂ ਦਾ ਇਕ ਹਜੂਮ ਮੁਹੰਮਦ ਅਖਲਾਕ ਦੇ ਘਰ 'ਚ ਜਾ ਘੁਸਿਆ ਸੀ - ਮਹਿਜ਼ ਇਸ ਸ਼ੱਕ ਤਹਿਤ ਕਿ ਉਸ ਨੇ ਆਪਣੇ ਫਰਿੱਜ ਵਿਚ ਗਊ ਮਾਸ ਰੱਖਿਆ ਹੋਇਆ ਹੈ - ਅਤੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ।


ਹਾਲਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਮੱਧ ਪ੍ਰਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਗ਼ੈਰ-ਕਾਨੂੰਨੀ ਉਸਾਰੀਆਂ ਢਾਹੁਣ ਬਾਬਤ ਘੱਟੋ-ਘੱਟ 1000 ਪਟੀਸ਼ਨਾਂ ਵਿਚਾਰ-ਅਧੀਨ ਹਨ, ਜੋ ਬੁਲਡੋਜ਼ਰ ਅਨਿਆਂ ਦੇ ਇਸ ਵਰਤਾਰੇ ਉੱਪਰ ਸਵਾਲ ਉਠਾਉਂਦੀਆਂ ਹਨ। ਮੁਲਕ ਦੀ ਸਰਵਉੱਚ ਅਦਾਲਤ ਨੇ ਅਜਿਹੇ ਤੁਰੰਤ (ਅ)ਨਿਆਂ ਦੇ ਤਰੀਕਿਆਂ ਬਾਰੇ ਆਪਣੀ ਰਾਏ ਪ੍ਰਗਟ ਕਰਨੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵੱਖ-ਵੱਖ ਪੱਧਰ ਦੀਆਂ ਅਦਾਲਤਾਂ ਨੇ ਹਾਲੇ ਤੱਕ - ਇੱਥੋਂ ਤੱਕ ਕਿ ਸਰਵਉੱਚ ਅਦਾਲਤ ਨੇ ਵੀ - ਭਾਜਪਾ ਦੀ ਹਕੂਮਤ ਵਾਲੇ ਵੱਖ-ਵੱਖ ਰਾਜਾਂ ਵਿਚ 'ਤੁਰੰਤ ਨਿਆਂ' ਦੀਆਂ ਇਨ੍ਹਾਂ ਵਾਰਦਾਤਾਂ ਦਾ ਨੋਟਿਸ ਨਹੀਂ ਲਿਆ ਹੈ।

ਇਹ ਮੁੱਦਾ ਮੱਧ ਪ੍ਰਦੇਸ਼, ਜੋ ਪਿਛਲੇ ਦੋ ਦਹਾਕਿਆਂ ਤੋਂ ਭਾਜਪਾ ਦਾ ਮਜ਼ਬੂਤ ਗੜ੍ਹ ਹੈ, ਜਾਂ ਕਿਸੇ ਹੋਰ ਰਾਜ ਤੱਕ ਸੀਮਤ ਨਹੀਂ ਹੈ। ਇਹ ਸਿਲਸਿਲਾ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਆਮ ਹੈ। ਮਿਸਾਲ ਲਈ, ਰਾਜਸਥਾਨ ਦੇ ਉਦੈਪੁਰ ਵਿਚ ਇਕ ਮੁਸਲਮਾਨ ਵਿਦਿਆਰਥੀ ਵੱਲੋਂ ਕਿਸੇ ਕਾਰਨ ਆਪਣੇ ਹਿੰਦੂ ਸਹਿਪਾਠੀ ਦੀ ਹੱਤਿਆ ਕੀਤੇ ਜਾਣ ਦੀ ਘਟਨਾ ਵਾਪਰੀ। ਫਿਰ ਪੁਲਿਸ/ਪ੍ਰਸ਼ਾਸਨ ਨੇ ਜੋ ਕੀਤਾ ਉਸ ਉੱਪਰ ਕਿਸੇ ਨੂੰ ਵੀ ਵਿਸ਼ਵਾਸ ਨਹੀਂ ਆਵੇਗਾ। ਅਦਾਲਤ ਅਜੇ ਇਸ ਮਾਮਲੇ ਉੱਪਰ ਗ਼ੌਰ ਕਰ ਹੀ ਰਹੀ ਸੀ ਅਤੇ ਅਜੇ ਸੁਣਵਾਈ ਵੀ ਸ਼ੁਰੂ ਨਹੀਂ ਸੀ ਹੋਈ ਕਿ ਇਸ ਦੌਰਾਨ ਪੁਲਿਸ-ਪ੍ਰਸ਼ਾਸਨ ਬੁਲਡੋਜ਼ਰ ਲਸ਼ਕਰ ਲੈ ਕੇ ਉਸ ਇਲਾਕੇ 'ਚ ਜਾ ਪਹੁੰਚੇ ਜਿੱਥੇ ਮੁਲਜ਼ਮ ਵਿਦਿਆਰਥੀ ਕਿਰਾਏ ਦੇ ਮਕਾਨ 'ਚ ਆਪਣੇ ਮਾਪਿਆਂ ਨਾਲ ਰਹਿੰਦਾ ਸੀ। ਪੁਲਿਸ ਨੇ ਪੂਰਾ ਮਕਾਨ ਢਾਹ ਦਿੱਤਾ, ਜਦਕਿ ਮਕਾਨ ਦੇ ਮੁਸਲਮਾਨ ਮਾਲਕ ਦਾ ਉਸ ਘਟਨਾ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਸੀ।

ਸਪੱਸ਼ਟ ਗੱਲ ਇਹ ਹੈ ਕਿ ਕਿਸੇ ਖ਼ਾਸ ਤਬਕੇ/ਭਾਈਚਾਰੇ ਵਿਰੁੱਧ ਬਦਲੇ ਦੀ ਭਾਵਨਾ ਨਾਲ ਅਜਿਹੀ ਕਾਰਵਾਈ ਜਾਂ ਹਿੰਸਾ ਨੂੰ ਮਹਿਜ਼ ਕਾਨੂੰਨੀ ਸ਼ਬਦਾਵਲੀ 'ਚ ਜਾਂ ਉਸ ਦੀਆਂ ਕਥਿਤ ਕਮੀਆਂ ਦੀ ਗੱਲ ਕਰਕੇ ਨਹੀਂ ਸਮਝਿਆ ਜਾ ਸਕਦਾ। ਸ਼ਾਇਦ ਅਜਿਹੀਆਂ ਘਟਨਾਵਾਂ ਅਜਿਹੇ ਮਾਹੌਲ ਵਿਚ ਵਧੇਰੇ ਦਿਖਾਈ ਦਿੰਦੀਆਂ ਹਨ ਜਿੱਥੇ ਕਾਨੂੰਨ ਪੱਖਪਾਤੀ ਹੁੰਦੇ ਹਨ ਜੋ ਰਾਜ ਅਤੇ ਇਸ ਦੀ ਮਸ਼ੀਨਰੀ ਲਈ ਕਿਸੇ ਵਿਸ਼ੇਸ਼ ਨਸਲੀ, ਸੱਭਿਆਚਾਰਕ ਸਮੂਹ ਜਾਂ ਕਿਸੇ ਖ਼ਾਸ ਧਾਰਮਿਕ/ਸਮਾਜਿਕ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣਾ ਸੌਖਾ ਬਣਾਉਂਦੇ ਹਨ, ਜਾਂ ਤੁਅੱਸਬਾਂ ਨਾਲ ਗ੍ਰਸਿਆ ਸਰਕਾਰੀ ਵਤੀਰਾ ਹੁੰਦਾ ਹੈ ਜਿਸ ਦੀਆਂ ਜੜ੍ਹਾਂ ਸਮਾਜ ਦੀਆਂ ਇਤਿਹਾਸਕ ਦਰਾੜਾਂ ਵਿਚ ਹੁੰਦੀਆਂ ਹਨ।

ਇਤਿਹਾਸ ਸਾਨੂੰ ਹਿਟਲਰ ਦੇ ਜਰਮਨੀ ਵਿਚ ਨਿਊਰਮਬਰਗ ਕਾਨੂੰਨਾਂ (1935) ਬਾਰੇ ਦੱਸਦਾ ਹੈ, ਜਿਸ ਨੇ ਨਾਜ਼ੀ ਹਕੂਮਤ ਲਈ ਯਹੂਦੀਆਂ ਨਾਲ ਵਿਤਕਰੇ ਨੂੰ ਨੀਤੀ ਦੇ ਰੂਪ 'ਚ ਅੰਜਾਮ ਦੇਣਾ ਬਹੁਤ ਹੀ ਸੌਖਾ ਬਣਾ





ਦਿੱਤਾ ਸੀ। ਉਸ ਨੇ ਜਰਮਨੀ ਵਿਚ ਸਾਮੀ ਨਸਲ ਵਿਰੋਧੀ ਰਵੱਈਏ ਨੂੰ ਵੀ ਸੰਸਥਾਗਤ ਰੂਪ ਦੇ ਦਿੱਤਾ, ਜਿਸ ਦਾ ਸਿੱਟਾ ਨਸਲੀ ਸਫ਼ਾਏ ਵਿਚ ਨਿਕਲਿਆ। ਅਜਿਹੀ ਸਥਿਤੀ, ਇਕ ਤਰ੍ਹਾਂ ਨਾਲ, ਉਨ੍ਹਾਂ ਦੇ ਅੰਦਰਲੇ ਘੱਟਗਿਣਤੀ ਭਾਈਚਾਰੇ ਨੂੰ ਸਾਰੇ ਅਧਿਕਾਰਾਂ ਤੋਂ ਵਾਂਝੇ ਕਰਦੀ ਹੈ ਅਤੇ ਉਨ੍ਹਾਂ ਨੂੰ ਬਹੁਗਿਣਤੀ ਭਾਈਚਾਰੇ ਦੇ ਰਹਿਮ ਦੇ ਹਵਾਲੇ ਕਰ ਦਿੰਦੀ ਹੈ।

ਅਸੀਂ ਅਜਿਹੀ ਸਥਿਤੀ ਦੇ ਵੀ ਰੂਬਰੂ ਹੋ ਸਕਦੇ ਹਾਂ ਜਿੱਥੇ ਅਜਿਹੇ ਪੱਖਪਾਤੀ ਕਾਨੂੰਨ ਰਸਮੀ ਤੌਰ ’ਤੇ ਮੌਜੂਦ ਨਾ ਹੋਣ, ਪਰ ਵੱਖ-ਵੱਖ ਇਤਿਹਾਸਕ ਅਤੇ ਹੋਰ ਕਾਰਨਾਂ ਕਰਕੇ ਅਜਿਹੇ ਪੱਖਪਾਤੀ ਜਾਂ ਤੁਅੱਸਬੀ ਵਿਹਾਰ ਵੱਧ ਤੋਂ ਵੱਧ ਆਮ ਹੋ ਜਾਂਦੇ ਹਨ।

ਅਜਿਹੇ ਹਾਲਾਤ ਵੀ ਹੋ ਸਕਦੇ ਹਨ ਜਿੱਥੇ ਕਾਨੂੰਨ ਦੇ ਸਾਹਮਣੇ ਹਰ ਕੋਈ ਬਰਾਬਰ ਹੈ, ਅਰਥਾਤ ਅਜਿਹੇ ਕਾਨੂੰਨ ਵਿਧਾਨਕ ਤੌਰ ’ਤੇ ਮੌਜੂਦ ਨਾ ਹੋਣ, ਪਰ ਹਕੀਕਤ ਵਿਚ, ਖ਼ਾਸ ਭਾਈਚਾਰਿਆਂ ਦੇ ਵਿਰੁੱਧ ਵਿਤਕਰਾ ਸਰੇਆਮ ਹੋਵੇ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨੌਕਰਸ਼ਾਹੀ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਪੱਧਰਾਂ ’ਤੇ ਅਜਿਹੇ ਤੁਅੱਸਬ ਏਨੇ ਡੂੰਘੇ ਧਸੇ ਹੋਏ ਹਨ, ਜਿਸ ਨੂੰ ਪ੍ਰੋਫੈਸਰ ਅਪੂਰਵਾਨੰਦ ‘ਭਾਰਤੀ ਰਾਜ ਮਸ਼ੀਨਰੀ ਦਾ ਹਿੰਦੂਤਵੀਕਰਨ’ ਕਹਿੰਦੇ ਹਨ, ਜੋ ਇਕ ਤਰ੍ਹਾਂ ਨਾਲ ‘ਪਿਛਲੇ ਦਸ ਸਾਲਾਂ ਦੀ ਸਭ ਤੋਂ ਖ਼ੌਫ਼ਨਾਕ ਘਟਨਾ’ ਹੈ ਅਤੇ ਉਹ ਇਸ ਗੱਲ ਉੱਪਰ ਵੀ ਜ਼ੋਰ ਦਿੰਦੇ ਹਨ ਕਿ ਉਨ੍ਹਾਂ (ਨੌਕਰਸ਼ਾਹੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ) ਨੂੰ ਇਹ ਗੱਲ ਕਦੇ ਭੁੱਲਣੀ ਨਹੀਂ ਚਾਹੀਦੀ ਕਿ ਉਨ੍ਹਾਂ ਦੀ ਜ਼ਿੰਦਗੀ ’ਚ ਕਿਸੇ ਨਾ ਕਿਸੇ ਮੁਕਾਮ ’ਤੇ, ਸਾਡਾ ਸਮਾਜ ਨਿਆਂ ਦੀ ਦਿਸ਼ਾ ’ਚ ਵਾਪਸ ਪਰਤੇਗਾ। ਅਪੂਰਵਾਨੰਦ ਲਿਖਦੇ ਹਨ:

“ਪੀੜਤ ਉਨ੍ਹਾਂ ਸਾਰੇ ਅਧਿਕਾਰੀਆਂ ਦੇ ਨਾਮ ਜਾਣਦੇ ਹਨ ਜੋ ਬੁਲਡੋਜ਼ਰ ਚਲਾਉਣ ਦੇ ਹੁਕਮ ਜਾਰੀ ਕਰਦੇ ਹਨ ਜਾਂ ਜੋ ਫਰਜ਼ੀ ਮੁਕਾਬਲੇ ਬਣਾਉਂਦੇ ਹਨ। ਇਕ ਦਿਨ ਆਵੇਗਾ, ਅਤੇ ਉਹ ਦਿਨ ਦੂਰ ਨਹੀਂ ਹੈ, ਜਦੋਂ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਲਈ ਅਦਾਲਤਾਂ ਦਾ ਸਾਹਮਣਾ ਕਰਨਾ ਪਏਗਾ, ਜਦੋਂ ਉਨ੍ਹਾਂ ਦੀਆਂ ਅੱਜ ਦੀਆਂ ਕਾਰਵਾਈਆਂ ਨੂੰ ਨਿਆਂ ਦੇ ਸਿਧਾਂਤਾਂ ਦੀ ਤੱਕੜੀ ’ਚ ਤੋਲਿਆ ਜਾਵੇਗਾ ਅਤੇ ਹਰੇਕ ਨੂੰ ਉਨ੍ਹਾਂ ਸਾਰੇ ਜੁਰਮਾਂ ਲਈ ਜਵਾਬ ਦੇਣਾ ਪਏਗਾ ਜਿਨ੍ਹਾਂ ਨੂੰ ਉਹ ਅੱਜ ਨਿੱਜੀ ਤੌਰ ’ਤੇ ਅੰਜਾਮ ਦੇ ਰਹੇ ਹਨ। ਹਰ ਸ਼ਖ਼ਸ ਨੂੰ ਆਪਣੇ ਕੰਮਾਂ ਲਈ ਨਿੱਜੀ ਤੌਰ ’ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਹ ਸਾਰੇ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ, ਜਿਨ੍ਹਾਂ ਨੂੰ ਆਪਣੇ ਸਮੇਂ ਦੇ ਸਭ ਤੋਂ ਹੋਣਹਾਰ ਵਿਦਿਆਰਥੀਆਂ ’ਚ ਸ਼ੁਮਾਰ ਕੀਤਾ ਜਾਂਦਾ ਹੈ ਕਿਉਂਕਿ ਉਹ ਯੂ.ਪੀ.ਐੱਸ.ਸੀ. ਦਾ ਇਮਤਿਹਾਨ ਦੇ ਕੇ ਇਸ ਰੁਤਬੇ ’ਤੇ ਪਹੁੰਚੇ ਹੁੰਦੇ ਹਨ, ਉਹ ਨਿਸ਼ਚਿਤ ਤੌਰ ’ਤੇ ਨਿਊਰਮਬਰਗ ਮੁਕੱਦਮਿਆਂ ਨੂੰ ਭੁੱਲੇ ਨਹੀਂ ਹੋਣਗੇ। ਉਨ੍ਹਾਂ ਮੁਕੱਦਮਿਆਂ ’ਚ ਸਾਰੇ ਦੋਸ਼ੀ ਵਿਅਕਤੀ ਦੇ ਤੌਰ ’ਤੇ ਕਟਹਿਰੇ ਵਿਚ ਸਨ। ਅਸੀਂ ਉਮੀਦ ਕਰ ਸਕਦੇ ਹਾਂ ਕਿ ਇਹ ਸਾਰੇ ਅਧਿਕਾਰੀ ਆਪਣੀ ਵਿਅਕਤੀਗਤ ਹੈਸੀਅਤ ਨੂੰ ਚੇਤੇ ਰੱਖਣਗੇ ਅਤੇ ਆਪਣੇ ਦਿਮਾਗ ਵਰਤਣੇ ਵੀ ਸ਼ੁਰੂ ਕਰਨਗੇ ਜੋ ਰੱਬ ਜਾਂ ਕੁਦਰਤ ਨੇ ਮਨੁੱਖਾਂ ਨੂੰ ਦਿੱਤਾ ਹੋਇਆ ਹੈ। ਚਾਹੀਦਾ ਇਹ ਹੈ ਕਿ ਉਹ ਹਿੰਦੂਤਵ ਦੀ ਇਸ ਜਾਬਰ ਮਸ਼ੀਨ ਦੇ ਪੁਰਜੇ ਨਾ ਬਣਨ – ਜੋ ਮੁਸਲਮਾਨਾਂ ਨੂੰ ਕੁਚਲ ਰਹੀ ਹੈ ਜਾਂ ਉਨ੍ਹਾਂ ਹੱਥਾਂ ਵਿਚ ਸ਼ਾਮਲ ਨਾ ਹੋਣ ਜੋ ਇਸ ਜਾਬਰ ਮਸ਼ੀਨ ਨੂੰ ਚਲਾ ਰਹੇ ਹਨ।”

ਜਦੋਂ ਪ੍ਰਸ਼ਾਸਨ ਪੱਖਪਾਤੀ ਵਿਹਾਰ ਕਰਦਾ ਹੈ ਜਾਂ ਜਦੋਂ ਨਿਆਂਪਾਲਿਕਾ ਅਜਿਹੇ ਮਾਮਲਿਆਂ ਨੂੰ ਤੇਜ਼ੀ ਨਾਲ ਅੱਗੇ ਨਹੀਂ ਵਧਾਉਂਦੀ ਅਤੇ ਪੂਰੇ ਮਾਹੌਲ ਵਿਚ ਸਿਵਲ ਸੁਸਾਇਟੀ ਵੀ ‘ਕਾਨੂੰਨ ਦੇ ਰਾਜ ਦੀ ਇਸ ਖੁੱਲ੍ਹੀ ਉਲੰਘਣਾ’ ਬਾਰੇ ਸਮਝੌਤਾਵਾਦੀ ਰੁਖ ਅਪਣਾ ਲੈਂਦੀ ਹੈ, ਤਾਂ ਅਮਨ ਅਤੇ ਨਿਆਂ ਨਾਲ ਸਰੋਕਾਰ ਰੱਖਣ ਵਾਲੇ ਨਾਗਰਿਕਾਂ ਅਤੇ ਆਦਰਸ਼ਵਾਦੀ ਨੌਜਵਾਨਾਂ ਲਈ ਕੀ ਰਾਹ ਬਚਦਾ ਹੈ!

ਸ਼ਾਇਦ ਹੁਣ ਸਮੇਂ ਦੀ ਮੰਗ ਹੈ ਕਿ ਵਧੇਰੇ ਰਚਨਾਤਮਕ ਅਤੇ ਪ੍ਰੇਰਣਾ ਦੇਣ ਵਾਲੇ ਹੱਲ ਵੱਲ ਵਧਣ ਦੀ ਕੋਸ਼ਿਸ਼ ਕੀਤੀ ਜਾਵੇ।

ਅੱਜ ਜਦੋਂ ਇਜ਼ਰਾਈਲੀ ਫ਼ੌਜ ਗਾਜ਼ਾ ਅਤੇ ਹੋਰ ਫ਼ਲਸਤੀਨੀ ਬਹੁਗਿਣਤੀ ਵਾਲੇ ਖੇਤਰਾਂ ਵਿਚ “ਨਸਲੀ ਸਫ਼ਾਏ” ਨੂੰ ਅੰਜਾਮ ਦੇ ਰਹੀ ਹੈ ਤਾਂ ਇਹ ਜਾਣਨਾ ਕਾਫ਼ੀ ਪ੍ਰੇਰਣਾਦਾਇਕ ਹੋ ਸਕਦਾ ਹੈ ਕਿ ਇਨ੍ਹਾਂ ਔਖੇ ਹਾਲਾਤ ਵਿਚ ਵੀ ਅਜਿਹੇ ਇਜ਼ਰਾਈਲੀ ਨੌਜਵਾਨ ਹਨ ਜੋ ਨਸਲੀ ਸਫ਼ਾਏ ਨੂੰ ਰੋਕਣ ਲਈ ਆਪਣੇ ਆਪ ਨੂੰ ਅੱਗ ’ਚ ਝੋਕ ਰਹੇ ਹਨ। ਉਨ੍ਹਾਂ ਇਜ਼ਰਾਇਲੀ ਨੌਜਵਾਨਾਂ ਤੋਂ ਸਬਕ ਲੈਣਾ ਹੋਵੇਗਾ।

ਯੁੱਧ ਦੀ ਆੜ ਹੇਠ ਅਤੇ ਇਜ਼ਰਾਈਲੀ ਫ਼ੌਜ ਤੇ ਪੁਲਿਸ ਦੀ ਮੱਦਦ ਨਾਲ, ਉੱਥੇ ਵਸੇ ਯਹੂਦੀਆਂ ਵੱਲੋਂ ਫ਼ਲਸਤੀਨੀ ਬਹੁਗਿਣਤੀ ਵਾਲੇ ਖੇਤਰਾਂ ਵਿਚ ਉੱਥੋਂ ਦੇ ਗਡਰੀਆ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਹਿੰਸਕ ਘਟਨਾਵਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹਨ। ਉੱਥੇ ਇਹ ਇਜ਼ਰਾਈਲੀ ਕਾਰਕੁਨ ਦੇਖੇ ਜਾ ਸਕਦੇ ਹਨ ਜੋ ਮਜ਼ਲੂਮਾਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਜੋਖ਼ਮ ’ਚ ਪਾ ਰਹੇ ਹਨ।

ਵੈਸੇ ਸਾਡੇ ਫ਼ਿਕਰਮੰਦ ਨਾਗਰਿਕ ਅਤੇ ਨੌਜਵਾਨ ਦੰਦਕਥਾ ਬਣ ਚੁੱਕੀ ਨੌਜਵਾਨ ਵੀਰਾਂਗਣਾ ਰੈਸ਼ੇਲ ਕੋਰੀ ਦੀ ਸ਼ਹਾਦਤ ਤੋਂ ਵੀ ਸਿੱਖ ਸਕਦੇ ਹਨ, ਜੋ ਸਿਰਫ਼ 23 ਸਾਲ ਦੀ ਸੀ ਜਦੋਂ 2003 ’ਚ ਇਜ਼ਰਾਈਲੀ ਟੈਂਕ ਦੱਖਣੀ ਗਾਜ਼ਾ ਵਿਚ ਇਕ ਫ਼ਲਸਤੀਨੀ ਮਕਾਨ ਨੂੰ ਢਾਹੁਣ ਲਈ ਦਣਦਣਾਉਂਦੇ ਅੱਗੇ ਵਧ ਰਹੇ ਸਨ। ਦਰਅਸਲ, ਉਪਰੋਕਤ ਮਕਾਨ ਨੂੰ ਢਾਹਿਆ ਜਾਣਾ ਕੋਈ ਵਿਸ਼ੇਸ਼ ਗੱਲ ਨਹੀਂ ਸੀ, ਇਸ ਤੋਂ ਪਹਿਲਾਂ ਇਜ਼ਰਾਈਲੀ ਬੁਲਡੋਜ਼ਰ ਗਾਜ਼ਾ ਪੱਟੀ ਦੇ ਉਸ ਖੇਤਰ ਵਿਚ ਇਕ ਹਜ਼ਾਰ ਤੋਂ ਵੱਧ ਮਕਾਨਾਂ ਨੂੰ ਤਬਾਹ ਕਰ ਚੁੱਕੇ ਸਨ ਅਤੇ ਹਜ਼ਾਰਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ ਸੀ।

ਅਮਰੀਕਾ ’ਚ ਪੜ੍ਹਾਈ ਕਰ ਰਹੀ ਰੈਸ਼ੇਲ ਕੋਰੀ ਫ਼ਲਸਤੀਨੀ ਅਤੇ ਅੰਤਰਰਾਸ਼ਟਰੀ ਅਮਨ ਕਾਰਕੁਨਾਂ ਦੇ ਇਕ ਸਮੂਹ ਦੀ ਮੈਂਬਰ ਸੀ, ਜੋ ਕੋਸ਼ਿਸ਼ ਕਰ ਰਹੇ ਸਨ ਕਿ ਫ਼ਲਸਤੀਨੀ ਜਾਇਦਾਦਾਂ ਨੂੰ ਤਬਾਹ ਕਰਨ ਦੀ ਇਜ਼ਰਾਈਲੀ ਸਰਕਾਰ ਦੀ ਮੁਹਿੰਮ ਨੂੰ ਠੱਲ ਪਾਈ ਜਾਵੇ। ਉਸ ਦਿਨ ਉਹ ਰਫ਼ਾ ਸ਼ਰਣਾਰਥੀ ਕੈਂਪ ’ਚ ਇਸ ਕੋਸ਼ਿਸ਼ ਲਈ ਜੁੜੇ ਸਨ ਕਿ ਖੁਦ ਮਨੁੱਖੀ ਢਾਲ ਬਣਨਗੇ ਅਤੇ ਮਕਾਨ ਢਾਹੇ ਜਾਣ ਨੂੰ ਰੋਕਣਗੇ, ਜਦੋਂ ਇਜ਼ਰਾਈਲੀ ਫ਼ੌਜੀ ਦਸਤੇ ਦੋ ਭਰਾਵਾਂ – ਖ਼ਾਲਿਦ ਅਤੇ ਸਮੀਰ ਨਸਰੁੱਲਾ ਦੇ ਘਰਾਂ ਨੂੰ ਢਾਹੁਣ ਲਈ ਆਉਣ ਵਾਲੇ ਸਨ।

ਹੁਣ ਇਹ ਗੱਲ ਇਤਿਹਾਸ ਬਣ ਚੁੱਕੀ ਹੈ ਕਿ ਜਦੋਂ ਬੁੱਲਡੋਜ਼ਰ ਅੱਗੇ ਵੱਧ ਰਿਹਾ ਸੀ ਤਾਂ ਰੈਸ਼ੇਲ ਉਪਰੋਕਤ ਮਕਾਨ ਅਤੇ ਬੁਲਡੋਜ਼ਰ ਦਰਮਿਆਨ ਖੜ੍ਹੀ ਸੀ ਅਤੇ ਬੁਲਡੋਜ਼ਰ ਨੂੰ ਰੋਕਣ ਦਾ ਇਸ਼ਾਰਾ ਕਰ ਰਹੀ ਸੀ, ਪਰ ਬੁਲਡੋਜ਼ਰ ਅੱਗੇ ਵਧਦਾ ਗਿਆ ਅਤੇ ਮਕਾਨਾਂ ਨੂੰ ਢਾਹੁਣ ਦੇ ਅਮਲ ’ਚ ਸਭ ਤੋਂ ਪਹਿਲਾਂ ਰੈਸ਼ੇਲ ਨੂੰ ਹੀ ਕੁਚਲਿਆ ਗਿਆ।

ਰੈਸ਼ੇਲ ਦੀ ਇਸ ਵਿਲੱਖਣ ਸ਼ਹਾਦਤ ਦੀ ਚਰਚਾ ਪੂਰੀ ਦੁਨੀਆ ’ਚ ਹੋਈ। ਇਹ ਵੀ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਰੈਸ਼ੇਲ ਦੀ ਸ਼ਹਾਦਤ ਤੋਂ ਬਾਅਦ, ਕੁਝ ਹੋਰ ਅਮਨ ਕਾਰਕੁਨਾਂ ਨੇ ਵੀ ਇਸੇ ਤਰ੍ਹਾਂ ਫ਼ਲਸਤੀਨੀ ਘਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆਂ ਅਤੇ ਇਜ਼ਰਾਇਲੀ ਹਕੂਮਤ ਵੱਲੋਂ ਕੁਚਲੇ ਜਾ ਰਹੇ ਫ਼ਲਸਤੀਨੀਆਂ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਰੈਸ਼ੇਲ ਅਤੇ ਹੋਰ ਅਮਨ ਕਾਰਕੁਨਾਂ ਨੂੰ ਸ਼ਹੀਦ ਹੋਇਆਂ ਦੋ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਅੱਜ ਜਦੋਂ ਸਾਡੇ ਮੁਲਕ ਵਿਚ ਬੁਲਡੋਜ਼ਰ ਅਨਿਆਂ ਆਮ ਬਣਾ ਦਿੱਤਾ ਗਿਆ ਹੈ ਅਤੇ ਸੰਵਿਧਾਨਕ ਸੰਸਥਾਵਾਂ ਵੀ ਇਸ ਮਾਮਲੇ ਵਿਚ ਰਸਮੀ ਕਾਰਵਾਈ ਤੋਂ ਅੱਗੇ ਕਦਮ ਚੁੱਕ ਰਹੀਆਂ ਨਹੀਂ ਜਾਪਦੀਆਂ, ਤਾਂ ਅਜਿਹੇ ਸਮੇਂ ’ਚ ਜਨਤਾ ਨੂੰ ਜਗਾਉਣ, ਉਨ੍ਹਾਂ ਨੂੰ ਕਾਰਵਾਈ ਲਈ ਪ੍ਰੇਰਿਤ ਕਰਨ ਖ਼ਾਤਰ ਨਿਆਂ, ਅਮਨ ਅਤੇ ਤਰੱਕੀ ਦੇ ਹਮਾਇਤੀ ਸਾਰੇ ਲੋਕਾਂ ਨੂੰ ਨਵੇਂ ਲਾਂਘੇ ਭੰਨਣ ਦੀ ਲੋੜ ਹੈ।

ਸਾਨੂੰ ਨਵੇਂ ਸਿਰਿਓਂ ਸੋਚਣ ਦੀ ਅਤੇ ਆਪਣੇ ਆਪ ਨੂੰ ਸਵਾਲ ਕਰਨ ਦੀ ਲੋੜ ਹੈ ਕਿ ਅੱਜ ਦੇ ਔਖੇ ਹਾਲਾਤਾਂ ’ਚ ਵੀ ਇਜ਼ਰਾਈਲੀ ਸਮਾਜ ਵਿਚ ਉੱਠ ਰਹੀਆਂ ਅਜਿਹੀਆਂ ਮੁਤਵਾਜ਼ੀ ਆਵਾਜ਼ਾਂ ਨੂੰ ਕਿਵੇਂ ਸਮਝਿਆ ਜਾਵੇ। ਇਸਦਾ ਮੁਲਾਂਕਣ ਕਿਵੇਂ ਕੀਤਾ ਜਾਵੇ ਕਿ ਅਜਿਹੇ ਇਜ਼ਰਾਇਲੀ ਨੌਜਵਾਨ ਜਾਂ ਰੈਸ਼ੇਲ ਕੋਰੀ ਵਰਗੀ ਇਕ ਅਮਰੀਕੀ ਲੜਕੀ ਦੂਰ-ਦਰਾਜ ਫ਼ਲਸਤੀਨ ਵਿਚ ਉੱਥੋਂ ਦੇ ਜ਼ੁਲਮਾਂ ਦੇ ਸਤਾਏ ਲੋਕਾਂ ਦੀ ਰੱਖਿਆ ਲਈ ਕੁਰਬਾਨ ਹੋ ਜਾਣ ਦਾ ਮਾਦਾ ਕਿਵੇਂ ਹਾਸਲ ਕਰ ਲੈਂਦੀ ਹੈ।

ਅਜਿਹੇ ਸਮੇਂ ’ਚ ਲੋਕਾਂ ਨੂੰ ਉਹ ਵੀ ਦੱਸਣ ਦੀ ਜ਼ਰੂਰਤ ਹੈ, ਜਿਹੜੀ ਗੱਲ ਆਪਣੇ ਭਾਸ਼ਣ ਵਿਚ ਹਾਵਰਡ ਜ਼ਿਨ ਨੇ ਕੀਤੀ ਸੀ। ਉਸ ਨੇ ਸਮਝਾਇਆ ਸੀ ਕਿ “ਸਾਡੀ ਸਮੱਸਿਆ ਨਾਗਰਿਕ ਜੀ-ਹਜ਼ੂਰੀ ਹੈ। ਸਾਡੀ ਸਮੱਸਿਆ ਇਹੀ ਹੈ ਕਿ ਦੁਨੀਆ ਭਰ ਦੇ ਬਹੁਤ ਲੋਕਾਂ ਨੇ ਆਪਣੀਆਂ ਸਰਕਾਰਾਂ ਦੇ ਆਗੂਆਂ ਦੇ ਫਰਮਾਨਾਂ ਨੂੰ ਚੁੱਪਚਾਪ ਸੁਣਿਆ ਹੈ ਅਤੇ ਯੁੱਧ ਵਿਚ ਜਾਂਦੇ ਰਹੇ ਹਨ, ਅਤੇ ਦਹਿ-ਲੱਖਾਂ ਲੋਕ ਇਸੇ ਜੀ-ਹਜ਼ੂਰੀ ਕਾਰਨ ਮਾਰੇ ਗਏ ਹਨ। ਸਾਡੀ ਸਮੱਸਿਆ ਹੈ ‘ਆਲ ਕਵਾਇਟ ਆਨ ਦ ਵੈਸਟਰਨ ਫਰੰਟ’ (ਪੱਛਮੀ ਮੁਹਾਜ਼ ’ਤੇ ਸਾਰੇ ਚੁੱਪ) ਦਾ ਉਹ ਮੰਜ਼ਰ, ਜਿੱਥੇ ਸਕੂਲੀ ਵਿਦਿਆਰਥੀ ਯੁੱਧ ਵਿਚ ਸ਼ਾਮਲ ਹੋਣ ਲਈ ਕਤਾਰ ਬਣਾਈ ਖੜ੍ਹੇ ਹਨ। ਸਾਡੀ ਸਮੱਸਿਆ ਇਹ ਹੈ ਕਿ ਭੁੱਖਮਰੀ, ਗ਼ਰੀਬੀ ਅਤੇ ਜਹਾਲਤ ਦੇ ਆਲਮ ’ਚ, ਯੁੱਧ ਅਤੇ ਕਰੂਰਤਾ ਦਰਮਿਆਨ, ਦੁਨੀਆ ਭਰ ’ਚ ਲੋਕ ਜੀ-ਹਜ਼ੂਰੀਏ ਬਣੇ ਹੋਏ ਹਨ। ਸਾਡੀ ਸਮੱਸਿਆ ਹੈ ਕਿ ਲੋਕ ਜੀ-ਹਜ਼ੂਰੀਏ ਬਣੇ ਹੋਏ ਹਨ, ਜਦੋਂ ਜੇਲ੍ਹਾਂ ਤਾਂ ਛੋਟੇ-ਛੋਟੇ ਚੋਰਾਂ ਨਾਲ ਭਰੀਆਂ ਹੋਈਆਂ ਹਨ ਜਦਕਿ ਵੱਡੇ-ਵੱਡੇ ਚੋਰ ਡਕੈਤ ਮੁਲਕ ਨੂੰ ਚਲਾ ਰਹੇ ਹਨ। ਇਹੀ ਸਾਡੀ ਸਮੱਸਿਆ ਹੈ। ਅਸੀਂ ਨਾਜ਼ੀ ਜਰਮਨੀ ਦੀ ਇਸ ਸਮੱਸਿਆ ਨੂੰ ਬਖ਼ੂਬੀ ਸਮਝਦੇ ਹਾਂ। ਅਸੀਂ ਜਾਣਦੇ ਹਾਂ ਕਿ ਉੱਥੇ ਵੀ ਸਮੱਸਿਆ ਜੀ-ਹਜ਼ੂਰੀ ਦੀ ਸੀ, ਉੱਥੇ ਵੀ ਲੋਕ ਹਿਟਲਰ ਦੇ ਹੁਕਮਾਂ ਪ੍ਰਤੀ ਆਗਿਆਕਾਰੀ ਬਣੇ ਹੋਏ ਸਨ, ਜੋ ਕਿ ਬਿਲਕੁਲ ਗ਼ਲਤ ਸੀ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਚੁਣੌਤੀ ਦਿੰਦੇ ਅਤੇ ਡੱਟ ਕੇ ਵਿਰੋਧ ਕਰਦੇ। ਅਤੇ ਜੇ ਅਸੀਂ ਓਦੋਂ ਉੱਥੇ ਹੁੰਦੇ ਤਾਂ ਅਸੀਂ ਆਪਣੇ ਵਿਰੋਧ ਨਾਲ ਉਨ੍ਹਾਂ ਨੂੰ ਦਿਖਾ ਦਿੰਦੇ।”

ਸਵਾਲ ਇਹ ਹੈ ਕਿ ਕੀ ਭਾਰਤ ਦੀ ਜਵਾਨੀ ਜਾਂ ਸਰੋਕਾਰ ਰੱਖਣ ਵਾਲੇ ਨਾਗਰਿਕ, ਹਾਵਰਡ ਜ਼ਿਨ ਦੇ ਇਸ ਮਸ਼ਹੂਰ ਭਾਸ਼ਣ ਤੋਂ ਸਹੀ ਸਬਕ ਸਿੱਖਣ ਲਈ ਤਿਆਰ ਹਨ?

**(ਸੁਭਾਸ਼ ਗਾਤਾੜੇ ਫਰੀਲਾਂਸ ਪੱਤਰਕਾਰ ਅਤੇ ਸਮਾਜਿਕ ਕਾਰਕੁਨ ਹਨ)**

# .ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ

## (26 ਅਕਤੂਬਰ, 1884-18 ਸਤੰਬਰ 1962)

ਹਰਨਾਮ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੋਟਲਾ ਨੌਧ ਸਿੰਘ ਵਿੱਚ 26 ਅਕਤੂਬਰ, 1884 ਨੂੰ ਹੋਇਆ। ਉਸ ਨੇ ਬਚਪਨ ਵਿੱਚ ਹੀ ਉਰਦੂ, ਫ਼ਾਰਸੀ ਤੇ ਗੁਰਮੁਖੀ ਸਿੱਖ ਲਈ। ਮਗਰੋਂ 28 ਨਵੰਬਰ, 1902 ਨੂੰ ਪਿਸ਼ਾਵਰ ਦੇ 25 ਨੰ. ਪਲਟਨ ’ਚ ਇੱਕ ਫ਼ੌਜੀ ਵਜੋਂ ਭਰਤੀ ਹੋ ਗਿਆ।

ਹਰਨਾਮ ਸਿੰਘ 12 ਜੁਲਾਈ, 1906 ਵਿਚ ਵੈਨਕੂਵਰ (ਕੈਨੇਡਾ) ਚਲਾ ਗਿਆ। ਇੱਥੋਂ ਦਸੰਬਰ 1909 ਨੂੰ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਪਹੁੰਚ ਗਿਆ, ਜਿੱਥੇ ਉਸ ਨੇ ਓਰੇਗਨ ਰਾਜ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਕੋਲ ਬ੍ਰਾਡਲਵਿਲੇ ਦੀ ਲੱਕੜ ਮਿੱਲ ਵਿੱਚ ਕੰਮ ਕੀਤਾ। ਇੱਥੇ ਭਾਰਤੀਆਂ ਨੂੰ ਗ਼ੁਲਾਮ ਸਮਝ ਕੇ ਬੜੀ ਨਫ਼ਰਤ ਕੀਤੀ ਜਾਂਦੀ ਸੀ। ਇਸ ਦੇ ਸਿੱਟੇ ਵਜੋਂ ਹਰਨਾਮ ਸਿੰਘ ਨੇ ਜੀ.ਡੀ. ਕੁਮਾਰ ਦੇ ਸੱਦੇ ’ਤੇ 1912 ਦੇ ਸ਼ੁਰੂ ਵਿਚ ਪੋਰਟਲੈਂਡ ’ਚ ਹੋਈ ਭਾਰਤੀ ਕ੍ਰਾਂਤੀਕਾਰੀਆਂ ਦੀ ਬੈਠਕ ਵਿੱਚ ਹਿੱਸਾ ਲਿਆ ਅਤੇ ਹਿੰਦੋਸਤਾਨੀ ਮਜ਼ਦੂਰਾਂ ਦਾ ਇੱਕ ਸੰਗਠਨ ਬਣਾਇਆ। ਇਸ ਦਾ ਨਾਂ ‘ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸੀਫ਼ ?ਕ ਕੋਸਟ’ ਰੱਖਿਆ ਗਿਆ। ਇਸ ਦੀ ਪਹਿਲੀ ਬੈਠਕ 31 ਮਾਰਚ, 1913 ਨੂੰ ਬ੍ਰਾਡਲਵਿਲੇ ਵਿੱਚ ਹੋਈ, ਜਿਸ ਵਿੱਚ ਹਰਨਾਮ ਸਿੰਘ ਟੁੰਡੀਲਾਟ ਨੂੰ ਇਸ ਦੀ ਸਥਾਨਕ ਸ਼ਾਖਾ ਦਾ



ਸਕੱਤਰ ਚੁਣਿਆ ਗਿਆ। ਮਗਰੋਂ 31 ਦਸੰਬਰ ਨੂੰ ਸੈਕਰਾਮੈਂਟ (ਅਮਰੀਕਾ) ਵਿੱਚ ਗ਼ਦਰ ਪਾਰਟੀ ਦੀ ਬੈਠਕ ’ਚ ਟੁੰਡੀਲਾਟ ਦੀ ਕੇਂਦਰੀ ਕਾਰਜਕਾਰਨੀ ਦੇ ਮੈਂਬਰ ਵਜੋਂ ਚੋਣ ਕੀਤੀ ਗਈ।

ਅਪਰੈਲ 1914 ਵਿੱਚ ਲਾਲਾ ਹਰਦਿਆਲ ਦੇ ਅਮਰੀਕਾ ’ਚੋਂ ਕੱਢੇ ਜਾਣ ਮਗਰੋਂ ਸਾਨ ਫਰਾਂਸਿਸਕੋ ਵਿਚ ਪਾਰਟੀ ਦੇ ਮੁੱਖ ਦਫ਼ਤਰ ਯੁਗਾਂਤਰ ਆਸ਼ਰਮ ਵਿੱਚ ਇਸ ਦੇ ਕੰਮ ਦੀ ਪੁਨਰ ਵੰਡ ਕੀਤੀ ਗਈ ਤਾਂ ਟੁੰਡੀਲਾਟ ਜੀ ਨੂੰ ‘ਗ਼ਦਰ’ ਪਰਚੇ ਦਾ ਸੰਪਾਦਕ ਚੁਣਿਆ ਗਿਆ। ਜਦੋਂ 1914 ਵਿੱਚ ਇੰਗਲੈਂਡ ਪਹਿਲੇ ਵਿਸ਼ਵ ਯੁੱਧ ਸਮੇਂ ਜਰਮਨੀ ਨਾਲ ਯੁੱਧ ਵਿੱਚ ਉਲਝਿਆ ਹੋਇਆ ਸੀ ਤਾਂ ਮਾਸਟਰ ਊਧਮ ਸਿੰਘ ਕਸੇਲ ਨੇ ਗ਼ਦਰ ਪਾਰਟੀ ਦੇ ਕਾਰਕੁਨਾਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕੀਤੀ। ਹੀਰਾ ਸਿੰਘ ਦਰਦ ਆਪਣੀ ਪੁਸਤਕ ‘ਜੀਵਨ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ’ (1962) ਦੇ ਸਫ਼ਾ. 22 ’ਤੇ ਲਿਖਦੇ ਹਨ, “5 ਜੁਲਾਈ 1914 ਨੂੰ ਕਰਤਾਰ ਸਿੰਘ ਸਰਾਭਾ ਤੇ ਪ੍ਰਿਥਵੀ ਸਿੰਘ ਆਜ਼ਾਦ ਨੂੰ ਬੰਬ ਬਣਾਉਣ ਦੇ ਇੱਕ ਸਫ਼ਲ ਤਜ਼ਰਬੇ ਤੋਂ ਬਾਅਦ ਹਰਨਾਮ ਸਿੰਘ ਦਾ ਸੱਜਾ ਹੱਥ ਬਾਂਹ ਤੋਂ ਅਲੱਗ ਹੋ ਗਿਆ ਜਿਸ ਦੇ ਸਿੱਟੇ ਵਜੋਂ ਉਸ ਦੀ ਸੱਜੀ ਬਾਂਹ ਕੂਹਣੀ ਤੋਂ ਉੱਪਰੋਂ ਕੱਟਣੀ ਪਈ। ਮਗਰੋਂ ਇਸ ਦੇ ਸਾਥੀਆਂ ਨੇ ਹਰਨਾਮ ਸਿੰਘ ਦਾ ਨਵਾਂ ਨਾਂ ਟੁੰਡੀਲਾਟ ਰੱਖ ਦਿੱਤਾ।”

1914 ਵਿੱਚ ਜਿਹੜੇ ਗ਼ਦਰੀ ਆਗੂ ਐੱਸ.ਐੱਸ. ਕੋਰੀਆ ਜਹਾਜ਼ ਰਾਹੀਂ ਕਲਕੱਤੇ ਵੱਲੋਂ ਭਾਰਤ ਪਹੁੰਚੇ ਸਨ, ਉਨ੍ਹਾਂ ਨੂੰ ਬੰਦਰਗਾਹ ’ਤੇ ਹੀ ਗ੍ਰਿਫ਼ਤਾਰ ਕਰ ਕੇ ਮਿੰਟਗੁਮਰੀ ਤੇ ਮੁਲਤਾਨ ਦੀਆਂ ਕੇਂਦਰੀ ਜੇਲ੍ਹਾਂ ਵਿਚ ਕੈਦ ਕਰਨ ਦੇ ਹੁਕਮ ਦਿੱਤੇ ਗਏ। ਹਰਨਾਮ ਸਿੰਘ ਅਕਤੂਬਰ ਦੇ ਆਖ਼ਰ ਵਿਚ ਆਪਣੀ ਸੋਚ ਮੁਤਾਬਕ ‘ਮਸ਼ੀਮਾ ਮਾਰੂ’ ਜਹਾਜ਼ ਰਾਹੀਂ ਕੋਲੰਬੋ, 24 ਦਸੰਬਰ ਨੂੰ ਭਾਰਤ ਤੇ ਮਗਰੋਂ ਪੰਜਾਬ ਵਿਚ ਦਾਖ਼ਲ ਹੋਇਆ। ਇੱਥੇ ਉਨ੍ਹਾਂ ਗ਼ਦਰ ਪਾਰਟੀ ਵੱਲੋਂ ਪਿਸ਼ਾਵਰ, ਰਾਵਲਪਿੰਡੀ ਅਤੇ ਨੌਸ਼ਹਿਰਾ ਛਾਉਣੀਆਂ ਵਿਚ ਫ਼ੌਜੀ ਸਿਪਾਹੀਆਂ ਦੇ ਦਸਤਿਆਂ ਨਾਲ ਸੰਪਰਕ ਕਾਇਮ ਕੀਤਾ। ਗ਼ਦਰ ਅੰਦੋਲਨ ਨੂੰ ਅਸਫ਼ਲ ਕਰਨ ਲਈ ਅੰਗਰੇਜ਼ ਪੁਲੀਸ ਨੇ ਕਿਰਪਾਲ ਸਿੰਘ ਮਾਧੋਕੇ (ਅੰਮ੍ਰਿਤਸਰ) ਗਦਾਰ ਨੂੰ ਪਾਰਟੀ ਵਿਚ ਜਾਸੂਸ ਬਣਾ ਕੇ ਭੇਜਿਆ ਤੇ ਦਿਨਾਂ ਵਿੱਚ ਹੀ ਗ਼ਦਰ ਦੀ ਸਾਰੀ ਖੁਫ਼ੀਆ ਜਾਣਕਾਰੀ ਪੁਲੀਸ ਅਫ਼ਸਰ ਲਿਆਕਤ ਖਾਂ ਕੋਲ ਪਹੁੰਚ ਗਈ ਤੇ ਕਈ ਗ਼ਦਰੀ ਫੜੇ ਗਏ। ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ, ਤੇ ਜਗਤ ਸਿੰਘ ਸੁਰਸਿੰਘ ਕੁੱਝ ਦਿਨਾਂ ਵਾਸਤੇ ਆਫ਼ਗਾਨਿਸਤਾਨ ਵੱਲ ਚਲੇ ਗਏ। 2 ਮਾਰਚ, 1915 ਨੂੰ ਟੁੰਡੀਲਾਟ ਜੀ ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਗ਼ਦਰ ਅਸਫ਼ਲ ਹੋਣ ਮਗਰੋਂ ਸ਼ਾਹਪੁਰ ਜ਼ਿਲ੍ਹੇ (ਸਰਗੋਧਾ) ਦੇ ਵਿਲਾਸਪੁਰ ਚੱਕ ਨੰਬਰ 5 ਦੇ ਇੱਕ ਫ਼ਾਰਮ ਤੇ ਇੱਕ ਫ਼ੌਜੀ ਪੈਨਸ਼ਨਰ ਰਾਜਿੰਦਰ ਸਿੰਘ ਕੋਲ ਠਹਿਰਨ ਲਈ ਆ ਪਹੁੰਚੇ। ਉਸ ਨੇ ਬੁਲ੍ਹੋਵਾਲ ਥਾਣੇ ’ਚ ਗ਼ਦਰੀਆਂ ਦੇ ਆਉਣ ਦੀ ਸੂਹ ਦੇ ਕੇ ਹਰਨਾਮ ਸਿੰਘ ਟੁੰਡੀਲਾਟ ਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਮਗਰੋਂ ਹਰਨਾਮ ਸਿੰਘ ’ਤੇ ‘ਪਹਿਲਾ ਲਾਹੌਰ ਸਾਜ਼ਿਸ਼ ਮਕੱਦਮਾ’ ਚਲਾਇਆ ਗਿਆ। ਡਿਫ਼ੈਂਸ ਆਫ਼ ਇੰਡੀਆ ਐਕਟ 1914 ਤਹਿਤ ਵਿਸ਼ੇਸ਼ ਟ੍ਰਿਬਿਊਨਲ ਰਾਹੀਂ 26 ਅਪਰੈਲ, 1915 ਨੂੰ ਕਰੀਬ 81 ਗ਼ਦਰੀਆਂ ’ਤੇ ਮੁਕੱਦਮਾ ਸ਼ੁਰੂ ਹੋਇਆ। ਹਰਨਾਮ ਸਿੰਘ ਟੁੰਡੀਲਾਟ ਸਮੇਤ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਗ਼ਦਰੀਆਂ ਵੱਲੋਂ ਮੁਕੱਦਮੇ ਦੀ ਪੈਰਵੀ ਕਰ ਰਹੇ ਵਕੀਲ ਰਘੂਨਾਥ ਸਹਾਇ ਨੇ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਇ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਦੇ ਕਾਨੂੰਨੀ ਪੈਂਤਰਿਆਂ ਦੀ ਨਜ਼ਰਸਾਨੀ ਤੋਂ ਬਾਅਦ ਭਾਰਤ ਦੇ ਵਾਇਸਰਾਇ ਚਾਰਲਸ ਹਾਰਡਿੰਗ (1910-1916) ਨੇ ਆਪਣੇ ਤੌਰ ’ਤੇ ਇਨ੍ਹਾਂ ’ਚੋਂ 17 ਦੀ ਮੌਤ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ, ਜਿਨ੍ਹਾਂ ਵਿਚ ਹਰਨਾਮ ਸਿੰਘ ਟੁੰਡੀਲਾਟ ਵੀ ਸ਼ਾਮਲ ਸੀ। ਬਾਅਦ ਵਿਚ ਟੁੰਡੀਲਾਟ ਨੇ ਜ਼ਿੰਦਗੀ ਦੇ 6 ਸਾਲ ਕੈਦੀ ਦੇ ਰੂਪ ਵਿੱਚ ਅੰਡੇਮਾਨ ਦੀ ਜੇਲ੍ਹ ਵਿਚ ਗੁਜ਼ਾਰੇ ਅਤੇ ਬਾਕੀ ਦੇ 9 ਵਰ੍ਹੇ ਮਦਰਾਸ, ਪੂਣੇ, ਮੁੰਬਈ ਅਤੇ ਮਿੰਟਗੁਮਰੀ ਦੀਆਂ ਜੇਲ੍ਹਾਂ ਵਿੱਚ ਬਤੀਤ ਕੀਤੇ। 1930 ਵਿੱਚ ਟੁੰਡੀਲਾਟ ਰਿਹਾਅ ਹੁੰਦਿਆਂ ਹੀ ‘ਕਿਰਤੀ ਕਿਸਾਨ ਪਾਰਟੀ’ ਤੇ ‘ਕਮਿਊਨਿਸਟ ਪਾਰਟੀ’ ਵਿੱਚ ਸ਼ਾਮਲ ਹੋ ਗਏ। ਆਖ਼ਰ ਗ਼ਦਰ ਲਹਿਰ ਦੇ ਸਿਰੜੀ ਆਗੂ ਹਰਨਾਮ ਸਿੰਘ ਟੁੰਡੀਲਾਟ ਦੀ 78 ਸਾਲ ਦੀ ਉਮਰ ’ਚ 18 ਸਤੰਬਰ, 1962 ਨੂੰ ਮੌਤ ਹੋ ਗਈ।

**-ਹਰਦੀਪ ਸਿੰਘ ਝੱਜ ਦੀ ਵਾਲ ਤੋਂ**

# ਨਾਬਰੀ ਅਤੇ ਬਰਾਬਰੀ ਦਾ ਸ਼ਾਇਰ : ਪਾਸ਼



ਪਾਸ਼ ਦੀ ਸਮੁੱਚੀ ਕਵਿਤਾ ਅਤੇ ਵਾਰਤਿਕ, ਇਤਿਹਾਸਕ ਵਿਰਸੇ, ਵਰਤਮਾਨ ਅਤੇ ਭਵਿੱਖ ਦੀ ਅਹਿਮ ਕੜੀ ਹੈ। ਪਾਸ਼ ਦੀ ਸਾਹਿਤਕ ਸਿਰਜਣਾ ਦੁਨੀਆਂ ਭਰ ਦੇ ਸਮਾਜ ਸਿਰਜਕਾਂ ਦੇ ਇਨਕਲਾਬੀ ਸਾਹਿਤ ਦੀ ਸੰਗੀ-ਸਾਥੀ ਹੈ। ਗ਼ਦਰ, ਕੂਕਾ, ਬੱਬਰ ਅਕਾਲੀ, ਕਿਰਤੀ, ਨੌਜਵਾਨ ਭਾਰਤ ਸਭਾ ਅਤੇ ਸਮੇਂ ਸਮੇਂ ਦੀਆਂ ਸਮਾਜਕ ਤਬਦੀਲੀ ਅਤੇ ਮਾਨਵੀ ਸਰੋਕਾਰਾਂ ਨੂੰ ਕੇਂਦਰ ਵਿਚ ਰੱਖ ਕੇ ਚੱਲੀਆਂ ਲਹਿਰਾਂ ਦਾ ਦਿਲ, ਪਾਸ਼ ਦੀ ਕਵਿਤਾ ਵਿਚ ਧੜਕਦਾ ਹੈ। ਪਾਸ਼ ਭਾਵੇਂ ਕਿਸੇ ਵੇਲੇ ਆਪਣੀ ਕਵਿਤਾਂ ਨੂੰ ਤਲਵੰਡੀ ਸਲੇਮ ਦੇ 20 ਕਿਲੋਮੀਟਰ ਦੇ ਅਰਧ- ਵਿਆਸ ਦਾਇਰੇ 'ਚ ਸਿਮਟੀ ਕਵਿਤਾ ਦਾ ਨਾਂਅ ਦਿੰਦਾ ਹੈ ਪਰ ਉਸਦੀ ਸਮੁੱਚੀ ਕਾਵਿ- ਸਿਰਜਣਾ ਦੀ ਪਰਵਾਜ਼ ਵਿਸ਼ਵ ਵਿਆਪੀ ਦਰਜਾ ਰੱਖਦੀ ਹੋਣ ਦਾ ਮੂੰਹ ਬੋਲਦਾ ਪ੍ਰਮਾਣ ਹੈ।

ਪਾਸ਼ ਦੇ ਗਹਿਰੇ ਚਿੰਤਨ 'ਚੋਂ ਉੱਗੇ ਅਹਿਸਾਸ ਉਸਦੀ ਹੱਥ ਲਿਖਤ ਵਿਚੋਂ ਪੜ੍ਹੇ ਜਾ ਸਕਦੇ ਹਨ ਉਹ ਰਵਾਇਤੀ ਅਤੇ ਕੌਮੀ ਸਰੂਪ ਦੀ ਕਵਿਤਾ ਤਾਂ ਕੀ ਕ੍ਰਾਂਤੀਕਾਰੀ ਕਵਿਤਾ ਦੇ ਵੀ ਪ੍ਰਚਲਤ ਰੂਪ ਉਪਰ ਸਵੈ - ਸੰਤੁਸ਼ਟ ਹੋਣ ਤੋਂ ਪਾਰ ਜਾਣ ਦਾ ਤੀਖਣ ਅਹਿਸਾਸ ਕਰਦੇ ਖ਼ਤ 'ਚ ਲਿਖਦਾ ਹੈ :

"ਕ੍ਰਾਂਤੀਕਾਰੀ ਕਵਿਤਾ ਦਾ ਪ੍ਰਚਲਤ ਰੂਪ ਜੇ ਹੁਣ ਨਾ ਬਦਲਿਆ ਗਿਆ ਤਾਂ ਇਹ ਕੇਵਲ ਦਿਮਾਗੀ ਹੱਥਰਸੀ ਹੋ ਕੇ ਰਹਿ ਜਾਏਗੀ। ਕ੍ਰਾਂਤੀਕਾਰੀ ਸਾਹਿਤ ਨੂੰ ਹੁਣ ਆਮ ਇਨਸਾਨ ਦੇ ਪ੍ਰਚਲਤ ਮਾਪਦੰਡਾਂ ਵੱਲ ਪ੍ਰੇਰਨ ਦੀ ਲੋੜ ਹੈ। ਅੱਜ ਦੀ ਕ੍ਰਾਂਤੀਕਾਰੀ ਕਵਿਤਾ ਕੇਵਲ ਮੁੱਠੀ ਭਰ ਬੁੱਧੀਜੀਵੀਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਪੜ੍ਹੇ ਲਿਖੇ ਮੁਲਾਜ਼ਮਾ ਦਾ ਮਨ ਪ੍ਰਚਾਵਾ ਹੀ ਕਰ ਰਹੀ ਹੈ। ਜਿਨ੍ਹਾਂ ਲੋਕਾਂ ਬਾਰੇ ਇਹ ਲਿਖੀ ਜਾ ਰਹੀ ਹੈ, ਜਿਨ੍ਹਾਂ ਲੋਕਾਂ ਦੇ ਹਿਤਾਂ ਦੀ ਇਹ ਗੱਲ ਕਰਦੀ ਹੈ ਉਨ੍ਹਾਂ ਨਾਲ ਇਹਦਾ ਦੂਰ ਦਾ ਵੀ ਵਾਸਤਾ ਨਹੀਂ।

ਇਹ ਪਾਸ਼ ਦਾ ਕਿਸੇ ਨੂੰ ਦਿੱਤਾ ਉਲਾਂਭਾ ਨਹੀਂ। ਉਸਦਾ ਸਵੈ-ਚਿੰਤਨ ਹੈ। ਉਹ ਸੁਆਲ ਹੀ ਨਹੀਂ ਕਰਦਾ ਸਗੋਂ ਉਹ ਖ਼ੁਦ ਨੂੰ ਵਧੇਰੇ ਮੁਖ਼ਾਤਬ ਹੁੰਦਾ ਹੈ। ਉਸਦਾ ਜ਼ਿੰਦਗੀ ਦੀ ਅਗਨ ਪ੍ਰੀਖਿਆ ਵਿਚੀਂ ਗੁਜ਼ਰਦੇ ਹੋਣ ਦਾ ਅਹਿਸਾਸ ਹੈ। ਇਹਨਾਂ ਫਿਕਰਾਂ ਦੀ ਬਾਂਹ ਫੜਦੇ ਪਾਸ਼ ਦੇ ਇਹ ਸਰੋਕਾਰ ਅੱਜ ਵੀ ਵਿਰਾਟ ਅਤੇ ਤੀਖਣ ਰੂਪ ਵਿਚ ਦਰਪੇਸ਼ ਹਨ। ਪਾਸ਼ ਸਮਝਦਾ ਹੈ ਕਿ ਸਮਾਜ ਅੰਦਰ ਲਿਤਾੜੇ ਵਰਗਾਂ ਦੇ ਮਨ ਦੀ ਜ਼ਮੀਨ ਉਪਰ ਪੁੰਗਰਦੇ, ਤੜਫ਼ਦੇ, ਬੁਝਦੇ ਅਤੇ ਸੁਲਘਦੇ ਸੁਆਲਾਂ ਦੀ ਨਿਰਖ ਪਰਖ ਕਰਨ ਦੀ ਲੋੜ ਹੈ ਲੋਕ-ਮੁਕਤੀ ਲਈ ਚੇਤਨ ਸੰਘਰਸ਼ ਕਰਦੇ ਸਭਨਾ ਹਿੱਸਿਆਂ ਦੀਆਂ ਸਭਨਾਂ ਪਰਤਾਂ ਨੂੰ ਆਪਣੀ ਸਿਰਜਣਾ ਵਿਚ ਸਮੋਣ ਦੀ ਲੋੜ ਹੈ। ਖੜ੍ਹੇ ਪਾਣੀਆਂ, ਘੁੰਮਣ ਘੇਰੀ ਅਤੇ ਜਮੂਦ ਵਰਗੀ ਹਾਲਤ ਤੋਂ ਪਾਰ ਜਾਣ ਵਾਲੇ ਨਵੇਂ ਰਾਹਾਂ ਲਈ ਅਹੁਲਦੇ, ਜਾਨ ਹੂਲਵੇਂ ਸੰਘਰਸ਼ ਕਰਦੇ ਚੇਤਨ ਕਾਫ਼ਲਿਆਂ ਦੀ ਬਾਤ ਵੀ ਪਾਈ ਜਾਏ। ਸਿਰਫ਼ ਇਹਨਾਂ ਨਿੱਕੜੇ ਵਿਕਸਤ ਕਾਫ਼ਲਿਆਂ ਤੋਂ ਹੀ ਸਵੈ-ਸੰਤੁਸ਼ਟ ਹੋ ਜਾਣ ਵਰਗੇ ਦਾਇਰੇ ਵਿੱਚ ਹੀ ਸਿਮਟਦੀ ਸਾਹਿਤ ਸਿਰਜਣਾ ਤੋਂ ਉਪਰ ਉਠ ਕੇ ਹਨੇਰਾ ਢੋਂਅਦੀ ਅਤੇ ਇਸ ਹਨੇਰ ਨਗਰੀ ਨੂੰ ਹੀ ਆਪਣਾ ਜੀਣਾ-ਥੀਣਾ ਸਮਝ ਬੈਠੀ ਵਿਸ਼ਾਲ ਲੋਕਾਈ ਨੂੰ ਬੁੱਕਲ ਵਿੱਚ ਲੈਂਦੇ ਸਾਹਿਤ ਦੀ ਤੀਬਰ ਲੋੜ ਮਹਿਸੂਸ ਕਰਦਾ ਹੈ। ਸਾਹਿਤ ਜਿਨ੍ਹਾਂ ਦੁਆਰਾ ਲਿਖਿਆ ਅਤੇ ਜਿਨ੍ਹਾਂ ਲਈ ਲਿਖਿਆ ਜਾ ਰਿਹਾ ਹੈ ਇਸਦੀ ਇਕਸੁਰਤਾ ਅਤੇ ਸਰਗਮ 'ਚ ਰਸ ਕਿੰਨਾ ਕੁ ਹੈ ਇਹ ਕੰਨ ਲਾ ਕੇ ਸੁਣਨਾ ਅਤੇ ਗੌਰ ਨਾਲ ਅਧਿਐਨ ਕਰਨਾ ਜ਼ਰੂਰੀ ਹੈ। ਅਸੀਂ ਪਾਸ਼ ਦੇ ਕੀ ਲੱਗਦੇ ਹਾਂ ਸਾਡੀ ਕਹਿਣੀ ਅਤੇ ਕਰਨੀ ਵਿਚ ਇਕ ਸੁਰਤਾ ਹੀ ਇਸਦਾ ਪੁਖ਼ਤਾ ਪ੍ਰਮਾਣ ਹੈ।

ਪਾਸ਼ ਦੀ ਕਵਿਤਾ ਦੀ ਇਹ ਤਾਕਤ ਹੀ ਹੈ ਜਿਹੜੀ ਉਸਦੇ ਸਵੈ-ਕਥਨ ਦੀ ਪੁਸਟੀ ਕਰਦੀ ਹੈ। ਉਸ ਲਿਖਿਆ ਸੀ ਕਿ ਮੇਰੀ ਕਵਿਤਾ ਕਦੇ ਨਹੀਂ ਮਰੇਗੀ'। ਇਹ ਕਿਸੇ ਹਉਮੈ ਦਾ ਪ੍ਰਗਟਾਵਾ ਨਹੀਂ ਸੀ ਇਹ ਠੋਸ ਅਧਾਰਸ਼ਿਲਾ ਉਪਰ ਟਿਕੀ ਹਕੀਕਤ ਸੀ। ਜਿਉਂ ਜਿਉਂ ਵਕਤ ਆਪਣੇ ਸਫ਼ਰ ਤੇ ਰਿਹਾ ਤਿਉਂ ਤਿਉਂ ਇਹ ਭਰਮ ਕੀਚਰੇ ਹੋਣ ਲੱਗਾ ਕਿ ਪਾਸ਼ ਦੀ ਕਵਿਤਾ ਨੂੰ 20 ਸਾਲ ਬਾਅਦ ਕਿਸੇ ਨਹੀਂ ਪੁੱਛਣਾ। ਜਦੋਂ ਵੀ ਕਲਮਾਂ ਨੂੰ ਫੁਰਮਾਨ ਸੁਣਾਉਣ, ਜੇਲ੍ਹੀਂ ਡੱਕਣ, ਜੁਬਾਨਬੰਦੀ ਕਰਨ, ਵੰਨ-ਸੁਵੰਨੇ ਕਾਨੂੰਨ ਘੜਕੇ ਲੋਕ-ਜੀਵਨ ਨਾਲ ਜੁੜੀ ਸ਼ਬਦਾਂ ਦੀ ਫਸਲ ਉੱਗਣ ਤੋਂ ਰੋਕਣ ਅਤੇ ਲੋਕ-ਮਨਾਂ ਨੂੰ ਬੰਜ਼ਰ ਬਣਾ ਧਰਨ ਦੀਆਂ ਜੁਗਤਾਂ ਘੜੀਆਂ ਜਾਣਗੀਆਂ ਅਜਿਹੇ ਸਮੇਂ ਪਾਸ਼ ਦੀ ਕਵਿਤਾ ਇਹ ਕਹਿੰਦੀ ਸੁਣਾਈ ਦੇਵੇਗੀ :

**"ਮੇਰੇ ਤੋਂ ਆਸ ਨਾ ਕਰਿਓ**  
**ਮੈਂ ਖੇਤਾਂ ਦਾ ਪੁੱਤ ਹੋ ਕੇ**  
**ਤੁਹਾਡੇ ਚ.ਗਲੇ**  
**ਸਵਾਦਾਂ ਦੀ ਗੱਲ ਕਰਾਂਗਾ"**

ਪਾਸ਼ ਜਿੱਥੇ ਆਪਣੀ ਕਵਿਤਾ ਦੇ ਸਦੀਵੀ ਸਫ਼ਰ 'ਤੇ ਰਹਿਣ ਦਾ ਜ਼ਿਕਰ ਕਰਦਾ ਹੈ ਉੱਥੇ ਉਸਦਾ ਦੂਜਾ ਸਿਰਾ ਇਹ ਵੀ ਹੈ :

ਜੇ ਤੁਸੀਂ ਮੈਨੂੰ ਜ਼ਿੰਦਗੀ ਵਿੱਚ ਕੁੱਝ ਹਾਸਲ ਨਾ ਕਰ ਸਕਣ ਤੇ ਵੀ ਚੜ੍ਹਦੀ ਕਲਾ ਵਿੱਚ ਰਹਿਣ ਵਾਲਿਆਂ ਵਿੱਚ ਤੱਕਣਾ ਚਾਹੁੰਦੇ ਹੋ ਤਾਂ ਮੈਨੂੰ ਮਾਫ਼ ਕਰਨਾ।

ਪਾਸ਼ ਨੇ 1977 'ਚ ਇੱਕ ਚਿੱਠੀ ਵਿਚ ਜੋ ਲਿਖਿਆ ਉਹ ਅਜੋਕਾ ਸੱਚ ਹੈ ਜੇ ਅਸੀਂ ਹਕੀਕਤ ਮੁਖੀ ਹੋ ਕੇ ਸਮਾਜ ਅੰਦਰ ਨਹੀਂ ਵਿਚਰਦੇ ਤਾਂ ਆਉਣ ਵਾਲਾ ਕੱਲ੍ਹ ਵੀ ਇਹੋ ਬਿਆਨ ਕਰੇਗਾ:

"ਜਿਹੜਾ ਬੰਦਾ ਸਵੈ ਨਾਲ ਈਮਾਨਦਾਰ ਨਹੀਂ ਉਹ ਕਦੇ ਵੀ ਸਮਾਜ ਜਾਂ ਲੋਕਾਂ ਨਾਲ ? ਇਨਸਾਫ਼ ਤੇ ਈਮਾਨਦਾਰੀ ਦੇ ਗੁਣਾਂ ਵਾਲਾ ਸਾਹਿਤ ਨਹੀਂ ਲਿਖ ਸਕਦਾ। ਇਸ ਕਰਕੇ ਹੀ ਸਾਡੇ ਲੋਕ ਹਿਤੂ ਸਾਹਿਤ ਵਿਚ ਸ਼ਕਤੀ ਨਹੀਂ ਭਰ ਰਹੀ। ਜੇ ਅਸੀਂ ਲੋਕ, ਨਿੱਜੀ ਜੀਵਨ ਵਿਚ ਖ਼ੁਦ ਸਾਹਵੇਂ ਗੁਨਾਹਗਾਰ ਹੁੰਦੇ ਹੋਏ ਵੀ ਜਨਤਾ ਦੇ ਗੁਨਾਹਗਾਰਾਂ ਨੂੰ ਲਲਕਾਰਦੇ ਹਾਂ ਤਾਂ ਸਾਡੀ ਲਲਕਾਰ ਕੱਚੀ ਪਿੱਲੀ ਹੋਣੀ ਕੁਦਰਤੀ ਹੈ। ਮੇਰਾ ਵਿਸ਼ਵਾਸ ਹੈ ਕਿ ਅਸ਼ਕਤ ਲੋਕ ਜਿਉਂਦੀ ਕਵਿਤਾ ਅਤੇ ਕਹਾਣੀ ਕਦੇ ਨਹੀਂ ਲਿਖ ਸਕਦੇ।"

ਪਾਸ਼ ਪਿਆਰ ਕਵਿਤਾ ਨੂੰ ਰੱਜ ਵਾਂ ਪਿਆਰ ਕਰਦਾ ਹੈ। ਉਸਦਾ ਸਾਫ਼ ਕਹਿਣਾ ਸੀ ਕਿ:


'ਪਿਆਰ ਕਵਿਤਾ ਕਦੇ ਵੀ ਕਾਤਲਾਂ ਦੇ ਹੱਕ 'ਚ ਨਹੀਂ ਭੁਗਤ ਸਕਦੀ' ਇਹ ਜ਼ਿੰਦਗੀ ਦੇ ਮਾਰਗਾਂ ਦੀ ਖੋਜ ਕਰਨ ਤੁਰੇ ਲੋਕਾਂ ਦਾ ਹੀ ਨਸੀਬ ਬਣਦੀ ਹੈ ਅਤੇ ਉਨ੍ਹਾਂ ਦੇ ਹੱਕ ਵਿੱਚ ਖਲੋਂਦੀ ਹੈ'।

ਉਹ ਪਿਆਰ ਕਵਿਤਾ ਨੂੰ ਕੁੱਝ ਅਜੇਹੇ ਸੁਹਜ ਲਿਬਾਸ ਪਹਿਨਾਉਂਦਾ ਹੈ: ਮੇਰੇ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ'।

ਉਹ ਅਜੇਹੇ ਸ਼ਬਦਾਂ ਦੀ ਮਾਲ਼ਾ ਪਰੋਂਦਾ ਹੈ:

**'ਜੇ ਤੂੰ ਨਾ ਮੁਕਲਾਵੇ ਜਾਂਦੀ**  
**ਤੈਨੂੰ ਭਰਮ ਰਹਿਣਾ ਸੀ**  
**ਕਿ ਰੰਗਾਂ ਦਾ ਮਤਲਬ**  
**ਫੁੱਲ ਹੀ ਹੁੰਦਾ ਹੈ'।**

ਪਾਸ਼ ਦੀ ਵਾਰਤਿਕ ਦਾ ਗਹੁ ਨਾਲ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਉਹ ਬਾਬਾ ਨਾਨਕ, ਬਾਬਾ ਰਵਿਦਾਸ ਦੇ ਆਪਣੇ ਸਮਿਆਂ ਵਿੱਚ ਲੁੱਟ, ਜਬਰ, ਜਾਤ-ਪਾਤ, ਅਨਿਆ, ਨਾ-ਬਰਾਬਰੀ, ਭੁੱਖ, ਨੰਗ, ਗਰੀਬੀ ਦੀ ਨਪੀੜੀ ਲੋਕਾਈ ਦੇ ਦਰਦਾਂ ਦੀ ਪੀੜ ਦਾ ਆਪਣੀ ਕਲਮ ਨਾਲ ਬਿਆਨ ਹੀ ਨਹੀਂ ਕਰਦਾ ਸਗੋਂ ਸਾਂਝੀਵਾਲਤਾ ਭਰਿਆ ਬੇਗ਼ਮਪੁਰਾ ਵਸਾਉਣ ਦੀ ਬਾਤ ਪਾਉਂਦਾ ਹੈ। ਤਰਕਸ਼ੀਲ ਸਮਾਜਕ ਵਿਗਿਆਨ, ਤਾਰਾ ਵਿਗਿਆਨ, ਰੰਗ ਮੰਚ, ਬੇਜ਼ਮੀਨੇ ਗਰੀਬ ਅਤੇ ਦਰਮਿਆਨੇ ਕਿਸਾਨਾਂ, ਔਰਤਾਂ ਦੀ ਜ਼ਿੰਦਗੀ, ਪਾੜਿਆਂ ਦੇ ਮਸਲੇ, ਬੁੱਧੀਜੀਵੀਆਂ ਦੀ ਭੂਮਿਕਾ, ਸਾਹਿਤ, ਕਲਾ ਅਤੇ ਲੋਕਾਂ ਦੇ ਆਪਸੀ ਰਿਸ਼ਤੇ ਆਦਿ ਅਨੇਕਾਂ ਵਿਸ਼ੇ ਹਨ ਜਿਹਨਾਂ ਦੀ ਰਚਨਾ ਰਾਹੀਂ ਪਾਸ਼ ਪਾਠਕਾਂ, ਆਲੋਚਕਾਂ, ਸਮੀਖਿਆ ਕਾਰਾਂ ਅੱਗੇ ਆਪਣੀ ਕਵਿਤਾ ਅਤੇ ਹੋਰ ਮੁੱਲਵਾਨ ਰਚਨਾਵਾਂ ਲੈਕੇ ਹਾਜ਼ਰ ਹੈ। ਇਸ ਸਾਹਿਤਕ ਧਰੋਹਰ ਵਿੱਚੋਂ ਅਸੀਂ ਆਪਣੇ ਬੀਤੇ ਕੱਲ੍ਹ, ਅੱਜ ਅਤੇ ਆਉਣ ਵਾਲੇ ਕੱਲ੍ਹ ਦਾ ਵਿਗਿਆਨਕ ਨਰੀਖਣ ਕਰ ਸਕਦੇ ਹਾਂ।



-ਅਮੋਲਕ ਸਿੰਘ
98778-68710

ਪਾਸ਼ ਉਨ੍ਹਾਂ ਗੂੰਗਿਆਂ ਦੀ ਝੋਲੀ ਗੀਤ ਪਾਉਣ ਦੀ ਆਵਾਜ਼ ਦਿੰਦਾ ਹੈ ਜਿਨ੍ਹਾਂ ਨੂੰ ਗੀਤਾਂ ਦੀ ਕਦਰ ਹੈ। ਕਾਹਲ,ਬੇਲੋੜੇ ਸ਼ੋਰ, ਚੁੱਪ, ਪਾਸਾ ਵੱਟ ਕੇ ਲੰਘ ਜਾਣ ਦੀ ਕਾਹਲ ਦਾ ਗੰਭੀਰ ਨੋਟਿਸ ਲੈਂਦਾ ਪਾਸ਼, ਸੁਪਨਿਆਂ ਦੇ ਮਰ ਜਾਣ ਨੂੰ 'ਸਭ ਤੋਂ ਖ਼ਤਰਨਾਕ' ਕਰਾਰ ਦਿੰਦਾ ਹੈ । ਪਾਸ਼ ਨੂੰ ਤੱਤੀ ਕਵਿਤਾ ਦਾ ਹੀ ਕਵੀ ਕਹਿਣ, ਉਸਨੂੰ ਬਿਨ ਸੋਚੇ ਸਮਝੇ ਵੱਟੇ ਮਾਰਨ ਤੋਂ ਪਹਿਲਾਂ ਪਾਸ਼ ਦੀ ਸਮੁੱਚੀ ਵਾਰਤਕ ਅਤੇ ਸੰਪੂਰਣ ਕਾਵਿ ਦੇ ਦਰਪਣ ਅੱਗੇ ਖੜ੍ਹੇ ਹੋ ਕੇ ਆਪਣਾ ਚਿਹਰਾ ਤੱਕਣ ਦੀ ਲੋੜ ਹੈ। ਪਾਸ਼ ਜ਼ਿੰਦਗੀ ਦੇ ਬਹੁ ਰੰਗਾਂ ਦਾ ਕਵੀ ਹੈ। ਪਾਸ਼ ਜ਼ਿੰਦਗੀ ਦਾ ਚਿਤੇਰਾ ਹੀ ਨਹੀਂ ਸਗੋਂ ਨਵੀਂ ਜ਼ਿੰਦਗੀਦਾ ਸਿਰਜਣਹਾਰਾ ਹੈ। ਉਹਦੀ ਕਵਿਤਾ ਬੋਲਦੀ ਹੈ :

**'ਅਸੀਂ ਬੇਅਦਬੀ ਦੀਆਂ ਤੰਦਾਂ 'ਚ**  
**ਅਮਨ ਵਰਗਾ ਕੁੱਝ ਉਣਦੇ ਰਹੇ**  
**ਅਸੀਂ ਬਰਛੀ ਦੇ ਵਾਂਗ**  
**ਹੱਡਾਂ 'ਚ ਖੁਭੇ ਹੋਏ**  
**ਸਾਲਾਂ ਨੂੰ ਉਮਰ ਕਹਿੰਦੇ ਰਹੇ'**

9 ਸਤੰਬਰ 1950 ਨੂੰ ਪਿੰਡ ਤਲਵੰਡੀ ਸਲੇਮ (ਜਲੰਧਰ) 'ਚ ਜਨਮੇ ਕਵੀ ਪਾਸ਼ ਦਾ 74 ਵਾਂ ਜਨਮ ਦਿਹਾੜਾ ਅਸਲ 'ਚ ਕੱਖਾਂ ਦੀਆਂ ਕੁੱਲੀਆਂ ਦੇ ਮਿਨਾਰ ਬਣਨ ਅਤੇ ਲੋਕਾਂ ਦੀ ਜ਼ਿੰਦਗੀ 'ਚ ਸੱਜਰੀ ਸਵੇਰ ਲਿਆਉਣ ਲਈ ਆਪਣੇ ਫ਼ਰਜਾਂ, ਕਹਿਣੀ ਅਤੇ ਕਰਨੀ 'ਚ ਇਕਸੁਰਤਾ ਦਾ ਰਾਗ ਛੇੜਨ ਅਤੇ ਕਲਮ, ਕਲਾ ਦੇ ਸਿਰ 'ਤੇ ਸ਼ੂਕਦੀਆਂ ਕਾਲ਼ੀਆਂ ਹਨੇਰੀਆਂ ਨੂੰ ਰੌਸ਼ਨੀਆਂ ਦੀ ਰੁੱਤ 'ਚ ਬਦਲਣ ਦਾ ਅਹਿਦ ਕਰਨ ਦਾ ਦਿਹਾੜਾ ਹੈ। ਨਾਬਰੀ ਅਤੇ ਬਰਾਬਰੀ ਦੇ ਕਲਮਕਾਰ ਪਾਸ਼ ਦੀ ਸਿਰਜਣਾ ਦਾ ਪੱਲਾ ਫੜਦੀ ਹੋਈ ਜੁਆਨੀ ਨਵੀਂ ਸਰਘੀ ਦਾ ਮੱਥਾ ਚੁੰਮ ਸਕਦੀ ਹੈ।

# ਸਾਂਝੇ ਪੰਜਾਬ ਦੇ ਚਿਰਾਗ਼ਾਂ ਦੀ ਲੋਅ



16 ਸਤੰਬਰ 1929 ਨੂੰ ਮੁਲਤਾਨ (ਹੁਣ ਪਾਕਿਸਤਾਨ 'ਚ) ਪੈਦਾ ਹੋਏ ਇਨਕਲਾਬੀ ਰੰਗ ਮੰਚ ਦੇ ਸ਼੍ਰੋਮਣੀ ਨਾਟਕਕਾਰ ਅਤੇ ਬਹੁ- ਪੱਖੀ ਸਖਸ਼ੀਅਤ ਗੁਰਸ਼ਰਨ ਭਾਅ ਜੀ। 27 ਸਤੰਬਰ 1907 ਨੂੰ ਬੰਗਾ (ਹੁਣ ਪਾਕਿਸਤਾਨ 'ਚ) ਪੈਦਾ ਹੋਏ ਸ਼ਹੀਦ-ਏ-ਆਜ਼ਮ ਭਗਤ ਸਿੰਘ।

ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਵਿਖੇ ਹਰ ਸਾਲ ਮੋਮਬੱਤੀਆਂ ਜਗਾ ਕੇ ਗੁਰਸ਼ਰਨ ਭਾਅ ਜੀ, ਉਹਨਾਂ ਦੇ ਸਤਿਕਾਰਤ ਪਿਤਾ ਡਾ. ਗਿਆਨ ਸਿੰਘ ਅਤੇ ਨਜ਼ਦੀਕੀ ਰਿਸ਼ਤੇਦਾਰ ਵਿਦਵਾਨ ਪ੍ਰੋ. ਰਣਧੀਰ ਸਿੰਘ ਜੀ ਸਮੇਤ ਸਮੂਹ ਲੋਕ ਹਿਤੈਸ਼ੀ ਸ਼ਖ਼ਸੀਅਤਾਂ ਦੀ ਅਮਿੱਟ ਘਾਲਣਾ ਨੂੰ ਸਲਾਮ ਕੀਤੀ ਜਾਂਦੀ ਹੈ।

ਇਉਂ ਹੀ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਸਥਿਤ ਘਰ (ਪਾਕਿਸਤਾਨ) ਅਤੇ ਉਹਨਾਂ ਦੇ ਜੱਦੀ ਘਰ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) ਪੁੱਜਕੇ ਮੋਮਬੱਤੀਆਂ ਜਗਾਈਆਂ ਜਾਂਦੀਆਂ ਹਨ। ਕੇਂਦਰੀ ਜੇਲ੍ਹ ਲਾਹੌਰ ਵਿਖੇ ਫਾਂਸੀ ਲਗਾਏ ਗਏ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਲਗਾਤਾਰ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ ਕਿ ਲਾਹੌਰ ਅੰਦਰ ਸ਼ਾਦਮਾਨ ਚੌਕ ਨੂੰ ਸ਼ਹੀਦ ਭਗਤ ਸਿੰਘ ਚੌਕ ਦਾ ਨਾਂਅ ਦਿੱਤਾ ਜਾਏ। ਲਾਹੌਰ ਦੇ ਇਸ ਚੌਕ ਵਿੱਚ ਵੀ ਬੁੱਧੀਜੀਵੀ, ਲੇਖਕ, ਕਵੀ, ਸਮਾਜਿਕ ਕਾਰਕੁਨ ਮੋਮਬੱਤੀਆਂ ਜਗਾਉਂਦੇ ਹਨ। ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਨੂੰ ਵੀ ਇਤਿਹਾਸਕ ਰੰਗ ਮੰਚੀ ਯਾਦਗਾਰ ਵਜੋਂ ਸੰਭਾਲਣ ਲਈ ਪਰਿਵਾਰ, ਰੰਗ ਕਰਮੀ, ਵਿਦਵਾਨ, ਲੇਖਕ, ਸਾਹਿਤਕਾਰ, ਪੱਤਰਕਾਰ ਅਤੇ ਪਰਿਵਾਰ ਸੰਭਾਲਣ ਲਈ ਆਪਣੇ ਫਰਜ਼ ਅਦਾ ਕਰ ਰਹੇ ਹਨ।

ਕਿੰਨੀ ਪੀਡੀ ਸਾਂਝ ਹੈ ਸਾਂਝੀ ਇਤਿਹਾਸਕ ਵਿਰਾਸਤ ਅਤੇ ਸਾਂਝੇ ਸਭਿਆਚਾਰ ਦੀ। ਸਾਂਝੀ ਧਰਤੀ ਦੀ ਮਿੱਟੀ ਬੋਲਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਦਾਇਕ ਅਤੇ ਸਿਰਜਣਾਤਮਕ ਧਰੋਹਰ ਨੂੰ ਸੰਭਾਲਣਾ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਹੈ।

ਇਸ ਵਾਰ ਵੀ ਹਰ ਸਾਲ ਦੀ ਤਰ੍ਹਾਂ 16 ਸਤੰਬਰ ਨੂੰ ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਮੋਮਬੱਤੀਆਂ ਜਗਾ ਕੇ ਘਰ ਨੂੰ ਜਗ ਮਗਾਇਆ ਜਾਏਗਾ।

ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਖਟਕੜ ਕਲਾਂ ਵਿਖੇ ਵੀ ਪੰਜਾਬ ਦੇ ਵਿਦਿਆਰਥੀ ਅਤੇ ਲੋਕ ਪੱਖੀ ਸੰਸਥਾਵਾਂ ਭਗਤ ਸਿੰਘ ਦੇ ਜੀਵਨ ਫਲਸਫ਼ੇ, ਸੰਗਰਾਮ ਅਤੇ ਅਜੋਕੀਆਂ ਹਾਲਤਾਂ ਉੱਪਰ ਗੰਭੀਰ ਸਰੋਕਾਰ ਰੌਸ਼ਨ ਕਰਨ ਲਈ ਵਿਚਾਰ ਚਰਚਾ,ਮਾਰਚ ਅਤੇ ਮੋਮਬੱਤੀਆਂ ਜਗਾਉਣ ਦਾ ਪ੍ਰਭਾਵਸ਼ਾਲੀ ਸਮਾਗਮ ਕਰਨ ਜਾ ਰਹੀਆਂ ਹਨ।

ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲੇ ਦਿਨ 27 ਸਤੰਬਰ ਨੂੰ ਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ ਇਨਕਲਾਬੀ ਰੰਗ ਮੰਚ ਦਿਹਾੜਾ ਮਨਾਉਣ ਲਈ ਸਾਹਿਤ, ਕਲਾ ਅਤੇ ਸਮਾਜ ਦੇ ਵੰਨ ਸੁਵੰਨੇ ਤਬਕਿਆਂ ਨਾਲ ਜੁੜੇ ਲੋਕ ਸਿਰ ਜੋੜਨਗੇ। ਵਿਛੋੜੇ ਅਤੇ ਸ਼ਹੀਦੀ ਦਿਹਾੜੇ ਦਿਹਾੜੇ ਮੌਕੇ ਦੋਵੇਂ ਮੁਲਕਾਂ ਦੇ ਲੋਕਾਂ ਦੇ ਡੁੱਲ੍ਹ ਡੁੱਲ੍ਹ ਪੈਂਦੇ ਜਜ਼ਬਾਤ ਅਤੇ ਸਭਿਆਚਾਰ ਦੀ ਸਾਂਝੇ ਅੰਬਰ ਤੇ ਪਈ ਸਤਰੰਗੀ ਪੀਂਘ ਨਗ਼ਮੇ ਗਾਉਂਦੀ ਹੈ ਕਿ ਭਲਾ ਇੱਕ ਮਾਂ ਦੇ ਦੋ ਦਿਲ ਕਿਵੇਂ ਹੋ ਸਕਦੇ ਨੇ। ਸਾਫ਼ ਸਾਫ਼ ਤਸਵੀਰ ਸਾਡੇ ਵਕਤ ਦੀ ਹਥੇਲੀ 'ਤੇ ਧਰੀ ਦੇਖੀ ਜਾ ਸਕਦੀ ਹੈ ਕਿ ਲਹਿੰਦੇ ਅਤੇ ਚੜ੍ਹਦੇ ਦੋਵੇਂ ਪੰਜਾਬ ਦੇ ਲੋਕਾਂ ਦੇ ਸੀਨੇ ਅੰਦਰ ਇੱਕ ਹੀ ਦਿਲ ਧੜਕਦਾ ਹੈ।

ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਪੰਡਾਲ ? ਵਿਚ ਕੁਰਸੀਆਂ ਜੋੜ ਕੇ ਅਗਲੀ ਕਤਾਰ ਵਿੱਚ ਨਾਟਕਕਾਰ ਗੁਰਸ਼ਰਨ ਸਿੰਘ ਅਤੇ ਨਾਟਕਕਾਰ ਮਦੀਹਾ ਗੌਹਰ (ਲਹਿੰਦਾ ਪੰਜਾਬ) ਦਾ ਬੈਠਣਾ, ਲਹਿੰਦੇ ਪੰਜਾਬ ਤੋਂ ਆਏ ਕਲਾਕਾਰਾਂ ਵੱਲੋਂ ਖੇਡੇ ਨਾਟਕ 'ਬੁੱਲ੍ਹਾ' ਦੀ ਧਮਕ ਗੁਰਸ਼ਰਨ ਭਾਅ ਜੀ ਵੱਲੋਂ ਖੇਡੇ ਜਾਂਦੇ ਦੁੱਲਾ ਭੱਟੀ ਬਾਰੇ ਨਾਟਕ 'ਧਮਕ ਨਗਾਰੇ ਦੀ' ਨਾਲ ਘੁਲੀ ਮਿਲੀ ਗੂੰਜ ਬਣ ਕੇ ਫਿਜ਼ਾ ਵਿਚ ਫੈਲੀ ਪ੍ਰਤੀਤ ਹੁੰਦੀ ਸੀ।

ਲਹਿੰਦਾ ਪੰਜਾਬ ਬਾਹਵਾਂ ਫੈਲਾ ਕੇ ਅਤੇ ਪਲਕਾਂ ਵਿਛਾ ਕੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਸ਼ਿਰਕਤ ਕਰਨ ਲਈ ਬਾਬਾ ਨਜਮੀ ਨੂੰ ਉਡੀਕਦਾ ਹੈ

ਚੜ੍ਹਦੇ ਪੰਜਾਬ ਦੇ ਰੰਗ ਕਰਮੀ, ਕਵੀ, ਬੁੱਧੀਜੀਵੀ, ਇਤਿਹਾਸਕਾਰ, ਖੋਜਕਾਰ ਲਹਿੰਦੇ ਪੰਜਾਬ ਆਪਣੀਆਂ ਕਲਾ ਕ੍ਰਿਤਾਂ ਲੈ ਕੇ ਜਾਂ ਵਿਛੜਿਆਂ ਦੀਆਂ ਪੈੜਾਂ ਨੂੰ ਸਿਜਦਾ ਕਰਨ ਜਾਂਦੇ ਹਨ ਤਾਂ ਸਾਂਝੇ ਪੰਜਾਬ ਦੀ ਅੱਖ ਵਿੱਚੋਂ ਪੰਜ ਦਰਿਆ ਵਗਦੇ ਤੱਕਣਾ ਕੋਈ ਸੌਖਾ ਨਹੀਂ ਪਿਆ।

ਇਹ ਇੱਕ ਜ਼ਿੰਦ ਇੱਕ ਜਾਨ ਵਾਲਾ ਰਿਸ਼ਤਾ ਹੈ ਸਾਂਝੇ ਪੰਜਾਬ ਦੇ ਲੋਕਾਂ ਦਾ। ਦੂਜੇ ਬੰਨੇ ਸ਼ਾਦਮਾਨ ਚੌਕ ਲਾਹੌਰ ਦਾ ਨਾਂਅ ਸ਼ਹੀਦ ਭਗਤ ਸਿੰਘ ਚੌਕ ਅਤੇ ਖਾਲਸਾ ਨਿਵਾਸ ਅੰਮ੍ਰਿਤਸਰ ਨੂੰ 'ਇਤਿਹਾਸਕ ਰੰਗ ਮੰਚੀ ਯਾਦਗਾਰ' ਐਲਾਨਣ ਵਿਚ ਦੇਰੀ ਕਿਸ ਗੱਲ ਦੀ ਹੈ ਇਸਦਾ ਜਵਾਬ ਮੰਗਣਾ ਤਾਂ ਸਾਂਝੇ ਪੰਜਾਬ ਦੇ ਲੋਕਾਂ ਦੀ ਸਾਂਝੀ ਆਵਾਜ਼ ਦਾ ਮੌਲਿਕ ਹੱਕ ਹੈ।

ਕਮਾਲ ਦੀ ਗੱਲ ਇਹ ਹੈ ਕਿ ਇਸ ਵਾਰ 16 ਸਤੰਬਰ ਬਾਅਦ ਦੁਪਹਿਰ ਢਾਈ ਵਜੇ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਗੁਰਸ਼ਰਨ ਸਿੰਘ ਯਾਦਗਾਰੀ ਟਰੱਸਟ ਅਤੇ ਮੰਚ ਰੰਗ ਮੰਚ ਵੱਲੋਂ ਪਲਸ ਮੰਚ ਸਮੇਤ ਲੋਕ ਪੱਖੀ ਸੰਸਥਾਵਾਂ ਦੀ ਸਹਿਯੋਗ ਨਾਲ ਵਿਰਸਾ ਵਿਹਾਰ ਹੋ ਰਹੇ ਸਮਾਗਮ ਵਿੱਚ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਨਾਟਕ ਖੇਡਿਆ ਜਾ ਰਿਹਾ ਹੈ, 'ਜਿਸ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਹੀ ਨਹੀਂ'।


ਇਹ ਨਾਟਕ ਆਪਣੇ ਆਪ ਵਿੱਚ ਹੀ ਸਾਂਝੇ ਪੰਜਾਬ ਦੇ ਸਾਂਝੇ ਸਰੋਕਾਰਾਂ ਦੀ ਦਾਸਤਾਨ ਪੇਸ਼ ਕਰਦਾ ਹੈ।

ਹੱਦਾਂ ਸਰਹੱਦਾਂ ਤੋਂ ਪਾਰ ਜਾ ਕੇ ਸਾਂਝੇ ਪੰਜਾਬ ਨੂੰ ਰੁਸ਼ਨਾਉਣ ਲਈ ਇਹ ਟਿਮਟਿਮਾਉਂਦੇ ਜੁਗਨੂੰ, ਇਹ ਚੰਨ ਤਾਰੇ, ਇਹ ਚਿਰਾਗਾਂ ਦੀ ਡਾਰ ਸਫ਼ਰ ਤੇ ਨੇ।

# ਭਾਅ ਜੀ ਗੁਰਸ਼ਰਨ ਸਿੰਘ ਦਾ ਔਰਤਾਂ ਬਾਰੇ ਦ੍ਰਿਸ਼ਟੀਕੋਣ

ਹਰਜੀਤ ਸਿੰਘ ਬੇਦੀ

"ਬਰਾਬਰੀ ਮੇਰੇ ਲਈ ਨਾਹਰਾ ਨਹੀਂ ਹੈ, ਮੇਰਾ ਅਕੀਦਾ ਹੈ, ਮਨੁੱਖਤਾ ਦਾ ਸੁਪਨਾ ਹੈਇਹ ਸ਼ਬਦ ਹਨ ਭਾਅ ਜੀ ਗੁਰਸ਼ਰਨ ਸਿੰਘ ਦੇ। ਇਹ ਗੱਲ ਉਹਨਾਂ ਨੇ ਸਿਰਫ ਕਹੀ ਹੀ ਨਹੀਂ ਸਗੋਂ ਆਪਣੇ ਹਰ ਇੱਕ ਨਾਟਕ ਅਤੇ ਲਿਖਤ ਵਿੱਚ ਇਸ ਗੱਲ ਨੂੰ ਨੂੰ ਉਭਾਰਿਆ ਵੀ। ਉਹ ਸੱਚਮੁੱਚ ਦੀ ਬਰਾਬਰੀ ਵਾਲਾ ਸਮਾਜ ਲੋਚਦੇ ਸਨ। ਇਹ ਉਹਨਾਂ ਦੇ ਜੀਵਨ ਦੇ ਹਰ ਪਹਿਲੂ ਵਿੱਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਜਿੱਥੇ ਗੁਰਸ਼ਰਨ ਸਿੰਘ ਦੱਬੇ ਕੁਚਲੇ, ਗਰੀਬ ਲੋਕਾਂ, ਦਲਿਤਾਂ, ਦਲਿਤਾਂ ਬਾਰੇ ਜਿੰਦਗੀ ਦੀਆਂ ਬਰਾਬਰ ਸਹੂਲਤਾਂ ਬਾਰੇ ਫਿਕਰਮੰਦ ਸੀ ਉੱਥੇ ਔਰਤਾਂ ਜੋ ਉਹਨਾਂ ਤੋਂ ਵੀ ਵੱਧ ਕੇਵਲ ਔਰਤਾਂ ਹੋਣ ਕਰ ਕੇ ਸੰਤਾਪ ਹੰਢਾ ਹਨ ਬਾਰੇ ਚਿੰਤਾ ਉਸ ਤੋਂ ਵੀ ਵਧੇਰੇ ਸੀ।



ਸੰਨ 1947 ਵੇਲੇ ਸਿਰਫ 18 ਕੁ ਵਰ੍ਹਿਆਂ ਦੇ ਗੁਰਸ਼ਰਨ ਸਿੰਘ ਨੇ ਉਸ ਸਮੇਂ ਦਾ ਉਜਾੜਾ ਅਤੇ ਦੁੱਖ ਜੋ ਖਾਸ ਤੌਰ 'ਤੇ ਔਰਤਾਂ ਨੂੰ ਹੰਢਾਉਣਾ ਪਿਆ, ਆਪਣੇ ਅੱਖੀਂ ਦੇਖਿਆ। ਇਹ ਉਨ੍ਹਾਂ ਦੇ ਮਨ ਤੇ ਹਮੇਸ਼ਾਂ ਚਿਤਰਿਆ ਰਿਹਾ। ਉਹ ਜਦ ਵੀ ਮਜ਼੍ਹਬੀ ਜਨੂੰਨ ਵਿੱਚ ਅੰਨ੍ਹੇ ਹੋਏ ਲੋਕਾਂ ਦੀਆਂ ਗੱਲਾਂ ਕਰਦੇ ਤਾਂ ਊਧਮ ਸਿੰਘ ਨਾਗੋਕੇ ਅਤੇ ਈਸ਼ਰ ਸਿੰਘ ਮਝੈਲ ਦਾ ਨਾਂ ਲੈਂਦਿਆਂ ਹੀ ਉਨ੍ਹਾਂ ਦੀ ਆਵਾਜ਼ ਰੋਹ ਨਾਲ ਭਰ ਜਾਂਦੀ, ਜਿਨ੍ਹਾਂ ਨੇ ਅੰਮ੍ਰਿਤਸਰ ਦੇ ਹਾਲ ਬਜਾਰ ਤੋਂ ਲੈ ਕੇ ਮੋਚੀ ਬਜ਼ਾਰ ਤੱਕ ਮੁਸਲਮਾਨ ਔਰਤਾਂ ਨੂੰ ਨੰਗਾ ਕਰ ਕੇ ਜਲੂਸ ਕੱਢਿਆ ਸੀ। ਉਹਨਾਂ ਦੇ ਮਨ ਵਿੱਚ ਹਮੇਸ਼ਾਂ ਇਹ ਗੱਲ ਰੜਕਦੀ ਰਹੀ ਕਿ ਉਹਨਾਂ ਤੇ ਉਹਨਾ ਵਰਗੇ ਹੋਰ ਆਗੂਆਂ ਨੂੰ

ਇਸ ਕਰਤੂਤ ਦੀ ਸਜਾ ਕਿਉਂ ਨਹੀਂ ਮਿਲੀ। ਉਹਨਾਂ ਸਾਰੀ ਉਮਰ ਮਜਹਬੀ ਦਹਿਸ਼ਤ ਅਤੇ ਸਿਆਸਤ ਦੀ ਵਿਰੋਧਤਾ ਕੀਤੀ ਜਿਸ ਦੇ ਨਾਂ ਤੇ ਔਰਤਾਂ ਨੂੰ ਕਾਫਲਿਆਂ ਵਿੱਚੋਂ ਧੂਹਿਆ ਗਿਆ।

ਭਾਅ ਜੀ ਕਹਿੰਦੇ ਹਨ, "ਲੋਕ-ਸ਼ਕਤੀ ਨਾਲ ਹੀ ਸਮਾਜ ਨੂੰ ਬਦਲਿਆ ਜਾ ਸਕਦਾ ਹੈ ਅਤੇ ਇਹ ਲੋਕ ਸ਼ਕਤੀ ਉਦੋਂ ਬਣੇਗੀ ਜਦੋਂ ਮੇਰੀਆਂ ਭੈਣਾਂ ਐਨ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਖਲੋਣਗੀਆਂ। ਇਹੀ ਕਾਰਨ ਸੀ ਕਿ ਉ ਹਰ ਖੇਤਰ ਵਿੱਚ ਔਰਤਾਂ ਦੀ ਸ਼ਮੂਲੀਅਤ ਚਾਹੁੰਦੇ ਸਨ। ਕਈ ਵਾਰ ਜਦ ਪਿੰਡਾਂ ਵਿੱਚ ਦਰਸ਼ਕਾਂ ਵਿੱਚ ਔਰਤਾਂ ਨਾ ਹੁੰਦੀਆਂ ਤਾਂ ਉਹ ਨਾਟਕ ਸ਼ੁਰੂ ਨਹੀਂ ਸੀ ਕਰਦੇ ਤੇ ਸਟੇਜ ਤੋਂ ਅਨਾਉਂਸ ਕਰਦੇ। "ਮੇਰੀਆਂ ਧੀਆਂ, ਭੈਣਾ ਘਰਾਂ 'ਚ ਲੁਕ ਕੇ ਨਾ ਬੈਠਣ, ਉਹ ਵੀ ਆ ਕੇ ਨਾਟਕ ਦੇਖਣ। ਫਿਰ ਜਦ ਔਰਤਾਂ ਆ ਜਾਂਦੀਆਂ ਤਾਂ ਨਾਟਕ ਸ਼ੁਰੂ ਕਰਦੇ। ਔਰਤਾਂ ਨੂੰ ਖਾਸ ਕਰਕੇ ਉਸ ਸਮੇਂ ਪੇਂਡੂ ਔਰਤਾਂ ਨੂੰ ਮਰਦਾਂ ਦੇ ਬਰਾਬਰ ਬੈਠ ਕੇ ਨਾਟਕ ਦੇਖਣ ਦੀ ਜੁਅਰਤ ਪੈਦਾ ਕਰਨਾ ਕਿਈ ਮਾਮੂਲੀ ਗੱਲ ਨਹੀਂ ਸੀ। ਉਹਨਾਂ ਦੇ ਬਹੁਤ ਸਾਰੇ ਨਾਟਕਾਂ ਵਿੱਚ ਔਰਤਾਂ ਨਾਲ ਸਬੰਧਤ ਵਿਸ਼ਾ ਹੁੰਦਾ। ਉਹ ਚਾਹੁੰਦੇ ਸਨ ਕਿ ਔਰਤਾਂ ਜਿਹੜੀ ਦੂਹਰੀ ਮਾਰ ਸਹਿ ਰਹੀਆਂ ਹਨ ਆਪਣੇ ਹੱਕਾਂ ਬਾਰੇ ਚੇਤਨ ਹੋਣ ਤੇ ਆਪਣੇ ਹੱਕਾਂ ਅਤੇ ਸਮਾਜਿਕ ਸਰੋਕਾਰਾਂ ਲਈ ਲੜੇ ਜਾ ਟਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ।

ਭਾਅ ਜੀ ਗੁਰਧਰਨ ਸਿੰਘ ਔਰਤਾਂ ਦੀ ਬਰਾਬਰੀ ਦੇ ਸੰਘਰਸ਼ ਦੀ ਗੱਲ ਆਪਣੇ ਨਾਟਕਾਂ ਵਿੱਚ ਬੜੀ ਸ਼ਿੱਦਤ ਨਾਲ ਕਰਦੇ ਸਨ। ਇਹ ਸਵਾਲ, "ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਪਾਲਪੋਸ਼ਣ ਵੀ ਮਾਂ ਹੀ ਕਰਦੀ ਹੈ, ਫਿਰ ਸਕੂਲ ਵਿੱਚ ਦਾਖਲ ਹੋਣ ਸਮੇਂ ਇਕੱਲੇ ਬਾਪ ਦਾ ਨਾਮ ਹੀ ਕਿਉਂ ਲਿਖਿਆ ਜਾਂਦਾ ਹੈ?" ਉਸ ਨੇ ਆਪਣੇ ਨਾਟਕਾਂ ਰਾਹੀਂ ਹੀ ਲੋਕਾਂ ਸਾਹਮਣੇ ਅਤੇ ਅਧਿਕਾਰੀਆਂ ਸਾਹਮਣੇ ਖੜਾ ਕੀਤਾ ਸੀ। ਉਸਨੇ ਲਗਾਤਾਰ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਵੀ ਜ਼ੋਰਦਾਰ ਆਵਾਜ ਉਠਾਈ। ਨਾਟਕ ਰਾਹੀਂ ਇਹੀ ਸਵਾਲ ਉਠਾਉਣ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ, "ਅੱਜ ਤੋਂ ਬਾਦ ਹਰ ਸਰਟੀਫਿਕੇਟ ਉੱਤੇ ਮਾਂ ਅਤੇ ਬਾਪ ਦੋਹਾਂ ਦਾ ਨਾਮ ਲਿਖਿਆ ਜਾਵੇਗਾ।" ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕੀਤੀ ਇਸ ਪਹਿਲਕਦਮੀ ਤੇ ਹੁਣ ਹਰੇਕ ਬੋਰਡ ਅਤੇ ਯੂਨੀਵਰਸਿਟੀ ਨੇ ਇਸ ਨੂੰ ਅਪਣਾ ਲਿਆ ਹੈ।

ਭਾਅ ਜੀ ਨੇ ਜ਼ਿੰਦਗੀ ਭਰ ਔਰਤਾਂ ਦੇ ਮਾਨ-ਸਨਮਾਨ ਦਾ ਹੋਕਾ ਆਪਣੇ ਨਾਟਕਾਂ ਰਾਹੀਂ ਬਾਖੂਬੀ ਦਿੱਤਾ। ਉਹਨਾਂ ਨੂੰ ਇਹ ਗੱਲ ਬਹੁਤ ਹੀ ਚੁਭਦੀ ਸੀ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਉਹ ਇੱਕ ਦੂਜੇ ਨੂੰ ਮਾਵਾਂ ਭੈਣਾਂ ਦੀਆਂ ਗਾਲਾਂ ਕਿਉਂ ਕੱਢਦੇ ਹਨ। ਜਦ ਕਿ ਔਰਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਅਸੀਸਾਂ ਵੀ ਉਸ ਲਈਨਾ ਹੋ ਕੇ ਉਸ ਦੇ ਪੁੱਤਰ ਜਾਂ ਪਤੀ ਲਈ ਹੁੰਦੀਆਂ ਹਨ। ਉਹ ਇਸ ਦੀ ਪੁਰਜੋਰ ਨਿਖੇਧੀ ਕਰਦੇ ਹੋਏ ਆਪਣੀ ਬੁਲੰਦ ਆਵਾਜ਼ ਵਿੱਚ ਕਹਿੰਦੇ, "ਮਾਵਾਂ ਭੈਣਾਂ ਨੂੰ ਗਾਲਾਂ ਮੱਤ ਕੱਢੋ। ਉਨ੍ਹਾਂ ਮੁਤਾਬਕ ਗਾਲਾਂ ਕਢਣਾ ਸਾਡੇ ਸੱਭਿਆਚਾਰ ਦਾ ਅਤੀ ਸ਼ਰਮਨਾਕ ਅਤੇ ਨਿੰਦਣਯੋਗ ਪਹਿਲੂ ਹੈ। ਇਹ ਉਸ ਜਗੀਰੂ ਸੋਚ ਦਾ ਸਿੱਟਾ ਹੈ ਜਿਸ ਵਿੱਚ ਔਰਤ ਨੂੰ ਮਰਦ ਨਾਲੋਂ ਘਟੀਆ ਤੇ ਹੀਣਾ ਸਮਝਿਆ ਜਾਂਦਾ ਹੈ। ਉਹਨਾਂ ਹਮੇਸ਼ਾਂ ਔਰਤਾਂ ਦੀ ਬਰਾਬਰੀ ਲਈ ਚੱਲੇ ਘੋਲਾਂ ਦੀ ਹਮਾਇਤ ਕੀਤੀ। ਆਪਣੀ ਨਿੱਜੀ ਜ਼ਿੰਦਗੀ ਅਤੇ ਆਪਣੇ ਨਾਟ-ਸੰਸਾਰ ਵਿੱਚ ਔਰਤਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਦਾ ਸਾਥ ਦਿੱਤਾ। ਉਹਨਾਂ ਨੂੰ ਇਹ ਗੱਲ ਵੀ ਰੜਕਦੀ ਸੀ ਕਿ ਜਥੇਬੰਦੀਆਂ ਵਿੱਚ ਔਰਤਾਂ ਨਾਲ ਬੇਇਨਸਾਫੀ ਹੁੰਦੀ ਹੈ। ਉਹਨਾਂ ਦੀ ਕਾਬਲੀਅਤ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਭਾਅ ਜੀ ਨੇ ਜਿਸ ਤਰ੍ਹਾਂ ਮਜ਼੍ਹਬੀ ਦਹਿਸ਼ਤਗਰਦੀ ਅਤੇ ਸਿਆਸਤ ਦਾ ਸੰਨ 1947 ਮੌਕੇ ਵਿਰੋਧ ਕੀਤਾ ਉਸੇਂ ਤਰ੍ਹਾਂ ਨੌਂਵੇਂ ਦਹਾਕੇ ਵਿੱਚ ਚੱਲੀ ਜਨੂੰਨੀ ਹਨੇਰੀ ਦਾ ਵੀ ਡਟ ਕੇ ਵਿਰੋਧ ਅਤੇ ਮੁਕਾਬਲਾ ਕੀਤਾ। ਉਨ੍ਹਾਂ ਦਾ ਕਹਿਣਾ ਸੀ। "ਮੇਰੀਆਂ ਦੋ ਧੀਆਂ ਨੇ ਤੇ ਉਹ ਕਿਸੇ ਮਜਹਬ ਦੇ ਨਾਂ ਉੱਤੇ ਉਸਾਰੇ ਗਏ ਸਮਾਜ ਵਿੱਚ ਬੰਦਸਾਂ ਭਰੀਆਂ ਜ਼ਿੰਦਗੀਆਂ ਜੀਣ, ਇਹ ਮੈਨੂੰ ਮਨਜੂਰ ਨਹੀਂ। ਉਹ ਇਹ ਗੱਲ ਕਹਿੰਦਿਆਂ ਕਈ ਵਾਰ ਬਹੁਤ ਭਾਵੁਕ ਹੋ ਜਾਂਦੇ। ਉਹ ਇਹ ਗੱਲ ਸਿਰਫ ਆਪਣੀਆਂ ਦੋ ਧੀਆਂ ਵਾਸਤੇ ਨਹੀਂ ਸੀ ਕਹਿੰਦੇ ਸਗੋਂ ਇਸ ਧਰਤੀ ਦੀਆਂ ਸਮੁੱਚੀਆਂ ਧੀਆਂ ਦਾ ਉਨ੍ਹਾਂ ਨੂੰ ਫਿਕਰ ਸੀ। ਇਹ ਭਾਵੁਕਤਾ ਕਿਸੇ ਸਾਧਾਰਣ ਮਨੁੱਖ ਦੌ ਭਾਵਕੁਤਾ ਨਹੀਂ ਸੀ ਜੋ ਬਿਨਾਂ ਸੋਚ ਦੇ ਭਾਵੁਕ ਹੋ ਜਾਵੇ। ਇੱਕ ਸੱਚਾ ਸੁੱਚਾ ਕਮਿਊਨਿਸਟ ਹੋਣ ਕਰਕੇ ਇਹ ਸੰਵੇਦਨਸ਼ੀਲਤਾ ਉਹਨਾਂ ਨੂੰ ਇਸ ਵਿਚਾਰਧਾਰਾ ਤੋਂ ਮਿਲੀ ਸੀ। ਉਨ੍ਹਾਂ ਦਾ ਇਹ ਵੀ ਕਹਿਣਾ ਸੀ, "ਮੈਨੂੰ ਮੂਲਵਾਦੀਆਂ ਤੋਂ ਇਸ ਕਰਕੇ ਨਫਰਤ ਹੈ ਕਿ ਜੇ ਉਹ ਉੱਪਰ ਸ਼ਾ ਗਏ ਤਾਂ ਉਹ ਮੇਰੀਆਂ ਬੇਟੀਆਂ ਤੋਂ ਜੀਣ ਦੀ ਆਜ਼ਾਦੀ ਖੋਹ ਲੈਣਗੇ। ਸਭ ਤੋਂ ਪਹਿਲਾਂ ਉਹਨਾਂ ਦੇ ਸਿਰ ਤੇ ਪੱਲਾ ਕਰਵਾ ਦੇਣਗੇ ਤੇ ਉਹਨਾਂ ਨੂੰ ਇਹ ਕਹਿਣਗੇ ਬਈ ਔਰਤਾਂ ਇਹ ਨਹੀਂ ਕਰ ਸਕਦੀਆਂ ਉਹ ਨਹੀਂ ਕਰ ਸਕਦੀਆਂ। ਕਿਉਂਕਿ ਸਾਰੇ ਧਾਰਮਿਕ ਜਿਹੜੇ ਕੱਟੜਵਾਦੀ ਐ, ਉਹ ਔਰਤ ਵਿਰੋਧੀ ਨੇ।

ਗਰਸ਼ਰਨ ਸਿੰਘ ਨੂੰ ਮਨੁੱਖਤਾ ਨਾਲ ਅੰਤਾ ਦਾ ਪਿਆਰ ਸੀ। ਇਸੇ ਮਨੁੱਖਤਾ ਵਿੱਚੋਂ ਹੀ ਉਹ ਔਰਤਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ ਅਤੇ ਔਰਤਾਂ ਦੇ ਹੱਕਾਂ ਤੇ ਔਰਤਾਂ ਦੀ ਮੁਕਤੀ ਲਈ ਉਹਨਾਂ ਆਪਣੀ ਸੁਰਤ ਸੰਭਾਲਣ ਤੋਂ ਲੈ ਕੇ ਅੰਤ ਤੱਕ ਆਪਣੇ ਵਿਸ਼ੇਸ਼ ਢੰਗ ਨਾਨਾ ਜਦੋਜਹਿਦ ਕੀਤੀ।

# ਕਾਮਾਗਾਟਾਮਾਰੂ ਦਾ ਇਤਿਹਾਸਕ ਸਾਕਾ ਅਤੇ .ਗਦਰ ਲਹਿਰ ਵਿੱਚ ਇਸ ਦਾ ਰੋਲ ਤੇ ਮਹੱਤਤਾ



ਜਸਦੇਵ ਸਿੰਘ ਲਲਤੋਂ
96464-02470



1914 ਵਿੱਚ ਵਾਪਰਿਆ ਕਾਮਾਗਾਟਾ ਮਾਰੂ ਦਾ ਸਾਕਾ, ਭਾਰਤੀਆਂ ਦੀ ਕੈਨੇਡਾ ਅੰਦਰ ਦਾਖਲੇ ਦੀ ਲੜਾਈ ਦਾ ਇੱਕ ਮਹਾਨ ਇਤਿਹਾਸਕ ਸਾਕਾ ਹੈ। ਇਹ ਉਹ ਸਮਾਂ ਸੀ, ਜਿਸ ਵੇਲੇ ਭਾਰਤ ਅੰਗਰੇਜ਼ ਰਾਜ ਦੀ ਜ਼ਾਲਮ ਚੱਕੀ ਵਿੱਚ ਪਿਸ ਰਿਹਾ ਸੀ। ਭਾਈ ਗੁਰਦਿੱਤ ਸਿੰਘ ਸਰਹਾਲੀ ਦੀ ਪਟੇਦਾਰੀ ਹੇਠ ਵਪਾਰਕ ਲੀਹਾਂ 'ਤੇ ਇੱਕ ਜਪਾਨੀ ਕੰਪਨੀ-'ਸ਼ਿਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਪਾਸੋਂ 11000 ਡਾਲਰ ਪ੍ਰਤੀ ਮਹੀਨਾਂ ਦੀ ਦਰ ਨਾਲ ਛੇ ਮਹੀਨੇ ਲਈ ਪਟੇ ਤੇ ਲਏ ਜ਼ਹਾਜ਼ ਦਾ ਨਾਮ 'ਕਾਮਾਗਾਟਾਮਾਰੂ' ਸੀ ਜਿਸ ਨੂੰ ਹਾਂਗਕਾਂਗ ਤੋਂ ਕੈਨੇਡਾ ਲਈ ਤੋਰਿਆ ਜਾਣਾ ਸੀ। 25 ਮਾਰਚ 1914 ਨੂੰ ਹਾਂਗਕਾਂਗ ਦੀ ਗੋਰੀ ਹਕੂਮਤ ਨੇ ਭਾਈ ਗੁਰਦਿੱਤ ਸਿੰਘ ਤੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਲੇਕਿਨ ਹਾਂਗਕਾਂਗ ਵਿੱਚ ਹੋਏ ਰੋਸ-ਐਕਸ਼ਨਾਂ ਦੇ ਸਿੱਟੇ ਵੱਜੋਂ 28 ਮਾਰਚ ਨੂੰ ਕੇਸ ਵਾਪਸ ਲੈ ਕੇ ਉਨ੍ਹਾਂ ਨੂੰ ਰਿਹਾ ਕਰਨਾ ਪਿਆ। ਰੋਟੀ-ਰੋਜੀ, ਉੱਚ ਵਿਦਿਆ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ 165 ਭਾਰਤੀ ਮੁਸਾਫਰ ਹਾਂਗਕਾਂਗ ਤੋਂ, 111 ਸ਼ੰਘਾਈ ਤੋਂ, 86 ਮੋਜੀ (ਜਾਪਾਨ) ਤੋਂ, 14 ਯੋਕੋਹਾਮਾ (ਜਾਪਾਨ) ਤੋਂ ਚੜ੍ਹੇ ਇਸ ਤਰ੍ਹਾਂ ਕੁੱਲ 376 ਮੁਸਾਫਰ ਸਵਾਰ ਹੋਏ। ਤੀਜੀ ਕਿਸ਼ਤ ਵੇਲੇ ਪੈਸੇ ਦੀ ਤੰਗੀ ਨੂੰ ਪੂਰਾ ਕਰਨ ਲਈ ਭਾਈ ਬਲਵੰਤ ਸਿੰਘ ਖੁਰਦਪੁਰ (ਬਾਅਦ 'ਚ ਕੈਨੇਡਾ ਲਹਿਰ ਦੇ ਗਦਰੀ ਸ਼ਹੀਦ) ਭਾਰੀ ਰਕਮ ਲੈ ਕੇ ਮੋਜੀ ਵਿਖੇ ਪੁੱਜੇ ਇਸ ਤਰ੍ਹਾਂ ਉਨ੍ਹਾਂ ਨੇ ਵੱਡਾ ਮੋਢਾ ਲਾਇਆ ਅਤੇ ਆਪ ਕੋਬੀ ਤੋਂ ਸਿੱਧਾ ਕੈਨੇਡਾ ਮੂਹਰੇ ਪੁੱਜ ਗਏ। ਇਸ ਤਰ੍ਹਾਂ ਗਦਰ ਪਾਰਟੀ ਅਤੇ ਕਾਮਾਗਾਟਾਮਾਰੂ ਦੇ ਆਪਸੀ ਰਿਸ਼ਤੇ ਦੀ ਉਸਾਰੀ ਸ਼ੁਰੂ ਹੋਈ। ਦੂਜੇ ਪਾਸੇ ਹਿੰਦ ਦੀ ਗੋਰੀ ਹੁਕੂਮਤ ਦੇ ਇਸ਼ਾਰੇ 'ਤੇ ਕੈਨੇਡਾ ਹਕੂਮਤ ਨੇ 31 ਮਾਰਚ 1914 ਤੋਂ ਹੀ ਨਾਂ-ਦਾਖਲੇ ਬਾਰੇ ਹੁਕਮ ਨੰਬਰ 920 ਲਾਗੂ ਕਰ ਦਿੱਤਾ ਸੀ। 17 ਅਪ੍ਰੈਲ ਨੂੰ ਘਰੋਗੀ ਵਜ਼ੀਰ ਰੋਚੇ ਨੇ ਕੈਨੇਡਾ ਦੀ ਪਾਰਲੀਮੈਂਟ 'ਚ ਐਲਾਨ ਕੀਤਾ ਕਿ ਉਘਾਟਾਂ ਦੇ ਮਹਿਕਮੇ ਦੇ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਜੋ ਹਿੰਦੀ ਨਵੇਂ ਰੂਲਾਂ ਨੂੰ "ਲੰਘ ਕੇ ਆਉਣ ਤਾਂ ਉਨ੍ਹਾਂ ਨੂੰ ਉੱਤਰਨ ਨਾ ਦਿੱਤਾ ਜਾਵੇ"। ਇਹ ਸੀ ਕੈਨੇਡਾ ਦੀ ਭੂਤਰੀ ਹੋਈ ਸਾਮਰਾਜੀ ਸਰਕਾਰ ਦਾ ਰਵੱਈਆ! 21 ਮਈ ਨੂੰ ਜਹਾਜ਼ ਵਿਕਟੋਰੀਆ ਦੀ ਕੁਰਾਟੀਨ ਤੇ, 23 ਨੂੰ ਵੈਨਕੂਵਰ ਨੇੜੇ ਪੁੱਜਾ; ਲੇਕਿਨ ਬੰਦਰਗਾਹ ਤੋਂ ਦੂਰ ਦੋ-ਤਿੰਨ ਮੀਲ ਪਿੱਛੇ ਹੀ ਰੋਕ ਦਿੱਤਾ ਗਿਆ।

ਵੈਨਕੂਵਰ 'ਚ ਮੋਰਚਾ ਬੰਦੀ ਤੇ ਦੇਸ਼-ਪ੍ਰਦੇਸ਼'ਚ ਰੋਸ ਲਹਿਰ ਮੁਸਾਫਰਾਂ ਲਈ ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦੀ ਸਹਾਇਤਾ, ਜਹਾਜ਼ ਨੂੰ ਕੰਢੇ ਲਾਉਣ ਤੇ ਮੁਸਾਫਿਰਾਂ ਦੇ ਕੈਨੇਡਾ ਦਾਖਲੇ ਲਈ ਕੈਨੇਡਾ ਵਸਦੇ ਹਿੰਦੀਆਂ ਨੇ ਮੋਰਚਾ ਆਰੰਭ ਕਰ ਦਿੱਤਾ। ਗੁਰਦੁਆਰਾ ਵੈਨਕੂਵਰ ਵਿੱਚ 3 ਮਈ ਨੂੰ 700 ਦੇ ਕਰੀਬ ਇਕੱਠ ਹੋਇਆ। ਭਾਈ ਬਲਵੰਤ ਸਿੰਘ ਤੇ ਸ਼੍ਰੀ ਹਸਨ ਰਹੀਮ ਦੀ ਅਪੀਲ 'ਤੇ 60,000 ਡਾਲਰ ਇਕੱਠੇ ਹੋਏ। ਕੈਨੇਡਾ ਵਾਪਸੀ ਭਾਈ ਭਾਗ ਸਿੰਘ ਤੇ ਸ਼੍ਰੀ ਹਸਨ ਰਹੀਮ ਨੇ ਜ਼ਹਾਜ ਦਾ ਨਵਾਂ ਪਟਾ ਆਪਣੇ ਨਾਮ ਕਰਵਾ ਕੇ 22,000 ਡਾਲਰ ਦੀ ਕਿਸ਼ਤ ਕੰਪਨੀ ਨੂੰ ਦਿੱਤੀ। ਹਿੰਦ ਸਰਕਾਰ, ਕਾਂਗਰਸ ਪਾਰਟੀ, ਪਟਿਆਲਾ ਤੇ ਨਾਭਾ ਦੇ ਰਾਜਿਆ ਨੂੰ ਮਸਲੇ ਦੇ ਹੱਲ ਲਈ ਤਾਰਾਂ ਦਿੱਤੀ ਗਈਆਂ। ਵਿਕਟੋਰੀਆ ਤੇ ਵੈਨਕੂਵਰ 'ਚ ਹਰ ਰੋਜ਼ ਲੋਕ ਇਕੱਠੇ ਕਰਕੇ ਗੋਰੇ ਸ਼ਾਹੀ ਜੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਂਦੀ। ਗਦਰ ਪਾਰਟੀ ਨੇ "ਗਦਰ" ਅਖਬਾਰ ਦਾ ਵਿਸ਼ੇਸ਼ ਅੰਕ "ਕਾਮਾਗਾਟਾਮਾਰੂ" ਕੱਢਿਆ ਅਤੇ ਦੇਸ਼-ਪ੍ਰਦੇਸ਼ ਅੰਦਰ ਜਲਸੇ-ਜਲੂਸਾਂ ਦੀ ਲਹਿਰ ਵਿੱਢ ਦਿੱਤੀ। ਹਿੰਦ 'ਚ ਲਹੌਰ, ਰਾਵਲਪਿੰਡੀ, ਚੱਕਵਾਲ, ਗੁੱਜਰਾਂਵਾਲਾ, ਤੇ ਪਟਿਆਲਾ 'ਚ ਰੋਸ ਮੁਜਾਹਰੇ ਕੀਤੇ ਗਏ। ਪੂਰਬੀ ਦੇਸ਼ਾਂ 'ਚ ਵੀ ਹਿੰਦੀਆਂ ਨੇ ਆਵਾਜ਼ ਉਠਾਈ। ਲੰਡਨ 'ਚ ਮੁਸਲਿਮ ਲੀਗ ਨੇ ਬਸਤੀਆਂ ਦੇ ਲੰਡਨ ਦਫਤਰ ਮੂਹਰੇ ਤਿੱਖਾ ਪ੍ਰਦਰਸ਼ਨ ਕੀਤਾ।ਸਿੱਟੇ ਵੱਜੋਂ ਮਹੀਨਾਂ ਭਰ ਤੋਂ ਬੁਰੀ ਤਰ੍ਹਾਂ ਭੁੱਖ ਮਰੀ ਦਾ ਸ਼ਿਕਾਰ ਮੁਸਾਫਰਾਂ ਨੂੰ 28 ਜੂਨ ਤੋਂ ਰਾਸ਼ਨ ਪਾਣੀ ਤੇ 7 ਜੁਲਾਈ ਤੋਂ ਵਕੀਲਾਂ ਨੂੰ ਮਿਲਣ ਦੀ ਆਗਿਆ ਮਿਲੀ। ਪਰੰਤੂ ਅਦਾਲਤਾਂ ਚੋਂ ਨਿਆਂ ਨਾ ਮਿਲਿਆ।

16 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਹਰ ਹਾਲਤ ਜਹਾਜ਼ ਨੂੰ ਵਾਪਸ ਭੇਜਣ ਦੇ ਹੁਕਮ ਚਾੜ੍ਹ ਦਿੱਤੇ। ਵੈਨਕੂਵਰ, ਲੰਡਨ, ਓਟਾਵਾ, ਦਿੱਲੀ ਵਿਚਕਾਰ ਸਰਕਾਰਾਂ ਦੀਆਂ ਆਪਸ ਵਿੱਚ ਤਾਰਾਂ ਤੇ ਤਾਰਾਂ ਖੜਕੀਆਂ। 19 ਜੁਲਾਈ ਨੂੰ 'ਸੀ-ਲਾਇਨ' ਨਾ ਦਾ ਟੱਗ ਜਹਾਜ਼ ਲੈ ਕੇ ਸੈਂਕੜੇ ਗੋਰੇ ਪੁਲਿਸੀਆਂ ਨੇ ਵੱਡੇ ਤੜਕੇ ਕਾਮਾਗਾਟਾਮਾਰੂ 'ਤੇ ਹਮਲਾ ਕਰ ਦਿੱਤਾ। ਮੌਤ ਦੇ ਗਾਨੇ ਬੰਨੀ ਮੁਸਾਫਰਾਂ ਨੇ ਸੋਟੀਆਂ, ਕੁਹਾੜੀਆਂ, ਮਸ਼ੀਨਾਂ ਦੇ ਪੁਰਜਿਆਂ, ਲੋਹੇ ਦੇ ਡੰਡਿਆਂ ਤੇ ਪੱਥਰ ਦੇ ਕੋਇਲਿਆਂ ਨਾਲ ਮੁਕਾਬਲਾ ਕਰਕੇ 20 ਪੁਲਸੀਏ ਫੱਟੜ ਕਰ ਦਿੱਤੇ। ਪੁਲਿਸ ਨੇ ਗੋਲੀਆਂ ਚਲਾਈਆਂ, ਕੇਵਲ 1 ਮੁਸਾਫਿਰ ਦੇ ਮੱਥੇ ਤੇ ਝਰੀਟ ਆਈ। ਦੂਜੇ ਦਿਨ 'ਰੇਨਬੋ' ਨਾ ਦਾ ਜੰਗੀ ਜਹਾਜ਼ ਲਿਆ ਕੇ ਸਿੱਧੀ ਗੋਲਾਬਾਰੀ ਕਰਨ ਦੀਆਂ ਧਮਕੀਆਂ ਦਿੱਤੀਆਂ। ਲੇਕਿਨ ਪਹਿਲੀ ਸੰਸਾਰ ਜੰਗ ਦੀਆਂ ਲੋੜਾਂ ਤੇ ਮਜ਼ਬੂਰੀਆਂ ਤਹਿਤ ਗੋਰਾ ਸ਼ਾਹੀ ਨੂੰ ਸਮਝੌਤਾ ਕਰਨਾ ਪਿਆ। ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦਾ ਖਰਚਾ ਕਰਨ ਉਪਰੰਤ, ਕਾਮਾਗਾਟਾਮਾਰੂ ਨੂੰ ਵਾਪਸ ਹਿੰਦ ਲਿਜਾਣ ਦਾ ਸਮਝੌਤਾ ਹੋਇਆ ਗਦਰ ਪਾਰਟੀ ਦੇ ਆਗੂਆਂ ਨੂੰ, ਹੋਰ ਮਿਤਰਾਂ ਤੇ ਰਿਸ਼ਤੇ ਦਾਰਾਂ ਨੂੰ ਮੁਲਾਕਾਤਾਂ ਦੀ ਆਗਿਆ ਮਿਲੀ। ਆਗੂਆਂ ਨੇ ਮੁਸਾਫਰਾਂ ਨੂੰ ਹਿੰਦ 'ਚੋਂ ਗੋਰਾ ਸ਼ਾਹੀ ਰਾਜ ਖਤਮ ਕਰਨ ਤੇ ਕੌਮੀ ਰਾਜ ਦੀ ਕਾਇਮੀ ਦਾ ਸੰਦੇਸ਼ ਦਿੱਤਾ। ਕਾਫੀ ਗਿਣਤੀ 'ਚ ਮੁਸਾਫਰ ਗਦਰੀ ਯੋਧੇ ਬਣ ਗਏ। ਯੋਕੋਹਾਮਾਂ ਵਿਖੇ ਭਾਈ ਸੋਹਣ ਸਿੰਘ ਭਕਨਾਂ (ਪ੍ਰਧਾਨ ਗਦਰ ਪਾਰਟੀ) ਨੇ ਮੁਸਾਫਰਾਂ ਨੂੰ ਹਿੰਦ ਚ ਗਦਰ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ, 200 ਪਿਸਤੌਲ ਤੇ 2000 ਗੋਲੀਆਂ ਸਪਲਾਈ ਕੀਤੀਆਂ। ਕਾਮਾਗਾਟਾਮਾਰੂ ਜਹਾਜ਼ 23 ਸਤੰਬਰ ਨੂੰ ਕਲਕੱਤਾ ਨੇੜੇ ਕਾਲਪੀ ਵਿਖੇ ਪੁੱਜਿਆ ।

ਇਸ ਤੋਂ ਬਾਅਦ ਜਹਾਜ਼ 26 ਸਤੰਬਰ ਨੂੰ ਬੱਜ-ਬੱਜ ਘਾਟ ਵਿਖੇ ਲੱਗਿਆ। ਅੰਗਰੇਜ਼ ਹਕੂਮਤ ਨੇ 29 ਸਤੰਬਰ ਨੂੰ ਅਚਾਨਕ ਧੋਖੇ ਨਾਲ ਰੇਲਵੇ ਸਟੇਸ਼ਨ ਨੇੜੇ ਮੁਸਾਫਰਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਿੱਟੇ ਵਜੋਂ 19 ਮੁਸਾਫਰ ਤੇ ਇੱਕ ਹੋਰ ਸ਼ਹਿਰੀ ਸ਼ਹੀਦ ਕੀਤੇ 23 ਫੱਟੜ ਕੀਤੇ, 222 ਜੇਲਾਂ 'ਚ ਡੱਕ ਦਿੱਤੇ ਤੇ 72 ਹੋਰ ਨਿਕਲ ਕੇ ਪੰਜਾਬ ਨੂੰ ਰਵਾਨਾਂ ਹੋਏ (ਜਿਨ੍ਹਾਂ ਵਿੱਚੋਂ ਉਦੋਂ ਲੋਕਾਂ ਮੁਤਾਬਕ 29 ਮੁਸਾਫਰ ਗੋਰਿਆਂ ਹੱਥੋ ਸ਼ਹੀਦ ਕੀਤੇ ਦੱਸੇ ਜਾਂਦੇ ਸਨ)। ਮੁਸਾਫਰਾਂ ਵੱਲੋਂ ਦੋ-ਤਿੰਨ ਪਸਤੌਲਾਂ ਨਾਲ ਕੀਤੇ ਟਾਕਰੇ 'ਚ 6 ਗੋਰੇ ਅਫਸਰ/ਸਿਪਾਹੀ ਤੇ 5 ਦੇਸੀ ਸਿਪਾਹੀ ਫੱਟੜ ਹੋਏ। ਜੇਲ੍ਹੀਂ ਡੱਕੇ, ਜੂਹਬੰਦ ਕੀਤੇ ਅਤੇ ਗੁਪਤਵਾਸ ਹੋਏ ਮੁਸਾਫਿਰਾਂ ਚੋਂ ਕਾਫੀ ਜਣੇ ਗਦਰੀ ਯੋਧੇ ਬਣੇ। ਇਸ ਤਰ੍ਹਾਂ ਕਾਮਾਗਾਟਾਮਾਰੂ ਦੇ ਗਦਰੀ ਯੋਧਿਆਂ ਨੇ ਬਰਤਾਨਵੀ ਸਾਮਰਾਜ ਵਾਦ ਤੇ ਉਸ ਦੇ ਪਿਠੂਆਂ ਦੇ ਜਾਲਮ ਰਾਜ ਦਾ ਖਾਤਮਾ ਕਰਨ ਅਤੇ ਨਿਆਂ, ਬਰਾਬਰੀ, ਖੁਸ਼ਹਾਲੀ ਤੇ ਆਜਾਦੀ ਵਾਲਾ, ਖਰਾ ਲੋਕ ਜਮਹੂਰੀ ਰਾਜ ਪ੍ਰਬੰਧ ਸਿਰਜਣ ਲਈ ਬੇਮਿਸਾਲ ਤਿਆਗ ਤੇ ਕੁਰਬਾਨੀਆਂ ਕੀਤੀਆਂ। ਗਦਰੀ ਸ਼ਹੀਦਾਂ ਦਾ ਮਿਸ਼ਨ ਅਧੂਰਾ ਰਹਿ ਗਿਆ, ਲੇਕਿਨ ਇਹ ਮਿਸ਼ਨ ਅੱਜ ਵੀ ਜਿਊਂਦਾ ਹੈ ਤੇ ਰਾਹ ਦਰਸਾਊ ਹੈ। ਗਦਰੀ ਬਾਬੇ ਅਜਿਹਾ ਰਾਜ ਪ੍ਰਬੰਧ ਚਾਹੁੰਦੇ ਸਨ, ਜਿਸ ਵਿੱਚ ਕਿਰਤ ਦਾ ਸਨਮਾਨ ਤੇ ਪੁੱਗਤ ਹੋਵੇ, ਰੋਟੀ ਕੱਪੜੇ ਤੇ ਮਕਾਨ ਦੀ ਗਰੰਟੀ ਹੋਵੇ, ਹਰ ਬੇਰੋਜ਼ਗਾਰ ਨੂੰ ਪੱਕਾ ਰੋਜ਼ਗਾਰ ਮਿਲੇ, ਹਰ ਵਿਦਿਆਰਥੀ ਨੂੰ ਮੁਫਤ ਵਿੱਦਿਆ ਮਿਲੇ, ਹਰ ਬਿਮਾਰ ਦਾ ਮੁਫਤ ਇਲਾਜ ਹੋਵੇ, ਹਰ ਪੀੜਤ ਨੂੰ ਫੌਰੀ ਨਿਆਂ ਮਿਲੇ, ਹਰ ਤਰ੍ਹਾਂ ਦੀ ਵਿਦੇਸ਼ੀ ਤੇ ਦੇਸੀ ਲੁੱਟ ਤੇ ਜੁਲਮ ਦਾ ਖਾਤਮਾਂ ਹੋਵੇ।ਲਾਜ਼ਮੀ ਇੱਕ ਦਿਨ ਅਜਿਹਾ ਆਵੇਗਾ ਜਦੋਂ ਹਿੰਦ 'ਚ ਗਦਰੀ ਬਾਬਿਆਂ ਦੇ ਸੁਪਨਿਆਂ ਵਾਲਾ ਰਾਜ ਪ੍ਰਬੰਧ ਉਸਰ ਕੇ ਰਹੇਗਾ। ਇਹੀ ਉਨ੍ਹਾਂ ਮਹਾਨ ਯੋਧਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਮੇਲਾ .ਗਦਰੀ ਬਾਬਿਆਂ ਦਾ 9 ਨਵੰਬਰ ਨਾਟਕਾਂ ਭਰੀ ਰਾਤ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਵਾਰ ਦੀਵਾਲੀ ਦੇ ਤਿਉਹਾਰ ਕਾਰਨ 7 ਨਵੰਬਰ ਸ਼ਾਮ ਤੋਂ ਸ਼ੁਰੂ ਹੋ ਰਹੇ .ਗਦਰੀ ਬਾਬਿਆਂ ਦੇ ਮੇਲੇ ਦੇ ਸਿਖ਼ਰਲੇ ਦਿਨ 9 ਨਵੰਬਰ ਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਵਿਚ ਪੇਸ਼ ਕੀਤੇ ਜਾਣ ਵਾਲੇ ਨਾਟਕਾਂ ਦੀ ਜਾਣਕਾਰੀ ਸਾਂਝੀ ਕੀਤੀ।

ਉਹਨਾਂ ਦੱਸਿਆ ਕਿ ਅਲੰਕਾਰ ਥੀਏਟਰ (ਨਿਰਦੇਸ਼ਕ: ਚਕਰੇਸ਼) ਵੱਲੋਂ ਡਾ. ਸ਼ੰਕਰ ਸ਼ੇਸ਼ ਦਾ ਲਿਖਿਆ ਨਾਟਕ 'ਪੋਸਟਰ', ਮੰਚ ਰੰਗ ਮੰਚ ਅੰਮ੍ਰਿਤਸਰ (ਨਿਰਦੇਸ਼ਕ : ਕੇਵਲ ਧਾਲੀਵਾਲ) ਵੱਲੋਂ ਡਾ. ਸਵਰਾਜਬੀਰ ਦਾ ਲਿਖਿਆ ਨਾਟਕ 'ਧਰਤੀ ਦੀ ਧੀ: ਐਂਟੀਗਨੀ', ਸੁਚੇਤਕ ਰੰਗ ਮੰਚ ਮੁਹਾਲੀ (ਨਿਰਦੇਸ਼ਕ: ਅਨੀਤਾ ਸ਼ਬਦੀਸ਼) ਵੱਲੋਂ ਸ਼ਬਦੀਸ਼ ਦਾ ਲਿਖਿਆ ਨਾਟਕ 'ਗੁੰਮਸ਼ੁਦਾ ਔਰਤ', ਸੌਲਮੇਟ ਥੀਏਟਰ, ਬਾਬਾ ਕੁੰਦਨ ਸਿੰਘ ਕਾਲਜ ਮੁਹਾਰ, ਫਿਰੋਜ਼ਪੁਰ (ਨਿਰਦੇਸ਼ਕ : ਬਲਰਾਜ ਸਾਗਰ) ਵੱਲੋਂ ਸੈਮੂਅਲ ਜੌਨ੍ਹ ਦੀ ਕਹਾਣੀ ਤੇ ਅਧਾਰਿਤ ਨਾਟਕ 'ਰਾਖਾ' ਅਤੇ ਮਾਨਵਤਾ ਕਲਾ ਮੰਚ ਨਗਰ (ਨਿਰਦੇਸ਼ਕ : ਜਸਵਿੰਦਰ ਪੱਪੀ) ਵੱਲੋਂ ਕੁਲਵੰਤ ਕੌਰ ਨਗਰ ਦਾ ਲਿਖਿਆ ਨਾਟਕ 'ਹਨੇਰ ਨਗਰੀ' ਖੇਡਿਆ ਜਾਏਗਾ।

ਇਸ ਰਾਤ ਇਪਟਾ ਮੋਗਾ ਦੇ ਕਲਾਕਾਰ ਅਵਤਾਰ ਚੜਿੱਕ ਅਤੇ ਸਾਥੀ 'ਭੰਡ ਮੇਲੇ ਆਏ' ਕਲਾ ਵੰਨਗੀ ਲੈ ਕੇ ਆਉਣਗੇ।

# ਸਮਿਆਂ ਦਾ ਹਾਣੀ ਹੋ ਨਿੱਬੜਿਆ ਪਾਸ਼ ਯਾਦਗਾਰੀ ਸਾਹਿਤਕ ਸਮਾਗਮ







ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਪੰਜਾਬੀ ਵਿਭਾਗ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਭਰਵੇਂ ਸਹਿਯੋਗ ਨਾਲ ਹੋਇਆ ਸਮਾਗਮ ਲੋਕ ਮਨਾਂ ਦੀ ਡਾਇਰੀ ਤੇ ਅਮਿੱਟ ਛਾਪ ਛੱਡ ਗਿਆ।

"ਪਾਸ਼ ਦੀ ਕਵਿਤਾ ਵਾਂਗ ਹੀ ਉਸਦੀ ਵਾਰਤਕ ਵੀ ਸਾਡੇ ਦੇਸ਼ ਨੂੰ ਦਰਪੇਸ਼ ਮਸਲਿਆਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਤਲਾਸ਼ਣ ਲਈ ਅੱਜ ਵੀ ਓਨੀ ਹੀ ਪ੍ਰਸੰਗਿਕ ਹੈ ਜਿੰਨੀ ਇਹ ਲਿਖੇ ਜਾਣ ਸਮੇਂ ਸੀ। ਪਾਸ਼ ਨੇ 1980ਵਿਆਂ ਵਿਚ ਪੰਜਾਬ ਵਿਚ ਉੱਭਰੇ ਫਿਰਕਾਪ੍ਰਸਤੀ ਦੇ ਵਰਤਾਰੇ ਨੂੰ ਬਾਬਾ ਨਾਨਕ ਦੀ ਸੋਚ ਅਤੇ ਪੰਜਾਬ ਦੇ ਮੂਲ ਸੱਭਿਆਚਾਰ ਨੂੰ ਆਤਮਸਾਤ ਕਰਕੇ ਸਮਝਿਆ ਅਤੇ ਫਿਰਕਾਪ੍ਰਸਤ ਤਾਕਤਾਂ ਤੇ ਇਨ੍ਹਾਂ ਨੂੰ ਆਪਣੇ ਲੋਕ ਵਿਰੋਧੀ ਰਾਜਨੀਤਕ ਮੁਫ਼ਾਦਾਂ ਵਾਸਤੇ ਵਰਤ ਰਹੀਆਂ ਲੋਕ ਦੁਸ਼ਮਣ ਤਾਕਤਾਂ ਵਿਰੁੱਧ ਅਵਾਮ ਨੂੰ ਜਾਗਰੂਕ ਕਰਨ ਲਈ ਕਲਮ ਨੂੰ ਹਥਿਆਰ ਬਣਾਇਆ।

ਇਹ ਵਿਚਾਰ ਅੱਜ ਇੱਥੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪੈਂਜੀ ਇਕਮਿੰਦਰ ਸਿੰਘ ਸੰਧੂ ਸੈਮੀਨਾਰ ਹਾਲ ਵਿਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਵਸ 'ਤੇ "ਪਾਸ਼ ਦੀ ਵਾਰਤਕ ਅਤੇ ਇਸਦੀ ਪ੍ਰਸੰਗਿਕਤਾ" ਵਿਸ਼ੇ ਉੱਪਰ ਬੋਲਦਿਆਂ ਨਾਮਵਰ ਚਿੰਤਕ ਡਾ. ਪਰਮਿੰਦਰ ਨੇ ਪ੍ਰਗਟ ਕੀਤੇ। ਵਿਚਾਰ ਚਰਚਾ ਸੈਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਜਗਮੋਹਣ ਸਿੰਘ, ਕਾਲਜ ਦੇ ਪ੍ਰਿੰਸੀਪਲ ਤਰਸੇਮ ਸਿੰਘ, ਜਸਵੰਤ ਜ਼ਫ਼ਰ, ਹਰਸ਼ਰਨ ਗਿੱਲ ਧੀਦੋ ਅਤੇ ਡਾ.ਅਰੀਤ ਨੇ ਕੀਤੀ।

ਉਨ੍ਹਾਂ ਕਿਹਾ ਕਿ ਬਾਬਾ ਨਾਨਕ, ਉਨ੍ਹਾਂ ਤੋਂ ਪਹਿਲੇ ਤੇ ਉਨ੍ਹਾਂ ਦੇ ਸਮਕਾਲੀ ਚਿੰਤਕਾਂ ਦਾ ਮੁਹਾਵਰਾ ਬੇਸ਼ੱਕ ਧਾਰਮਿਕ ਸੀ ਪਰ ਉਨ੍ਹਾਂ ਦਾ ਸਰੋਕਾਰ ਸਮਾਜਿਕ ਸੀ। ਉਨ੍ਹਾਂ ਨੇ ਆਲੇ-ਦੁਆਲੇ ਦੇ ਉਸਾਰ ਵਿਚ ਸੰਵਾਦ ਰਚਾਇਆ ਅਤੇ ਇਸ ਖਿੱਤੇ ਅੰਦਰਲੇ ਸਭਿਆਚਾਰਕ ਸੰਗਮ ਨੂੰ ਬੁਲੰਦ ਕਰਦਿਆਂ ਲੋਕ ਦੁਸ਼ਮਣ ਤਾਕਤਾਂ ਦੀ ਪਛਾਣ ਕੀਤੀ, ਦੱਬੇ ਕੁਚਲੇ ਲੋਕਾਂ ਨੂੰ ਏਕਤਾ 'ਚ ਪਰੋਣ ਲਈ ਬਾਣੀ ਦੀ ਰਚਨਾ ਕੀਤੀ ਅਤੇ ਸੱਤਾ ਦੇ ਜ਼ੁਲਮਾਂ ਵਿਰੁੱਧ ਉੱਠਣ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ ਕਿ 18ਵੀਂ ਸਦੀ ਦੇ ਅੱਧ ਤੋਂ ਬਾਅਦ ਹੀ ਰਹਿਤਨਾਮਿਆਂ ਆਦਿ ਰਾਹੀਂ ਸੰਸਥਾਗਤ ਮਜ਼੍ਹਬ ਉੱਭਰਿਆ ਜਿਸਨੇ ਪੰਜਾਬ ਦੇ ਸਾਂਝੇ ਸੱਭਿਆਚਾਰ ਪ੍ਰਤੀ ਸਤਿਕਾਰ ਅਤੇ ਮੁਹੱਬਤ ਦੀਆਂ ਮੂਲ ਕਦਰਾਂ-ਕੀਮਤਾਂ ਦਾ ਨਿਖੇਧ ਕਰਦਿਆਂ ਧਾਰਮਿਕ ਨਫ਼ਰਤ ਅਤੇ ਫਿਰਕਾਪ੍ਰਸਤੀ ਦੀ ਬੁਨਿਆਦ ਤਿਆਰ ਕੀਤੀ ਜਿਸ ਨੇ ਅੰਗਰੇਜ਼ ਬਸਤੀਵਾਦੀ ਰਾਜ ਵਿਚ ਤਿੱਖੇ ਵਖਰੇਵਿਆਂ ਤੇ ਫਿਰਕੂ ਝਗੜਿਆਂ ਦਾ ਰੂਪ ਅਖ਼ਤਿਆਰ ਕੀਤਾ। ਉਨ੍ਹਾਂ ਕਿਹਾ ਕਿ 1980ਵਿਆਂ ਵਿਚ ਪੰਜਾਬ ਨੇ ਦੂਵੱਲੀ ਦਹਿਸ਼ਤਗਰਦੀ ਦਾ ਸੰਤਾਪ ਹੰਢਾਇਆ ਹੈ। ਪਾਸ਼ ਨੇ ਪੰਜਾਬ ਮਸਲੇ ਦੀਆਂ ਵਿਚਾਰਧਾਰਕ ਅਤੇ ਰਾਜਸੀ ਤਹਿਆਂ ਨੂੰ ਪੰਜਾਬ ਦੇ ਸਾਂਝੇ ਸੱਭਿਆਚਾਰਕ ਪ੍ਰਪੇਖ ਵਿਚ ਸਮਝਿਆ ਅਤੇ ਵੱਖ-ਵੱਖ ਫਿਰਕਾਪ੍ਰਸਤ ਤਾਕਤਾਂ ਦੀ ਨਿਸ਼ਾਨਦੇਹੀ ਕਰਦਿਆਂ ਸਟੇਟ ਅਤੇ ਲੋਕ ਦੁਸ਼ਮਣ ਰਾਜਨੀਤਕ ਤਾਕਤਾਂ ਦੀ ਫਿਰਕਾਪ੍ਰਸਤੀ ਨੂੰ ਵਰਤਣ ਦੀ ਰਾਜਨੀਤਕ ਜ਼ਰੂਰਤ ਦੀ ਸਹੀ ਪਛਾਣ ਕੀਤੀ। ਪਾਸ਼ ਨੇ ਸਟੇਟ ਅਤੇ ਹਾਕਮ ਜਮਾਤਾਂ ਦੀ ਆਪਣੇ ਹੱਥੀਂ ਪੈਦਾ ਕੀਤੀ ਤਾਕਤ ਨੂੰ ਖ਼ਤਮ ਕਰਨ ਲਈ ਫ਼ੌਜੀ ਐਕਸ਼ਨ ਤੇ ਰਾਜਕੀ ਦਹਿਸ਼ਤਵਾਦ ਦਾ ਵੀ ਬਰਾਬਰ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਅਜੋਕੀ ਹਿੰਦੂਤਵੀ ਫਿਰਕਾਪ੍ਰਸਤੀ ਦੇ ਵਰਤਾਰੇ ਨੂੰ ਇਸ ਇਤਿਹਾਸਕ ਪ੍ਰਪੇਖ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਜਿਸ ਵਿਚ ਸਟੇਟ ਦੀ ਮਿਲੀਭੁਗਤ ਹੈ ਅਤੇ ਇਹ ਉਸ ਦਾ ਤਿੱਖਾ ਰੂਪ ਹੈ। ਇਸਦਾ ਮੁਕਾਬਲਾ ਸੂਫ਼ੀ ਮੱਤ, ਭਗਤੀ ਲਹਿਰ ਅਤੇ ਨਾਨਕ ਵਿਚਾਰਧਾਰਾ ਨੂੰ ਸਹੀ ਮਾਇਨਿਆਂ ਵਿਚ ਗ੍ਰਹਿਣ ਕਰਕੇ ਹੀ ਕੀਤਾ ਜਾ ਸਕਦਾ ਹੈ। ਅੱਜ ਦੇ ਸਮੇਂ ਵਿਚ ਇਹ ਵਿਚਾਰਧਾਰਾ ਲੋਕ ਸਰੋਕਾਰਾਂ ਦੀ ਗੱਲ ਕਰਦੀ ਧਰਮ ਨਿਰਪੱਖਤਾ ਦੀ ਵਿਚਾਰਧਾਰਾ ਹੈ। ਇਸਦਾ ਇਕ ਅਜੋਕਾ ਬੱਝਵਾਂ ਬਦਲ ਇਤਿਹਾਸਕ ਕਿਸਾਨ ਅੰਦੋਲਨ ਨੇ ਪੇਸ਼ ਕੀਤਾ ਜਿਸ ਦੌਰਾਨ ਕਿਸਾਨ, ਮਜ਼ਦੂਰ, ਜਮਹੂਰੀ ਤਾਕਤਾਂ, ਸਾਹਿਤਕ ਸੱਭਿਆਚਾਰਕ ਕਾਮਿਆਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਮਿਸਾਲ ਬਣੀਆਂ ਕਿ ਫਿਰਕਾਪ੍ਰਸਤੀ ਦਾ ਮੁਕਾਬਲਾ ਕਿਵੇਂ ਕੀਤਾ ਜਾ ਸਕਦਾ ਹੈ। ਲੋਕਾਂ ਦੇ ਅੰਦੋਲਨ ਦੀ ਬੁਨਿਆਦ 'ਚ ਲੋਕਾਂ ਦਾ ਸੱਭਿਆਚਾਰ ਹੋਣਾ ਚਾਹੀਦਾ ਹੈ।

ਪ੍ਰਿੰਸੀਪਲ ਤਰਸੇਮ ਸਿੰਘ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਚਾਰ-ਵਟਾਂਦਰਾ ਅਤੇ ਸੰਵਾਦ ਹੀ ਮਸਲਿਆਂ ਨੂੰ ਸਮਝਣ ਦਾ ਸਹੀ ਤਰੀਕਾ ਹੈ ਅਤੇ ਇਹ ਜਾਰੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਸ਼ ਦੀ ਵਾਰਤਕ ਉੱਪਰ ਪਹਿਲੀ ਚਰਚਾ ਸਾਹਿਤਕ ਤੇ ਸੰਘਰਸ਼ਾਂ ਦੀ ਇਤਿਹਾਸਕ ਵਿਰਾਸਤ ਵਾਲੇ ਸਾਡੇ ਕਾਲਜ ਵਿਚ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਸਮਾਗਮ ਨੂੰ ਪ੍ਰੋਫੈਸਰ ਜਗਮੋਹਣ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਸ਼ ਦਾ ਜਮਹੂਰੀ ਹੱਕਾਂ ਅਤੇ ਖ਼ਾਸ ਕਰਕੇ ਸਿੱਖਿਆ ਦੇ ਖੇਤਰ ਵਿਚ ਵੀ ਕਮਾਲ ਦਾ ਯੋਗਦਾਨ ਹੈ। ਪਾਸ਼ ਨੇ ਆਪਣੀ ਕਵਿਤਾ ਨੂੰ ਜ਼ਮੀਨੀ ਪੱਧਰ 'ਤੇ ਬੀਜਿਆ।

ਦੂਜੇ ਸੈਸ਼ਨ ਵਿਚ ਮਰਹੂਮ ਕਵੀ ਡਾ. ਸੁਰਜੀਤ ਪਾਤਰ, ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਗੁਰਦਾਸ ਰਾਮ ਆਲਮ ਅਤੇ ਬਾਵਾ ਬਲਵੰਤ ਨੂੰ ਯਾਦ ਕਰਦਿਆਂ ਖੜ੍ਹੇ ਹੋ ਕੇ ਡਾ. ਸੁਰਜੀਤ ਪਾਤਰ ਦੀ ਆਵਾਜ਼ ਵਿਚ ਗਾਏ ਬੋਲਾਂ, 'ਉੱਠ ਜਗਾ ਦੇ ਮੋਮਬੱਤੀਆਂ' ਸੰਗ ਆਤਮਸਾਤ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਜਸਵੰਤ ਜ਼ਫ਼ਰ, ਪ੍ਰੋਫੈਸਰ ਸੁਰਜੀਤ ਜੱਜ, ਦਰਸ਼ਨ ਖਟਕੜ, ਉਪਕਾਰ ਸਿੰਘ (ਭਰਾਤਾ ਲੋਕ ਕਵੀ ਸੁਰਜੀਤ ਪਾਤਰ), ਗੁਰਦਿਆਲ ਰੌਸ਼ਨ, ਹਰਮੀਤ ਵਿਦਿਆਰਥੀ, ਇਕਬਾਲ ਕੌਰ ਉਦਾਸੀ ਨੇ ਕੀਤੀ। ਕਵੀ ਦਰਬਾਰ ਵਿਚ ਹਰਵਿੰਦਰ ਭੰਡਾਲ, ਇਕਬਾਲ ਕੌਰ ਉਦਾਸੀ, ਦੀਪ ਕਲੇਰ, ਸ਼ਬਦੀਸ਼, ਮਨਪ੍ਰੀਤ ਜਸ, ਗੁਰਦਿਆਲ ਰੌਸ਼ਨ, ਦਰਸ਼ਨ ਖਟਕੜ, ਕੁਲਵੰਤ ਕੌਰ ਨਗਰ, ਉਪਕਾਰ ਸਿੰਘ, ਜਸਵੰਤ ਖਟਕੜ, ਹਰਸ਼ਰਨ ਗਿੱਲ ਧੀਦੋ, ਹਰਮੀਤ ਵਿਦਿਆਰਥੀ, ਸੁਨੀਲ ਚੰਦਿਆਣਵੀ, ਪ੍ਰੋਫ਼ੈਸਰ ਸੁਰਜੀਤ ਜੱਜ, ਪਰਮਜੀਤ ਦੇਹਲ, ਕੁਲਵਿੰਦਰ ਕੁੱਲਾ, ਜੀਵਨ ਚੰਦੇਲੀ, ਤਲਵਿੰਦਰ ਸ਼ੇਰਗਿੱਲ, ਜਸਵੰਤ ਜ਼ਫ਼ਰ, ਸ਼ਮਸ਼ੇਰ ਮੋਹੀ, ਮਨਜਿੰਦਰ ਕਮਲ, ਸਤਪਾਲ ਚਹਿਲ, ਜੀਵਨ, ਸ਼ਿੰਗਾਰਾ ਲੰਗੇਰੀ, ਅਨੀ ਕਾਠਗੜ੍ਹ, ਨੱਕਾਸ਼ ਚਿੱਤੇਵਨੀ ਅਤੇ ਸੁਖਮਨਵੀਰ ਸਿੰਘ ਨੇ ਆਪੋ ਆਪਣੇ ਕਲਾਮ ਤੇ ਗੀਤ ਪੇਸ਼ ਕੀਤੇ। ਇਸ ਮੌਕੇ ਪਾਸ਼, ਸੁਰਜੀਤ ਪਾਤਰ, ਸੰਤ ਰਾਮ ਉਦਾਸੀ ਅਤੇ ਹਰਬੰਸ ਹੀਉਂ ਦੇ ਪਰਿਵਾਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਮਾਗਮ 'ਚ ਗੁਰਮੀਤ ਕੜਿਆਲਵੀ, ਬੂਟਾ ਸਿੰਘ ਮਹਿਮੂਦਪੁਰ, ਹਰਮੇਸ਼ ਮਾਲੜੀ, ਜਸਬੀਰ ਦੀਪ, ਜੋਗਿੰਦਰ ਕੁੱਲੇਵਾਲ, ਅਵਤਾਰ ਲੰਗੇਰੀ, ਰਾਮ ਸਵਰਨ ਲੱਖੇਵਾਲੀ, ਮੋਹਣ ਬੀਕਾ, ਪ੍ਰੋ. ਗੁਰਪ੍ਰੀਤ ਸਿੰਘ, ਅਜਮੇਰ ਸਿੱਧੂ, ਸਰਦਾਰਾ ਸਿੰਘ ਚੀਮਾ, ਡਾ. ਸੁਰਜੀਤ ਪਾਤਰ ਦੇ ਪਰਿਵਾਰ ਵੱਲੋਂ ਉਪਕਾਰ ਜੀ ਦੇ ਨਾਲ ਗੁਰਸ਼ਰਨ ਕੌਰ ਬਾਹੜਾ, ਮਨਪਾਲ ਸਿੰਘ, ਸੁੱਚਾ ਤਲਵੰਡੀ ਸਲੇਮ ਅਤੇ ਜਨਤਕ ਜਮਹੂਰੀ, ਤਰਕਸ਼ੀਲ ਜਥੇਬੰਦੀਆਂ ਤੇ ਸਾਹਿਤਕ ਖੇਤਰ ਨਾਲ ਜੁੜੀਆਂ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਹਾਜ਼ਰ ਸਨ।

ਸਮਾਗਮ 'ਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ ਦਾ ਸੁਨੇਹਾ ਸਾਂਝਾ ਕਰਦਿਆਂ ਦੱਸਿਆ ਗਿਆ ਕਿ ਕਿਵੇਂ ਉਹਨਾਂ ਨੇ ਕਨੇਡਾ ਅਤੇ ਹੋਰਨਾਂ ਮੁਲਕਾਂ ਤੱਕ ਪਹੁੰਚ ਰੱਖਦੇ ਮੀਡੀਆ ਚੈਨਲਾਂ ਉਪਰ ਪਾਸ਼ ਦੀ ਦੇਣ ਅਤੇ ਪ੍ਰਸੰਗਿਕਤਾ ਉਪਰ ਵਿਚਾਰਾਂ ਸਾਂਝੀਆਂ ਕੀਤੀਆਂ। ਅੱਜ ਦੇ ਸਮਾਗਮ ਦੀ ਸਫ਼ਲਤਾ ਲਈ ਵੀ ਡਾ. ਸੁਰਿੰਦਰ ਧੰਜਲ ਦੀ ਅਗਵਾਈ ਵਿੱਚ ਸਰਗਰਮ ਟਰਸਟ ਵੱਲੋਂ ਹਰ ਤਰ੍ਹਾਂ ਦੇ ਭਰਵੇਂ ਯੋਗਦਾਨ ਦੀ ਜੈ ਜੈ ਕਾਰ ਕੀਤੀ ਗਈ।

ਇਸ ਸਮਾਗਮ ਦੀ ਤਿਆਰੀ ਅਤੇ ਪ੍ਰਚਾਰ ਮੁਹਿੰਮ 'ਚ ਕਵੀ ਅਮਰਜੀਤ ਚੰਦਨ ਦਾ ਜ਼ਿਕਰਯੋਗ ਸਹਿਯੋਗ ਰਿਹਾ।

ਸਮਾਗਮ ਦੇ ਸਿਖ਼ਰ ਤੇ ਸਿੱਖ ਨੈਸ਼ਨਲ ਕਾਲਜ ਦੇ ਪੰਜਾਬੀ ਵਿਭਾਗ ਦੇ ਡਾ. ਨਿਰਮਲਜੀਤ ਨੇ ਪਾਸ਼ ਦੀ ਵਾਰਤਕ, ਕਵਿਤਾ ਅਤੇ ਇਸਦੀ ਪ੍ਰਸੰਗਿਕਤਾ ਬਾਰੇ ਮੁੱਲਵਾਨ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਡੇ ਕਾਲਜ, ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਹੋਣਾ ਸਾਡੇ ਲਈ ਮਾਣਮੱਤਾ ਤਾਂ ਹੈ ਹੀ ਇਸਤੋਂ ਵੀ ਵਧ ਕੇ ਇਹ ਸਮਾਗਮ ਭਵਿੱਖ਼ ਵਿਚ ਸਾਡੇ ਸਿਰ ਅਮੀਰ ਵਿਰਾਸਤ ਨੂੰ ਪ੍ਰਨਾਏ ਸਾਹਿਤ ਸਭਿਆਚਾਰ ਦੀ ਮਸ਼ਾਲ ਲੈ ਕੇ ਸਫ਼ਰ ਤੇ ਰਹਿਣ ਦੀ ਜ਼ਿੰਮੇਵਾਰੀ ਵੀ ਆਇਦ ਕਰਦਾ ਹੈ।

ਜ਼ਿਕਰਯੋਗ ਹੈ ਕਿ ਇਸ ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੰਜਾਬੀ ਵਿਭਾਗ ਸਿੱਖ ਨੈਸ਼ਨਲ ਕਾਲਜ਼ ਬੰਗਾ, ਪਲਸ ਮੰਚ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਨਵਾਂ ਸ਼ਹਿਰ, ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਬੰਗਾ, ਦੋਆਬਾ ਰੰਗ ਮੰਚ ਮੰਗੂਵਾਲ, ਇਲਾਕੇ ਦੀਆਂ ਸਾਹਿਤਕ ਸਭਿਆਚਾਰਕ, ਤਰਕਸ਼ੀਲ, ਜਮਹੂਰੀ ਅਤੇ ਲੋਕ ਪੱਖੀ ਜਨਤਕ ਜਮਹੂਰੀ ਸੰਸਥਾਵਾਂ ਨੇ ਭਰਵਾਂ ਸਹਿਯੋਗ ਦਿੱਤਾ।

ਇਹ ਸਮਾਗਮ ਕਈ ਪੱਖਾਂ ਤੋਂ ਨਿੱਗਰ ਕਦਮ ਚੁੱਕਣ, ਬੀਤੇ ਕੱਲ੍ਹ, ਅੱਜ ਅਤੇ ਆਉਣ ਵਾਲੇ ਕੱਲ੍ਹ ਦੀਆਂ ਅੰਤਰ ਕੜੀਆਂ ਜੋੜਨ ਵੱਲ ਕਦਮ ਵਧਾਉਂਦੇ ਹੋਏ ਸਮੇਂ ਦਾ ਹਾਣੀ ਹੋ ਨਿਬੜਨ ਵਿਚ ਕਾਮਯਾਬ ਰਿਹਾ।

- ਇਸ ਸਮਾਗਮ ਦੀ ਤਿਆਰੀ ਦਾ ਧੁਰਾ ਸ਼ਹੀਦ ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ ਬਣਿਆਂ ਰਿਹਾ। ਬੱਬਰ ਅਕਾਲੀ ਲਹਿਰ ਅਤੇ ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ ਵਿੱਚ ਇਸ ਸਮਾਗਮ ਦੀਆਂ ਗੱਲਾਂ ਹੀ ਨਹੀਂ ਤੁਰੀਆਂ ਸਗੋਂ ਇਹਨਾਂ ਪਿੰਡਾਂ ਦੀਆਂ ਪੌਣਾਂ ਨਾਲ ਸੰਵਾਦ ਰਚਾਉਂਦੇ ਕਵੀਆਂ ਅਤੇ ਸਰੋਤਿਆਂ ਨੇ ਸਮਾਗਮ 'ਚ ਸ਼ਿਰਕਤ ਕੀਤੀ। ਇਉਂ ਸਮਾਗਮ ਗ਼ਦਰੀ ਗੂੰਜਾਂ, ਬੱਬਰ ਗੂੰਜਾਂ ਅਤੇ ਸ਼ਹੀਦ ਭਗਤ ਸਿੰਘ ਦੇ ਬੋਲਾਂ,

**'ਹਵਾ ਮੇਂ ਰਹੇਗੀ ਹਮਾਰੇ ਖ਼ਿਆਲ ਕੀ ਬਿਜਲੀਆਂ
ਯੇਹ ਮੁਸਤੇ ਖ਼ਾਕ ਹੈ ਫ਼ਾਨੀ ਰਹੇ ਰਹੇ ਨਾ ਰਹੇ'**

ਸਮਾਗਮ 'ਚ ਇਹ ਬੋਲ ਜਾ ਜੁੜੇ ਪਾਸ਼ ਦੇ ਬੋਲਾਂ ਨਾਲ,

**'ਮੈਂ ਤੇ ਘਾਹ ਹਾਂ
ਤੁਹਾਡੇ ਕੀਤੇ ਕਰਾਏ ਤੇ ਉੱਗ ਆਵਾਂਗਾ'**

- ਪਾਸ਼ ਦੇ ਪਿੰਡ ਤੋਂ ਪਾਸ਼ ਪਰਿਵਾਰ ਅਤੇ ਮਜ਼ਦੂਰਾਂ, ਕਿਸਾਨਾਂ, ਤਰਕਸ਼ੀਲਾਂ, ਜਮਹੂਰੀ ਕਾਮਿਆਂ ਸਾਹਿਤ ਕਲਾ ਨਾਲ ਜੁੜੇ ਲੋਕਾਂ ਦਾ ਪਰਿਵਾਰਾਂ ਸਮੇਤ ਆਰ ਸੀ ਐੱਫ ਤੋਂ ਲੈ ਕੇ ਸਿੱਖ ਨੈਸ਼ਨਲ ਕਾਲਜ ਬੰਗਾ ਤੱਕ ਆਉਣਾ ਆਪਣੇ ਆਪ ਵਿੱਚ ਹੀ ਇਹ ਕਹਿੰਦਾ ਸੁਣਾਈ ਦਿੰਦਾ ਹੈ,

**'ਅਸੀਂ ਲੜਾਂਗੇ ਸਾਥੀ
ਮਰ ਚੁੱਕਿਆਂ ਦੀ ਯਾਦ, ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ ਕਿ
ਅਜੇ ਤੱਕ ਲੜੇ ਕਿਉਂ ਨਹੀਂ'**

- ਵਿਲੱਖਣ ਰੰਗ ਫੁਲਵਾੜੀ ਦਾ

ਫੁਲਵਾੜੀ ਪਬਲਿਕ ਸਕੂਲ ਲੋਹੀਆਂ ਵਿਚ ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦੇ ਪ੍ਰਤੀਨਿਧ ਜਗੀਰ ਜੋਸਣ ਦੇ ਉੱਦਮ ਨਾਲ ਪਾਸ਼ ਅਤੇ ਡਾ. ਸੁਰਜੀਤ ਪਾਤਰ ਨੂੰ ਸਮਰਪਿਤ ਪ੍ਰਭਾਵਸ਼ਾਲੀ ਸਮਾਗਮ ਇਸ ਲੜੀ ਵਿਚ ਹੋਇਆ। ਇਸ ਵਿਚ ਦਰਜਣਾਂ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਗੀਤਾਂ ਦਾ ਰੰਗ ਭਰਿਆ। ਕਵੀ ਹਰਮੀਤ ਵਿਦਿਆਰਥੀ ਉਚੇਚੇ ਤੌਰ 'ਤੇ ਖਿੜਦੀ ਫੁਲਵਾੜੀ ਦੇ ਇਸ ਬਾਗ਼ ਵਿਚ ਆਪਣੀਆਂ ਕਵਿਤਾਵਾਂ ਦੇ ਫੁੱਲ ਲੈ ਕੇ ਸ਼ਾਮਲ ਹੋਏ।

- ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਦੀ ਪ੍ਰਬੰਧਕੀ ਤਿਆਰੀ ਦੀ ਮੀਟਿੰਗ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਹੋਣਾ, ਸਫ਼ਲਤਾ ਪੂਰਵਕ ਸਮਾਗਮ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਹੋਣਾ ਆਪਣੇ ਆਪ ਵਿੱਚ ਹੀ ਇਹ ਦਰਸਾਉਂਦਾ ਹੈ ਕਿ ਪਾਸ਼ ਜਿਸ ਅਮੀਰ ਇਤਿਹਾਸਕ ਵਿਰਾਸਤ ਨੂੰ ਆਪਣੀ ਵਾਰਤਕ ਅਤੇ ਕਾਵਿ ਸਿਰਜਣਾ ਵਿੱਚ ਲੈ ਕੇ ਆਇਆ ਉਸਨੂੰ ਉਸ ਗੌਰਵਮਈ ਵਿਰਾਸਤ ਦੇ ਵਾਰਸ ਪ੍ਰਮਾਣਿਕ ਗਾਥਾ ਸਮਝਦੇ ਹਨ।
- ਵਿਦਵਾਨ ਚਿੰਤਕ ਡਾ. ਪਰਮਿੰਦਰ ਸਿੰਘ ਦਾ ਮੁੱਖ ਭਾਸ਼ਣ ਪਾਸ਼ ਦੀ ਵਾਰਤਕ ਦੇ ਹਵਾਲਿਆਂ ਨਾਲ ਇਹ ਦਰਸਾਉਣ ਵਿੱਚ ਪੂਰੀ ਤਰ੍ਹਾਂ ਸਫ਼ਲ ਰਿਹਾ ਕਿ ਪਾਸ਼ ਜ਼ਹੀਨ ਬੁੱਧੀਮਾਨ, ਗਹਿਰਾ ਚਿੰਤਕ, ਗੰਭੀਰ ਪਾਠਕ, ਅਧਿਐਨ ਖੋਜ਼ ਕਰਤਾ ਅਤੇ ਸਮਿਆਂ ਦੀਆਂ ਚੁਣੌਤੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਣ ਵਾਲੀ ਬਹੁ ਪੱਖੀ ਸਖਸ਼ੀਅਤ ਸੀ ਜਿਸ ਅੱਗੇ ਨਿਰ ਆਧਾਰ ਹੋਛੇ ਤੋਤਕੜੇ ਛੱਡਣ ਵਾਲੇ ਅੱਖ ਚੁੱਕ ਕੇ ਸੰਵਾਦ ਨਹੀਂ ਰਚਾ ਸਕਦੇ। ਉਸਦੇ ਸੁਆਲਾਂ ਦਾ ਜਵਾਬ ਨਹੀਂ ਦੇ ਸਕਦੇ।
- ਸਮਾਗਮ 'ਚ ਨਵੀਆਂ ਅਤੇ ਭਰ ਜ਼ੋਬਨ ਤੇ ਆਈਆਂ ਅਤੇ ਉਚੇਰੇ ਮੁਕਾਮ ਭਰੀਆਂ ਕਲਮਾਂ ਜਾਈਆਂ ਨਜ਼ਮਾਂ ਨੇ ਸਰੋਤਿਆਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਉਹਨਾਂ ਨੇ 11 ਤੋਂ 2:30 ਵਜੇ ਤੱਕ ਪਲਕ ਝਪਕਣ ਜਿੰਨਾ ਵੀ ਪਲ ਨਹੀਂ ਗੁਆਇਆ।

ਪੁੰਗਰਦੀਆਂ, ਜ਼ੋਬਨ ਮੱਤੀਆਂ ਅਤੇ ਲੰਮੇ ਅਰਸੇ ਤੋਂ ਅਰੁੱਕ ਸਫ਼ਰ ਤੇ ਚਲੀਆਂ ਆ ਰਹੀਆਂ ਕਲਮਾਂ ਦੀ ਤ੍ਰਿਵੈਣੀ ਨੇ ਭਵਿੱਖ਼ ਵਿਚ ਅਜੇਹੇ ਸਮਾਗਮਾਂ ਦੀ ਨਿਰੰਤਰਤਾ ਦੀ ਜਗਿਆਸਾ ਦਾ ਜਾਗ ਲਾਇਆ।

- ਪੈਂਜੀ ਇਕਮਿੰਦਰ ਸਿੰਘ ਸੰਧੂ ਸੈਮੀਨਾਰ ਹਾਲ ਵਿੱਚ ਜੁੜੇ ਲੋਕਾਂ ਨੇ ਦਿਲੋਂ ਮਹਿਸੂਸ ਕੀਤਾ ਕਿ ਵਿਛੜੇ ਪੈਂਜੀ ਦੀ ਯਾਦ 'ਚ ਅਜੇਹਾ ਸੈਮੀਨਾਰ ਹਾਲ ਬਣਾ ਕੇ ਸਮਾਜ ਨੂੰ ਰੌਸ਼ਨੀ ਵੰਡਦੇ ਸਮਾਗਮਾਂ ਲਈ ਮਾਹੌਲ ਮੁਹੱਈਆ ਕਰਨ ਵਾਲੇ ਪਰਿਵਾਰ ਸਲਾਮ ਕੀਤਾ।

ਇਉਂ ਕੁੱਲ ਮਿਲਾ ਕੇ ਜੇ ਕਹਿਣਾ ਹੋਵੇ ਤਾਂ ਇਸ ਸਮਾਗਮ ਨੇ ਪਾਸ਼ ਦੇ ਬੋਲ ਲੋਕਾਂ ਵੱਲੋਂ ਸੀਨੇ ਲਾਏ ਦਰਸਾ ਦਿੱਤੇ,

**'ਮੇਰੇ ਤੁਰ ਜਾਣ ਤੋਂ ਬਾਅਦ
ਮੇਰੇ ਫ਼ਿਕਰਾਂ ਦੀ ਬਾਂਹ ਫੜੀ ਰੱਖਣਾ'**

ਸਮਾਗਮ ਦਾ ਮੰਚ ਸੰਚਾਲਨ ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦੀ ਤਰਫ਼ੋਂ ਅਮੋਲਕ ਸਿੰਘ ਅਤੇ ਜਗੀਰ ਜੋਸਣ ਨੇ ਕੀਤਾ।

**ਪੇਸ਼ਕਸ਼: ਅਮੋਲਕ ਸਿੰਘ**
98778 68710



# ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ

## 'ਆਪ' ਸਰਕਾਰ ਦੀ ਵਿਰੋਧੀ ਵਿਚਾਰ ਰੱਖਣ ਵਾਲਿਆਂ ਪ੍ਰਤੀ ਪਹੁੰਚ ਦਾ ਸਵਾਲ

**ਨਵਕਿਰਨ ਸਿੰਘ ਪੱਤੀ**
n4navkiran@gmail.com

ਪੰਜਾਬ ਪੁਲਿਸ ਦੀ ਇਕ ਟੀਮ ਵੱਲੋਂ ਸ਼ੋਸ਼ਲ ਮੀਡੀਆ 'ਤੇ ਬੇਬਾਕ ਟਿੱਪਣੀਆਂ ਲਈ ਜਾਣੇ ਜਾਂਦੇ ਸਿਆਸੀ ਮਾਹਿਰ ਮਾਲਵਿੰਦਰ ਸਿੰਘ ਮਾਲੀ ਨੂੰ ਉਸਦੇ ਭਰਾ ਦੇ ਪਟਿਆਲਾ ਸਥਿਤ ਘਰੋਂ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਸਮੇਂ ਦੀ ਵਾਇਰਲ ਵੀਡੀਓ ਵਿੱਚ ਪੁਲਿਸ ਇੰਸਪੈਕਟਰ ਦੱਸ ਰਿਹਾ ਹੈ ਕਿ ਇਹ ਗ੍ਰਿਫਤਾਰੀ ਆਈਟੀ ਐਕਟ ਦੀ ਧਾਰਾ 67 ਤਹਿਤ ਕੀਤੀ ਜਾ ਰਹੀ ਹੈ। ਉਸ ਵੀਡੀਓ ਵਿੱਚ ਸਾਫ ਵੇਖਿਆ ਜਾ ਸਕਦਾ ਹੈ ਕਿ ਮਾਲੀ ਵੱਲੋਂ ਮੰਗ ਕਰਨ ਦੇ ਬਾਵਜੂਦ ਪੁਲਿਸ ਵੱਲੋਂ ਗ੍ਰਿਫਤਾਰੀ ਵਾਰੰਟ ਜਾਂ ਐਫਆਈਆਰ ਦਾ ਕਾਪੀ ਨਹੀਂ ਵਿਖਾਈ ਗਈ।

ਅਗਲੇ ਦਿਨ ਪੁਲਿਸ ਵੱਲੋਂ ਜਦ ਮਾਲਵਿੰਦਰ ਸਿੰਘ ਮਾਲੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਪਤਾ ਲੱਗਾ ਕਿ ਇਹ ਗ੍ਰਿਫਤਾਰੀ ਆਈਟੀ ਐਕਟ ਤਹਿਤ ਨਹੀਂ ਬਲਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿੱਚ ਨਵੇਂ ਬਣਾਏ ਕਾਨੂੰਨ ਭਾਰਤੀ ਨਿਆਂ ਸਹਿਤਾ ਦੀ ਧਾਰਾ 196,299 ਬੀਐਨਐਸ ਤਹਿਤ ਕੀਤੀ ਗਈ ਹੈ, ਬੀਐਨਐਸ ਦੀ 299, ਆਈਪੀਸੀ ਦੀ ਧਾਰਾ 295ਏ ਦਾ ਹੀ ਬਦਲਿਆ ਹੋਇਆ ਨਾਮ ਹੈ ਜੋ ਬੋਲਣ ਦੀ ਅਜ਼ਾਦੀ ਨੂੰ ਖਤਮ ਕਰਨ ਲਈ ਵਰਤੀ ਜਾਂਦੀ ਰਹੀ ਹੈ ।ਇਸੇ ਧਾਰਾ 295ਏ 'ਤੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਗੀਤ ਬਹੁਤ ਮਕਬੂਲ ਹੋਇਆ ਸੀ ।ਮਾਲੀ ਦੀ ਗ੍ਰਿਫਤਾਰੀ ਸਮੇਂ ਪੁਲਿਸ ਇੰਸਪੈਕਟਰ ਵੱਲੋਂ ਦੱਸੀ ਧਾਰਾ ਦੀ ਬਜਾਏ ਹੋਰ ਧਾਰਾ ਤਹਿਤ ਗ੍ਰਿਫਤਾਰੀ ਨਾਲ ਇਹ ਖਦਸ਼ਾ ਵੀ ਵੱਧਦਾ ਹੈ ਜਿਵੇਂ ਪੁਲਿਸ ਨੇ ਮਾਲੀ ਨੂੰ ਗ੍ਰਿਫਤਾਰ ਕਰਕੇ ਐਫਆਈਆਰ ਘੜੀ ਹੋਵੇ।

ਅਸਲ ਵਿੱਚ ਮਾਲੀ ਖਿਲਾਫ ਦਰਜ਼ ਐਫਆਈਆਰ ਵਿੱਚ ਭੋਰਾ ਵੀ ਦਮ ਨਹੀਂ ਹੈ। ਐਫਆਈਆਰ ਦਰਜ਼ ਕਰਵਾਉਣ ਵਾਲੇ ਮੁਹਾਲੀ ਵਾਸੀ ਅਮਿਤ ਜੈਨ ਨੇ ਪੁਲਿਸ ਨੂੰ ਕਿਹਾ ਕਿ "ਮੈਂ 16 ਸਤੰਬਰ ਨੂੰ ਆਪਣੇ ਘਰ ਇਕ ਯੂ-ਟਿਊਬ ਚੈਨਲ 'ਤੇ ਇੰਟਰਵਿਊ ਵੇਖ ਰਿਹਾ ਸੀ, ਇੰਟਰਵਿਊ ਵਿੱਚ ਮਾਲੀ ਵੱਲੋਂ ਹਿੰਦੂ ਦੇਵੀ, ਦੇਵਤਿਆਂ ਬਾਰੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਿਸ ਨਾਲ ਮੇਰੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ। ਪੁਲਿਸ ਨੇ ਐਫਆਈਆਰ ਦਰਜ਼ ਕਰਵਾਉਣ ਵਾਲੇ ਤੋਂ ਨਾ ਕੋਈ ਆਡੀਓ, ਵੀਡੀਓ ਮੰਗੀ ਅਤੇ ਨਾਂਹੀ ਕੋਈ ਜਾਂਚ ਕੀਤੀ, ਸਿੱਧੀ ਧਾਰਾ 196,299 ਬੀਐਨਐਸ ਤਹਿਤ ਗ੍ਰਿਫਤਾਰੀ ਕਰ ਲਈ। ਗ੍ਰਿਫਤਾਰੀ ਸਿਆਸੀ ਅਧਾਰ ਹੋਣ ਦਾ ਇਸ ਤੋਂ ਵੱਡਾ ਕੀ ਸਬੂਤ ਹੋ ਸਕਦਾ ਹੈ ਕਿ ਅਮਿਤ ਜੈਨ ਪੁਲਿਸ ਵੱਲੋਂ ਪੁਲਿਸ ਨੂੰ ਦਰਖਾਸਤ ਦੇਣ ਦੇ ਕੁੱਝ ਪਲਾਂ ਬਾਅਦ ਹੀ ਐਫਆਈਆਰ ਦਰਜ਼ ਹੋ ਜਾਂਦੀ ਹੈ ਤੇ ਤਕਰੀਬਨ ਦੋ ਘੰਟੇ ਬਾਅਦ ਗ੍ਰਿਫਤਾਰੀ ਵੀ ਹੋ ਜਾਂਦੀ ਹੈ। ਪੁਲਿਸ ਚਾਹੁੰਦੀ ਤਾਂ ਕੇਸ ਦਰਜ਼ ਕਰਨ ਤੋਂ ਪਹਿਲਾਂ ਜਾਂ ਗ੍ਰਿਫਤਾਰ ਕਰਨ ਤੋਂ ਪਹਿਲਾਂ ਮਾਲੀ ਨੂੰ ਖੁਦ ਥਾਣੇ ਆ ਕੇ ਆਪਣਾ ਪੱਖ ਰੱਖਣ ਲਈ ਕਹਿ ਸਕਦੀ ਸੀ। ਮਾਲੀ ਜਨਤਕ ਰੂਪ ਵਿੱਚ ਵਿਚਰਨ ਵਾਲਾ ਵਿਅਕਤੀ ਹੈ ਉਸਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰਨ ਦੀ ਥਾਂ ਖੁਦ ਥਾਣੇ ਪੇਸ਼ ਹੋਣ ਲਈ ਬੁਲਾਉਣਾ ਬਣਦਾ ਸੀ।

ਇਹ ਜੱਗ ਜਾਹਿਰ ਹੈ ਕਿ ਐਫਆਈਆਰ ਦਰਜ਼ ਕਰਵਾਉਣ ਵਾਲਾ ਵਿਅਕਤੀ ਅਮਿਤ ਜੈਨ ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ। ਅਮਿਤ ਜੈਨ ਇਕ ਪ੍ਰਾਪਰਟੀ ਡੀਲਰ ਹੈ ਜਿਸਦੀਆਂ ਮੁੱਖ ਮੰਤਰੀ, ਕਈ ਕੈਬਨਿਟ ਮੰਤਰੀਆਂ ਨਾਲ ਤਸਵੀਰਾਂ ਸ਼ੋਸ਼ਲ ਮੀਡੀਆ 'ਤੇ ਪਈਆਂ ਹਨ। ਅਮਿਤ ਜੈਨ ਜਿਸ ਪੰਜਾਬ ਗਊ ਸੇਵਾ ਕਮਿਸ਼ਨ ਦਾ ਮੈਂਬਰ ਉਸ ਸੰਸਥਾਂ ਨੂੰ ਪੰਜਾਬ ਸਰਕਾਰ ਗ੍ਰਾਂਟ ਮੁਹੱਈਆ ਕਰਦੀ ਹੈ।

ਦਿਲਚਸਪ ਪਹਿਲੂ ਇਹ ਵੀ ਹੈ ਕਿ ਮੁਹਾਲੀ ਜਿਲ੍ਹੇ ਦੇ ਜਿਸ ਸੀਆਈਏ ਥਾਣੇ ਦੀ ਟੀਮ ਮਾਲਵਿੰਦਰ ਮਾਲੀ ਨੂੰ ਗ੍ਰਿਫਤਾਰ ਕਰਨ ਲਈ ਭੇਜੀ ਗਈ ਉਹ ਥਾਣਾ ਪਹਿਲਾਂ ਹੀ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇਕ ਮੀਡੀਆ ਅਦਾਰੇ ਨਾਲ ਇੰਟਰਵਿਊ ਕਾਰਨ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ।

ਹੁਣ ਜਦ ਮਾਲਵਿੰਦਰ ਸਿੰਘ ਮਾਲੀ ਵੱਲੋਂ ਇਸ ਝੂਠੇ ਕੇਸ ਵਿੱਚ ਜ਼ਮਾਨਤ ਨਾ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਮਾਲੀ ਦੇ ਛੋਟੇ ਭਰਾ ਰਣਜੀਤ ਸਿੰਘ ਗਰੇਵਾਲ ਅਨੁਸਾਰ ਉਸਦੀ ਮਾਲੀ ਨਾਲ ਮੁਲਾਕਾਤ ਵੀ ਤਿੰਨ ਘੰਟੇ ਦੀ ਖੱਜਲ-ਖੁਆਰੀ ਤੋਂ ਬਾਅਦ ਕਰਵਾਈ ਹੈ। ਰਣਜੀਤ ਸਿੰਘ ਨੂੰ ਮਾਲੀ ਨੇ ਦੱਸਿਆ ਹੈ ਕਿ ਪਟਿਆਲਾ ਜੇਲ੍ਹ ਪ੍ਰਸ਼ਾਸਨ ਮਾਲੀ ਨਾਲ ਦੁਰਵਿਹਾਰ ਕਰ ਰਿਹਾ ਹੈ। ਮਾਲੀ ਦੀਆਂ ਅੱਖਾਂ ਦਾ ਅਪਰੇਸ਼ਨ ਹੋਣਾ ਸੀ, ਜਿਸ ਦੀਆਂ ਤਿੰਨ ਦਿਨ ਪਹਿਲਾਂ ਜੇਲ੍ਹ ਵਿਚ ਆਈਆਂ ਰਿਪੋਰਟਾਂ ਉਸ ਨੂੰ ਨਹੀਂ ਦਿੱਤੀਆਂ ਗਈਆਂ। ਮਾਲੀ ਨੇ ਉਸ ਨੂੰ ਕਿਸੇ ਦੂਰ ਦੁਰਾਡੇ ਦੀ ਜੇਲ੍ਹ ਵਿੱਚ ਭੇਜਣ ਦਾ ਖਦਸ਼ਾ ਵੀ ਜ਼ਾਹਰ ਕੀਤਾ ਹੈ।

ਮਾਲਵਿੰਦਰ ਸਿੰਘ ਮਾਲੀ 1980ਵਿਆਂ ਦੇ ਕਰੀਬ ਵਿਦਿਆਰਥੀ ਜੀਵਨ ਸਮੇਂ ਹੀ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਹੋ ਗਿਆ ਸੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਵਜੋਂ ਉਸਨੇ ਕਈ ਸੰਘਰਸ਼ਾਂ ਦੀ ਅਗਵਾਈ ਕੀਤੀ ਸੀ। 1993 ਵਿੱਚ ਮਾਲੀ ਨੂੰ ਪੰਜਾਬ ਪੁਲਿਸ ਨੇ ਐਨਐਸਏ ਅਤੇ ਟਾਡਾ ਵਰਗੇ ਸਖਤ ਕਾਨੂੰਨਾਂ ਤਹਿਤ ਗ੍ਰਿਫਤਾਰ ਕਰਕੇ ਕਈ ਮਹੀਨੇ ਜੇਲ੍ਹ ਬੰਦ ਰੱਖਿਆ ਸੀ। ਮਾਲਵਿੰਦਰ ਸਿੰਘ ਮਾਲੀ 'ਜਨਤਕ ਪੈਗਾਮ' ਨਾਮ ਦੇ ਮੈਗਜ਼ੀਨ ਦੇ ਸੰਪਾਦਕ ਵਜ਼ੋਂ ਵੀ ਕੰਮ ਕਰਦੇ ਰਹੇ। ਮਾਲਵਿੰਦਰ ਸਿੰਘ ਮਾਲੀ ਐਸਜੀਪੀਸੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਕਾਫੀ ਨਜ਼ਦੀਕੀ ਰਹੇ ਹਨ। ਉਹ ਸਰਕਾਰੀ ਸਕੂਲ ਅਧਿਆਪਕ ਵਜੋਂ ਸੇਵਾਮੁਕਤ ਹੋਇਆ ਮਾਲੀ ਨੇ ਕੁੱਝ ਸਮਾਂ ਸਿੱਖਿਆ ਵਿਭਾਗ ਤੋਂ ਡੈਪੂਟੇਸ਼ਨ ਤਹਿਤ ਲੋਕ ਸੰਪਰਕ ਵਿਭਾਗ ਵਿੱਚ ਵੀ ਸੇਵਾਵਾਂ ਨਿਭਾਈਆਂ ਸਨ। ਅੱਜ ਕੱਲ੍ਹ ਉਹ ਸ਼ੋਸ਼ਲ ਮੀਡੀਆ 'ਤੇ ਚਲੰਤ ਮਾਮਲਿਆਂ ਉੱਪਰ ਇਕ ਸਿਆਸੀ ਮਾਹਿਰ ਵਜ਼ੋਂ ਬੇਬਾਕ ਟਿੱਪਣੀਆਂ ਲਈ ਜਾਣੇ ਜਾਂਦੇ ਹਨ।



2021 ਵਿੱਚ ਜਦ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਸਨ ਤਾਂ ਉਹਨਾਂ ਨੇ ਮਾਲਵਿੰਦਰ ਸਿੰਘ ਮਾਲੀ ਅਤੇ ਡਾਕਟਰ ਪਿਆਰੇ ਲਾਲ ਗਰਗ ਨੂੰ ਆਪਣਾ ਸਲਾਹਕਾਰ ਨਿਯੁਕਤ ਕੀਤਾ ਸੀ। ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਹੁੰਦਿਆਂ ਮਾਲਵਿੰਦਰ ਸਿੰਘ ਮਾਲੀ ਦੀ ਭਾਜਪਾ ਵਰਗੀਆਂ ਪਾਰਟੀਆਂ ਨੇ ਜੰਮੂ-ਕਸ਼ਮੀਰ ਸਬੰਧੀ ਲਏ ਸਟੈਂਡ ਬਾਰੇ ਅਲੋਚਣਾ ਕੀਤੀ ਸੀ, ਹਾਲਾਂਕਿ ਮਾਲੀ ਆਪਣੇ ਸਟੈਂਡ 'ਤੇ ਦ੍ਰਿੜ ਰਹੇ ਸਨ।

ਆਮ ਆਦਮੀ ਪਾਰਟੀ ਵੱਲੋਂ ਮੋਦੀ ਸਰਕਾਰ 'ਤੇ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹ ਸਿਆਸੀ ਬਦਲਾਖੋਰੀ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ। ਇਸ ਵਿੱਚ ਕੋਈ ਦੋ ਰਾਵਾਂ ਵੀ ਨਹੀਂ ਹਨ ਕਿ ਕੇਂਦਰ ਸਰਕਾਰ ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀਆਂ ਨੂੰ ਝੂਠੇ ਕੇਸਾਂ ਵਿੱਚ ਜੇਲ੍ਹਾਂ ਵਿੱਚ ਬੰਦ ਕਰ ਰਹੀ ਹੈ, 'ਆਪ' ਮੁਖੀ ਅਰਵਿੰਦ ਕੇਜਰੀਵਾਲ ਖਿਲਾਫ ਈਡੀ ਅਤੇ ਸੀਬੀਆਈ ਵੱਲੋਂ ਦਰਜ਼ ਕੇਸ ਵੀ ਇਸੇ ਰਾਜਨੀਤੀ ਤੋਂ ਪ੍ਰੇਰਿਤ ਹਨ। ਪਰ ਮਾਮਲੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਜਿਸ ਤਰ੍ਹਾਂ ਭਾਜਪਾ ਦੀ ਕੇਂਦਰੀ ਹਕੂਮਤ ਵਿਰੋਧੀ ਧਿਰਾਂ/ਵਿਚਾਰ-ਰੱਖਣ ਵਾਲਿਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਦੀ ਹੈ, ਠੀਕ ਉਸੇ ਤਰ੍ਹਾਂ ਪੰਜਾਬ ਦੀ 'ਆਪ' ਸਰਕਾਰ ਸੂਬੇ ਵਿੱਚ ਸਰਕਾਰ ਦੀ ਅਲੋਚਣਾ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਰਹੀ ਹੈ।

ਪਿਛਲੇ ਹਫਤੇ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਸਮੇਂ ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਸੀ ਕਿ ਸੀਬੀਆਈ ਦਾ ਉਦੇਸ਼ ਈਡੀ ਵੱਲੋਂ ਦਰਜ ਮਨੀ ਲਾਂਡਰਿੰਗ ਕੇਸ ਵਿੱਚ ਕੇਜਰੀਵਾਲ ਨੂੰ ਮਿਲੀ ਜ਼ਮਾਨਤ ਨੂੰ ਕਿਸੇ ਤਰ੍ਹਾਂ ਖੋਹਣਾ ਸੀ। ਸਰਬਉੱਚ ਅਦਾਲਤ ਨੇ ਸਿੱਧੇ ਤੌਰ 'ਤੇ ਕਿਹਾ ਕਿ ਏਜੰਸੀ ਆਪਣੇ ਬਾਰੇ ਬਣੀ 'ਪਿੰਜਰੇ 'ਚ ਕੈਦ ਤੋਤੇ' ਵਾਲੀ ਧਾਰਨਾ ਨੂੰ ਖਤਮ ਕਰਨ ਲਈ ਯਤਨ ਕਰੇ ।ਅਦਾਲਤ ਦੀ ਟਿੱਪਣੀ ਬਾਕਮਾਲ ਹੈ, ਈਡੀ ਤੋਂ ਕੇਜਰੀਵਾਲ ਨੂੰ ਜ਼ਮਾਨਤ ਮਿਲਣ ਤੋਂ ਪਹਿਲਾਂ ਹੀ ਸੀਬੀਆਈ ਨੇ ਕੇਸ ਦਰਜ਼ ਕਰ ਲਿਆ ਸੀ। ਪਰ ਇਹੋ ਕੁੱਝ ਭਗਵੰਤ ਮਾਨ ਦੀ ਸਰਕਾਰ ਨੇ ਸੁਖਪਾਲ ਸਿੰਘ ਖਹਿਰਾ ਸਮੇਤ ਕਈਆਂ ਦੇ ਮਾਮਲੇ ਵਿੱਚ ਕੀਤਾ ਹੈ; ਸੁਖਪਾਲ ਸਿੰਘ ਖਹਿਰਾ ਨੂੰ ਰਾਜਨੀਤਕ ਕਿੜ ਕਾਰਨ ਇਕ 8 ਸਾਲ ਪੁਰਾਣੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ, 4 ਜਨਵਰੀ 2023 ਨੂੰ ਹਾਈਕੋਰਟ ਵਿੱਚ ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਣੀ ਸੀ ਲੇਕਿਨ ਉਸੇ ਦਿਨ ਸਵੇਰੇ 3 ਵਜੇ ਪੰਜਾਬ ਵਿੱਚ ਖਹਿਰਾ ਖਿਲਾਫ ਇਕ ਨਵਾਂ ਕੇਸ ਦਰਜ ਕਰਕੇ ਉਸਨੂੰ ਹੋਰ ਸਮਾਂ ਜੇਲ੍ਹ ਵਿੱਚ ਰੱਖਣ ਦੀ ਵਿਉਂਤ ਬਣਾਈ ਗਈ ਸੀ।

ਬਰਨਾਲਾ ਜਿਲ੍ਹੇ ਦੇ ਪਿੰਡ ਕੋਟਦੁੱਨਾ ਨਾਲ ਸਬੰਧਤ ਯੂਟਿਊਬਰ ਭਾਨਾ ਸਿੱਧੂ ਸ਼ੋਸ਼ਲ ਮੀਡੀਆ 'ਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਦਾ ਸੀ ਤਾਂ ਜਨਵਰੀ 2024 ਵਿੱਚ ਉਸਨੂੰ ਟਰੈਵਲ ਏਜੰਟਾਂ ਦੀ ਕਥਿਤ ਸ਼ਿਕਾਇਤ 'ਤੇ ਲੁਧਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ, 25 ਜਨਵਰੀ ਨੂੰ ਲੁਧਿਆਣਾ ਅਦਾਲਤ ਨੇ ਭਾਨਾ ਸਿੱਧੂ ਦੀ ਜ਼ਮਾਨਤ ਮਨਜ਼ੂਰ ਕਰ ਲਈ ਤਾਂ 26 ਜਨਵਰੀ ਨੂੰ ਪਟਿਆਲਾ ਵਿੱਚ ਉਸ ਖਿਲਾਫ ਨਵਾਂ ਕੇਸ ਦਰਜ਼ ਕਰਕੇ ਉਸਨੂੰ ਮੁੜ ਹਿਰਾਸਤ ਵਿੱਚ ਲਿਆ ਗਿਆ ਅਤੇ ਬਾਅਦ ਵਿੱਚ ਫਾਜ਼ਿਲਕਾ ਵਿਖੇ ਕੇਸ ਦਰਜ਼ ਕੀਤਾ ਗਿਆ।

ਭਗਵੰਤ ਮਾਨ ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ ਐਨਐਸਏ ਲਾਉਣਾ,ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰਨਾ ਸੂਬਾ ਸਰਕਾਰ ਦੀ ਵਧਵੀਂ ਕਾਰਵਾਈ ਹੈ। ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਖਿਲਾਫ ਲਗਾਏ ਐਨਐਸਏ ਦੀ ਮਿਆਦ ਵਧਾਉਣ ਸਬੰਧੀ ਜੋ ਦਲੀਲਾਂ ਸੂਬਾ ਸਰਕਾਰ ਨੇ ਦਿੱਤੀਆਂ ਹਨ, ਉਹ ਸੂਬਾ ਸਰਕਾਰ ਵੱਲੋਂ ਵਧਾ-ਚੜ੍ਹਾ ਕੇ ਕੀਤੀ ਗਈ ਪੇਸ਼ਕਾਰੀ ਹੈ।

ਪੰਜਾਬ ਵਿੱਚ 'ਸੱਤਾ' ਸੰਭਾਲਣ ਤੋਂ ਬਾਅਦ ਭਗਵੰਤ ਮਾਨ ਸਰਕਾਰ ਨੇ ਅਪਰੈਲ 2022 ਵਿੱਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਖਿਲਾਫ ਬਿਆਨਬਾਜੀ ਕਰਨ ਵਾਲੇ ਪਾਰਟੀ ਦੇ ਸਾਬਕਾ ਆਗੂਆਂ ਕੁਮਾਰ ਵਿਸ਼ਵਾਸ਼ ਅਤੇ ਅਲਕਾ ਲਾਂਬਾ ਖਿਲਾਫ ਕੇਸ ਦਰਜ਼ ਕੀਤਾ ਸੀ। ਇਸ ਤੋਂ ਇਲਾਵਾਂ ਭਾਜਪਾ ਵਰਕਰ ਪ੍ਰੀਤੀ ਗਾਂਧੀ ਅਤੇ ਭਾਜਪਾ ਆਗੂ ਤੇਜਿੰਦਰ ਬੱਗਾ ਖਿਲਾਫ ਵੀ ਕੇਸ ਦਰਜ਼ ਕੀਤੇ ਗਏ ਸਨ ।ਇਹ ਸਾਰੇ ਕੇਸ ਖਾਸਕਰ ਪੰਜਾਬ ਪੁਲਿਸ ਦੀਆਂ ਟੀਮਾਂ ਦਾ ਦਿੱਲੀ ਵਿਖੇ ਕੁਮਾਰ ਵਿਸ਼ਵਾਸ਼ ਅਤੇ ਅਲਕਾ ਲਾਂਬਾ ਦੇ ਘਰ ਜਾਣਾ ਸਿਆਸਤ ਤੋਂ ਪ੍ਰੇਰਿਤ ਸੀ।

ਪਿਛਲੇ ਢਾਈ ਸਾਲਾਂ ਵਿੱਚ ਦਰਜ਼ਨਾਂ ਅਜਿਹੀਆਂ ਉਦਹਾਰਨਾਂ ਹਨ ਜਦ ਸਰਕਾਰ ਦੀ ਅਲੋਚਣਾ ਕਰਨ ਵਾਲੇ ਸ਼ੋਸ਼ਲ ਮੀਡੀਆ ਕਾਰਕੁਨਾਂ ਜਾਂ ਪੱਤਰਕਾਰਾਂ ਦੇ ਘਰ ਪੰਜਾਬ ਪੁਲਿਸ ਨੇ ਦਬਸ਼ ਦਿੱਤੀ ਹੈ। ਇਸੇ ਸਰਕਾਰ ਦੇ ਕਾਰਜਕਾਲ ਦੌਰਾਨ ਰਜਿੰਦਰ ਸਿੰਘ ਤੱਗੜ, ਸੁਖਨੈਬ ਸਿੱਧੂ ਵਰਗੇ ਪੱਤਰਕਾਰਾਂ ਨੂੰ ਜੇਲ੍ਹ ਭੇਜ ਚੁੱਕੀ ਹੈ।

ਇਕ ਪਾਸੇ ਕੇਂਦਰ ਸਰਕਾਰ ਸੂਬਿਆਂ ਦੇ ਅਧਿਕਾਰ ਖੋਹ ਰਹੀ ਹੈ ਤੇ ਵਿਚਾਰਾਂ ਦੇ ਅਧਾਰ 'ਤੇ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਰਹੀ ਹੈ,ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਇਕ ਹਿੱਸਾ ਜੇਲ੍ਹ ਜਾ ਚੁੱਕਾ ਹੈ। ਬਣਦਾ ਤਾਂ ਇਹ ਸੀ ਕਿ 'ਆਪ' ਕੇਂਦਰ ਸਰਕਾਰ ਦੀਆਂ ਵਧੀਕੀਆਂ ਖਿਲਾਫ ਸਟੈਂਡ ਲੈਂਦੀ ਪਰ 'ਆਪ' ਵੱਲੋਂ ਆਪਣੀ ਸੱਤਾ ਵਾਲੇ ਸੂਬੇ ਪੰਜਾਬ ਵਿੱਚ ਕੇਂਦਰ ਸਰਕਾਰ ਦੀ ਤਰਜ਼ ਉੱਪਰ ਕੀਤੀ ਜਾ ਰਹੀ ਧੱਕੇਸ਼ਾਹੀ ਦਰਸਾਉਂਦੀ ਹੈ ਕਿ ਇਸ ਮਾਮਲੇ 'ਤੇ ਸਿਧਾਂਤਕ ਰੂਪ ਵਿੱਚ 'ਆਪ' ਅਤੇ ਭਾਜਪਾ ਵਿੱਚ ਕੋਈ ਫਰਕ ਨਹੀਂ ਹੈ।









# ਮੇਲਾ ਗ਼ਦਰੀ ਬਾਬਿਆਂ ਦਾ ਮੇਲਾ ਗਦਰੀ ਵਾਰਿਸਾਂ ਦਾ..

ਲਾਲ ਸਿੰਘ ਦਿਲ ਲਿਖਦਾ ਹੈ--
ਜਦੋਂ ਆਦਮੀ ਮਰ ਜਾਂਦਾ ਹੈ
ਓਹ ਕੁਝ ਨਹੀਂ ਸੋਚਦਾ
ਓਹ ਕੁਝ ਨਹੀਂ ਬੋਲਦਾ
ਕੁਝ ਨਾ ਸੋਚਣ ਉੱਤੇ
ਕੁਝ ਨਾ ਬੋਲਣ ਉੱਤੇ
ਆਦਮੀ ਮਰ ਜਾਂਦਾ ਹੈ
ਗਦਰੀ ਬਾਬਿਆਂ ਦੇ ਵਾਰਿਸਾਂ ਦਾ ਇੱਕ ਖੇਮਾ ਹਰ ਸਾਲ ਮਨਾਏ ਜਾਂਦੇ ਮੇਲੇ ਦੀ ਤਿਆਰੀ ਚ ਡੁੱਬ ਗਿਆ ਹੈ, ਜੋ ਡੂਢ ਕੁ ਮਹੀਨੇ ਤੱਕ ਗਦਰੀਆਂ ਦੀ ਵਿਰਾਸਤ ਵਜੋਂ ਦਰਸਾਈ, ਪ੍ਰਚਾਰੀ ਜਾਂਦੀ ਇਮਾਰਤ ਦੇ ਵਿਹੜੇ 'ਚ ਮਨਾਇਆ ਜਾਣਾ ਹੈ
ਰੰਗ ਮੰਚ ਸਜ ਰਹੇ ਨੇ
ਤਾਜ਼ੇ ਖਿੜੇ ਫੁੱਲਾਂ ਵਰਗੀ ਚਿਹਰਿਆਂ ਤੇ ਲਾਲੀ ਨਾਲ ਦਗਦੇ ਮੁੱਖ ਮੇਲੇ ਦੇ ਸਿੱਧੇ ਅਸਿੱਧੇ ਮੇਲੀ ਬਣਨ ਦਾ ਹੋਕਰਾ ਮਾਰਨ ਲੱਗੇ ਨੇ..
ਮੇਲਾ ਹੈ.. ਗਦਰੀ ਬਾਬਿਆਂ ਦਾ ਮੇਲਾ..
ਤੇ ਏਧਰ ਇੱਕ ਮੇਲਾ ਗਦਰੀ ਵਿਰਾਸਤ ਦਾ .. ਕਨੇਡਾ ਦੇ ਓਨਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਚ ਵੀ ਭਰ ਰਿਹਾ ਹੈ..
ਇਸ ਮੇਲੇ ਚ ਗਦਰੀ ਬਾਬਿਆਂ ਦੀ ਇਹ ਵਿਰਾਸਤ ਆਪਣੇ ਹੀ ਨਹੀਂ ਹਜ਼ਾਰਾਂ ਲੱਖਾਂ ਨਾਲ ਸਟੇਟ ਦੀ ਮਸ਼ੀਨਰੀ ਵੱਲੋਂ ਕੀਤੇ ਜਾ ਰਹੇ ਧੱਕਿਆਂ ਖਿਲਾਫ ਕਾਮਾਗਾਟਾਮਾਰੂ ਇਤਿਹਾਸ ਦੀ ਸਿਰਜਕ ਧਰਤੀ ਤੇ ਸੜਕ ਕਿਨਾਰੇ ਸੰਘਰਸ਼ ਦਾ ਪੱਲਾ ਫੜ ਕੇ ਡਟੀ ਹੋਈ ਹੈ..
ਗਦਰੀਆਂ ਦੇ ਵਾਰਿਸਾਂ ਦਾ ਸੜਕ ਕਿਨਾਰੇ ਦਿਨ ਰਾਤ ਦਾ ਇਹ ਮੇਲਾ ਮਹਿਜ ਮੇਲਾ ਨਹੀਂ ਹੈ,
ਮਾਂ ਮਿੱਟੀ ਚ ਬੇਚੈਨੀ ਦੀਆਂ ਸ਼ੂਕਦੀਆਂ ਹਨੇਰੀਆਂ ਚ ਸੁਪਨਿਆਂ ਦੇ ਆਲਣੇ ਤੀਲਾ ਤੀਲਾ ਹੁੰਦੇ ਦਿਸੇ ਤਾਂ ਗਦਰੀਆਂ ਦਾ ਇਹ ਵਿਰਸਾ ਵਿਰਸੇ ਵੱਲੋਂ ਸਿਰਜੀ ਪ੍ਰਵਾਸ ਦੀ ਪੈੜ ਨੱਪਦਾ ਹੋਇਆ ਵਤਨੋਂ ਹਜ਼ਾਰਾਂ ਮੀਲ ਦੂਰ ਆ ਬੈਠਾ
ਭਰ ਜਵਾਨੀ ਦੇ ਚਾਰ ਪੰਜ ਛੇ ਸਾਲ ਦਿਨ ਰਾਤ ਦੀ ਮੁਸ਼ੱਕਤ
ਫੀਸਾਂ ਦੇ ਰੂਪ ਚ ਲੱਖਾਂ ਰੁਪਿਆਂ ਦਾ ਚੜਾਵਾ
ਸਭ ਕੁਝ ਦਾਅ ਤੇ ਸਿਰਫ ਏਸ ਆਸ ਚ ਲਾਇਆ ਕਿ ਭਵਿੱਖ ਸੁਨਹਿਰਾ ਨਾ ਸਹੀ ਕੁਝ ਸੁਖਾਲਾ ਹੋਵੇਗਾ।
ਅਗਲਿਆਂ ਨੱਕ ਪੂੰਝ ਕੇ ਸੁੱਟੇ ਨੈਪਕਿਨ ਵਾਂਗ ਵਗਾਅ ਮਾਰਨ ਵਾਲੀ ਪਾਲਿਸੀ ਲੈ ਆਂਦੀ ਹੈ
ਲੱਖਾਂ ਨੌਜਵਾਨਾਂ ਦਾ ਭਵਿੱਖ ਦਾਅ ਤੇ ਹੈ
ਏਸ ਭਵਿੱਖ ਨੂੰ ਸੁਰੱਖਿਅਤ ਕਰਨ ਦਾ ਜਿ ਮਾ ਗਦਰੀਆਂ ਦੇ ਇੱਕ ਖੇਮੇ ਦੇ ਵਿਰਸੇ ਦੇ ਵਾਰਿਸਾਂ ਨੇ ਆਪਣੇ ਦਮ ਤੇ ਲਿਆ ਹੈ।
ਏਸ ਸੰਘਰਸ਼ ਦਾ ਨਤੀਜਾ ਕੁਝ ਵੀ ਹੋਵੇ, ਪਰ ਏਹਦੇ ਨਕਸ਼ ਵਿਸ਼ਵ ਭਰ ਦੇ ਲੋਟੂ ਸਰਮਾਏਦਾਰ ਲਾਣੇ ਦੇ ਜ਼ਿਹਨ ਚ ਹਮੇਸ਼ਾ ਲਈ ਉੱਕਰੇ ਜ਼ਰੂਰ ਜਾਣੇ ਨੇ..
ਦਿਨ ਰਾਤ ਦੇ ਮੋਰਚੇ ਨੂੰ ਮਹੀਨਾ ਹੋਣ ਵਾਲਾ ਹੈ, ਟੈਂਟ ਵੱਡਾ ਕਰਨ ਲਈ ਤਿਆਰੀਆਂ ਇੱਥੇ ਵੀ ਓਨੇ ਹੀ ਜੋਸ਼ ਨਾਲ ਚੱਲ ਰਹੀਆਂ ਨੇ ਜਿੰਨੀਆਂ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ
ਪਰ ਇਹ ਮਹਿਜ ਮੇਲਾ ਨਹੀਂ
ਇਹ ਗਦਰੀਆਂ ਦੇ ਖਾਮੋਸ਼ ਹੋ ਚੁੱਕੇ, ਤੇ ਮੈਂ ਕਹਿ ਸਕਦੀ ਹਾਂ ਕਿ ਲਗਪਗ ਅੰਦਰੋਂ ਮਰ ਚੁੱਕੇ ਵਿਰਸੇ ਦੇ ਓਸ ਖੇਮੇ ਨੂੰ ਅਲਵਿਦਾ ਦਾ ਸੁਨੇਹਾ ਪੁਚਾਉਣ ਵਾਲਾ ਮੇਲਾ ਹੈ ਕਿ
ਆਸ ਨਾਲ ਤੱਕਿਆ
ਜਦ ਅਸੀਂ ਰਾਹ ਦਸੇਰੇ ਵੱਲ
ਪਰ ਤੇਰੇ ਦਰ
ਸਾਡੇ ਲਈ ਬੰਦ ਹੀ ਮਿਲੇ
ਸਿਰ ਸਾਡੇ ਦੇ ਸਵਾਲਾਂ ਮੂਹਰੇ
ਮਿਲੀ ਤੇਰੀ ਜੁਬਾਨ ਦੀ ਤਾਲਾਬੰਦੀ
ਅਲਵਿਦਾ ਅਲਵਿਦਾ
ਤੇਰੀ ਬੰਜਰ ਜ਼ਮੀਨ ਨੂੰ
ਅਲਵਿਦਾ
ਅਸੀਂ ਹਵਾ ਦੀ ਹਿੱਕ ਚ
ਮੌਲਦੇ ਬੀਜ ਹਾਂ
ਪੁੰਗਰਾਂਗੇ ਉੱਗਾਂਗੇ
ਖਿੜਾਂਗੇ ਮਹਿਕਾਂਗੇ
ਇੱਕ ਨਵੀਂ ਧਰਤ ਤੇ
ਅਲਵਿਦਾ..ਮੇਲੀਓ..

-ਅਮਨਦੀਪ ਹਾਂਸ

# ਇਪਟਾ, ਪੰਜਾਬ ਨੇ ਸ਼ਹੀਦ ਭਗਤ ਸਿੰਘ ਤੇ ਨਾਟ-ਕਰਮੀ ਗੁਰਸ਼ਰਨ ਭਾਅ ਜੀ ਦਾ ਜਨਮ ਦਿਹਾੜਾ ਮਨਾਇਆ

- 9 ਰੋਜ਼ਾ ਸਮਾਗਮਾਂ ਦੀ ਲੜੀ ਅਧੀਨ ਮੁਹਾਲੀ ਵਿਖੇ ਚਰਚਾ ਹੋਈ ਭਾਵ-ਪੂਰਤ ਚਰਚਾ
- ਅਜੌਕੇ ਸਾਹ ਘੁੱਟਵੇਂ ਮਾਹੌਲ ਵਿਚ ਭਗਤ ਸਿੰਘ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਨ ਸਮੇਂ ਦੀ ਲੋੜ : ਡਾ. ਅਰੀਤ
- ਭਗਤ ਸਿੰਘ ਤੇ ਗੁਰਸ਼ਰਨ ਸਿੰਘ ਸੁਖ਼ਾਲੀ ਜਿੰਦਗੀ ਦੇ ਬਾਵਜੂਦ ਵੀ ਲੋਕਾਂ ਨਾਲ ਖੜੇ ਵੀ, ਲੋਕਾਂ ਲਈ ਲੜੇ ਵੀ ਤੇ ਅੜੇ ਵੀ : ਸੰਜੀਵਨ




ਮੋਹਾਲੀ, (ਬਲਜਿੰਦਰ ਸਿੰਘ ਪਟਿਆਲਾ) : ਇਪਟਾ, ਪੰਜਾਬ ਵੱਲੋਂ ਸ਼ਹੀਦ ਏ ਆਜ਼ਿਮ ਭਗਤ ਸਿੰਘ ਤੇ ਨਾਟ-ਕਰਮੀ ਗੁਰਸ਼ਰਨ ਭਾਅ ਜੀ ਦੇ ਜਨਮ ਦਿਹਾੜਿਆਂ ਨੂੰ ਸਮਰਪਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ 9 ਰੋਜ਼ਾ ਸਮਾਗਮਾਂ ਦੀ ਲੜੀ ਅਧੀਨ ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਮੁਹਾਲੀ ਫੇਜ਼-10 ਦੇ ਸਿਲਵੀ ਪਾਰਕ ਦੀ ਸੰਤੋਖ ਸਿੰਘ ਧੀਰ ਲਾਇਬਰੇਰੀ ਵਿਖੇ ਡਾ. ਅਰੀਤ (ਪੁੱਤਰੀ ਗੁਰਸ਼ਰਨ ਭਾਅ ਜੀ ਅਤੇ ਸਾਬਕਾ ਡਾਇਰੈਕਟਰ ਸਿਹਤ ਵਿਭਾਗ ਪੰਜਾਬ), ਗੁਰਨਾਮ ਕੰਵਰ (ਸ਼ਾਇਰ), ਸੰਜੀਵਨ ਸਿੰਘ (ਨਾਟਕਕਾਰ) ਦੀ ਪ੍ਰਧਾਨਗੀ ਹੇਠ ਚਾਰ ਦਰਜਨ ਇਪਟਾ ਕਾਰਕੁਨਾ, ਲੇਖਕਾ, ਵਿਦਵਾਨਾਂ, ਚਿੰਤਕਾਂ ਤੇ ਰੰਗਕਰਮੀਆ ਦੇ ਸੰਖੇਪ ਪਰ ਪ੍ਰਭਾਵਸ਼ਾਲੀ ਇਕੱਠ ਵਿੱਚ ਹੋਈ। ਇਹ ਆਯੋਜਨ ਇਪਟਾ, ਪੰਜਾਬ ਦੀ ਜ਼ਿਲ੍ਹਾ ਇਕਾਈ ਮੁਹਾਲੀ ਵੱਲੋਂ ਹੋਇਆ। ਭਗਤ ਸਿੰਘ ਤੇ ਗੁਰਸ਼ਰਨ ਭਾਅ ਜੀ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਨ ਲਈ ਵਕਤਾ ਦੇ ਤੌਰ 'ਤੇ ਰੰਗਕਰਮੀ ਬਲਕਾਰ ਸਿੱਧੂ) ਤੇ ਨਾਟ-ਕਰਮੀ ਰਾਬਿੰਦਰ ਸਿੰਘ ਰੱਬੀ ਨੇ ਕਿਹਾ, "ਭਗਤ ਸਿੰਘ ਤੇ ਗੁਰਸ਼ਰਨ ਭਾਜੀ ਵਿਚ ਜਿਹੜੀ ਮੁੱਢਲੀ ਸਾਂਝ ਸੀ ਉਹ ਸੀ ਦੋਵੇਂ ਰੰਗਕਰਮੀ ਸਨ। ਭਗਤ ਸਿੰਘ ਨੇ ਵਿਦਿਆਰਥੀ ਜੀਵਨ ਵਿਚ ਲਾਹੌਰ ਕੁੱਝ ਨਾਟਕਾਂ ਵਿਚ ਹਿੱਸਾ ਲਿਆ। ਇਪਟਾ ਦੇ ਗਾਇਕਾਂ ਮੀਤ ਅੰਗਰੇਜ਼, ਦਵਿੰਦਰ ਕੌਰ ਢਿੱਲੋਂ, ਚਮਨ ਦੇਵ ਸ਼ਰਮਾਂ ਨੇ ਲੋਕ-ਸਰੋਕਾਰਾਂ ਅਤੇ ਮਸਲਿਆਂ ਦੀ ਗੱਲ ਕਰਦੀ ਭਾਵ-ਪੂਰਤ ਗਾਇਕੀ ਪੇਸ਼ ਕੀਤੀ। ਡਾ. ਆਰੀਤ ਨੇ ਕਿਹਾ, "ਅਜੋਕੇ ਸਾਹ ਘੁੱਟਵੇਂ ਮਾਹੌਲ ਵਿਚ ਭਗਤ ਸਿੰਘ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਚਰਚਾ ਕਰਨ ਸਮੇਂ ਦੀ ਲੋੜ ਹੈ ਮੇਰੇ ਪਾਪਾ ਗੁਰਸ਼ਰਨ ਸਿੰਘ ਭਗਤ ਸਿੰਘ ਦੇ ਸਿਧਾਤਾਂ ਅਤੇ ਸੋਚ ਮੁਤਾਬਿਕ ਆਖ਼ਰੀ ਦਮ ਤੱਕ ਚੱਲੇ। ਸ਼ਾਇਰ ਸ਼ਾਇਰ ਗੁਰਨਾਮ ਕੰਵਰ ਨੇ ਕਿਹਾ, "ਗੁਰਸ਼ਰਨ ਸਿਰਫ਼ ਆਪਣੇ ਜਾਣੂਆਂ, ਕਲਮਕਾਰਾਂ ਤੇ ਕਲਾਕਾਰਾਂ ਦਾ ਹੀ ਭਾਅ ਜੀ ਨਹੀ ਸੀ। ਉਹ ਸਮਾਜ ਦੇ ਦੱਬੇ-ਕੁੱਚਲੇ ਤਬਕੇ ਦੇ ਵੀ ਭਾਅ ਜੀ ਸੀ। ਸੰਜੀਵਨ ਸਿੰਘ ਨੇ ਕਿਹਾ, "ਭਗਤ ਸਿੰਘ ਤੇ ਗੁਰਸ਼ਰਨ ਸਿੰਘ ਸੁਖ਼ਾਲੀ ਜ਼ਿੰਦਗੀ ਦੇ ਬਾਵਜੂਦ ਵੀ ਲੋਕਾਂ ਨਾਲ ਖੜ੍ਹੇ ਵੀ, ਲੋਕਾਂ ਲਈ ਲੜੇ ਵੀ ਤੇ ਅੜੇ ਵੀ। ਦੋਵਾਂ ਨੇ ਹੋਰ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕੀਤਾ ਤੇ ਕਿੱਕਰਾਂ ਨੂੰ ਦਾਖਾ ਲਾਅ ਕੇ ਵੀ ਦਿਖਾ ਦਿੱਤੀਆਂ। ਰਨਾਂ ਤੋਂ ਇਲਾਵਾ ਚਰਚਿਤ ਲੇਖਕ ਸੁਰਿੰਦਰ ਗਿੱਲ, ਸਰਦਾਰਾ ਸਿੰਘ ਚੀਮਾ, ਰੰਗਮੰਚ ਦੇ ਫਿਲਮ ਅਦਾਕਾਰਾ ਅਮਨ ਭੋਗਲ, ਇਪਟਾ ਦੇ ਬਾਨੀ ਤੇਰਾ ਸਿੰਘ ਦੇ ਪੁੱਤਰ ਦਿਲਦਾਰ ਸਿੰਘ, ਨਾਟਕਰਮੀ ਗੁਰਪ੍ਰੀਤ ਸਿੰਘ ਸਿੰਧਰਾ, ਕਲਮਕਾਰ ਹਰਨਾਮ ਸਿੰਘ ਡੱਲਾ, ਪੱਤਰਕਾਰ ਗੁਰਪ੍ਰੀਤ ਖੋਖਰ, ਸੁਰਿੰਦਰ ਸਿੰਘ ਰਸੂਲਪੁਰੀ ਨੇ ਚਰਚਾ ਵਿਚ ਆਪਣੇ ਵਿਚਾਰ ਰੱਖੇ। ਇਪਟਾ ਦੀ ਜ਼ਿਲ੍ਹਾ ਇਕਾਈ ਮੋਹਾਲੀ ਦੇ ਜਨਰਲ ਸਕੱਤਰ ਨਾਟ-ਕਰਮੀ ਜਸਬੀਰ ਗਿੱਲ ਨੇ ਹਾਜ਼ਰੀਨ ਦਾ ਧੰਨਵਾਦ ਕਰਦੇ ਕਿਹਾ, ਇਪਟਾ ਆਪਣੇ ਮੂਲ-ਸਿਧਾਂਤ 'ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ' ਉਪਰ ਡੱਟ ਕੁ ਪਹਿਰਾ ਦਿੰਦੀ ਰਹੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਊਸ਼ਾ ਕੰਵਰ, ਅਮਰਜੀਤ ਕੌਰ ਢੋਲੇਵਾਲ, ਹਰਬੰਸ ਸਿੰਘ ਢੋਲੇਵਾਲ, ਮੋਹਨ ਸਿੰਘ, ਗੁਰਮਨ ਗਿੱਲ, ਚਿਰਾ.ਗ ਗਿੱਲ, ਜਸ਼ਿੰਦਰ ਜੋਸ਼ ਵੀ ਸ਼ਾਮਲ ਸਨ। ਖੁਬਸੂਰਤ ਅੰਦਾਜ਼ ਵਿਚ ਮੰਚ ਸੰਚਾਲਨ ਕੀਤਾ।


WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)

10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
WE FINANCE TOO
York Authorized Dealer
YORK

WE DO INSTALL & SERVICE ALL MAJOR BRANDS
Ritesh Vashisht
604.657.9420

Email: simplexmechanical@hotmail.com
www.hvacsurreybc.ca

A Class Granite Ltd.
A CLASS GRANITE
PRICED RIGHT AND DONE RIGHT


WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

# ਉੱਤਰ-ਪੱਛਮੀ ਓਂਟਾਰੀਓ ਖੇਤਰ ਦੀਆਂ ਹੈਲਥ ਸੇਵਾਵਾਂ ਦਾ ਸੰਕਟ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ




ਉੱਤਰੀ-ਪੱਛਮੀ ਓਂਟਾਰੀਓ ਖੇਤਰ ਦੇ ਹਸਪਤਾਲ, ਈ ਐਮ ਐਸ ਅਤੇ ਪ੍ਰਾਇਮਰੀ ਕੇਅਰ ਸੇਵਾਵਾਂ ਸੰਕਟ ਦੀ ਹਾਲਤ ਦਾ ਸਾਹਮਣਾਂ ਕਰ ਰਹੀਆਂ ਹਨ ਅਤੇ ਪਬਲਿਕ ਵੱਲੋਂ ਇਸ ਦੇ ਹੱਲ ਦੀ ਮੰਗ ਕੀਤੀ ਜਾ ਰਹੀ ਹੈ। ਰੇਨੀ ਰਿਵਰ ਦੇ ਹਸਪਤਾਲ ਅਤੇ ਕਲੀਨਿਕ ਨੂੰ ਬਹੁਤ ਸਾਰੇ ਡਾਕਟਰ ਛੱਡ ਰਹੇ ਹਨ ਅਤੇ ਈਮੋ ਇਲਾਕੇ ਵਿੱਚ ਐਂਬੂਲੈਂਸ ਬੇਸ ਆਉਣ ਵਾਲੇ ਸਮੇਂ ਵਿੱਚ ਬੰਦ ਹੋਣ ਦਾ ਖ਼ਤਰਾ ਹੈ। ਪਿਛਲੇ ਦਿਨੀਂ, ਰੇਨੀ ਰਿਵਰ ਇਲਾਕੇ ਦੇ ਮੇਅਰ, ਜ਼ਿਲ੍ਹੇ ਦੇ ਪੈਰਾਮੈਡਿਕਸ ਅਤੇ ਹਸਪਤਾਲ ਕਰਮਚਾਰੀ ਯੂਨੀਅਨ (CUPE 4807) ਦੇ ਪ੍ਰਧਾਨ ਅਤੇ ਹੈਲਥ ਕੋਲੀਸ਼ਨ ਨੇ ਪ੍ਰੈਸ ਕਾਨਫਰੰਸ ਵਿੱਚ ਸੰਕਟ ਬਾਰੇ ਦੱਸਿਆ ਹੈ ਅਤੇ ਫੋਰਡ ਸਰਕਾਰ ਤੋਂ ਫੌਰੀ ਕਾਰਵਾਈ ਦੀ ਮੰਗ ਕੀਤੀ ਹੈ। ਸੂਬੇ ਵਿੱਚ ਸਿਹਤ ਸੇਵਾਵਾਂ ਹੁਣ ਤੱਕ ਦੇ ਸਭ ਤੋਂ ਗੰਭੀਰ ਸਟਾਫ਼ ਸੰਕਟ ਕਰਕੇ ਖਤਰੇ ਵਿੱਚ ਹਨ। ਇਹ ਪਿਛਲੇ ਸਾਲ ਦੌਰਾਨ 1,200 ਦੇ ਕਰੀਬ ਮਹੱਤਵਪੂਰਨ ਹਸਪਤਾਲ ਸੇਵਾਵਾਂ ਬੰਦ ਹੋਣ ਦੇ ਹੁਕਮਾਂ ਕਰਕੇ ਵਾਪਰ ਰਿਹਾ ਹੈ। ਪਿਛਲੇ ਸਾਲ ਰੇਨੀ ਰਿਵਰ ਐਮਰਜੈਂਸੀ ਵਿਭਾਗ ਅਸਥਾਈ ਤੌਰ ’ਤੇ ਬੰਦ ਹੋਣ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਕਰਕੇ ਹੁਣ ਮਰੀਜ਼ਾਂ ਨੂੰ ਅਗਲੇ ਨਜ਼ਦੀਕੀ ਹਸਪਤਾਲ ਫੋਰਟ ਫਰਾਂਸਿਸ ਦੇ ਐਮਰਜੈਂਸੀ ਵਿਭਾਗ ਜਾਣਾ ਪੈ ਰਿਹਾ ਹੈ ਜਿਸ ਲਈ ਇੱਕ ਘੰਟੇ ਤੋਂ ਵੱਧ ਦਾ ਸਫ਼ਰ ਕਰਨਾ ਪੈਂਦਾ ਹੈ।

ਰੇਨੀ ਰਿਵਰ ਕਸਬੇ ਦੇ ਤਿੰਨ ਪਰਮਾਨੈਂਟ ਫੁਲ ਟਾਇਮ ਸਥਾਨਕ ਡਾਕਟਰਾਂ ਨੇ ਘੋਸ਼ਣਾ ਕੀਤੀ ਕਿ ਉਹ ਫੋਰਡ ਸਰਕਾਰ ਨਾਲ ਫੰਡਿੰਗ ਵਿਵਾਦ ਦੇ ਕਾਰਨ ਅਸਤੀਫਾ ਦੇ ਰਹੇ ਹਨ। ਇਨ੍ਹਾਂ ਵਿੱਚੋਂ ਦੋ ਡਾਕਟਰ ਸਤੰਬਰ ਦੇ ਅੰਤ ਵਿੱਚ ਰੀਲੀਵ ਹੋਣਗੇ ਅਤੇ ਤੀਸਰਾ ਨਵੰਬਰ ਵਿੱਚ ਰੀਲੀਵ ਹੋਵੇਗਾ। ਇਸ ਨਾਲ 30 ਸਤੰਬਰ ਤੋਂ ਬਾਅਦ ਹਸਪਤਾਲ ਤੋਂ ਇਲਾਵਾ ਕਲੀਨਿਕ ਵਿੱਚ ਵੀ ਡਾਕਟਰ ਸੇਵਾਵਾਂ ਠੱਪ ਹੋ ਜਾਣਗੀਆਂ। ਅਸਥਾਈ ਤੌਰ ’ਤੇ ਹਸਪਤਾਲ ਨੇ 1 ਅਕਤੂਬਰ ਤੋਂ 22 ਨਵੰਬਰ ਤੱਕ ਲੋਕਮ ਡਾਕਟਰਾਂ ਦਾ ਪ੍ਰਬੰਧ ਕੀਤਾ ਹੈ। ਚੇਤੇ ਰਹੇ ਕਿ ਕਵਰੇਜ ਪ੍ਰਦਾਨ ਕਰਨ ਲਈ ਟਾਊਨ ਦੁਆਰਾ ਬਾਹਰੋਂ ਲੋਕਮ ਡਾਕਟਰਾਂ ਨੂੰ ਲਿਆਂਦਾ ਜਾਂਦਾ ਹੈ। ਜੇਕਰ ਫੋਰਡ ਸਰਕਾਰ ਲੰਬੇ ਸਮੇਂ ਤੱਕ ਸਮੱਸਿਆ ਦਾ ਕੋਈ ਹੱਲ ਨਾ ਕਰ ਸਕੀ ਤਾਂ ਨਵੰਬਰ ਦੇ ਅੰਤ ਤੱਕ ਰੈਨੀ ਰਿਵਰ ਇਲਾਕੇ ਦੇ ਹਸਪਤਾਲ ਅਤੇ ਕਲੀਨਿਕਾਂ ਨੂੰ ਡਾਕਟਰਾਂ ਦੀਆਂ ਸੇਵਾਵਾਂ ਤੋਂ ਸੱਖਣਾ ਹੋਣ ਦਾ ਖਤਰਾ ਹੈ। ਵਸਨੀਕਾਂ ਨੂੰ ਫੋਰਟ ਫ੍ਰਾਂਸਿਸ ਦੇ ਨਜ਼ਦੀਕੀ ਹਸਪਤਾਲ ਦੇ ਡਾਕਟਰ ਸੇਵਾਵਾਂ ਤੱਕ ਪਹੁੰਚਣ ਲਈ ਇੱਕ ਘੰਟੇ ਤੋਂ ਵੱਧ ਸਫ਼ਰ ਕਰਨਾ ਪਵੇਗੀ ਅਤੇ ਉਹ ਫੈਮਲੀ ਫੀਜ਼ੀਸ਼ੀਅਨ ਦੀਆਂ ਸੇਵਾਵਾਂ ਤੋਂ ਸੱਖਣੇ ਹੀ ਰਹਿਣਗੇ।

ਇਸ ਦੌਰਾਨ, ਰੇਨੀ ਰਿਵਰ ਸਰਵਿਸਿਜ਼ ਦੇ ਜ਼ਿਲ੍ਹਾ ਬੋਰਡ ਨੇ ਸਟਾਫ ਦੀ ਗੰਭੀਰ ਘਾਟ ਕਾਰਨ ਈਮੋ ਇਲਾਕੇ ਦੇ ਐਂਬੂਲੈਂਸ ਸਟੇਸ਼ਨ ਨੂੰ ਬੰਦ ਕਰਨ ਦਾ ਵੀ ਐਲਾਨ ਕੀਤਾ ਹੈ। ਦੋ ਕਸਬਿਆਂ ਦੇ ਸਟੇਸ਼ਨਾਂ ਨੂੰ ਖੁੱਲ੍ਹਾ ਰੱਖਣ ਲਈ ਈ ਐਮ ਐਸ ਨੂੰ ਈਮੋ ਤੋਂ ਫੋਰਟ ਫਰਾਂਸਿਸ ਅਤੇ ਰੇਨੀ ਰਿਵਰ ਤੱਕ ਹਟਾ ਦਿੱਤਾ ਜਾਵੇਗਾ। ਇਮੋ ਵਿਖੇ ਹਸਪਤਾਲ ਦਾ ਕੋਈ ਐਮਰਜੈਂਸੀ ਵਿਭਾਗ ਨਹੀਂ ਹੈ। ਈਮੋ ਅਤੇ ਆਲੇ ਦੁਆਲੇ ਦੇ ਕਸਬਿਆਂ ਵਿੱਚ ਐਮਰਜੈਂਸੀ ਦੇਖਭਾਲ ਦੀ ਲੋੜ ਵਾਲੇ ਲੋਕਾਂ ਨੂੰ ਰੇਨੀ ਰਿਵਰ ਅਤੇ ਫੋਰਟ ਫਰਾਂਸਿਸ ਤੋਂ ਰਵਾਨਾ ਕੀਤੇ ਗਏ ਪੈਰਾਮੈਡਿਕਸ ਆਉਣ ਦੀ ਉਡੀਕ ਕਰਨੀ ਪਵੇਗੀ ਅਤੇ ਉਹ ਪੈਰਾਮੈਡਿਕਸ ਗਿਣਤੀ ਇਸ ਨਵੇਂ ਵੱਧ ਗਏ। ਵੱਡੇ ਖੇਤਰ ਦੇ ਅਨੁਪਾਤ ਨਾਲ ਗਿਣਤੀ ਪੱਖੋਂ ਘੱਟ ਜਾਣਗੇ। ਕਮਿਊਨਿਟੀ ਪੈਰਾ ਮੈਡੀਸਨ ਪ੍ਰੋਗਰਾਮ ਨੂੰ ਈਮੋ ਵਿੱਚ ਤਬਦੀਲ ਕੀਤਾ ਜਾਵੇਗਾ ਜੋਕਿ ਪੈਰਾ ਮੈਡੀਕਲ ਸੇਵਾਵਾਂ ਦਾ ਬਦਲ ਨਹੀਂ ਹੋ ਸਕਦਾ। ਯਾਦ ਰਹੇ ਕਿ ਕਮਿਊਨਿਟੀ ਪੈਰਾ ਮੈਡੀਸਨ ਪ੍ਰੋਗਰਾਮ ਸਿਰਫ ਪ੍ਰਾਇਮਰੀ ਕੇਅਰ ਪ੍ਰਦਾਨ ਕਰਦਾ ਹੈ ਅਤੇ ਈ ਐਮ ਐਸ ਸੇਵਾਵਾਂ ਪ੍ਰਦਾਨ ਨਹੀਂ ਕਰਦਾ।

## ਹੈਲਥ ਕੋਲੀਸ਼ਨ ਵੱਲੋਂ ਕਾਰਵਾਈ ਦੀ ਮੰਗ

ਰੇਨੀ ਰਿਵਰ ਦੀ ਮੇਅਰ ਡੇਬੋਰਾਹ ਈਵਾਲਡ: “ਸਾਡੇ ਕੋਲ ਬਹੁਤ ਸੀਨੀਅਰ ਆਬਾਦੀ ਹੈ ਅਤੇ ਲੋਕ ਘਬਰਾਏ ਹੋਏ ਹਨ। ਇਹ ਲੋਕ ਆਪਣੀ ਸਾਰੀ ਉਮਰ ਆਪਣੇ ਖੇਤਰ ਵਿੱਚ ਰਹੇ ਹਨ ਅਤੇ ਉਹਨਾਂ ਨੇ ਸਾਰੀ ਉਮਰ ਟੈਕਸ ਅਦਾ ਕੀਤਾ ਹੈ ਅਤੇ ਹੁਣ ਬੁਢਾਪੇ ਵਿੱਚ ਉਹਨਾਂ ਦੀ ਸਿਹਤ ਸੰਭਾਲ ਉਹਨਾਂ ਤੋਂ ਬਾਹਰ ਕੱਢੀ ਜਾ ਰਹੀ ਹੈ ... ਇਹ ਇੱਕ ਭਿਆਨਕ ਗੱਲ ਵਾਪਰੀ ਹੈ। ਇੱਥੇ ਸਿਹਤ ਸੰਭਾਲ ਹੋਣ ਦੀ ਲੋੜ ਹੈ। ਕੁਝ ਮਹੱਤਵਪੂਰਨ ਤਬਦੀਲੀਆਂ ਕਰਨੀਆਂ ਜ਼ਰੂਰੀ ਹਨ ਨਹੀਂ ਤਾਂ ਲੋਕ ਮਰਨ ਜਾ ਰਹੇ ਹਨ। ਇਹ ਬਹੁਤ ਭਿਆਨਕ ਹੈ।”

**CUPE ਲੋਕਲ 4807 ਦੇ ਪ੍ਰਧਾਨ ਮੈਲਕਮ ਡੇਲੀ:** “ਅਸੀਂ ਸਟਾਫਿੰਗ ਦੇ ਚੱਲ ਰਹੇ ਸੰਘਰਸ਼ ਦੇ ਅੰਤ ’ਤੇ ਹਾਂ ਅਤੇ ਅਸੀਂ ਇੱਕ ਸੰਕਟ ਦੇ ਬਿੰਦੂ ’ਤੇ ਪਹੁੰਚ ਗਏ ਹਾਂ। ਅਸੀਂ ਹੁਣ ਪਾਣੀ ਵਿੱਚ ਸਿਰਫ ਛਟ-ਪਟਾ ਨਹੀਂ ਰਹੇ ਸਗੋਂ ਅਸੀਂ ਡੁੱਬਣਾ ਸ਼ੁਰੂ ਕਰ ਰਹੇ ਹਾਂ... ਸਾਡੀ ਹੈਲਥ ਕੇਅਰ ਸੇਵਾ ਕਦੇ ਵੀ ਇਨ੍ਹੀ ਘੱਟ ਨਹੀਂ ਰਹੀ ਹੈ।”

**ਥੰਡਰ ਬੇਅ ਹੈਲਥ ਕੋਲਿਸ਼ਨ ਦੇ ਸਹਿ-ਚੇਅਰ ਜੂਲੇਸ ਟੁਪਕਰ:** “ਇਹ ਅਵਿਸ਼ਵਾਸ਼ਯੋਗ ਹੈ ਕਿ ਸਰਕਾਰ ਅਜਿਹਾ ਕੁਝ ਹੋਣ ਦੇ ਰਹੀ ਹੈਸ਼ਸਾਨੂੰ ਜੋ ਵੀ ਮਿਲ ਰਿਹਾ ਹੈ, ਉਹ ਦਿਨੋਂ-ਦਿਨ ਖੋਖਲੇ ਵਾਅਦੇ ਹਨ। ਰੇਨੀ-ਰੀਵਰ ਅਤੇ ਇਮੋ ਇਲਾਕੇ ਵਿੱਚ ਜੋ ਹੋ ਰਿਹਾ ਹੈ, ਇਹ ਇਨ੍ਹਾਂ ਖਾਲੀ ਵਾਅਦਿਆਂ ਦਾ ਹੀ ਨਤੀਜਾ ਹੈ। ਇਹ ਹੈਰਾਨੀਜਨਕ ਹੈ ਕਿ ਇਹ ਕੁਝ ਜਾਰੀ ਹੈ।”

**ਓਂਟਾਰੀਓ ਹੈਲਥ ਕੋਲੀਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਨੈਟਲੀ ਮਹਿਰਾ :** “ਇਹ ਇੱਕ ਵੱਡੀ ਸਮੱਸਿਆ ਹੈ। ਜਿਨ੍ਹਾਂ ਨੂੰ ਲੋਕ ਚੁਣਦੇ ਹਨ, ਉਦੋਂ ਉਹ ਕਿੱਥੇ ਹੁੰਦੇ ਹਨ, ਜਦੋਂ ਲੋਕਾਂ ਨੂੰ ਹਸਪਤਾਲ ਅਤੇ ਐਮਰਜੈਂਸੀ ਸੇਵਾਵਾਂ ਲਈ ਲੋੜ ਹੁੰਦੀ ਹੈ। ਇਹ ਸਿਰਫ ਐਮਰਜੈਂਸੀ ਸੇਵਾਵਾਂ ਦੀ ਹੀ ਗੱਲ ਨਹੀਂ ਹੈ ਬਲਕਿ ਫੈਮਲੀ ਮੈਡੀਸਨ ਵੀ ਪੂਰੇ ਭਾਈਚਾਰੇ ਦੀ ਜ਼ਰੂਰਤ ਹੈ। ਹੁਣ ਲੋਕਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਕੀ ਹੋ ਰਿਹਾ ਹੈ, ਤਾਂਕਿ ਉਹ ਇਸ ਗੱਲ ਦਾ ਫੈਸਲਾ ਕਰਨ ਸਕਣ ਕਿ ਉਹ ਇਲਾਕਾ ਛੱਡਣ ਦੇਣ ਜਾਂ ਨਹੀਂ। ਕਿਉਂਕਿ ਗਰਮੀਆਂ ਵੇਲੇ ਉੱਤਰੀ ਓਂਟਾਰੀਓ ਵਿੱਚ ਆਵਾਜਾਈ ਲਈ ਦੂਰੀਆਂ ਲੰਬੀਆਂ ਹਨ ਅਤੇ ਸਰਦੀਆਂ ਵੇਲੇ ਇਕੱਲੇ ਰਹਿਣ ਲਈ ਇਕਲਾਪਾ। ਅਸੀਂ ਹੁਣ ਸਿਰਫ਼ ਆਖਰੀ ਮਿੰਟ ਦੇ ਸਟਾਪ ਗੈਪ ਪ੍ਰਬੰਧਾਂ ਦਾ ਸਹਾਰਾ ਜਾਰੀ ਨਹੀਂ ਰੱਖ ਸਕਦੇ ਜਿਹੜੇ ਸੇਵਾਵਾਂ ਨੂੰ ਟਿਕਾਊ ਕਰਨ ਲਈ ਕਾਫ਼ੀ ਨਹੀਂ ਹਨ। ਸਾਨੂੰ ਫੋਰਡ ਸਰਕਾਰ ਤੋਂ ਪੱਕੇ ਹੱਲ ’ਤੇ ਅਸਲ ਜਵਾਬ ਦੀ ਲੋੜ ਹੈ ਜੋ ਸੇਵਾਵਾਂ ਨੂੰ ਮਜ਼ਬੂਤ ਕਰਨ ਕਿਉਂਕਿ ਲੋਕਾਂ ਦੀਆਂ ਜਾਨਾਂ ਖਤਰੇ ਵਿੱਚ ਹਨ।

ਹੈਲਥ ਕੋਲੀਸ਼ਨ ਨੇ ਵਿਸਥਾਰਤ ਮੰਗ ਪੱਤਰ ਵੀ ਜਾਰੀ ਕਰਕੇ ਸਰਕਾਰ ਤੋਂ ਮੰਗ ਕੀਤੀ ਕਿ ਸੇਵਾ ਦੇ ਪੱਧਰ ਨੂੰ ਬਿਹਤਰ ਬਣਾਉਣ ਲਈ ਹਸਪਤਾਲਾਂ ਲਈ ਲੰਬੇ ਸਮੇਂ ਲਈ ਪਰਮਾਨੈਂਟ ਫੰਡਿੰਗ ਦੀ ਲੋੜ ਹੈ, ਜੋ ਤੱਸਲੀਬਖਸ਼ ਹੋਵੇ। ਫਿਲਹਾਲ ਅਜਿਹਾ ਕੁਝ ਵੀ ਨਹੀਂ ਹੋ ਰਿਹਾ ਹੈ। ਪਿਛਲੇ ਮਾਲੀ ਸਾਲ ਦੌਰਾਨ ਪ੍ਰਾਂਤ ਨੇ ਹਸਪਤਾਲ ਫੰਡਿੰਗ ਮੌਜੂਦਾ ਮਹਿੰਗਾਈ ਦੀ ਵਾਧਾ ਦਰ ਨਾਲੋਂ ਫੰਡਿੰਗ ਵਾਧੇ ਦੀ ਲੋੜ ਨਾਲੋਂ ਘੱਟ ’ਤੇ ਚਲਾਈ, ਭਾਵ ਅਸਲ ਡਾਲਰ ਵਿੱਚ ਕਟੌਤੀ (0.5 ਤੋਂ 0.9% ਜਿਸਦਾ ਮਤਲਬ 1% ਤੋਂ ਘੱਟ), ਜਦੋਂ ਕਿ ਇਸ ਸਮੇਂ ਹਸਪਤਾਲ ਸਭ ਤੋਂ ਮਾੜੇ ਸਟਾਫਿੰਗ ਸੰਕਟ ਨਾਲ ਜੂਝ ਰਹੇ ਹਨ ਅਤੇ ਸੇਵਾਵਾਂ ਪੂਰੇ ਓਂਟਾਰੀਓ ਵਿੱਚ ਬੰਦ ਹੋ ਰਹੀਆਂ ਹਨ। ਵਿੱਤੀ ਸਾਲ ਦੇ ਅੰਤਿਮ ਹਫਤਿਆਂ ਵਿੱਚ ਉਹਨਾਂ ਨੇ ਹਸਪਤਾਲ ਫੰਡਿੰਗ ਵਿੱਚ ਵਾਧੇ ਦਾ ਐਲਾਨ ਕੀਤਾ, ਪਰ ਇਸ ਸਮੇਂ ਸਟਾਫ ਨੂੰ ਨਿਯੁਕਤ ਕਰਨ ਅਤੇ ਸੇਵਾਵਾਂ ਬਚਾਉਣ ਵਿੱਚ ਬਹੁਤ ਦੇਰ ਹੋ ਗਈ ਸੀ। ਇਹ ਘੋਸ਼ਿਤ ਫੰਡਿੰਗ ਇਨ੍ਹਾਂ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਸੰਕਟ ਨੂੰ ਹੱਲ ਕਰਨ ਲਈ ਨਾਕਾਫ਼ੀ ਹੈ। ਹੈਲਥ ਕੋਲਿਸ਼ਨ ਨੇ ਸਰਕਾਰ ਨੂੰ ਉੱਤਰੀ ਓਂਟਾਰੀਓ ਦੀਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਲਈ ਲੰਬੇ ਸਮੇਂ ਲਈ ਸਥਿਰ ਫੰਡਿੰਗ ਲਈ ਵਚਨਬੱਧ ਕਰਨ ਲਈ ਸੱਦਾ ਦਿੱਤਾ। ਕੋਲਸ਼ਿਨ ਨੇ ਸੂਬਾਈ ਸਰਕਾਰ ਤੋਂ ਮੰਗ ਕੀਤੀ ਕਿ ਡਾਕਟਰਾਂ ਦੇ ਸੰਘਰਸ਼ ਦਾ ਹੱਲ ਕੀਤਾ ਜਾਵੇ ਅਤੇ ਪ੍ਰਾਇਮਰੀ ਕੇਅਰ ਨੂੰ ਮਜ਼ਬੂਤ ਕਰਨ ਦੀ ਮੰਗ ਕੀਤੀ। ਕੋਲਸ਼ਿਨ ਵੱਲੋਂ, ਕਰੀਟੀਕਲ ਕੇਅਰ ਨਰਸਾਂ, ਨਰਸ ਪ੍ਰੈਕਟੀਸ਼ਨਰਾਂ, ਪ੍ਰਾਇਮਰੀ ਕੇਅਰ ਵਿੱਚ ਡਾਕਟਰਾਂ ਨਾਲ ਟੀਮਾਂ ਵਿੱਚ ਕੰਮ ਕਰਨ ਵਾਲੇ, ਸਿਹਤ ਪੇਸ਼ੇਵਰਾਂ ਅਤੇ ਹਸਪਤਾਲਾਂ ਵਿੱਚ ਪੂਰੀ ਟੀਮ ਲਈ ਵਾਧੇ ਦੀ ਮੰਗ ਦੇ ਨਾਲ ਟੀਮ-ਆਧਾਰਿਤ ਪਹੁੰਚ ਦੀ ਵਕਾਲਤ ਕੀਤੀ ਜਾ ਰਹੀ ਹੈ। ਹੋਰ ਭਾਈਚਾਰਿਆਂ ਵਿੱਚ ਇਸ ਤਰ੍ਹਾਂ ਦੇ ਪ੍ਰਬੰਧਾਂ ਨਾਲ ਨੇ ਕਵਰੇਜ ਨੂੰ ਮਜ਼ਬੂਤ ਕਰਨ ਵਿੱਚ ਮਦਦ ਕੀਤੀ ਹੈ। ਕੋਲਸ਼ਿਨ ਨੇ ਪ੍ਰੋਵਿੰਸ ਤੋਂ ਮੰਗ ਕੀਤੀ ਹੈ ਕਿ ਅੰਤਿਮ ਮੁਨਾਫੇ ਲਈ ਕੰਮ ਕਰਦੀਆਂ ਸਟਾਫਿੰਗ ਏਜੰਸੀਆਂ ਤੇ ਰੋਕ ਲਾਈ ਜਾਵੇ ਜੋ ਜਨਤਕ ਹਸਪਤਾਲਾਂ ਦੇ ਸਟਾਫ ਨੂੰ ਨੁਕਸਾਨ ਕਰ ਰਹੀਆਂ ਹਨ ਅਤੇ ਬੇ-ਲੋੜੇ ਖਰਚੇ ਵਧਾ ਰਹੀਆਂ ਹਨ।

# ਨਾਟਕ ‘ਅਸਾਂ ਰਹਿਮ ਨਾ ਜ਼ੁਲਮ ਤੋਂ ਮੰਗਣਾ’ ਦੀ ਸ਼ਾਨਦਾਰ ਪੇਸ਼ਕਾਰੀ









ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ‘ਅਸਾਂ ਰਹਿਮ ਨਾ ਜ਼ੁਲਮ ਤੋਂ ਮੰਗਣਾ’ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਸ਼ਹੀਦ ਭਗਤ ਸਿੰਘ ਜੀ ਦੇ 117ਵੇਂ ਜਨਮ ਦਿਨ ਨੂੰ ਸਮੱਰਪਿਤ ਗੁਰਸ਼ਰਨ ਕਲਾ ਭਵਨ ਵਿਖੇ ਨਾਟਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਵਿਲੱਖਣਤਾ ਇਸ ਗੱਲ ਵਿੱਚ ਸੀ ਕਿ ਇਸ ਵਾਰ ਦੇ ਸਮਾਗਮ ਵਿੱਚ ਲੋਕ ਕਲਾ ਮੰਚ ਦੇ ਲੱਗਭਗ 35 ਕਲਾਕਾਰਾਂ ਨੇ ਸਮਾਗਮ ਦਾ ਹਿੱਸਾ ਬਣ ਕੇ ਸਮਾਗਮ ਦੀ ਸ਼ਾਨ ਵਧਾਈ। ਇਸ ਸਮਾਗਮ ਦਾ ਰਸਮੀ ਉਦਘਾਟਨ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਵਿੱਤ ਸਕੱਤਰ ਸ੍ਰੀ ਕਸਤੂਰੀ ਲਾਲ, ਸ. ਅਮਰੀਕ ਤਲਵੰਡੀ, ਸ੍ਰੀ ਵਿਜੇ ਮੋਗਾ, ਹਰਕੇਸ਼ ਚੌਧਰੀ, ਜੋਗਿੰਦਰ ਅਜ਼ਾਦ, ਇੰਦਰਜੀਤ ਸਿੰਘ, ਮਲਕੀਤ ਸਿੰਘ, ਗੁਰਜੀਤ ਸਿੰਘ ਨੇ ਸਾਂਝੇ ਰੂਪ ਵਿੱਚ ਕੀਤਾ। ਇਸ ਮੌਕੇ ’ਤੇ ਅਮਰੀਕ ਤਲਵੰਡੀ ਨੇ ਆਪਣੀ ਸ਼ਹੀਦ ਭਗਤ ਸਿੰਘ ਨੂੰ ਸਮੱਰਪਿਤ ਕਵਿਤਾ ਵੀ ਪੇਸ਼ ਕੀਤੀ। ਇਸ ਤੋਂ ਬਾਅਦ ਕੁਲਦੀਪ ਮਾਣਕ ਦੇ ਗੀਤ ਤੇ ਅਧਾਰਿਤ ਕੋਰੀਓਗ੍ਰਾਫੀ ਚਾਦਰ ਪੇਸ਼ ਕੀਤੀ ਗਈ। ਹਰਕੇਸ਼ ਚੌਧਰੀ ਨੇ ਕਿਹਾ ਭਗਤ ਸਿੰਘ ਜੀ ਦੀ ਸੋਚ ਦੀ ਅੱਜ ਵੀ ਦੇਸ਼ ਨੂੰ ਬੇਹੱਦ ਜ਼ਰੂਰਤ ਹੈ। ਭਗਤ ਸਿੰਘ ਨੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ, ਜਾਤ ਰਹਿਤ, ਜਮਾਤ ਰਹਿਤ ਸਮਾਜ ਦੀ ਸਿਰਜਣਾ ਲਈ ਸ਼ਹਾਦਤ ਦਿੱਤੀ ਸੀ। ਸਮਾਗਮ ਦੀ ਅਗਲੀ ਪੇਸ਼ਕਾਰੀ ‘ਸ਼ਹਾਦਤ ਦੀ ਘੋੜੀ’ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਨਾਲ ਦੀ ਨਾਲ ਹੀ ਇਸ ਸਮਾਗਮ ਦੀ ਜਬਰਦਸਤ ਪੇਸ਼ਕਾਰੀ ਨਾਟਕ ‘ਛਿੱਪਣ ਤੋਂ ਪਹਿਲਾਂ’ ਹੋ ਨਿਬੜਿਆ। ਇਸ ਨਾਟਕ ਦੀ ਰਚਨਾ ਦਵਿੰਦਰ ਦਮਨ ਨੇ ਕੀਤੀ ਸੀ ਅਤੇ ਹਰਕੇਸ਼ ਚੌਧਰੀ ਜੀ ਦੇ ਨਿਰਦੇਸ਼ਨ ਹੇਠ ਖੇਡਿਆ ਗਿਆ। ਇਸ ਨਾਟਕ ਦੀ ਭਾਵੁਕ ਪੇਸ਼ਕਾਰੀ ਦਾ ਜ਼ਿਕਰ ਕਰਦਿਆਂ ਜੋਗਿੰਦਰ ਅਜ਼ਾਦ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨਾਟਕ ਦੇ ਪਾਤਰ ਬੋਘੇ ਦਾ ਵਿਰਲਾਪ ਅਦਾਕਾਰੀ ਦੇ ਸਿਖ਼ਰ ਸੀ। ਉਹਨਾਂ ਮਾਤਾ ਪਾਰਵਤੀ ਟਰੱਸਟ ਵੱਲੋਂ ਲੋਕ ਕਲਾ ਮੰਚ ਦੀ ਆਰਥਿਕ ਮਦਦ ਵੀ ਕੀਤੀ। ਭਗਤ ਸਿੰਘ ਦੀ ਭੂਮਿਕਾ ਵਿੱਚ ਜੁਝਾਰ ਸਿੰਘ, ਮਾਂ ਦੇ ਰੋਲ ਵਿੱਚ ਅੰਜੂ ਚੌਧਰੀ, ਬੋਘੇ ਦੇ ਰੋਲ ਵਿੱਚ ਕਮਲਜੀਤ ਮੋਹੀ। ਵਕੀਲ ਦੇ ਰੋਲ ਅਨਿਲ ਸੇਠੀ, ਜੇਲਰ ਦੇ ਰੂਪ ਵਿੱਚ ਪ੍ਰਿਤਪਾਲ ਸਿੰਘ ਅਤੇ ਵਾਰਡਨ ਦੇ ਰੋਲ ਵਿੱਚ ਲਖਵੀਰ ਨੇ ਆਪੋ ਆਪਣੇ ਰੋਲ ਨਾਲ ਪੂਰਾ ਇਨਸਾਫ ਕੀਤਾ। ਇਸ ਮੌਕੇ ’ਤੇ ਲੈਕਚਰਾਰ ਇਕਬਾਲ ਸਿੰਘ ਨੇ ਵੀ ਸ਼ਹੀਦ ਬਾਰੇ ਦਰਸ਼ਕਾਂ ਨਾਲ ਇੱਕ ਕਵਿਤਾ ਸਾਂਝੀ ਕੀਤੀ। ਉਹਨਾਂ ਨੇ ਮੰਚ ਦੀ ਆਰਥਿਕ ਮਦਦ ਵੀ ਕੀਤੀ। ਲੋਕ ਕਲਾ ਮੰਚ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ। ਮੁਕੇਸ਼ ਬਾਂਸਲ ਅਤੇ ਸਰੋਜ ਬਾਂਸਲ ਨੇ ਵੀ ਮੰਚ ਦੀ ਆਰਥਿਕ ਮਦਦ ਕੀਤੀ। ਇਸ ਉਪਰੰਤ ਸਮਾਗਮ ਦੀ ਆਖਰੀ ਪੇਸ਼ਕਾਰੀ ਕੋਰੀਓਗ੍ਰਾਫੀ ‘ਦੇਸ਼ ਨੂੰ ਚੱਲੋ’ ਪੇਸ਼ ਕੀਤੀ ਗਈ। ਇਸ ਪੇਸ਼ਕਾਰੀ ਵਿੱਚ ਮਾ. ਦੀਪਕ ਰਾਏ, ਨੈਨਾ ਸ਼ਰਮਾ, ਹਰਮਨਦੀਪ ਕੌਰ, ਸਰਬਜੀਤ ਕੌਰ, ਕਰਮਪ੍ਰੀਤ ਕੌਰ ਆਦਿ ਨੇ ਯਾਦਗਾਰੀ ਭੂਮਿਕਾ ਨਿਭਾਈ। ਅੰਤ ਵਿੱਚ ਸਾਰਿਆਂ ਕਲਾਕਾਰ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਇੰਜ਼. ਪ੍ਰਦੀਪ ਲੋਟੇ, ਗੁਰਪ੍ਰੀਤ ਸਿੰਘ ਮੁੱਲਾਂਪੁਰ, ਮਾ.ਗੁਰਮੀਤ ਸਿੰਘ, ਭਾਗ ਸਿੰਘ। ਸੁਖਦੀਪ ਚਾਨਾ ਆਦਿ ਨੇ ਵਿਸ਼ੇਸ਼ ਰੂਪ ਵਿੱਚ ਹਾਜਰੀ ਭਰੀ।

# ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਪੱਕਾ ਧਰਨਾ ਜਾਰੀ

## ਵਿਦਿਆਰਥੀਆਂ ਵੱਲੋਂ ਰੋਡ ਮਾਰਚ, ਪੰਜਾਬੀ ਕਮਿਊਨਿਟੀ ਵੱਲੋਂ ਧਰਨੇ ਵਿੱਚ ਸ਼ਮੂਲੀਅਤ
















ਬਰੈਂਪਟਨ, (ਡਾ. ਝੰਡ) : 'ਨੌਜਵਾਨ ਸਪੋਰਟ ਨੈਟਵਰਕ' ਨਾਮ ਦੀ ਜੱਥੇਬੰਦੀ ਦੇ ਸੱਦੇ ਤੇ ਅੰਤਰਰਾਸ਼ਟਰੀ ਵਿਦਿਆਰਥੀ ਪਿਛਲੇ ਇਕ ਮਹੀਨੇ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੁਈਨ ਸਟਰੀਟ ਤੇ ਰੱਦਰਫ਼ਰਡ ਰੋਡ ਇੰਟਰਸੈੱਕਸ਼ਨ ਦੇ ਨੇੜਲੇ ਪਲਾਜ਼ੇ ਦੀ ਪਾਰਕਿੰਗ ਵਿਚ ਸੜਕ ਦੇ ਕਿਨਾਰੇ ਧਰਨੇ 'ਤੇ ਬੈਠੇ ਹੋਏ ਹਨ। ਪੰਜਾਬੀ ਕਮਿਊਨਿਟੀ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਲਗਾਤਾਰ ਸਮਰਥਨ ਕੀਤਾ ਜਾ ਰਿਹਾ ਹੈ। ਬਹੁਤ ਲੋਕ ਤਾਂ ਨਿੱਤ ਹੀ ਉਨ੍ਹਾਂ ਦੇ ਨਾਲ ਧਰਨੇ 'ਤੇ ਬੈਠਕੇ, ਉਨ੍ਹਾਂ ਦੇ ਇਸ ਸੰਘਰਸ਼ ਦੀ ਹਮਾਇਤ ਕਰਦੇ ਹਨ। ਹੋਰ ਕਈ ਕੰਮਾਂ ਵਿੱਚੋਂ ਸਮਾਂ ਕੱਢਕੇ, ਇਨ੍ਹਾਂ ਵਿਦਿਆਰਥੀਆਂ ਦੇ ਸੰਘਰਸ਼ ਦੇ ਸਮਰਥਨ ਲਈ ਧਰਨੇ ਵਿੱਚ ਸ਼ਾਮਲ ਹੋ ਰਹੇ ਹਨ। ਸੰਘਰਸ਼ ਕਰ ਰਹੇ ਵਿਦਿਆਰਥੀਆਂ ਨੇ ਉੱਥੇ ਆਪਣੇ ਟੈਂਟ ਗੱਡ ਲਏ ਹਨ। ਦਿਨ ਵੇਲੇ ਤਾਂ ਉਹ ਆਪਣੀਆਂ ਮੰਗਾਂ ਦੇ ਹੱਕ ਵਿਚ ਬੋਲਦੇ ਹਨ ਤੇ ਨਾਅਰੇਬਾਜ਼ੀ ਕਰਦੇ ਹਨ ਅਤੇ ਰਾਤ ਉਸ ਟੈਂਟ ਵਿਚ ਹੀ ਗੁਜ਼ਾਰਦੇ ਹਨ। ਨੇੜਲੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੇ ਭੋਜਨ-ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਆਪਣੇ ਭਾਸ਼ਣਾਂ ਦੌਰਾਨ, ਸੰਘਰਸ਼ਸ਼ੀਲ ਵਿਦਿਆਰਥੀਆਂ ਦੀ ਜੱਥੇਬੰਦੀ 'ਨੌਜਵਾਨ ਸਪੋਰਟ ਨੈਟਵਰਕ' ਦੇ ਨੇਤਾਵਾਂ ਅਮਰਜੀਤ ਸਿੰਘ, ਵਿਕਰਮ ਖੁੱਲੇਵਾਲੀਆ, ਮਹਿਕਦੀਪ ਬੜੇ ਵਧੀਆਂ ਤਰੀਕੇ ਨਾਲ ਆਪਣਾ ਪੱਖ ਰੱਖ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੂੰ ਪੜ੍ਹਾਈ ਲਈ ਕੈਨੇਡਾ ਸਰਕਾਰ ਵੱਲੋਂ 'ਸਟੂਡੈਂਟ ਵੀਜ਼ੇ' ਦਿੱਤੇ ਗਏ ਸਨ ਤਾਂ ਉਨ੍ਹਾਂ ਵਿਚ ਇੱਥੇ ਦੋ ਤੋਂ ਤਿੰਨ ਸਾਲ ਲਈ ਵਰਕ-ਪਰਮਿਟ ਦੇਣਾ ਅਤੇ ਪੀ. ਆਰ. ਲਈ ਅਰਜ਼ੀਆਂ ਦਾਖ਼ਲ ਕਰਨਾ ਵੀ ਸ਼ਾਮਲ ਸੀ। ਪਰ ਹੁਣ ਉਨ੍ਹਾਂ ਨੂੰ ਪੀ. ਆਰ. ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਦੇ ਵਰਕ-ਪਰਮਿਟਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਇੱਥੋਂ ਦੇਸ਼-ਨਿਕਾਲੇ ਦੇ ਹੁਕਮ ਦਿੱਤੇ ਜਾ ਰਹੇ ਹਨ।

ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਸਿਮਰਤ, ਅਮਰਦੀਪ ਅਤੇ ਨਵਜੋਤ ਨੇ ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਬਹੁਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਰਕ-ਪਰਮਿਟ ਮੁੱਕਣ ਕਿਨਾਰੇ ਹਨ, ਉਸੇ ਵੇਲੇ ਸਰਕਾਰ ਨੇ ਕਾਨੂੰਨ ਬਦਲਣੇ ਸ਼ੁਰੂ ਕਰ ਦਿੱਤੇ ਹਨ। ਅੱਧ ਵਿਚਾਲੇ ਕਾਨੂੰਨ ਬਦਲੇ ਜਾਣ ਕਰਕੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੇ ਵਰਕ-ਪਰਮਿਟ ਅਤੇ ਪੀ ਆਰ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਇਨ੍ਹਾਂ ਦੀ ਜੱਥੇਬੰਦੀ ਇਸ ਗੱਲ ਦੀ ਮੰਗ ਕਰ ਰਹੀ ਹੈ ਕਿ ਉਨ੍ਹਾਂ ਦੇ ਵਰਕ ਪਰਮਿਟਾਂ ਵਿਚ ਵਾਧਾ ਕੀਤਾ ਜਾਵੇ, ਪੁਆਇੰਟਾਂ ਦੇ ਆਧਾਰ 'ਤੇ ਉਨ੍ਹਾਂ ਦੀਆਂ ਪੀ. ਆਰ. ਦੀਆਂ ਅਰਜ਼ੀਆਂ ਦਾ ਜਲਦੀ ਨਿਪਟਾਰਾ ਕਰਕੇ ਉਨ੍ਹਾਂ ਨੂੰ ਕੈਨੇਡਾ ਦੇ 'ਪੱਕੇ ਵਾਸੀ' (ਪੀ. ਆਰ.) ਬਨਣ ਦਾ ਰਾਹ ਪੱਧਰਾ ਕੀਤਾ ਜਾਵੇ, 'ਐੱਲ.ਐੱਮ.ਆਈ.ਏ' ਕੰਟਰੈਕਟ ਦੀ ਵੀਕਰੀ ਦੀ ਚੱਲ ਰਹੀ ਲੁੱਟ ਬੰਦ ਕੀਤੀ ਅਤੇ ਉਨ੍ਹਾਂ ਨੂੰ ਕੈਨੇਡਾ ਵਿਚੋਂ ਵਾਪਸ ਆਪਣੇ ਦੇਸ਼ਾਂ ਨੂੰ ਭੇਜਣ ਦੀ ਪ੍ਰਕਿਰਿਆ (ਡੀਪੋਰਟੇਸ਼ਨ) ਉੱਪਰ ਅਮਲ ਨੂੰ ਰੋਕਿਆ ਜਾਵੇ।

ਸੰਘਰਸ਼ਸ਼ੀਲ ਵਿਦਿਆਰਥੀਆਂ ਦੇ ਇਸ ਧਰਨੇ ਨੂੰ ਕੈਨੇਡਾ ਦੀਆਂ ਬਹੁਤ ਸਾਰੀਆਂ ਵਰਕਰ ਯੂਨੀਅਨਾਂ ਵੱਲੋਂ ਵੀ ਭਾਰੀ ਹਮਾਇਤ ਮਿਲ ਰਹੀ ਹੈ। ਇਸ ਧਰਨੇ ਵਿੱਚ "ਯੂਨਾਇਟਡ ਸਟੀਲ ਵਰਕਰਜ਼ ਯੂਨੀਅਨ ਦੇ ਆਗ ਕੈਰੋਲੀਨ ਈਗਨ ਅਤੇ ਸਰਵਿਸਜ਼ ਇੰਮਪਲਾਈ ਇੰਟਰਨੈਸ਼ਨਲ ਯੂਨੀਅਨ ਦੇ ਆਗੂ ਰਣਯੋਧ ਸਿੰਘ ਨੇ ਵੀ ਧਰਨੇ ਨੂੰ ਸੰਬੋਧਨ ਕਰਕੇ ਪਰਵਾਸੀ ਅਤੇ ਵਿਦਿਆਰਥੀ ਮੰਗਾਂ ਦਾ ਜ਼ੋਰਦਾਰ ਸਮਰਥਨ ਕੀਤਾ।

ਲੰਘੇ ਸ਼ਨੀਵਾਰ 28 ਸਤੰਬਰ ਨੂੰ ਪੰਜਾਬੀ ਕਮਿਊਨਿਟੀ ਦੇ ਮੈਂਬਰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਇਸ ਧਰਨੇ ਵਿਚ ਸ਼ਾਮਲ ਹੋਏ। ਵਿਦਿਆਰਥੀਆਂ ਦਾ ਧਰਨਾ ਤਾਂ ਸਵੇਰ ਤੋਂ ਹੀ ਚੱਲ ਰਿਹਾ ਸੀ। ਉਨ੍ਹਾਂ ਵੱਲੋਂ ਦਿੱਤੇ ਗਏ ਸੱਦੇ 'ਤੇ ਬਾਅਦ ਦੁਪਹਿਰ ਦੋ ਵਜੇ ਆਰੰਭ ਹੋਈ ਰੈਲੀ ਵਿਚ ਨਾ ਕੇਵਲ ਪੰਜਾਬੀ ਕਮਿਊਨਿਟੀ ਦੇ ਮੈਂਬਰ ਹੀ ਵੱਡੀ ਗਿਣਤੀ ਵਿਚ ਇਸ ਰੈਲੀ ਵਿਚ ਸ਼ਾਮਲ ਹੋਏ, ਸਗੋਂ ਉਨ੍ਹਾਂ ਵਿਚ ਹੋਰ ਕਮਿਊਨਿਟੀਆਂ ਲੋਕ ਵੀ ਸ਼ਾਮਲ ਸਨ। ਉਨ੍ਹਾਂ ਵੱਲੋਂ ਇਸ ਰੈਲੀ ਵਿਚ ਵਿਦਿਆਰਥੀਆਂ ਦੀ ਮੰਗਾਂ ਦਾ ਸਮੱਰਥਨ ਕੀਤਾ ਗਿਆ ਅਤੇ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਇਹ ਮੰਗਾਂ ਪ੍ਰਵਾਨ ਕਰਕੇ ਇਨ੍ਹਾਂ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ ਕੈਨੇਡਾ ਦੇ 'ਪੱਕੇ ਵਾਸੀ' ਬਣਾਏ।

ਇਸ ਮੌਕੇ ਬੁਲਾਰਿਆਂ ਵਿਚ ਪੰਜਾਬੀ ਕਮਿਊਨਿਟੀ ਦੇ ਆਗੂ ਇੰਦਰਜੀਤ ਸਿੰਘ ਬੱਲ, ਅੰਮ੍ਰਿਤ ਢਿੱਲੋਂ, ਧਰਮਪਾਲ ਸਿੰਘ ਸੰਧੂ, ਐਡਵੋਕੇਟ ਅਮਰਜੀਤ ਸਿੰਘ ਸਿੱਧੂ, ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੋਂ ਡਾ. ਸੁਖਦੇਵ ਸਿੰਘ ਝੰਡ, ਬਲਦੇਵ ਸਿੰਘ ਸਹਿਦੇਵ, 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ-ਸੰਪਾਦਕ ਹਰਬੰਸ ਸਿੰਘ ਅਤੇ ਦਵਿੰਦਰ ਸਿੰਘ ਤੂਰ ਨੇ ਵੀ ਵਿਸ਼ੇਸ਼ ਤੌਰ 'ਤੇ ਇਸ ਸ਼ਾਮਲ ਹੋ ਕੇ ਵਿਦਿਆਰਥੀ ਮੰਗਾਂ ਦੀ ਹਮਾਇਤ ਕੀਤੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਬਲਦੇਵ ਸਿੰਘ ਸਹਿਦੇਵ, ਹੁਨਰ ਕਾਹਲੋਂ, ਡਾ. ਸੁਰਿੰਦਰਜੀਤ ਕੌਰ, ਜਗਦੀਸ਼ ਕੌਰ ਝੰਡ, ਜਗਦੀਸ਼ ਕੌਰ ਕਾਹਲੋਂ ਆਦਿ ਵੀ ਇਨ੍ਹਾਂ ਮੰਗਾਂ ਦੀ ਹਮਾਇਤ ਲਈ ਸ਼ਾਮਲ ਸਨ।

ਇਹ ਰੈਲੀ ਲਗਭਗ ਇੱਕ ਘੰਟਾ ਪੂਰੇ ਜੋਸ਼ ਨਾਲ ਚੱਲਦੀ ਰਹੀ। ਉਪਰੰਤ, ਵਿਦਿਆਰਥੀ ਨੇਤਾਵਾਂ ਵੱਲੋਂ ਕੁਈਨ ਸਟਰੀਟ 'ਤੇ ਵਿਸ਼ਾਲ 'ਰੋਡ ਮਾਰਚ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਰੈਲੀ ਵਿਚਲੇ ਸਮੂਹ ਸਮੱਰਥਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਰੋਡ ਮਾਰਚ ਦੇ ਪ੍ਰਬੰਧਕ ਵਿਦਿਆਰਥੀਆਂ ਵੱਲੋਂ ਇਕ ਪਿਕ-ਅੱਪ ਟਰੱਕ ਉੱਪਰ ਲਾਊਡ ਸਪੀਕਰ, ਵੱਡੇ ਸਾਰੇ ਬੈਨਰ ਅਤੇ ਵੱਖ-ਵੱਖ ਰੰਗਾਂ ਦੇ 'ਪਲੇਅ-ਕਾਰਡਾਂ' ਦਾ ਅਗਾਊਂ ਪ੍ਰਬੰਧ ਕੀਤਾ ਗਿਆ ਸੀ। ਇਸ 'ਪਿੱਕ-ਅੱਪ' ਟਰੱਕ ਦੇ ਮਗਰ ਮਗਰ ਚੱਲਦਿਆਂ ਹੱਥਾਂ ਵਿਚ ਬੈਨਰ ਫੜੀ ਵਿਦਿਆਰਥੀ ਬੁਲੰਦ ਆਵਾਜ਼ ਵਿਚ ਆਪਣੀਆਂ ਮੰਗਾਂ ਦੇ ਹੱਕ ਵਿੱਚ ਨਾਅਰੇ ਲਗਾ ਰਹੇ ਸਨ। ਇਹ ਵਿਸ਼ਾਲ ਮਾਰਚ ਕੁਈਨਜ਼ ਸਟਰੀਟ ਦੇ ਸੱਜੇ ਕਿਨਾਰੇ ਚੱਲਦਿਆਂ ਵਾਪਸ ਰੈਲੀ ਵਾਲੀ ਜਗ੍ਹਾ ਆ ਕੇ ਸਮਾਪਤ ਹੋਇਆ। ਇਸ ਰੈਲੀ ਤੇ ਰੋਡ-ਮਾਰਚ ਦੀ ਬਰੈਂਪਟਨ ਸ਼ਹਿਰ ਵਿਚ ਕਾਫ਼ੀ ਚਰਚਾ ਚੱਲ ਰਹੀ ਹੈ।

## ਮਾਂ ਦੀ ਬੁੱਕਲ ਤੇ ਪਿਓ ਦੇ ਕੰਧੇੜੇ ਤੋਂ ਉੱਠ

ਬਾਈ ਸਿਆਂ..
ਅਸੀਂ ਤਾਂ ਸਾਰੇ ਜਹਾਨ ਨੇ ਪਕਾਏ ਹੋਏ ਆਂ..
ਮਾਂ ਦੀ ਬੁੱਕਲ ਤੇ ਪਿਓ ਦੇ ਕੰਧੇੜੇ ਤੋਂ ਉੱਠ
ਜਦ ਜਵਾਨੀ ਦੀ ਦਹਿਲੀਜ਼ ਤੇ ਜਾ ਖੜੇ
ਲੋਕਾਂ ਭਾਣੇ ਕੱਚੀ ਉਮਰ ਸੀ
ਪਰ ਅਸੀਂ ਪੱਕੇ ਉਦੋਂ ਹੀ ਹੋਗੇ ਸੀ
ਜਦ
ਕੱਚੇ ਘਰਾਂ ਨੇ
ਬੋੜੇ ਦਰਾਂ ਨੇ
ਆੜਤੀਏ ਦੀ ਅੱਖ ਹੇਠ ਆਏ
ਸਿਆੜਾਂ ਨੇ
ਪਹਿਲਾਂ ਦਾਦੇ ਤੇ ਫੇਰ
ਪਿਓ ਦੇ
ਪੈਰਾਂ ਦੇ ਬਿਆੜਾਂ ਨੇ
ਉੱਚੇ ਤੇ ਨੀਂਵੇਂ ਦੇ ਫਾਸਲੇ ਦੀ
ਭੱਠੀ ਤਾਅ ਲਈ ਸੀ
ਬਾਈ ਸਿਆਂ
ਪੱਕੇ ਤਾਂ ਸਾਨੂੰ ਓਸ ਭੱਠ ਨੇ
ਓਦੋਂ
ਕੱਚੀ ਉਮਰੇ ਈ ਕਰਤਾ ਸੀ
..
ਤੇ ਫੇਰ
ਕੱਚੀ ਉਮਰੇ
ਬਰੰਟੇ ਖੇਲਦਿਆਂ ਪੁੱਟੀਆਂ ਖੁੱਤੀਆਂ ਚੋਂ
ਸਟੇਟੀ ਗਿਰਝਾਂ ਨੇ ਜਦ ਬੰਬ ਬੰਦੂਕਾਂ
ਟੋਲ-ਫਰੋਲ ਕੱਢੀਆਂ
ਪੱਕੇ ਤਾਂ ਫੇਰ ਬਾਈ ਸਿਆਂ
ਅਸੀਂ ਓਦੋਂ ਸਟੇਟੀ ਮਸ਼ੀਨਰੀ ਵਾਲੀ
ਭੱਠ ਚ ਵੀ ਹੋਗੇ ਸੀ
..
ਤੇ ਫੇਰ
ਬਾਈ ਸਿਆਂ
ਪਿਓ ਦਾਦੇ ਦੇ
ਬਿਆੜ
ਸਿਆੜ
ਮਾਂ ਦਾਦੀ ਦੀਆਂ
ਟੂੰਬਾਂ-ਟੱਲੇ
ਵੇਚ ਵੱਟ ਬੰਨ ਕੇ ਪੱਲੇ
ਮਾਂ ਮਿੱਟੀ ਤੋਂ ਹਜ਼ਾਰਾਂ ਮੀਲਾਂ ਦੂਰ
ਆਪਣਿਆਂ ਚੋਂ ਅਪਣੱਤ ਤਲਾਸ਼ਦੇ
ਆਪਣੇ- ਬੇਗਾਨਿਆਂ ਚ
ਧੋਖਿਆਂ, ਦੁਰਕਾਰਾਂ ਦੀ ਭੱਠ
'ਚ ਗੁਆਚਦੇ ਹੀ ਗਏ
ਪੱਕੇ ਤਾਂ ਅਸੀਂ
ਓਸ ਪਲ ਵੀ ਹੋਗੇ ਸੀ
...
ਸਾਡੇ ਪੱਕੇ ਹੋਣ ਦਾ ਫਿਕਰ ਜ਼ਿਕਰ
ਬੇਮਾਅਨਾ ਹੈ
ਅਸੀਂ ਤਾਂ ਸਾਰੇ ਜਹਾਨ ਨੇ ਪਕਾਏ ਹੋਏ ਆਂ...
ਬਾਈ ਸਿਆਂ..
..




ਪੰਜਾਬੀ ਸਾਹਿਤ ਦੇ ਸੰਵੇਦਨਸ਼ੀਲ ਅਲੋਚਕ ਗੁਰਬਚਨ ਹੁਰਾਂ ਨੇ ਕੇਰਾਂ ਲਿਖਿਆ ਸੀ-ਪਰਵਾਸ ਟੁੱਟਣ ਦਾ ਅਹਿਸਾਸ ਹੈ..
ਤੇ ਆਪਣੀ ਮਾਂ ਮਿੱਟੀ ਚ ਸਿਆਸੀ ਸਿਸਟਮ ਦੀ ਪੈਦਾਇਸ਼ ਬੇਚੈਨੀ ਤੋਂ ਨਿਰਾਸ਼ ਪਰਿੰਦੇ, ਦੂਰ ਦੇਸ ਦੇ ਚੋਗਿਆਂ ਦੇ ਭ੍ਰਮ ਜਾਲ ਚ ਉਲਝੇ ਲੱਖਾਂ ਨੌਜਵਾਨਾਂ ਦੇ ਅੰਦਰ ਦੀ ਟੁੱਟ ਭੱਜ ਕਿੰਨੀ ਗਹਿਰੀ ਤੇ ਭਿਆਨਕ ਹੈ, ਬਰੈਂਪਟਨ ਚ ਲੱਗੇ ਦਿਨ ਰਾਤ ਦੇ ਧਰਨੇ 'ਚ ਮਹਿਕ ਹੁਰਾਂ ਦੇ ਭਰੜਾਏ ਬੋਲਾਂ 'ਚ ਸਾਫ ਦਿਸਦੀ ਮਹਿਸੂਸਦੀ ਹੈ..
ਜੰਮਣ ਤੋਂ ਲੈ ਕੇ ਜਵਾਨ ਹੋਣ ਤੇ ਫੇਰ ਜਵਾਨੀ ਤੋਂ ਪਕਰੌੜ ਉਮਰ ਵੱਲ ਜਾਂਦਿਆਂ ਸਾਰੇ ਹੀ ਪੈਂਡਿਆਂ ਚ ਮਿਲਦੀ ਬੇਚੈਨੀ ਨੂੰ ਸਮਝਣ ਵਾਲੇ ਫਿਕਰਮੰਦ ਸਿਰਾਂ ਦੇ ਸਾਥ ਦੀ ਲੋੜ ਹੈ..

**-ਅਮਨਦੀਪ ਹਾਂਸ**

# Kashmir Under the Shoes of Armed Forces

On August 24, 2024 I planned to go to Jammu and Kashmir. I boarded the bus from Amritsar for Jammu during the midnight. Bus drove me to Jammu city around 4:30 am. From Jammu I hired taxi towards Sri Nagar and nearby villages.

On August 25, 2024 noon I reached Awantipora tehsil. I was hosted at Awantifpora by a very noble muslim family. They were very happy to see me. In that house I had lunch. I met many persons of same village. They told me their horrible experiences regarding the terror of Security personnels/ CRPF. In the evening after 6:00 pm. no one go out of their house. The situation in the villages looks like a curfew. We can see only trucks/ jeeps of security forces / CRPF. Only noise we can hear the noises of shoes of armed forces. I stayed at Awantipora for night. Same muslim family happily served me the dinner and organize my bed in a separate room. From the windows of the house I saw many trucks of security forces and many troop walking in the streets of the villages.

Next day villagers arrange a bike for me to visit surrounding villages. I visited Aghanj Pora, Awantipora, Barsu, Batapora, Larkpora, Padgampora, Goripora, Kanlibagh villages. Also I visited Pulwama which is the town under lime light. Very interesting thing I noticed that after Jammu and Kara I saw totally muslim population till my journey towards Sri Nagar and surrounding villages. Specifically in the remoted villages there is zero percent non muslim population. It is not wrong if I say that hundred percent is muslim population in these villages. People are too much disappointed by BJP government. People are damn frustrated by breaking of Article 370 (special status to the state). People told me that no one knows that when security forces pick innocent villagers and eliminate them. People also said that dozens of people are missing from every village.

A villager told me that one night around 11:30 pm security personnel forcibly entered his house and ordered them that his young son should accompany with them. Since that day the family never saw their son.

People of villages where I have interviewed are of the opinion that they don't want to live under the Indian as well as Pakistan rule. They have same bitterness for Pakistan Government as for india Government. Majority of people wants and Independent Kashmir. On the other hand India government is planning to settle a huge majority of non Kashmiri and non muslim population in the entire state. Ambani and Adani are opening many businesses and godowns in the state. One interesting point is that the time I reached in Kashmir was season of Apple.

Unfortunately hardly I saw apple there in the towns. People told me that big business houses ( Ambani and Ad buying the apple on very low prices and store in their godowns and same apple in the market of Kashmir they are selling the fruit at the rates of fire. Corporate sector also damaging the environment of Kashmir under the name of development. They are continuously cutting the mountains in order to establish their businesses.



Harparminderjit Gadri

Present government is not only harassing the people of Kashmir on political grounds but also it is attacking their religion and culture. Security forces are disturbing the women and girls with Burka (whole body cover) and hijab (head and face covering scarf).

In the last I can say in high confidence that if there is a fair election in Jammu and Kashmir present BJP will get zero percent vote share.

# Across Canada, rents are out of control

Housing costs for tenants have become untethered from wages. Even tenants earning decent income find that adequate, affordable housing for themselves and their families is out of reach. In 2019, the Canadian Centre for Policy Alternatives introduced the concept of the "rental wage" to Canada. The rental wage is the hourly wage required to pay rent while working a 40-hour week, 52 weeks a year, and spending no more than 30 per cent of one's income on housing. Put simply, the rental wage is the wage people need to earn in order to pay their rent without sacrificing other basic needs.

This 2024 edition of the report presents October 2023 data for all provinces, 62 urban areas, and 787 neighbourhoods. The authors focus on average rents for two-bedroom units, which represent 49 per cent of all purpose-built rentals, and one-bedroom units, which represent 35 per cent. Along with the rental wage, it also measures rental affordability by calculateing the number of minimum-wage hours needed to pay the average monthly rent in all neighborhoods with data.

The numbers are stark. The rental wage is considerably higher than the minimum wage in every province. In 29 out of 37 census metropolitan areas (CMAs), rent for a two-bedroom unit consumed 80 or more hours of minimum-wage work.

The report also compares the latest calculations with earlier findings, showing worsening trends. In the conclusion section, we argue that efforts to increase the housing supply should be coupled with measures to strengthen rent controls, which would provide direct and immediate relief to tenant households.

# Minimum wage workers across Canada face out-of-control rents that far exceed their income

## The gap between wages and rents forces these workers to pay much more than 30% of their income on housing

OTTAWA : Nearly all minimum-wage workers putting in a standard 40-hour week in Canada face rents that exceed 30 per cent of their monthly pre-tax income, the standard measure of housing affordability. In fact, the "rental wage"—the hourly wage needed to pay rent without exceeding that 30 per cent threshold—is considerably higher than the minimum wage in every single province. This makes housing unaffordable for minimum-wage workers across the country, says a new report by the Canadian Centre for Policy Alternatives (CCPA).

In Out of Control Rents: Rental wages in Canada 2023, CCPA senior economist David Macdonald and CCPA Ontario political economist Ricardo Tranjan present an updated rental wage for all provinces, cities and neighbourhoods. They find that in 2023, rental wage increases outpaced minimum wage increases in every province but Manitoba and P.E.I., the two provinces with the strongest rent controls in the country. In the most egregious example, Alberta's minimum wage didn't budge, while the rental wage for two-bedroom units in that province rose by more than10 per cent. See table below:

| Province | Minimum wage (Oct. 2023) | Rental wage for 1 bedroom | Rental wage for 2 bedroom |
|---|---|---|---|
| B.C. | $16.75 | $29.96 | $35.90 |
| Ontario | $16.55 | $28.50 | $32.63 |
| Alberta | $15.00 | $23.98 | $27.98 |
| Manitoba | $15.30 | $20.81 | $26.31 |

"What this means is that minimum wage increases are going largely into the pockets of landlords rather than improving the living standard of working families," said Tranjan. "Higher minimum wages should also fuel local economic activity through consumption, but that would require the money to be spent on Main Street."

The report also examines 62 urban areas and 787 neighbourhoods across Canada, and it finds soaring rents everywhere. In only nine cities in all of Canada—the majority of these in Quebec—can minimum-wage workers afford a one-bedroom unit without spending too much on rent. In Vancouver, Toronto, Victoria, Kelowna, Ottawa and Calgary, the combined income of two full-time minimum-wage workers is insufficient to afford a two-bedroom unit.

"The fact is affordable rentals won't be delivered by the market as developers can't turn a profit building housing for low-income families," added Macdonald. "So, the federal government must invest in building affordable units. It should also enact strong, federal rent controls, the single measure that would have the most direct and immediate impact on stopping the profiteering that is driving up rents across the country. Indeed, the federal government is currently consulting on a Renters' Bill of Rights: A national rent control policy should be its central plank."

Out of Control Rents is available at: https://policyalternatives.ca/publications/reports/out-control-rents

An interactive map of the report data, including provincial, city and neighbourhood views, is available at: https://monitormag.ca/articles/rentalwages2024

# ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਜੋ ਟੀਵੀ ਉੱਪਰ ਦਿਖਾਇਆ ਜਾਂਦਾ ਉਹ ਹਕੀਕਤ ਨਹੀਂ ਹੁੰਦੀ - ਅਰੁੰਧਤੀ ਰਾਏ

ਅਨੁ.: ਬੂਟਾ ਸਿੰਘ ਮਹਿਮੂਦਪੁਰ
94634-74342

ਪਿਛਲੇ ਦਿਨੀਂ ਪ੍ਰਸਿੱਧ ਲੇਖਿਕਾ, ਜਾਣੀ-ਪਛਾਣੀ ਲੋਕ ਬੁੱਧੀਜੀਵੀ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਚਿੰਤਾ ਪਬਲਿਸ਼ਰਜ਼ ਦੇ ਮੁੱਖ ਸੰਪਾਦਕ ਕੇਐੱਸ ਰੰਜੀਤ ਨਾਲ ਦਿਲਚਸਪ ਵਾਰਤਾਲਾਪ 'ਚ ਕਈ ਮੁੱਦਿਆਂ ਉੱਪਰ ਚਰਚਾ ਕੀਤੀ - ਜਿਨ੍ਹਾਂ ਵਿਚ ਆਪਣੀਆਂ ਮਲਿਆਲੀ ਜੜ੍ਹਾਂ ਅਤੇ ਮਰਦਾਵੀਂ ਸੱਤਾ ਤੋਂ ਲੈ ਕੇ ਕੇਰਲ ਦੀ ਰਾਜਨੀਤੀ, ਹਿੰਦੂਤਵ, ਜਾਤੀ, ਕਾਰਪੋਰੇਟ ਲਾਲਚ, ਯੂਟਿਊਬਰਾਂ ਅਤੇ ਨੌਜਵਾਨ ਪੀੜ੍ਹੀ ਦੀ ਅੰਦਰੂਨੀ ਦੁਨੀਆ ਵਰਗੇ ਬਹੁਤ ਮਹੱਤਵਪੂਰਨ ਮੁੱਦੇ ਮੁੱਖ ਹਨ। ਇਹ ਮੁਲਾਕਾਤ ਹਫ਼ਤਾਵਾਰ ਦੇਸ਼ਅਭਿਮਾਨੀ ਓਨਮ ਵਿਸ਼ੇਸ਼ ਅੰਕ 'ਚ ਛਪੀ। ਉਸ ਮੁਲਾਕਾਤ ਦੇ ਅਨੁਵਾਦ ਕੀਤੇ ਗਏ ਅੰਸ਼ ਇੱਥੇ ਪੇਸ਼ ਕੀਤੇ ਜਾ ਰਹੇ ਹਨ:

***1. ਚਲੋ, ਕੇਰਲ ਦੇ ਤੁਹਾਡੇ ਪਿਛੋਕੜ ਨਾਲ ਜੁੜੇ ਸਵਾਲ ਤੋਂ ਸ਼ੁਰੂ ਕਰਦੇ ਹਾਂ। ਇਵ ਲੱਗਦਾ ਹੈ ਕਿ 'ਦ ਗੌਡ ਆਫ ਸਮਾਲ ਥਿੰਗਜ਼' ਤੁਹਾਡੇ ਸ਼ਾਂਤ ਵਿਅਕਤੀਗਤ ਅਨੁਭਵਾਂ ਨੂੰ ਦਰਸਾਉਂਦਾ ਹੈ...ਕੇਰਲ ਤੋਂ ਬਾਹਰ ਜੰਮੇ-ਪਲੇ ਇਕ ਵਿਅਕਤੀ ਦੇ ਰੂਪ 'ਚ, ਕੀ ਤੁਹਾਡਾ ਅੰਦਰੂਨੀ ਸੁਭਾਅ ਅਜੇ ਵੀ ਖ਼ੁਦ ਨੂੰ ਕੇਰਲ ਨਾਲ ਮਜ਼ਬੂਤੀ ਨਾਲ ਜੋੜਦਾ ਹੈ?***

'ਦ ਗੌਡ ਆਫ ਸਮਾਲ ਥਿੰਗਜ਼' ਜਿੰਨਾ ਸ਼ਾਂਤ ਅਤੇ ਵਿਅਕਤੀਗਤ ਹੈ, ਓਨਾ ਹੀ ਜਨਤਕ ਅਤੇ ਰਾਜਨੀਤਕ ਵੀ ਹੈ। ਹਾਂ, ਮੇਰਾ ਜਨਮ ਸ਼ਿਲਾਂਗ ਵਿਚ ਹੋਇਆ ਸੀ। ਪਰ ਮੇਰੇ ਮਾਂ-ਪਿਓ - ਮੇਰੇ ਪਿਤਾ ਬੰਗਾਲੀ ਸਨ - ਦਾ ਤਲਾਕ ਓਦੋਂ ਹੋ ਗਿਆ ਸੀ ਜਦ ਮੇਰੀ ਉਮਰ ਤਿੰਨ ਸਾਲ ਤੋਂ ਘੱਟ ਸੀ। ਮੈਂ ਆਪਣਾ ਬਚਪਨ ਕੇਰਲ ਵਿਚ ਗੁਜ਼ਾਰਿਆ। ਆਏਮੇਨਮ ਅਤੇ ਕੋਟਾਯਮ ਵਿਚ। ਮੈਂ ਕੁਝ ਸਾਲ ਬੋਰਡਿੰਗ ਸਕੂਲ ਵਿਚ ਰਹੀ, ਪਰ ਛੁੱਟੀਆਂ 'ਚ ਹਮੇਸ਼ਾ ਘਰ ਆ ਜਾਂਦੀ ਸੀ। ਮੈਂ ਮੀਨਾਚਲ 'ਚ ਵੱਡੀ ਹੋਈ। ਮੈਂ ਫਰਾਟੇਦਾਰ ਮਲਿਆਲਮ ਬੋਲ, ਪੜ੍ਹ ਅਤੇ ਲਿਖ ਲੈਂਦੀ ਸੀ। ਸਿਰਫ਼, ਉਨ੍ਹਾਂ ਦਿਨਾਂ 'ਚ, ਦਰਅਸਲ ਸਾਨੂੰ ਮਲਿਆਲਮ ਬੋਲਣ ਲਈ ਸਜ਼ਾ ਦਿੱਤੀ ਜਾਂਦੀ ਸੀ ਅਤੇ ਅੰਗਰੇਜ਼ੀ 'ਚ ਗੱਲ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਮੈਂ ਏਨੇ ਲੰਮੇ ਸਮੇਂ ਤੋਂ ਇੱਥੋਂ ਦੂਰ ਰਹੀ ਹਾਂ ਕਿ ਮੇਰੀ ਮਲਿਆਲਮ ਥੋੜ੍ਹੀ ਵਿਗੜ ਗਈ ਹੈ। ਮੇਰਾ ਅੰਦਰੂਨੀ ਅਤੇ ਬਾਹਰੀ ਸੁਭਾਅ - ਦੋਨੋਂ ਪੂਰੀ ਤਰ੍ਹਾਂ ਕੇਰਲ ਨਾਲ ਇਕਮਿਕ ਹਨ। ਮੈਨੂੰ ਕੇਰਲ ਦਾ ਦ੍ਰਿਸ਼ ਪਸੰਦ ਹੈ। ਖਾਣਾ ਪਸੰਦ ਹੈ। ਸਭ ਤੋਂ ਵਧਕੇ ਮੈਨੂੰ ਇਸ ਗੱਲ ਉੱਪਰ ਬਹੁਤ ਮਾਣ ਹੈ ਕਿ ਜਿਵੇਂ ਇਸਨੇ ਮੁਲਕ ਦੇ ਬਾਕੀ ਹਿੱਸਿਆਂ 'ਚ ਜੋ ਕੁਝ ਹੋਇਆ ਹੈ ਉਸਦਾ ਸਾਹਮਣਾ ਕੀਤਾ ਹੈ - ਹਿੰਦੂ ਸਰਬੋਤਮਵਾਦ ਦੀ ਇਹ ਲਹਿਰ ਜੋ ਸਾਡੇ ਉੱਪਰ ਹਾਵੀ ਹੋ ਗਈ ਹੈ। ਅਸੀਂ ਅਜਿਹੇ ਮਾਣਮੱਤੇ ਲੋਕ ਹਾਂ। ਅਸੀਂ ਇੱਥੇ ਫਾਸ਼ੀਵਾਦ ਦੀ ਘੋਰ ਮੂਰਖ਼ਤਾ ਦਾ ਸ਼ਿਕਾਰ ਨਹੀਂ ਹੋਏ।

***2. ਆਮ ਤੌਰ 'ਤੇ, ਕੇਂਦਰੀ ਟ੍ਰਾਵਨਕੋਰ 'ਚ ਉੱਚ ਵਰਗ ਦੇ ਈਸਾਈ ਪਰਿਵਾਰ, ਬਹੁਤ ਹੀ ਰੂੜੀਵਾਦੀ ਸਮਾਜਿਕ ਅਤੇ ਰਾਜਨੀਤਕ ਮੁੱਲ ਬਰਕਰਾਰ ਰੱਖਦੇ ਹਨ। ਪਰ ਅਸੀਂ ਸਾਰੇ ਉਸ ਲੜਾਈ ਬਾਰੇ ਜਾਣਦੇ ਹਾਂ ਜੋ ਤੁਹਾਡੇ ਮਾਤਾ ਜੀ ਨੇ ਮਰਦਾਵੀਂ ਸੱਤਾਵਾਦੀ ਪਰਿਵਾਰਕ ਪ੍ਰਬੰਧ ਦੇ ਖ਼ਿਲਾਫ਼ ਲੜੀ ਅਤੇ ਉਸ ਨਾਲ ਈਸਾਈ ਔਰਤਾਂ ਦੀ ਸਥਿਤੀ 'ਚ ਕਿਸ ਤਰ੍ਹਾਂ ਇਨਕਲਾਬੀ ਤਬਦੀਲੀ ਆਈ। ਕੀ ਇਹ ਤੁਹਾਡੇ ਅੰਦਰਲੀ ਰਾਜਨੀਤਕ ਸ਼ਖ਼ਸੀਅਤ ਅਤੇ ਕਾਰਕੁਨ ਨੂੰ ਜਗਾਉਂਦੀ ਹੈ?***

ਮੇਰੇ ਨਾਲ ਜੁੜਿਆ ਲੱਗਭੱਗ ਸਭ ਕੁਝ, ਵਿਅਕਤੀਗਤ ਅਤੇ ਨਾਲ ਹੀ ਰਾਜਨੀਤਕ ਰੂਪ 'ਚ, ਇਕ ਲੇਖਕ ਦੇ ਰੂਪ 'ਚ ਸਭ ਕੁਝ ਜੋ ਵੀ ਬਣਿਆ ਹੈ ਉਹ ਸੀਰੀਆਈ ਈਸਾਈ ਭਾਈਚਾਰੇ 'ਚ ਪਰਵਰਿਸ਼ ਹੋਣ ਨਾਲ ਬਣਿਆ ਹੈ, ਜਦਕਿ ਉਹ ਹਮੇਸ਼ਾ ਸਾਨੂੰ ਯਾਦ ਦਿਵਾਉਂਦੇ ਰਹਿੰਦੇ ਸਨ ਕਿ ਅਸੀਂ, ਮੇਰਾ ਭਰਾ ਅਤੇ ਮੈਂ, 'ਸ਼ੁੱਧ' ਸੀਰੀਆਈ ਈਸਾਈ ਨਹੀਂ ਹਾਂ, ਕਿ ਅਸੀਂ 'ਬਾਹਰਲੇ' ਹਾਂ। ਇਹ ਬਹੁਤ ਮੁਸ਼ਕਲ ਸੀ। ਬਹੁਤ ਪਹਿਲਾਂ ਹੀ ਮੈਨੂੰ ਇਹ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਮੇਰਾ ਉੱਥੇ ਕੋਈ ਭਵਿੱਖ ਨਹੀਂ ਹੈ। ਮੇਰੀ ਮਾਂ ਨੇ ਮੈਨੂੰ ਅਜਿਹੇ ਤਰੀਕਿਆਂ ਨਾਲ ਪਾਲਿਆ ਜਿਸਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਚੰਗੇ ਅਤੇ ਬੁਰੇ ਤਰੀਕਿਆਂ ਨਾਲ ਯਾਨੀ ਹਰ ਤਰ੍ਹਾਂ ਨਾਲ ਪਾਲਿਆ। ਮੈਂ ਸਤਾਰਾਂ ਸਾਲ ਦੀ ਉਮਰ 'ਚ ਘਰ ਛੱਡ ਦਿੱਤਾ ਸੀ। ਮੈਂ ਦਿੱਲੀ 'ਚ ਆਰਕੀਟੈਕਚਰ ਸਕੂਲ ਵਿਚ ਦੂਜੇ ਸਾਲ 'ਚ ਸੀ ਅਤੇ ਮੈਂ ਘਰ ਜਾਣਾ ਬਿਲਕੁਲ ਬੰਦ ਕਰ ਦਿੱਤਾ ਸੀ। ਮੈਂ ਕਾਲਜ ਅਤੇ ਅਗਲੀ ਪੜ੍ਹਾਈ ਆਪਣੇ ਤਰੀਕੇ ਨਾਲ ਕੀਤੀ। ਮੈਂ ਲੱਗਭੱਗ ਸੱਤ ਸਾਲ ਬਾਅਦ ਵਾਪਸ ਪਰਤੀ। ਸੀਰੀਆਈ ਈਸਾਈ ਕਮਾਲ ਦਾ ਭਾਈਚਾਰਾ ਹੈ। ਪਰ ਉਨ੍ਹਾਂ ਵਿੱਚੋਂ ਕਈ ਲੋਕ ਸੰਕੀਰਣ, ਅੰਧਰਾਸ਼ਟਰਵਾਦੀ, ਜਾਤੀਵਾਦੀ ਅਤੇ ਕੁਲੀਨ ਵਰਗ ਦੇ ਹਨ। ਅਤੇ ਨਿਸ਼ਚਿਤ ਤੌਰ 'ਤੇ, ਮਰਦਾਵੇਂ ਸੱਤਾਵਾਦੀ ਵੀ ਹਨ। ਉਨ੍ਹਾਂ ਨੂੰ ਆਪਣੇ ਆਪ ਉੱਪਰ ਗਹਿਰੀ ਨਜ਼ਰ ਮਾਰਨ ਦੀ ਜ਼ਰੂਰਤ ਹੈ।

***3. ਪਰਿਵਾਰ ਦੀ ਸੰਸਥਾ, ਸਮਾਜ ਵਿਚ ਲੱਗਭੱਗ ਸਾਰੇ ਰਵਾਇਤੀ ਮੁੱਲਾਂ ਨੂੰ ਆਮ ਅਤੇ ਜਾਇਜ਼ ਬਣਾ ਰਹੀ ਹੈ। ਇਹ ਯਥਾਸਥਿਤੀ ਨੂੰ ਅੱਗੇ ਵਧਾਉਣ ਦਾ ਇਕ ਤੰਤਰ ਜਾਂ ਮਾਧਿਅਮ ਹੈ। ਪਰ ਅਸੀਂ ਇਸ ਸੰਸਥਾ ਦੇ ਖ਼ਿਲਾਫ਼ ਤਿੱਖੀ ਆਲੋਚਨਾ ਸ਼ਾਇਦ ਹੀ ਕਦੇ ਦੇਖਦੇ ਹਾਂ। ਅਜਿਹਾ ਕਿਉਂ?***



ਮੈਨੂੰ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਇਹ ਸਵਾਲ ਪੁੱਛਿਆ। ਇਹ ਇਕ ਅਜਿਹੀ ਚੀਜ਼ ਹੈ ਜਿਸ ਬਾਰੇ ਮੈਂ ਹਮੇਸ਼ਾ ਸੋਚਦੀ ਰਹਿੰਦੀ ਹਾਂ-ਪਰਿਵਾਰ ਦਾ ਮਹੱਤਵ ਜੋ ਸਾਰੇ ਪਾਸਿਆਂ ਤੋਂ ਸਾਡੇ ਸਾਹਮਣੇ ਆਉਂਦਾ ਹੈ। ਫਿਲਮਾਂ 'ਚ, ਸਾਹਿਤ 'ਚ, ਮੀਡੀਆ 'ਚ, ਟੀਵੀ ਉੱਪਰ, ਸੋਸ਼ਲ ਮੀਡੀਆ 'ਚ ਅਤੇ ਨਿਸ਼ਚਿਤ ਰੂਪ 'ਚ ਹਕੀਕੀ ਜ਼ਿੰਦਗੀ 'ਚ ਇਹ ਸਾਹਮਣੇ ਆਉਂਦਾ ਹੈ। ਇਹ ਮੈਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਜਿਵੇਂ ਕਿ ਤੁਸੀਂ ਹੁਣ ਤੱਕ ਦੀਆਂ ਕਿਤਾਬਾਂ ਤੋਂ ਦੱਸ ਸਕਦੇ ਹੋ (ਅਤੇ ਜਿਵੇਂ ਕਿ ਤੁਸੀਂ ਆਉਣ ਵਾਲੀਆਂ ਕਿਤਾਬਾਂ 'ਚ ਵੀ ਦੇਖੋਗੇ) - ਦ ਗੌਡ ਆਫ ਸਮਾਲ ਥਿੰਗਜ਼ 'ਚ ਇਸ ਉੱਪਰ ਗੱਲ ਹੈ,ਪਰ ਸਭ ਤੋਂ ਖ਼ਾਸ ਤੌਰ 'ਤੇ ਦ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ 'ਚ - ਪਰਿਵਾਰ ਦੇ ਵਿਚਾਰ ਉੱਪਰ ਡੂੰਘਾਈ 'ਚ, ਮੌਲਿਕ ਰੂਪ 'ਚ ਸਵਾਲ ਉਠਾਏ ਗਏ ਹਨ। ਇਹ ਚੀਜ਼ਾਂ ਨੂੰ ਦੇਖਣ ਦਾ ਸਭ ਤੋਂ ਰੂੜੀਵਾਦੀ ਪ੍ਰਿਜ਼ਮ ਹੈ, ਇਹ ਰੂੜੀਆਂ ਨੂੰ ਡੂੰਘਾ ਕਰਦਾ ਹੈ, ਇਹ ਮਾਂ-ਪਿਓ ਦੇ ਨਿਰਸਵਾਰਥ ਦੇ ਨਾਂ 'ਤੇ ਹਰ ਤਰ੍ਹਾਂ ਦੇ ਸਵਾਰਥ ਨੂੰ ਸਹੀ ਠਹਿਰਾਉਂਦਾ ਹੈ। ਸਭ ਤੋਂ ਵਧਕੇ ਇਹ ਜਾਤੀ ਦੇ ਲੋਹ ਬਰੈਂਡ ਨੂੰ ਕਾਇਮ ਰੱਖਦਾ ਹੈ, ਜੋ ਭਾਰਤੀ ਸਮਾਜ ਦੀ ਸਭ ਤੋਂ ਘਿਣਾਉਣੀ, ਸਥਿਰ ਅਤੇ ਘਾਤਕ ਚੀਜ਼ ਹੈ। 'ਪਰਿਵਾਰ' ਦੇ ਵਿਚਾਰ ਉੱਪਰ ਸਵਾਲ ਸਿਰਫ਼ ਫਿਰ ਹੀ ਉਠਾਇਆ ਜਾਂਦਾ ਹੈ ਜਦ ਪਰਿਵਾਰਵਾਦੀ ਰਾਜਨੀਤੀ ਦੀ ਗੱਲ ਆਉਂਦੀ ਹੈ। ਅਤੇ ਉੱਥੇ ਵੀ ਕੁਝ ਪਰਿਵਾਰ ਕਬੂਲ/ਸਵੀਕਾਰ ਹਨ, ਅਤੇ ਕੁਝ ਨਹੀਂ ਹਨ। ਇਹ ਠੀਕ ਹੈ, ਹਰ ਤਰ੍ਹਾਂ ਨਾਲ ਇਸ ਉੱਪਰ ਸਵਾਲ ਉਠਾਏ ਜਾਣੇ ਚਾਹੀਦੇ ਹਨ। ਪਰ ਉਨ੍ਹਾਂ ਸਾਰੇ ਪਰਿਵਾਰਵਾਦੀਆਂ ਨੂੰ ਘੱਟੋਘੱਟ ਚੋਣ ਤਾਂ ਜਿੱਤਣੀ ਹੀ ਪੈਂਦੀ ਹੈ, ਉਨ੍ਹਾਂ ਨੂੰ ਸੰਸਦ ਵਿਚ ਆਪਣੇ ਮਾਂ-ਪਿਓ ਦੀਆਂ ਸੀਟਾਂ ਵਿਰਾਸਤ ਵਿਚ ਨਹੀਂ ਮਿਲਦੀਆਂ। ਸਾਡੇ ਮਹਾਨ ਕਾਰਪੋਰੇਟਾਂ/ਕਾਰਪੋਰੇਸ਼ਨਾਂ ਬਾਰੇ 'ਚ ਕੀ ਕਹੋਗੇ ਜੋ ਸੱਚੀਂ-ਮੁੱਚੀਂ ਸਾਡੇ ਮੁਲਕ ਦੇ ਮਾਲਕ ਬਣੇ ਬੈਠੇ ਹਨ? ਉਹ ਸਾਰੀਆਂ ਪਰਿਵਾਰਕ ਮਾਲਕੀ ਵਾਲੀਆਂ ਹਨ ਅਤੇ ਉਨ੍ਹਾਂ ਨੂੰ ਪਰਿਵਾਰ ਹੀ ਚਲਾਉਂਦਾ ਹੈ। ਲੱਗਭੱਗ ਸਾਰੀਆਂ ਹੀ ਵੱਡੇ ਪਰਿਵਾਰਕ ਮਾਲਕੀ ਵਾਲੀਆਂ ਕਾਰਪੋਰੇਸ਼ਨਾਂ ਇਕ ਖ਼ਾਸ ਵਪਾਰੀ ਜਾਤੀ ਨਾਲ ਸੰਬੰਧਤ ਹਨ। ਪੀੜ੍ਹੀ-ਦਰ-ਪੀੜ੍ਹੀ ਜਮ੍ਹਾ ਹੋਣ ਵਾਲੇ ਸਰਮਾਏ ਅਤੇ ਉਸਦੀ ਅਸ਼ਲੀਲ ਮਾਤਰਾ...ਅਤੇ ਇਸ ਬਾਰੇ ਕੋਈ ਸਵਾਲ ਨਹੀਂ ਪੁੱਛਦਾ।

***4. ਨੌਕਰੀ ਅਤੇ ਮੌਕਿਆਂ ਦੀ ਭਾਲ 'ਚ ਕੇਰਲਵਾਸੀ ਇਸ ਧਰਤੀ 'ਤੇ ਕਿਤੇ ਵੀ ਪਹੁੰਚ ਸਕਦੇ ਹਨ। ਇਹ ਗੱਲ ਖ਼ਾਸ ਤੌਰ 'ਤੇ ਕੇਂਦਰੀ ਟ੍ਰਾਵਨਕੋਰ ਦੇ ਲੋਕਾਂ ਬਾਰੇ ਸੱਚ ਹੈ। ਇਸ ਜਗ੍ਹਾ ਤੋਂ ਆਉਣ ਵਾਲੇ ਵਿਅਕਤੀ ਦੇ ਤੌਰ 'ਤੇ, ਤੁਸੀਂ ਇਸ ਗੱਲ 'ਤੇ ਗ਼ੌਰ ਕੀਤਾ ਹੋਵੇਗਾ। ਪਰ ਅਸੀਂ ਆਮ ਤੌਰ 'ਤੇ ਇਸ ਸਮਰੱਥਾ ਨਿਰਮਾਣ ਦੇ ਪਿਛਲੇ ਸਮਾਜਿਕ ਇਤਿਹਾਸ ਨੂੰ ਭੁੱਲ ਜਾਂਦੇ ਹਾਂ। ਸਮਾਜਿਕ ਸੁਧਾਰ ਅੰਦੋਲਨ, ਜ਼ਮੀਨੀ ਸੁਧਾਰ, ਜਨਤਕ ਸਿੱਖਿਆ ਪ੍ਰਣਾਲੀ ਅਤੇ ਮੁੱਢਲੇ ਸਿਹਤ ਕੇਂਦਰਾਂ ਦਾ ਵਿਕਾਸ...ਇਨ੍ਹਾਂ ਸਾਰੇ ਕਾਰਕਾਂ ਨੇ ਇਸ ਦੁਨੀਆ 'ਚ ਕਿਤੇ ਵੀ ਮੁਕਾਬਲਾ ਕਰਨ ਦੀ ਮੁਹਾਰਤ ਮੈਟਰਿਕਸ ਨਾਲ ਮਨੁੱਖੀ ਵਸੀਲਿਆਂ ਨੂੰ ਵਿਕਸਤ ਕਰਨ 'ਚ ਭੂਮਿਕਾ ਨਿਭਾਈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ?***

ਮੈਂ ਬਿਲਕੁਲ ਸਹਿਮਤ ਹਾਂ। ਅਤੇ ਚਾਹੇ ਮੇਰੇ ਉੱਪਰ ਅਤੀਤ 'ਚ ਮਾਰਕਸਵਾਦੀ ਪਾਰਟੀ ਦੀ ਆਲੋਚਕ ਹੋਣ ਦਾ ਇਲਜ਼ਾਮ ਲਾਇਆ ਗਿਆ ਹੋਵੇ, ਪਰ ਮੈਂ ਹਕੀਕਤ 'ਚ ਜ਼ਿਆਦਾਤਰ ਉਨ੍ਹਾਂ ਦੀ ਪ੍ਰਸ਼ੰਸਕ ਹੀ ਹਾਂ। ਉਨ੍ਹਾਂ ਸਾਰੇ ਸੁਧਾਰਾਂ ਨੇ ਕੇਰਲ ਨੂੰ ਨਾ ਸਿਰਫ਼ ਭਾਰਤ ਵਿਚ ਸਗੋਂ ਪੂਰੀ ਦੁਨੀਆ 'ਚ ਇਕ ਅਨੂਠਾ ਸਥਾਨ ਬਣਾ ਦਿੱਤਾ ਹੈ। ਅਜਿਹੀਆਂ ਕਈ ਚੀਜ਼ਾਂ ਹਨ ਜਿਨ੍ਹਾਂ ਬਾਰੇ ਸਾਨੂੰ ਅਜੇ ਵੀ ਫ਼ਿਕਰ ਕਰਨ ਦੀ ਜ਼ਰੂਰਤ ਹੈ, ਪਰ ਜਿੱਥੇ ਵੀ ਸਾਨੂੰ ਇਸਦਾ ਸਿਹਰਾ ਦੇਣਾ ਚਾਹੀਦਾ ਹੈ, ਉਹ ਦੇਣਾ ਹੀ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਸਿੱਖਿਆ - ਜਿਸ ਵਿਚ ਈਸਾਈਆਂ ਨੇ ਵੀ ਬਹੁਤ ਯੋਗਦਾਨ ਪਾਇਆ ਹੈ - ਅਤੇ ਜ਼ਮੀਨੀ ਸੁਧਾਰ ਅਤੇ ਰਾਜਨੀਤਕ ਜਾਗਰੂਕਤਾ ਨੇ ਸਾਰੇ ਮਲਿਆਲੀ ਲੋਕਾਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਥੋੜ੍ਹਾ ਮਾਰਕਸਵਾਦੀ ਬਣਾ ਦਿੱਤਾ ਹੈ। ਕੋਈ ਵੀ ਉਨ੍ਹਾਂ ਨਾਲ ਖਿਲਵਾੜ ਨਹੀਂ ਕਰ ਸਕਦਾ। ਇਸ ਲਈ ਮੈਨੂੰ ਵੀ ਲੱਗਦਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਮਾਰਕਸਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਵਾਰੀ-ਵਾਰੀ ਸੱਤਾ ਵਿਚ ਰਹਿਣ। ਉਨ੍ਹਾਂ ਨੂੰ ਇਕ ਦੂਜੇ ਦਾ ਸਨਮਾਨ/ਸਤਿਕਾਰ ਕਰਨਾ ਚਾਹੀਦਾ ਹੈ ਅਤੇ ਫਿਰ ਵੀ ਇਕ ਦੂਜੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਸੌਖਾ ਨਹੀਂ ਹੈ। ਪਰ ਅਜਿਹਾ ਹੋਣਾ ਹੀ ਚਾਹੀਦਾ ਹੈ। ਇਸ ਤਰ੍ਹਾਂ ਨਾਲ ਹੀ ਅਸੀਂ ਪੱਛਮੀ ਬੰਗਾਲ ਵਿਚ ਮਾਰਕਸਵਾਦੀ ਪਾਰਟੀ ਨਾਲ ਜੋ ਹੋਇਆ, ਉਸ ਤੋਂ ਬਚ ਸਕਦੇ ਹਾਂ। ਉਨ੍ਹਾਂ ਚਾਲੀ ਸਾਲਾਂ ਦੀ ਲਗਾਤਾਰ ਸੱਤਾ ਨੇ ਬੰਗਾਲ 'ਚ ਸੀਪੀਐੱਮ ਨੂੰ ਖ਼ਤਮ ਕਰ ਦਿੱਤਾ ਅਤੇ ਭਾਜਪਾ ਨੂੰ ਸੱਤਾ ਵਿਚ ਆਉਣ ਦਾ ਮੌਕਾ ਦਿੱਤਾ। ਇਕ ਨਰੋਈ ਵਿਰੋਧੀ-ਧਿਰ ਬਹੁਤ ਮਹੱਤਵਪੂਰਨ ਹੈ। ਸਾਨੂੰ ਇਸਦੀ ਜ਼ਰੂਰਤ ਹੈ ਤਾਂ ਕਿ ਫਾਸ਼ੀਵਾਦੀਆਂ ਨੂੰ ਦਰਾੜਾਂ 'ਚ ਘੁਸਣ ਤੋਂ ਰੋਕਿਆ ਜਾ ਸਕੇ। ਜੇ ਮਾਰਕਸਵਾਦੀ ਜਾਂ ਕਾਂਗਰਸ ਪਾਰਟੀ ਸੱਤਾ 'ਚ ਬਹੁਤ ਸਾਲ ਬਿਤਾਉਣ ਕਾਰਨ ਜਾਂ ਸੱਤਾ ਤੋਂ ਬਾਹਰ ਰਹਿਣ ਕਰਕੇ ਖਿੰਡਣ ਲੱਗੇ, ਤਾਂ ਫਾਸ਼ੀਵਾਦੀ ਘੁਸ ਜਾਣਗੇ। ਅਤੇ ਇਕ ਵਾਰ ਜਦ ਉਹ ਸੱਤਾ 'ਚ ਆ ਗਏ ਤਾਂ ਤੇਜ਼ੀ ਨਾਲ ਅੱਗੇ ਵਧਦੇ ਜਾਣਗੇ।

***5. ਇਤਿਹਾਸਕ ਤੌਰ 'ਤੇ, ਕੇਰਲ ਦਾ ਨਾਗਰਿਕ ਸਮਾਜ ਬਹੁਤ ਜ਼ਿਆਦਾ ਰਾਜਨੀਤਕ ਰਿਹਾ ਹੈ। ਅਸੀਂ ਚਾਹ ਦੀਆਂ ਦੁਕਾਨਾਂ ਅਤੇ ਨਾਈ ਦੀਆਂ ਦੁਕਾਨਾਂ ਅਤੇ ਸਾਡੇ ਪੇਂਡੂ ਇਲਾਕਿਆਂ ਦੀ ਹਰ ਨੁੱਕਰ ਅਤੇ ਗਲੀ-ਮੁਹੱਲੇ 'ਚ ਗੰਭੀਰ ਰਾਜਨੀਤਕ ਚਰਚਾ ਦੇਖ ਸਕਦੇ ਹਾਂ। ਕੈਂਪਸਾਂ 'ਚ ਸਰਗਰਮ ਵਿਦਿਆਰਥੀ ਰਾਜਨੀਤੀ ਦੀ ਮੌਜੂਦਗੀ ਹੋਰ ਗੱਲ ਹੈ। ਪਰ ਸਰਮਾਏ ਦੇ ਪ੍ਰਵੇਸ਼ ਨਾਲ, ਕੇਰਲ ਦਾ ਸਮਾਜਸ਼ਾਸਤਰ ਬਦਲ ਰਿਹਾ ਹੈ। ਅਤੇ ਇਹ ਰਾਜਨੀਤਕ ਦ੍ਰਿਸ਼ 'ਚ ਵੀ ਨਜ਼ਰ ਆਉਂਦਾ ਹੈ। ਨੌਜਵਾਨ ਪੀੜ੍ਹੀ ਰਾਜਨੀਤਕ ਜਾਂ ਸਮਾਜਿਕ ਮੁੱਦਿਆਂ ਬਾਰੇ ਜ਼ਿਆਦਾ ਫ਼ਿਕਰਮੰਦ ਨਹੀਂ ਹੈ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ? ਕੀ ਮਨੁੱਖ ਦੇ ਲਈ ਰਾਜਨੀਤੀ ਤੋਂ ਹਮੇਸ਼ਾ ਲਈ ਦੂਰ ਰਹਿਣਾ ਵਿਹਾਰਕ ਤੌਰ 'ਤੇ ਸੰਭਵ ਹੈ?***

ਮੈਂ ਇਹ ਸੁਣਕੇ ਹੈਰਾਨ ਹਾਂ ਕਿ ਕੇਰਲ ਵਿਚ ਨੌਜਵਾਨ ਪੀੜ੍ਹੀ ਰਾਜਨੀਤਕ ਤੌਰ 'ਤੇ ਜਾਗਰੂਕ ਨਹੀਂ ਹੈ। ਪਰ ਮੈਨੂੰ ਇਸ ਤੋਂ ਉਲਟ ਲੱਗਦਾ ਹੈ। ਪਰ ਤੁਸੀਂ ਬਿਹਤਰ ਜਾਣਦੇ ਹੋ। ਜੇ ਉਹ ਸੱਚ ਹੈ ਜੋ ਤੁਸੀਂ ਕਹਿ ਰਹੇ ਹੋ ਤਾਂ ਅਸੀਂ ਮੁਸ਼ਕਲ 'ਚ ਹਾਂ। ਵੱਡੀ ਮੁਸੀਬਤ 'ਚ ਹਾਂ। ਕੇਰਲ 'ਚ ਆਬਾਦੀ ਦੀ ਧਾਰਮਿਕ ਅਤੇ ਸਮਾਜਿਕ ਬਣਤਰ ਅਤੇ ਇਕ-ਦੂਜੇ ਨਾਲ ਉਨ੍ਹਾਂ ਦੇ ਰਿਸ਼ਤੇ, ਭਾਰਤ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਵਿਲੱਖਣ ਹਨ। ਜੇ ਇਹ ਲਾਲਚ ਅਤੇ ਮੂਰਖ਼ਤਾ ਨਾਲ ਵਿਗੜ ਜਾਂਦੇ ਹਨ, ਤਾਂ ਅਸੀਂ ਤਬਾਹੀ ਵੱਲ ਜਾ ਰਹੇ ਹੋਵਾਂਗੇ। ਭਾਜਪਾ ਅਤੇ ਉਸਦੇ ਕਾਰਪੋਰੇਟ ਯਾਰ ਫਿਰਕਿਆਂ, ਜਾਤੀਆਂ, ਧਰਮਾਂ ਨੂੰ ਇਕ-ਦੂਜੇ ਵਿਰੁੱਧ ਖੜ੍ਹਾ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਉਠਾਉਣਗੇ। ਇਹ ਈਡੀ ਦੀ ਘੁਰਕੀ ਦੇ ਕੇ ਲੋਕਾਂ ਨੂੰ ਬਲੈਕਮੇਲ ਕਰਨਗੇ। ਇਸ ਵਿਚ ਧਾਰਮਿਕ ਆਗੂ ਵੀ ਸ਼ਾਮਲ ਹਨ। ਕੇਰਲ ਵਿਚ ਪੈਰ ਜਮਾਉਣ ਲਈ ਇਸ ਨੂੰ ਈਸਾਈਆਂ ਦੀ ਜ਼ਰੂਰਤ ਹੈ। ਇਸ ਲਈ, ਹਾਲਾਂਕਿ ਇਸ ਰਾਜ ਦੇ ਗੁੰਡੇ ਭਾਰਤ ਦੇ ਬਾਕੀ ਹਿੱਸਿਆਂ 'ਚ ਚਰਚ ਸਾੜ ਰਹੇ ਹਨ ਅਤੇ ਯਿਸੂ ਦੇ ਬੁੱਤ/ਮੂਰਤੀਆਂ ਤੋੜ ਰਹੇ ਹਨ - ਮਨੀਪੁਰ, ਛੱਤੀਸਗੜ੍ਹ, ਗੁਜਰਾਤ ਨੂੰ ਦੇਖੋ - ਉਹ ਕੇਰਲ ਵਿਚ ਈਸਾਈਆਂ ਨੂੰ ਭਰਮਾਉਣ ਜਾਂ ਉਨ੍ਹਾਂ ਉੱਪਰ ਦਬਾਅ ਪਾਉਣ 'ਚ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ 'ਚ ਚਰਚਾ ਉੱਪਰ ਸੈਂਕੜੇ ਹਮਲੇ ਹੋਏ ਹਨ। ਲੋਕਾਂ ਨੂੰ ਸਮਝਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਵਿਡੰਬਨਾ ਹੋਵੇਗੀ ਅਤੇ ਈਸਾਈ ਧਰਮ ਨਾਲ ਸਭ ਤੋਂ ਵੱਡਾ ਧ੍ਰੋਹ ਹੋਵੇਗਾ ਜੇ ਕੇਰਲ ਦੇ ਸੀਰੀਆਈ ਈਸਾਈ ਹੀ ਹਿੰਦੂ ਧੌਂਸਬਾਜ਼ਾਂ ਨੂੰ ਕੇਰਲ ਵਿਚ ਸੱਦਣ ਵਾਲੇ ਬਣ ਜਾਂਦੇ ਹਨ। ਜਦ ਮੈਂ ਕੁਝ ਪਾਦਰੀਆਂ ਅਤੇ ਬਿਸ਼ਪਾਂ ਨੂੰ ਭਾਜਪਾ ਦੀ ਤਾਰੀਫ਼ ਕਰਦੇ ਜਾਂ ਉਸ ਨਾਲ ਸੌਦੇਬਾਜ਼ੀ ਕਰਦੇ ਸੁਣਦੀ ਹਾਂ ਤਾਂ ਮੈਂ ਉਨ੍ਹਾਂ ਦੀ ਤੰਗਨਜ਼ਰੀ ਦੇਖਕੇ ਹੈਰਾਨ ਰਹਿ ਜਾਂਦੀ ਹਾਂ।

***6. ਉੱਤਰ ਭਾਰਤ ਦੇ ਰਾਜਾਂ ਅਤੇ ਦੱਖਣੀ ਭਾਰਤ ਦੇ ਰਾਜਾਂ ਵਿਚ ਮਨੁੱਖੀ ਜੀਵਨ ਸੂਚਕ-ਅੰਕ ਵਿਚ ਬਹੁਤ ਫ਼ਰਕ ਹੈ। ਇਸ ਵਕਤ, ਦੱਖਣੀ ਭਾਰਤੀ ਰਾਜਾਂ ਵਿਚ ਭਾਜਪਾ ਦੀ ਮਾੜੀ ਕਾਰਗੁਜ਼ਾਰੀ ਨੂੰ ਇਸ ਕਾਰਕ ਨਾਲ ਜੋੜ ਕੇ ਚਰਚਾ ਚੱਲ ਰਹੀ ਹੈ। ਉੱਤਰੀ ਭਾਰਤ ਵਿਚ ਰਹਿ ਰਹੇ ਅਤੇ ਦੱਖਣ ਵਿਚ ਜੜ੍ਹਾਂ ਵਾਲੇ ਵਿਅਕਤੀ ਦੇ ਰੂਪ 'ਚ, ਤੁਹਾਡੀ ਰਾਇ ਕੀ ਹੈ?***

ਮੇਰੀ ਰਾਇ ਹੈ ਕਿ ਲੋਕਾਂ ਦੀ ਉਨ੍ਹਾਂ ਦੇ ਹੱਕਾਂ ਪ੍ਰਤੀ ਰਾਜਨੀਤਕ ਜਾਗਰੂਕਤਾ ਦੀ ਜ਼ੋਰਦਾਰ ਭਾਵਨਾ ਨੇ ਉਨ੍ਹਾਂ ਨੂੰ ਹੁਣ ਤੱਕ ਦੱਖਣ ਤੋਂ ਦੂਰ ਰੱਖਿਆ ਹੈ। ਨਾਲ ਹੀ, ਤਾਮਿਲਨਾਡੂ ਵਰਗੇ ਥਾਵਾਂ 'ਤੇ ਜਾਤੀ ਵਿਰੋਧੀ ਸੰਘਰਸ਼ਾਂ ਦੇ ਲੰਮੇ ਇਤਿਹਾਸ ਨੇ ਲੋਕਾਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਹਿੰਦੂ ਰਾਸ਼ਟਰਵਾਦ ਅਸਲ ਵਿਚ ਕੀ ਹੈ। ਇਹ ਕੁਝ ਹੋਰ ਨਹੀਂ ਸਗੋਂ ਜਾਤੀਗਤ ਗ਼ਲਬੇ ਨੂੰ ਬਰਕਰਾਰ ਰੱਖਣ ਦੇ ਲਈ ਘੁਸਪੈਠ ਕਰਨ ਦਾ ਇਕ ਹਥਿਆਰ ਹੈ। ਮੈਨੂੰ ਲੱਗਦਾ ਹੈ ਕਿ ਇਸ ਨਿਜ਼ਾਮ ਦੇ ਨਾਲ ਮੁੱਖਧਾਰਾ ਦੇ ਮੀਡੀਆ ਦੀ ਮਿਲੀਭੁਗਤ ਨੇ ਸਾਡੇ ਮੁਲਕ ਦੀ ਅਸਲ ਸਥਿਤੀ ਉੱਪਰ ਪੜਦਾ ਪਾ ਦਿੱਤਾ ਹੈ। ਜਦ ਓੜਕ ਇਹ ਸਭ ਉਜਾਗਰ ਹੋ ਜਾਵੇਗਾ ਤਾਂ ਤਬਾਹੀ ਦੇ ਪੱਧਰ ਨੂੰ ਅਸੀਂ ਓਦੋਂ ਦੇਖ ਸਕਾਂਗੇ... ਆਰਥਿਕਤਾ ਮੰਦੇ ਹਾਲ ਹੈ। ਸਿਹਤ ਸੇਵਾ, ਸਿੱਖਿਆ ਸੰਕਟ 'ਚ ਹੈ। ਸਮਾਜਿਕ ਨਿਆਂ ਦੀ ਦਿਸ਼ਾ 'ਚ ਚੁੱਕਿਆ ਗਿਆ ਹਰ ਛੋਟਾ-ਛੋਟਾ ਕਦਮ ਉਲਟਾ ਦਿੱਤਾ ਗਿਆ ਹੈ। ਗ਼ਰੀਬ ਦਲਿਤ ਅਤੇ ਓਬੀਸੀ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਬੰਧ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਸਿਹਤ ਸੇਵਾਵਾਂ ਪੂਰੀ ਤਰ੍ਹਾਂ ਮਹਿੰਗੀਆਂ ਹਨ। ਜ਼ਿਆਦਾਤਰ ਨਿੱਜੀ ਹਸਪਤਾਲਾਂ 'ਚ ਜਾਣਾ ਆਪਣੇ ਆਪ 'ਚ ਇਕ ਵੱਖਰੀ ਤਰ੍ਹਾਂ ਦਾ ਨਰਕ ਹੈ, ਜਿੱਥੇ ਡਾਕਟਰ ਤੁਹਾਨੂੰ ਲੁੱਟਣ ਅਤੇ ਠੱਗਣ ਲਈ ਬੈਠੇ ਹਨ, ਨਾ ਕਿ ਤੁਹਾਡਾ ਇਲਾਜ਼ ਕਰਨ ਲਈ। ਸਾਡੇ ਸੰਵਿਧਾਨ ਨੂੰ ਸਾਰੇ ਵਿਹਾਰਕ ਉਦੇਸ਼ਾਂ ਲਈ ਪਹਿਲਾਂ ਹੀ ਗ਼ੈਰਰਸਮੀਂ ਰੂਪ 'ਚ ਦਰਕਿਨਾਰ ਕਰ ਦਿੱਤਾ ਗਿਆ ਹੈ। ਨਵੇਂ ਫ਼ੌਜਦਾਰੀ ਕਾਨੂੰਨ ਇਕ ਅਣਐਲਾਨੀ ਸਥਾਈ ਐਮਰਜੈਂਸੀ ਹਨ। ਅਸੀਂ ਇਕ ਪੁਲਿਸ ਰਾਜ ਵਿਚ ਰਹਿ ਰਹੇ ਹਾਂ। ਹਰ ਸੰਸਥਾ ਖੋਖਲਾ ਕਰ ਦਿੱਤੀ ਗਈ ਹੈ... ਯੂਨੀਵਰਸਿਟੀਆਂ ਦੀ ਹਾਲਤ ਖ਼ਾਸ ਤੌਰ 'ਤੇ ਦਿਲ ਦਹਿਲਾ ਦੇਣ ਵਾਲੀ ਹੈ। ਇਹ ਯੂਨੀਵਰਸਿਟੀਆਂ – ਦਿੱਲੀ ਯੂਨੀਵਰਸਿਟੀ, ਜੇਐੱਨਯੂ – ਸਾਰੀਆਂ ਮਹਾਨ ਸਪੇਸ ਸਨ...ਹੁਣ ਇਨ੍ਹਾਂ ਸਭ ਨੂੰ ਅਜਿਹਾ ਨਿਜ਼ਾਮ ਮਿੱਟੀ 'ਚ ਮਿਲਾ ਰਿਹਾ ਹੈ ਜੋ ਬੁੱਧੀਜੀਵੀਆਂ ਨੂੰ ਨਫ਼ਰਤ ਕਰਦਾ ਹੈ, ਵਿਗਿਆਨ ਨੂੰ ਨਫ਼ਰਤ ਕਰਦਾ ਹੈ, ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਨਫ਼ਰਤ ਕਰਦਾ ਹੈ - ਕਿਸਾਨਾਂ, ਬੁਣਕਰਾਂ, ਸੰਗੀਤਕਾਰਾਂ, ਲੇਖਕਾਂ ਦੀ ਬੁੱਧੀਮਾਨੀ - ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਖ਼ਤਰੇ ਦੇ ਰੂਪ 'ਚ ਦੇਖਿਆ ਜਾਂਦਾ ਹੈ। ਪਰ ਅੱਜ ਜਾਅਲੀ ਖ਼ਬਰ ਉਦਯੋਗ ਇਸ ਨੂੰ ਕੁਝ ਹੋਰ ਹੀ ਦਿਖਾ ਰਿਹਾ ਹੈ। ਹਾਲਾਂਕਿ, ਹੁਣ ਜਦ ਪੂਰਨ, ਤਾਨਾਸ਼ਾਹ ਕੰਟਰੋਲ ਖ਼ਤਮ ਹੋ ਗਿਆ ਹੈ, ਤਾਂ ਘੁਟਾਲੇ ਸਾਹਮਣੇ ਆ ਰਹੇ ਹਨ, ਹਰ ਘੁਟਾਲਾ ਇਕ ਦੂਜੇ ਤੋਂ ਬਦਤਰ ਹੈ। ਇਸ ਲਈ, ਦਿੱਲੀ ਵਿਚ ਰਹਿਣ ਵਾਲੇ ਇਕ ਮਲਿਆਲੀ ਦੇ ਰੂਪ 'ਚ ਜਦ ਮੈਂ ਕੇਰਲ ਆਉਂਦੀ ਹਾਂ – ਮੈਂ ਸੜਕ ਉੱਪਰ ਹਰ ਬੰਦੇ ਨੂੰ ਰੋਕਕੇ ਉੱਤਰੀ ਭਾਰਤ ਦੀ ਭਿਆਨਕਤਾ ਦਾ ਵਰਨਣ ਕਰਨਾ ਚਾਹੁੰਦੀ ਹਾਂ ਅਤੇ ਕਹਿਣਾ ਚਾਹੁੰਦੀ ਹਾਂ, "ਤੁਹਾਨੂੰ ਅਜਿਹਾ ਹੋਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।"

***7. ਇਨ੍ਹਾਂ ਚੋਣਾਂ 'ਚ ਯੂਪੀ ਦੇ ਪੇਂਡੂ ਇਲਾਕਿਆਂ ਦੇ ਲੋਕਾਂ ਨੇ ਭਾਜਪਾ ਨੂੰ ਅਣਕਿਆਸੇ ਤੌਰ 'ਤੇ ਨਕਾਰ ਦਿੱਤਾ। ਦੂਜੇ ਪਾਸੇ, ਕੇਰਲ ਵਿਚ ਪਹਿਲੀ ਵਾਰ ਭਾਜਪਾ ਨੇ ਆਪਣਾ ਖ਼ਾਤਾ ਖੋਲ੍ਹਿਆ ਹੈ। ਐਮਰਜੈਂਸੀ ਤੋਂ ਬਾਅਦ ਪਾਰਲੀਮੈਂਟਰੀ ਚੋਣਾਂ 'ਚ ਵੀ ਅਜਿਹਾ ਹੀ ਹੋਇਆ ਸੀ। ਜਦ ਪੂਰਾ ਮੁਲਕ ਲੋਕਤੰਤਰ ਦੇ ਪੱਖ 'ਚ ਖੜ੍ਹਾ ਸੀ, ਤਾਂ ਕੇਰਲ ਦੇ ਲੋਕਾਂ ਨੇ ਵੱਖਰਾ ਰੁਖ ਅਖ਼ਤਿਆਰ ਕੀਤਾ ਸੀ। ਇਸ ਦੇ ਪਿਛਲੀ ਵਜ੍ਹਾ ਸ਼ਾਇਦ ਕੇਰਲ 'ਚ ਮੱਧ ਵਰਗ ਦੀ ਮੌਜੂਦਗੀ ਅਤੇ ਜ਼ਿੰਦਗੀ ਪ੍ਰਤੀ ਉਨ੍ਹਾਂ ਦਾ ਮਹਿਫੂਜ਼ ਨਜ਼ਰੀਆ ਹੈ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ?***

ਯੂਪੀ ਦੇ ਲੋਕਾਂ ਨੂੰ ਇਹ ਸਮਝਣ 'ਚ ਬਹੁਤ ਸਮਾਂ ਲੱਗਿਆ ਕਿ ਉਨ੍ਹਾਂ ਦੀ ਆਪਣੀ ਹਕੀਕਤ ਹੀ ਮਾਇਨੇ ਰੱਖਦੀ ਹੈ, ਨਾ ਕਿ ਉਹ ਜੋ ਉਹ ਟੀਵੀ ਉੱਪਰ ਦੇਖਦੇ ਹਨ। ਉਨ੍ਹਾਂ ਦੀ ਆਪਣੀ ਭੁੱਖ, ਆਪਣੀ ਬੇਰੋਜ਼ਗਾਰੀ, ਆਪਣਾ ਕੁਪੋਸ਼ਣ ਉਨ੍ਹਾਂ ਦਾ ਮੁੱਦਾ ਹੈ। ਜੋ ਕਾਰਪੋਰੇਟ ਮਾਲਕੀ ਵਾਲੇ ਟੀਵੀ ਚੈਨਲ ਉਨ੍ਹਾਂ ਨੂੰ ਵੇਚਦੇ ਹਨ ਉਹ 'ਹਕੀਕਤ' ਨਹੀਂ। ਪਰ ਮੁੱਖ ਗੱਲ ਇਹ ਹੈ ਕਿ ਲੋਕਾਂ ਨੂੰ ਇਹ ਅਹਿਸਾਸ ਹੋ ਗਿਆ ਕਿ 'ਹਿੰਦੂ' ਬਹੁਮੱਤ ਦਾ ਵਿਚਾਰ ਇਕ ਘੁਟਾਲਾ ਹੈ - ਇਹ ਵਿਸ਼ੇਸ਼-ਅਧਿਕਾਰ ਪ੍ਰਾਪਤ ਜਾਤੀ ਦੇ ਲੋਕਾਂ ਲਈ ਧਨ ਅਤੇ ਤਾਕਤ ਨੂੰ ਬਰਕਰਾਰ ਰੱਖਣ ਦਾ ਇਕ ਤਰੀਕਾ ਹੈ, ਜਦਕਿ ਉਹ ਜਿਨ੍ਹਾਂ ਲੋਕਾਂ ਉੱਪਰ ਜ਼ੁਲਮ ਕਰਦੇ ਹਨ, ਉਨ੍ਹਾਂ ਤੋਂ ਹੀ ਆਪਣੇ ਜਬਰ-ਜ਼ੁਲਮ ਲਈ ਵੋਟਾਂ ਮੰਗਦੇ ਹਨ। ਦਲਿਤਾਂ ਅਤੇ ਓਬੀਸੀ ਦੀ ਆਬਾਦੀ ਦੇ ਇਕ ਵੱਡੇ ਹਿੱਸੇ ਨੇ ਆਖ਼ਿਰਕਾਰ ਇਹ ਸਮਝ ਲਿਆ। ਇਹੀ ਉਹ ਵਜ੍ਹਾ ਹੈ ਜਿਸਨੇ ਇਸ ਅਚਾਨਕ ਤਬਦੀਲੀ ਨੂੰ ਜਨਮ ਦਿੱਤਾ। ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਇਹ ਸੱਚ ਹੋਵੇ। ਕੇਰਲ ਦੇ ਮੱਧ ਵਰਗੀ ਲੋਕਾਂ ਨੂੰ ਭਾਜਪਾ ਦੀ ਹਕੂਮਤ ਵਾਲੇ ਰਾਜਾਂ 'ਚ ਜਾਣਾ ਚਾਹੀਦਾ ਹੈ ਤਾਂ ਕਿ ਉਹ ਦੇਖ ਸਕਣ ਕਿ ਮੱਧ ਵਰਗੀ ਲੋਕਾਂ ਲਈ ਵੀ ਉੱਥੇ ਜ਼ਿੰਦਗੀ ਕਿਹੋ ਜਹੀ ਹੈ। ਮੇਰਾ ਮਤਲਬ ਹੈ ਕਿ ਉਨ੍ਹਾਂ ਦੇ ਬਣਾਏ ਹਰ ਪੁਲ, ਸੜਕ, ਸੁਰੰਗ ਅਤੇ ਹਵਾਈ ਅੱਡੇ ਅਤੇ ਇੱਥੋਂ ਤੱਕ ਕਿ ਮੰਦਰ ਦੀ ਮਿਆਦ ਦੋ ਸਾਲ ਹੀ ਜਾਪਦੀ ਹੈ...ਜੋ ਹੋ ਰਿਹਾ ਹੈ ਇਹ ਬੇਵਕੂਫ਼ੀ ਹੈ। ਨੀਟ ਘੁਟਾਲਾ...ਸਭ ਗੁਜਰਾਤ 'ਚ ਜੰਮੇ ਹਨ। ਜਾਪਦਾ ਹੈ ਕਿ ਘੁਟਾਲਿਆਂ ਦੇ ਸਾਰੇ ਮੁੱਖ ਸਰਗਣੇ ਭਾਜਪਾ ਦੇ ਯਾਰ ਹਨ। ਨਾਲ ਹੀ ਇਹ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਹੈ ਕਿ ਜਿਨਸੀ ਜ਼ੁਲਮ ਅਤੇ ਬਲਾਤਕਾਰ ਦੇ ਦੋਸ਼ੀ ਏਨੇ ਸਾਰੇ ਲੋਕ ਮੌਜੂਦਾ ਹਕੂਮਤ ਨਾਲ ਸਿੱਧੇ ਤੌਰ 'ਤੇ ਜਾਂ ਘੱਟੋਘੱਟ ਉਸ ਨਾਲ ਜੁੜੇ ਹੋਏ ਹਨ। ਧਾਰਮਿਕ ਕੱਟੜਤਾ ਦੀ ਵਿਚਾਰਧਾਰਾ ਇਕ ਵਾਰ ਕੇਰਲ ਵਿਚ ਜਾ ਵੜੀ ਤਾਂ ਕੇਰਲ ਸੱਤਰਵਿਆਂ ਦੇ ਲਿਬਨਾਨ 'ਚ ਬਦਲ ਸਕਦਾ ਹੈ। ਲਿਬਨਾਨ ਦੀ ਆਬਾਦੀ ਵੀ ਇਸੇ ਤਰ੍ਹਾਂ ਗੁੰਝਲਦਾਰ ਹੈ। ਅਤੇ ਅਸੀਂ ਇਤਿਹਾਸ ਤੋਂ ਦੇਖਦੇ ਹਾਂ ਕਿ ਜਦ ਇਕ ਫਿਰਕਾ ਕੱਟੜਪੰਥੀ ਬਣਨਾ ਸ਼ੁਰੂ ਕਰਦਾ ਹੈ ਤਾਂ ਪ੍ਰਤੀਕਰਮ ਦੇ ਰੂਪ 'ਚ ਸਾਰੇ ਭਾਈਚਾਰੇ/ਫਿਰਕੇ ਕੱਟੜਪੰਥੀ ਬਣਨਾ ਸ਼ੁਰੂ ਕਰ ਦਿੰਦੇ ਹਨ। ਪਰ ਮੈਨੂੰ ਯਕੀਨ ਹੈ ਕਿ ਮਲਿਆਲੀ ਲੋਕ ਸਵੈਵਿਨਾਸ਼ ਦੇ ਲਈ ਪ੍ਰੇਰਿਤ ਨਹੀਂ ਹੋਣਗੇ। ਹਰ ਧਾਰਮਿਕ ਫਿਰਕੇ ਦੀ ਜ਼ਿੰਮੇਵਾਰੀ ਹੈ ਅਤੇ ਉਸਨੂੰ ਇਹ ਦੇਖਣਾ ਚਾਹੀਦਾ ਹੈ ਕਿ ਅਜਿਹਾ ਨਾ ਹੋਵੇ। ਹਾਂ, ਭਾਜਪਾ ਦੇ ਇਕ ਸੀਟ ਜਿੱਤਣ ਦਾ ਤੱਥ ਚਿੰਤਾਜਨਕ ਹੈ। ਪਰ ਮੈਂ ਜੋ ਸੁਣਿਆ ਹੈ, ਉਸਦੇ ਅਨੁਸਾਰ ਇਹ ਸੁਰੇਸ਼ ਗੋਪੀ ਅਤੇ ਉਸ ਦੇ ਕੰਮ ਨੂੰ ਵੋਟ ਸੀ, ਨਾ ਕਿ ਭਾਜਪਾ ਨੂੰ। ਪਰ ਫਿਰ ਵੀ, ਇਹ ਤਾਂ ਮਹਿਜ਼ ਇਕ ਸ਼ੁਰੂਆਤ ਹੈ। ਸਾਨੂੰ ਚੇਤਾਵਨੀ ਦਿੱਤੀ ਗਈ ਹੈ।

***8. ਪਿਛਲੇ ਦਹਾਕੇ 'ਚ ਭਾਰਤ ਆਪਣੇ ਲੰਮੇ ਲੋਕਤੰਤਰੀ ਇਤਿਹਾਸ ਦੀ ਤੁਲਨਾ 'ਚ ਬਿਲਕੁਲ ਵੱਖਰੀ ਰਾਜਨੀਤਕ ਸਥਿਤੀ 'ਚੋਂ ਗੁਜ਼ਰ ਰਿਹਾ ਹੈ। ਜਿਸ ਵਿਚਾਰਧਾਰਕ ਬੁਨਿਆਦ ਉੱਪਰ ਇਹ ਮੁਲਕ ਖੜ੍ਹਾ ਹੈ, ਉਹ ਖ਼ਤਰੇ 'ਚ ਹੈ। ਇੱਥੋਂ ਤੱਕ ਕਿ ਸੰਵਿਧਾਨ ਨੂੰ ਮੁੜ ਲਿਖਣ ਦਾ ਪ੍ਰਚਾਰ ਵੀ ਚੋਣ ਪ੍ਰਚਾਰ 'ਚ ਜਨਤਕ ਤੌਰ 'ਤੇ ਕੀਤਾ ਗਿਆ। ਪਰ ਨਤੀਜਿਆਂ ਨੇ ਘੱਟੋਘੱਟ ਹਾਲ ਦੀ ਘੜੀ ਤਾਂ ਇਸ ਉੱਪਰ ਰੋਕ ਲਾ ਦਿੱਤੀ ਹੈ। ਕੀ ਤੁਹਾਨੂੰ ਵੀ ਇੰਵ ਹੀ ਲੱਗਦਾ ਹੈ?***

ਇਹ ਤੱਥ ਕਿ ਭਾਜਪਾ ਕੋਲ ਆਪਣਾ ਬਹੁਮੱਤ ਨਹੀਂ ਹੈ, ਵੱਡੀ ਰਾਹਤ ਹੈ। ਪਰ ਸੱਤਾ ਦੀ ਕਮਾਨ ਅਜੇ ਵੀ ਉਸਦੇ ਹੱਥ 'ਚ ਹੈ। ਇਹ ਅਜੇ ਵੀ ਸੰਸਥਾਵਾਂ ਨੂੰ ਕੰਟਰੋਲ ਕਰਦੀ ਹੈ। 2002 'ਚ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਮੋਦੀ ਨੂੰ ਅਸਲੀ ਵਿਰੋਧੀ-ਧਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਸਿੱਧੇ ਮੱਥੇ ਚੁਣੌਤੀ ਦਿੱਤੀ ਜਾ ਰਹੀ ਹੈ। ਉਸਦਾ ਉਹ ਅਕਸ ਖੋਹ ਲਿਆ ਗਿਆ ਹੈ ਜਿਸ ਨੂੰ ਸਿਰਜਣ 'ਚ ਉਸਨੇ 20 ਸਾਲ ਲਗਾਏ ਸਨ। ਉਹ ਅਕਸ ਖ਼ਤਮ ਹੋ ਗਿਆ ਹੈ। ਪਰ ਮੈਂ ਬਹੁਤ ਫ਼ਿਕਰਮੰਦ ਹਾਂ। ਕਿਉਂਕਿ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਹਾਰ ਲਈ ਉਸਦਾ ਇੱਕੋਇਕ ਪ੍ਰਤੀਕਰਮ ਨਫ਼ਰਤ ਦੇ ਬਟਨ ਦਬਾਉਣਾ ਹੁੰਦਾ ਹੈ। ਤੁਹਾਨੂੰ ਚੇਤੇ ਹੋਵੇਗਾ ਕਿ 2002 ਦਾ ਗੁਜਰਾਤ ਕਤਲੇਆਮ ਸਥਾਨਕ ਚੋਣਾਂ ਦੀ ਹਾਰ ਤੋਂ ਬਾਅਦ ਹੋਇਆ ਸੀ। ਪਹਿਲਾਂ ਹੀ ਮੁਸਲਮਾਨਾਂ ਦੇ ਹਜੂਮੀ ਕਤਲਾਂ 'ਚ ਵਾਧਾ ਹੋ ਰਿਹਾ ਹੈ। ਨਵੇਂ ਫ਼ੌਜਦਾਰੀ ਕਾਨੂੰਨਾਂ ਨੇ ਉਸ ਲਈ ਮੁਸਲਮਾਨਾਂ ਅਤੇ ਵਿਰੋਧੀ-ਧਿਰ ਨੂੰ ਵੀ ਨਿਸ਼ਾਨਾ ਬਣਾਉਣਾ ਸੌਖਾ ਬਣਾ ਦਿੱਤਾ ਹੈ। ਉਹ ਪਾਲਾਬੰਦੀ ਕਰਕੇ ਅਤੇ ਵਧੇਰੇ ਖ਼ੂਨ-ਖਰਾਬੇ ਦੀ ਮੱਦਦ ਨਾਲ ਸੱਤਾ 'ਚ ਮੁੜ ਆਉਣ ਦਾ ਯਤਨ ਕਰਨਗੇ... ਮੈਨੂੰ ਆਸ ਹੈ ਕਿ ਭਾਰਤੀ ਲੋਕਾਂ ਨੇ ਇਹ ਸਭ ਸਮਝ ਲਿਆ ਹੈ।

***9. ਹਿੰਦੂਤਵ ਦੀ ਧਾਰਮਿਕ ਰਾਜਨੀਤੀ ਮਹਿਜ਼ ਕਾਰਪੋਰੇਟ ਹਿਤਾਂ ਅਤੇ ਨਵਉਦਾਰਵਾਦੀ ਪ੍ਰੋਜੈਕਟ ਨੂੰ ਲੁਕੋਣ ਦਾ ਇਕ ਮੁਖੌਟਾ ਹੈ। ਕੀ ਤੁਸੀਂ ਇਸ ਨਾਲ ਸਹਿਮਤ ਹੋ?***

ਬਿਲਕੁਲ ਨਹੀਂ। ਮੈਂ ਪੂਰੀ ਤਰ੍ਹਾਂ ਅਸਹਿਮਤ ਹਾਂ। ਨਿਰੋਲ, ਮਿਲਾਵਟਹੀਣ, ਜਾਤੀਵਾਦੀ, ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦ ਦੇ ਖ਼ਤਰੇ ਨੂੰ ਘਟਾ ਕੇ ਦੇਖਣਾ ਖ਼ਤਰਨਾਕ ਹੈ। ਇਹ ਆਪਣੇ ਆਪ 'ਚ ਮੁੱਖ ਚੀਜ਼ ਹੈ। ਇਹ ਮੁੱਖ ਚੀਜ਼ ਹੈ। ਕਾਰਪੋਰੇਟ ਇਸ ਨਾਲ ਗੱਠਜੋੜ ਕਰ ਰਹੇ ਹਨ ਕਿਉਂਕਿ ਉਹ ਤਾਕਤਵਰ ਰਾਜ ਦੇ ਵਿਰੋਧ ਨੂੰ ਹਰਾਉਣ ਅਤੇ ਲਾਲਫੀਤਾਸ਼ਾਹੀ ਨੂੰ ਖ਼ਤਮ ਕਰਕੇ ਉਨ੍ਹਾਂ ਉਦਯੋਗਪਤੀਆਂ ਨੂੰ ਨਿਵਾਜਣ ਦੀ ਸਮਰੱਥਾ ਨਾਲ ਖ਼ੁਸ਼ ਹਨ ਜੋ ਸਭ ਤੋਂ ਵਫ਼ਾਦਾਰ ਹਨ। ਆਪਣੇ ਹਿਤਾਂ ਨੂੰ ਅੱਗੇ ਵਧਾਉਣ ਦੀ ਖ਼ਾਤਰ ਕਾਰਪੋਰੇਟ ਸੱਤਾ 'ਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨਾਲ ਗੱਠਜੋੜ ਕਰਨਗੇ। ਡਾ. ਮਨਮੋਹਣ ਸਿੰਘ ਦੀ ਅਗਵਾਈ ਵਾਲੀ ਧਰਮਨਿਰਪੱਖ ਹਕੂਮਤ ਵੀ ਕਾਰਪੋਰੇਸ਼ਨਾਂ ਲਈ ਘੱਟ ਦੋਸਤਾਨਾ ਨਹੀਂ ਸੀ। ਇਹ ਸਿੱਖਿਆ ਤੇ ਸਿਹਤ ਅਤੇ ਬੁਨਿਆਦੀ ਢਾਂਚੇ ਦੇ ਨਿੱਜੀਕਰਨ ਦੇ ਲਈ ਘੱਟ ਅਨੁਕੂਲ ਨਹੀਂ ਸੀ...ਇਹ ਸਭ ਬਹੁਤ ਵਿਨਾਸ਼ਕਾਰੀ ਹੈ। ਨਿਰਸੰਦੇਹ, ਰਾਹੁਲ ਗਾਂਧੀ ਅਤੇ ਨਵੀਂ ਕਾਂਗਰਸ ਦੀ ਬਿਆਨਬਾਜ਼ੀ ਵੱਖਰੀ ਚੀਜ਼ ਹੈ। ਇਹ ਰਾਹਤ ਦੀ ਗੱਲ ਹੈ।

***10. ਅਜਿਹੇ ਬਹੁਤ ਘੱਟ ਲੋਕ ਹਨ ਜੋ ਤੁਹਾਡੇ ਵੱਲੋਂ ਦਿਖਾਈ ਸ਼ਿੱਦਤ ਅਤੇ ਰਚਨਾਤਮਕਤਾ ਨਾਲ ਰਾਜਨੀਤਕ ਲੇਖ ਲਿਖਦੇ ਹਨ। ਤੁਹਾਡੀ ਲੇਖਣੀ ਆਮ ਰਾਜਨੀਤਕ ਲੇਖਣੀ ਤੋਂ ਵੱਖਰੀ ਹੈ। ਇਸ ਜਾਨਦਾਰ ਲੇਖਣੀ ਦੇ ਪਿੱਛੇ ਐਕਸ ਫੈਕਟਰ (ਖ਼ਾਸ ਖ਼ੂਬੀ) ਕੀ ਹੈ?***

ਮੈਂ ਕਹਾਂਗੀ ਕਿ ਇਹ ਲਿਖਣ ਦੀ ਕਲਾ ਅਤੇ ਸ਼ਿਲਪ ਪ੍ਰਤੀ ਵਚਨਬੱਧਤਾ ਅਤੇ ਸਤਿਕਾਰ ਹੈ। ਮੈਂ ਤਾਕਤ ਅਤੇ ਨਿਤਾਣੇਪਣ, ਡੈਮ, ਸਿੰਜਾਈ, ਖਣਨ, ਯੁੱਧ ਬਾਰੇ ਉਸੇ ਤਰ੍ਹਾਂ ਲਿਖਣਾ ਚਾਹੁੰਦੀ ਹਾਂ ਜਿਵੇਂ ਮੈਂ ਬਚਪਨ, ਪਿਆਰ ਅਤੇ ਦਿਲ ਟੁੱਟਣ ਬਾਰੇ ਲਿਖਦੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਬਣਾਂ, ਮੈਂ ਲੇਖਿਕਾ ਹਾਂ। ਦਿਲ ਦੀ ਗਹਿਰਾਈ ਤੱਕ ਲੇਖਿਕਾ। ਲਿਖਣਾ ਮੇਰੇ ਲਈ ਇਬਾਦਤ ਹੈ।

***11. ਕਥਾ ਸਾਹਿਤ ਤੇ ਰਚਨਾਤਮਕਤਾ ਅਤੇ ਅਕਥਾ ਸਾਹਿਤ ਲਿਖਣ ਵਾਲੇ ਵਿਅਕਤੀ ਲਈ ਲੇਖਣੀ ਦੀਆਂ ਇਨ੍ਹਾਂ ਦੋ ਵਿਧਾਵਾਂ ਦਰਮਿਆਨ ਨਿਖੇੜੇ ਦੀ ਲਕੀਰ ਕੀ ਹੈ?***

ਜਿੰਨਾ ਜ਼ਿਆਦਾ ਮੈਂ ਇਸ ਬਾਰੇ ਸੋਚਦੀ ਹਾਂ, ਓਨਾ ਹੀ ਘੱਟ ਮੈਂ ਫ਼ਰਕ ਨੂੰ ਸਮਝ ਪਾਉਂਦੀ ਹਾਂ। ਦੋਹਾਂ ਦੇ ਲਈ ਵੱਖੋ-ਵੱਖਰੀ ਤਰ੍ਹਾਂ ਦੇ ਅਨੁਸ਼ਾਸਨ ਦੀ ਜ਼ਰੂਰਤ ਹੁੰਦੀ ਹੈ। ਪਰ ਦੋਵੇਂ ਹੀ ਇਬਾਦਤ ਵਾਂਗ ਹਨ।

***12. ਮਾਰਕਸ ਦੀ ਭਾਸ਼ਾ ਅਤਿਅੰਤ ਤੀਬਰ ਅਤੇ ਰਚਨਾਤਮਕ ਸੀ। ਰਾਜਨੀਤਕ ਅਰਥਸ਼ਾਸਤਰ ਵਰਗੇ ਖ਼ੁਸ਼ਕ ਵਿਸ਼ੇ ਉੱਪਰ ਲਿਖਦੇ ਹੋਏ ਵੀ ਉਨ੍ਹਾਂ ਦੀ ਭਾਸ਼ਾ ਇਕ ਵੱਖਰੀ ਧਰਾਤਲ ਉੱਪਰ ਖੜ੍ਹੀ ਹੈ। ਇੰਵ ਲੱਗਦਾ ਹੈ ਕਿ ਜਦ ਭਾਸ਼ਾ ਹਕੀਕਤ ਅੰਦਰ ਡੂੰਘੀ ਉੱਤਰਦੀ ਹੈ ਤਾਂ ਉਹ ਜਾਨਦਾਰ ਅਤੇ ਰਚਨਾਤਮਕ ਹੋ ਜਾਂਦੀ ਹੈ।***

ਭਾਸ਼ਾ ਇਕ ਅਜਿਹੀ ਚੀਜ਼ ਹੈ ਜੋ ਲੇਖਕ ਨੇ ਆਪਣੇ ਤੋਂ ਬਾਹਰ ਖੋਜਣੀ ਹੁੰਦੀ ਹੈ। ਕੋਈ ਵੀ ਸਾਨੂੰ ਇਹ ਤੋਹਫ਼ੇ 'ਚ ਨਹੀਂ ਦਿੰਦਾ। ਅਤੇ ਇਹ ਸਾਡੇ ਨਾਲ ਹੀ ਜੁੜੀ ਹੁੰਦੀ ਹੈ। ਇਹ ਕੋਈ ਕੋਟ ਜਾਂ ਪੁਸ਼ਾਕ ਨਹੀਂ ਹੈ ਜਿਸ ਨੂੰ ਤੁਸੀਂ ਬਾਹਰ ਜਾਂਦੇ ਵਕਤ ਪਾ ਲਓਗੇ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਭਾਸ਼ਾ ਮੇਰੇ ਵਿਚਾਰਾਂ ਦੀ ਖੱਲ ਹੈ।

***13. ਅਰੁੰਧਤੀ ਰਾਏ ਦੇ ਰਾਜਨੀਤਕ ਨਿਬੰਧ ਸਾਮਰਾਜਵਾਦੀ ਦਖ਼ਲਅੰਦਾਜ਼ੀ ਅਤੇ ਵਿਤੀ ਸਰਮਾਏਦਾਰੀ ਦੇ ਤਿੱਖੇ ਆਲੋਚਕ ਰਹੇ ਹਨ। ਤੁਹਾਡੀ ਲੇਖਣੀ ਵਾਂਝੇ ਗ਼ਰੀਬ ਹਿੱਸਿਆਂ ਅਤੇ ਵਿਕਾਸਵਾਦ ਦੇ ਪੀੜਤਾਂ ਨਾਲ ਖੜ੍ਹੀ ਹੈ। ਤੁਸੀਂ ਇਸ ਵਿਚਾਰਧਾਰਾ 'ਚ ਕਿਵੇਂ ਸ਼ਾਮਿਲ ਹੋਏ? ਕੀ ਇਸ ਦੀਆਂ ਜੜ੍ਹਾਂ ਮਨੁੱਖੀ ਵਿਚਾਰਾਂ ਨਾਲ ਤੁਹਾਡੇ ਬੌਧਿਕ ਵਾਹ 'ਚ ਪਈਆਂ ਹਨ ਜਾਂ ਇਹ ਤੁਹਾਡੀਆਂ ਪ੍ਰਯੋਗਵਾਦੀ ਨਿਰਖਾਂ ਤੋਂ ਨਿਕਲਦੀਆਂ ਹਨ?***

ਇਹ ਨਿਆਂ ਦੀ ਭਾਵਨਾ ਤੋਂ ਆਉਂਦੀਆਂ ਹਨ। ਨਿਆਂ ਆਪਣੇ ਕੁਲ ਵੇਰਵੇ ਅਤੇ ਜਟਿਲ ਮਹਿਮਾ ਵਿਚ। ਇਹ ਏਨਾ ਕੁ ਸਰਲ ਹੈ। ਅਤੇ ਜਦ ਮੈਂ ਨਿਆਂ ਕਹਿੰਦੀ ਹਾਂ ਤਾਂ ਮੇਰੀ ਮੁਰਾਦ ਸਿਰਫ਼ 'ਮਨੁੱਖੀ ਹੱਕ' ਨਹੀਂ ਹੈ। ਨਵਉਦਾਰਵਾਦੀ ਚਾਹੁੰਦੇ ਹਨ ਕਿ ਅਸੀਂ ਦੋਹਾਂ ਨੂੰ ਮਿਲਾ ਦੇਈਏ। ਪਰ ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਮਨੁੱਖੀ ਹੱਕ ਮਹੱਤਵਪੂਰਨ ਹਨ, ਪਰ ਇਹ ਨਿਆਂ ਦੇ ਵਿਚਾਰ ਨਾਲੋਂ ਕਿਤੇ ਵਧੇਰੇ ਸੰਕੀਰਣ ਧਾਰਨਾ ਹੈ। ਪਰ ਨਿਆਂ ਲਈ ਬੋਲਣ ਨਾਲ ਤੁਹਾਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਤੁਹਾਨੂੰ ਕਿਸੇ ਦੇ 'ਵਲੋਂ' ਬੋਲਣ ਦਾ ਹੱਕ ਹੈ। ਇਕ ਅਜਿਹੀ ਧਾਰਨਾ ਜਿਸ ਨੂੰ ਮੈਂ ਸਭ ਤੋਂ ਵੱਧ ਨਫ਼ਰਤ ਕਰਦੀ ਹਾਂ, ਉਹ ਹੈ 'ਬੇਜ਼ਬਾਨਾਂ ਦੀ ਆਵਾਜ਼'। ਸ਼ਾਇਦ ਮੇਰੀ ਸਭ ਤੋਂ ਵੱਧ ਦੁਹਰਾਈ ਜਾਣ ਵਾਲੀ ਟੂਕ - ਜਿਸ ਉੱਪਰ ਮੈਂ ਗਹਿਰਾਈ 'ਚ ਵਿਸ਼ਵਾਸ ਕਰਦੀ ਹਾਂ, ਇਹ ਹੈ: 'ਬੇਜ਼ਬਾਨ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਜਾਣ-ਬੁੱਝਕੇ ਚੁੱਪ ਕਰਾ ਦਿੱਤਾ ਗਿਆ ਹੈ ਜਾਂ ਉਨ੍ਹਾਂ ਨੂੰ ਅਣਸੁਣਿਆ ਕਰ ਦਿੱਤਾ ਜਾਂਦਾ ਹੈ।'

***14. ਤੁਸੀਂ ਅੰਬੇਡਕਰ ਦੇ ਵਿਚਾਰਾਂ ਦੀ ਜ਼ੋਰਦਾਰ ਹਮਾਇਤ ਕਰਦੇ ਹੋ। ਅਤੇ ਤੁਸੀਂ ਅੰਬੇਡਕਰ ਦੇ ਵਿਚਾਰਾਂ ਅਤੇ ਕੰਮਾਂ ਦਾ ਮੁਲਾਂਕਣ ਗਾਂਧੀ ਦੇ ਵਿਚਾਰਾਂ ਅਤੇ ਕੰਮਾਂ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੀ ਤੁਸੀਂ ਭਾਰਤ ਦੇ ਮੌਜੂਦਾ ਹਾਲਾਤ 'ਚ ਇਸ ਤਰਕ ਉੱਪਰ ਮੁੜ ਵਿਚਾਰ ਕਰਨਾ ਚਾਹੋਗੇ?***

ਹਾਂ, ਮੈਂ ਇਸ ਬਾਰੇ ਇਕ ਕਿਤਾਬ ਲਿਖੀ ਹੈ। ਸਿਰਫ਼ ਅੰਬੇਡਕਰ-ਗਾਂਧੀ ਬਹਿਸ ਹੀ ਨਹੀਂ, ਸਗੋਂ ਇਸ ਬਾਰੇ ਵੀ ਕਿ ਕਿਵੇਂ ਜਾਤੀ ਅਤੇ ਸਰਮਾਏਦਾਰੀ ਨੇ ਮਿਲ ਕੇ ਇਕ ਅਨੋਖਾ ਭਾਰਤੀ ਮਿਸ਼ਰਣ ਤਿਆਰ ਕੀਤਾ ਹੈ। ਉਸ ਕਿਤਾਬ - ਦ ਡਾਕਟਰ ਐਂਡ ਦ ਸੇਂਟ - ਦੇ ਆਖ਼ਰੀ ਪੈਰੇ 'ਚ ਮੈਂ ਕਿਹਾ ਹੈ ਕਿ ਜਦ ਤੱਕ ਖ਼ੁਦ ਨੂੰ ਇਨਕਲਾਬੀ ਕਹਾਉਣ ਵਾਲੇ ਲੋਕ ਬ੍ਰਾਹਮਣਵਾਦ (ਜੋ ਹਿੰਦੂ ਧਰਮ ਦੇ ਜਾਤੀ ਵਿਰੋਧੀ ਅੰਦੋਲਨ ਦਾ ਰਵਾਇਤੀ ਸ਼ਬਦ ਹੈ) ਦੀ ਤਿੱਖੀ ਆਲੋਚਨਾ ਨਹੀਂ ਕਰਦੇ ਅਤੇ ਜਦ ਤੱਕ ਬ੍ਰਾਹਮਣਵਾਦ ਨੂੰ ਸਮਝਣ ਵਾਲੇ ਲੋਕ ਸਰਮਾਏਦਾਰੀ ਦੀ ਆਲੋਚਨਾ ਅਤੇ ਸਮਝ ਨੂੰ ਸਾਣ 'ਤੇ ਨਹੀਂ ਲਾਉਂਦੇ - ਓਦੋਂ ਤੱਕ ਸਾਡੇ ਮੁਲਕ ਦਾ ਕੁਝ ਨਹੀਂ ਬਣ ਸਕਦਾ।

***15. ਇਸੇ ਤਰ੍ਹਾਂ ਆਨੰਦ ਤੇਲਤੁੰਬੜੇ ਵਰਗੇ ਵਿਚਾਰਕ ਅੰਬੇਡਕਰ ਅਤੇ ਮਾਰਕਸ ਦੇ ਵਿਚਾਰਾਂ ਨੂੰ ਸਮਾਂਤਰ ਰੂਪ 'ਚ ਅੱਗੇ ਵਧਾ ਰਹੇ ਹਨ। ਤੁਸੀਂ ਰਾਜਨੀਤੀ 'ਚ ਜਮਾਤੀ ਅਤੇ ਜਾਤੀਗਤ ਰੁਝਾਨਾਂ ਨੂੰ ਕਿਵੇਂ ਦੇਖਦੇ ਹੋ?***

ਇਹ ਇਕ ਅਜਿਹੀ ਚੀਜ਼ ਹੈ ਜਿਸ ਉੱਪਰ ਮੈਂ ਓਦੋਂ ਤੋਂ ਵਿਚਾਰ ਕਰ ਰਹੀ ਹਾਂ ਜਦੋਂ ਤੋਂ ਮੈਂ ਦ ਗੌਡ ਆਫ ਸਮਾਲ ਥਿੰਗਜ਼ ਲਿਖਿਆ ਹੈ। ਭਾਰਤ ਵਿਚ ਖੱਬੀਧਿਰ ਗੰਭੀਰ ਰੂਪ 'ਚ ਬਹੁਤਾ ਪ੍ਰਭਾਵ ਨਹੀਂ ਪਾ ਸਕਿਆ ਕਿਉਂਕਿ ਇਹ ਜਾਤੀ ਨੂੰ ਸੰਬੋਧਤ ਹੋਣ 'ਚ ਨਾਕਾਮ ਰਹੀ ਹੈ ਅਤੇ ਇਸਨੇ ਇਹ ਕਹਿਕੇ ਆਪਣੇ ਆਪ ਨੂੰ ਤਸੱਲੀ ਦੇ ਲਈ ਕਿ 'ਜਾਤੀ ਜਮਾਤ ਹੈ।' ਅੰਬੇਡਕਰ ਨੂੰ ਪੜ੍ਹੋ ਅਤੇ ਫਿਰ ਤੁਸੀਂ ਅਜਿਹਾ ਕਦੇ ਨਹੀਂ ਕਹੋਗੇ। ਆਨੰਦ ਤੇਲਤੁੰਬੜੇ ਨੂੰ ਮੈਂ ਸਦਾ ਹੀ ਸਾਡੇ ਮੁਲਕ ਦੇ ਸਭ ਤੋਂ ਮਹੱਤਵਪੂਰਨ ਬੁੱਧੀਜੀਵੀਆਂ 'ਚੋਂ ਇਕ ਮੰਨਦੀ ਰਹੀ ਹਾਂ। ਉਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ। ਇਸਦੀ ਬਜਾਏ, ਉਨ੍ਹਾਂ ਨੂੰ ਜੇਲ੍ਹ 'ਚ ਡੱਕ ਦਿੱਤਾ ਗਿਆ ਅਤੇ ਜ਼ਲੀਲ ਕੀਤਾ ਗਿਆ।

***16. ਮਲਿਆਲਮ ਵਿਚ ਪਿੱਛੇ ਜਹੇ ਬਣੀਆਂ ਕਈ ਹਰਮਨਪਿਆਰੀਆਂ ਫਿਲਮਾਂ ਅਤੇ ਨਾਵਲ ਨੌਜਵਾਨਾਂ ਦੀ ਭਾਵਨਾਤਮਕ ਅਤੇ ਅੰਦਰੂਨੀ ਦੁਨੀਆ ਉੱਪਰ ਕੇਂਦਰਤ ਹਨ। ਸ਼ਿਲਪ ਦੇ ਲਿਹਾਜ਼ ਨਾਲ ਉਨ੍ਹਾਂ 'ਚੋਂ ਜ਼ਿਆਦਾਤਰ ਫਿਲਮਾਂ ਔਸਤ ਨਾਲੋਂ ਹੇਠਲੇ ਪੱਧਰ ਦੀਆਂ ਹਨ। ਪਰ ਉਹ ਨੌਜਵਾਨਾਂ ਨਾਲ ਕਾਫ਼ੀ ਕਾਮਯਾਬੀ ਨਾਲ ਸੰਵਾਦ ਰਚਾ ਰਹੀਆਂ ਹਨ। ਇਸ ਨੂੰ ਤੁਸੀਂ ਕਿਵੇਂ ਦੇਖਦੇ ਹੋ?***

ਈਮਾਨਦਾਰੀ ਨਾਲ ਕਹਾਂ, ਜੋ ਅੰਦਰੂਨੀ ਦੁਨੀਆ ਖ਼ੁਦ ਨੂੰ ਬਾਹਰੀ ਦੁਨੀਆ ਦੇ ਪ੍ਰਸੰਗ 'ਚ ਨਹੀਂ ਰੱਖਦੀ, ਉਹ ਮੇਰੇ ਲਈ ਬਹੁਤ ਘੱਟ ਜਾਂ ਬਿਲਕੁਲ ਵੀ ਦਿਲਚਸਪੀ ਵਾਲੀ ਨਹੀਂ ਹੈ। ਇਹ ਮੈਨੂੰ ਜ਼ਿਆਦਾਤਰ ਬੋਰ ਹੀ ਕਰਦੀ ਹੈ। ਮੈਂ ਇਹ ਨਹੀਂ ਕਹਿਣਾ ਚਾਹੁੰਦੀ ਕਿ ਹਰ ਚੀਜ਼ ਐਲਾਨਨਾਮਾ ਹੋਣਾ ਚਾਹੀਦੀ ਹੈ। ਮੈਂ ਸਿਰਫ਼ ਕੁਝ ਬੁਨਿਆਦੀ ਬੁੱਧੀਮਾਨੀ ਦੀ ਵਕਾਲਤ ਕਰ ਰਹੀ ਹਾਂ। ਅਤੇ ਸਾਡੀ ਬਾਹਰਲੀ ਦੁਨੀਆ ਦੀ ਹਾਲਤ ਨੂੰ ਦੇਖਦਿਆਂ ਥੋੜ੍ਹੀ ਸੁਸ਼ੀਲਤਾ ਵੀ ਹੋਣੀ ਚਾਹੀਦੀ ਹੈ। ਇਸ ਨੂੰ ਪੂਰੀ ਤਰ੍ਹਾਂ ਛੱਡ ਦੇਣਾ ਵੀ ਇਕ ਤਰ੍ਹਾਂ ਦੀ ਰਾਜਨੀਤੀ ਹੈ। ਇਸੇ ਤਰ੍ਹਾਂ, ਜੋ ਸਾਹਿਤ ਅਤੇ ਸਿਨੇਮਾ ਮਹਿਜ਼ ਇਕ ਲੁਕਵਾਂ ਐਲਾਨਨਾਮਾ ਹੈ, ਉਸ ਵਿਚ ਵੀ ਮੇਰੀ ਕੋਈ ਰੁਚੀ ਨਹੀਂ ਹੈ।

***17. ਹੁਣ ਅਸੀਂ ਨਵਉਦਾਰਵਾਦੀ ਨਿਜ਼ਾਮ 'ਚ ਰਹਿ ਰਹੇ ਹਾਂ। ਇਸ ਦੇ ਵਿਚਾਰਾਂ ਦੇ ਜਾਲ 'ਚੋਂ ਬਾਹਰ ਨਿੱਕਲਣਾ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਹ ਸਥਿਤੀ ਪਲੇਟੋ ਦੇ ਗੁਫ਼ਾ 'ਚ ਫਸੇ ਬੰਦੇ ਵਰਗੀ ਹੈ। ਅਸੀਂ ਇਸ ਭਾਰੂ ਬਿਰਤਾਂਤ ਉੱਪਰ ਕਾਬੂ ਕਿਵੇਂ ਪਾ ਸਕਦੇ ਹਾਂ।***

ਸਾਨੂੰ ਜੇਲ੍ਹ ਤੋੜਨੀ ਪਵੇਗੀ! ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖਧਾਰਾ ਦਾ ਟੀਵੀ ਦੇਖਣਾ ਬੰਦ ਕਰਨਾ ਹੋਵੇਗਾ। ਇਸ ਵਿਚ ਮਨੋਰੰਜਨ ਚੈਨਲ ਵੀ ਸ਼ਾਮਲ ਹਨ। ਉਸ ਖ਼ੂਬਸੂਰਤ ਸ਼ਾਂਤੀ 'ਚ ਸਾਡਾ ਦਿਮਾਗ ਸਾਡੇ ਕੋਲ ਮੁੜ ਪਰਤ ਆਵੇਗਾ। ਸਾਡਾ ਆਈਕਿਊ ਪੱਧਰ ਵਧ ਜਾਵੇਗਾ।

***18. ਆਧੁਨਿਕ ਮਨੁੱਖੀ ਇਤਿਹਾਸ ਵਿਚ ਰਾਸ਼ਟਰਵਾਦ ਹਮੇਸ਼ਾ ਹੀ ਇਕ ਬਹੁਤ ਹੀ ਗੰਭੀਰ ਰਾਜਨੀਤਕ ਪ੍ਰੋਜੈਕਟ ਰਿਹਾ ਹੈ। ਬਸਤੀਵਾਦ ਵਿਰੋਧੀ ਅੰਦੋਲਨਾਂ ਦੇ ਦੌਰ ਵਿਚ ਰਾਸ਼ਟਰਵਾਦ ਇਨਕਲਾਬੀ ਅਤੇ ਅਗਾਂਹਵਧੂ ਵਿਚਾਰ ਸੀ। ਪਰ ਉਸੇ ਦੌਰ 'ਚ ਇਸ ਦੀ ਵਰਤੋਂ ਫਾਸ਼ੀਵਾਦੀ ਅਤੇ ਸੱਤਾਵਾਦੀ ਨਿਜ਼ਾਮ ਨੂੰ ਕਾਨੂੰਨੀ ਬਣਾਉਣ ਤੇ ਲਾਗੂ ਕਰਨ ਅਤੇ ਲੋਕਾਂ ਨੂੰ ਨਸਲੀ ਰੂਪ 'ਚ ਕੁਚਲਣ ਲਈ ਕੀਤੀ ਗਈ। ਅਸੀਂ ਖ਼ੁਦ ਵੀ ਹੁਣ ਫਿਰਕੂ ਰਾਸ਼ਟਰਵਾਦ ਦੇ ਅਜਿਹੇ ਹੀ ਯਤਨ ਦੇਖ ਰਹੇ ਹਾਂ। ਇਹ ਦੋਧਾਰੀ ਤਲਵਾਰ ਹੈ। ਤੁਸੀਂ ਇਸ ਵਰਤਾਰੇ ਨੂੰ ਕਿਵੇਂ ਦੇਖਦੇ ਹੋ?***

ਰਾਸ਼ਟਰਵਾਦ ਮੂਰਖ਼ਾਂ ਲਈ ਹੈ। ਜਾਂ, ਵੱਧ ਤੋਂ ਵੱਧ ਖੇਡਾਂ ਦੇ ਮਾਮਲੇ 'ਚ ਚੰਗਾ ਹੈ। ਕੁਝ ਚੰਗਾ ਦਿਲਪ੍ਰਚਾਵਾ। ਬਾਕੀ ਦੇ ਬਾਰੇ 'ਚ - ਅਸੀਂ ਇਕ ਅਜਿਹੇ ਸਮਾਜ ਵਿਚ ਰਹਿਣ ਦੀ ਕੋਸ਼ਿਸ਼ ਕਰਦੇ ਅਤੇ ਰਹਿੰਦੇ ਹਾਂ ਜਿਸ ਵਿਚ ਇਸ ਨੂੰ ਲੈ ਕੇ ਸਲਾਹੁਣਯੋਗ ਅਤੇ ਭਿਆਨਕ ਚੀਜ਼ਾਂ ਹਨ। ਅਸੀਂ ਸਲਾਹੁਣਯੋਗ ਚੀਜ਼ਾਂ ਦਾ ਜਸ਼ਨ ਮਨਾਉਂਦੇ ਹਾਂ, ਭਿਆਨਕ ਚੀਜ਼ਾਂ ਨਾਲ ਲੜਦੇ ਹਾਂ। ਅਸੀਂ ਗੱਲਬਾਤ ਜਾਰੀ ਰੱਖਦੇ ਹਾਂ। ਮੇਰੇ ਲਈ, ਸਾਰੀ ਲੜਾਈ ਮਹਾਨ ਪ੍ਰੇਮ ਤੋਂ ਪੈਦਾ ਹੁੰਦੀ ਹੈ। ਜਦ ਦਿੱਲੀ ਏਅਰਪੋਰਟ ਉੱਪਰ ਇਕ ਮਲਿਆਲੀ ਸੁਰੱਖਿਆ ਗਾਰਡ ਨੇ ਮੇਰੀ ਆਈਡੀ ਚੈੱਕ ਕਰਦੇ ਹੋਏ ਕਿਹਾ, "ਸਾਡੇ ਕੇਰਲ 'ਚ ਵੀ ਇਕ ਅਰੁੰਧਤੀ ਰਾਏ ਹੈ। ਹਮੇਸ਼ਾ ਪ੍ਰੇਸ਼ਾਨੀ 'ਚ ਰਹਿੰਦੀ ਹੈ" ਤਾਂ ਮੈਨੂੰ ਬਹੁਤ ਹਾਸਾ ਆਇਆ। ਉਸ ਨੂੰ ਪਤਾ ਨਹੀਂ ਲੱਗਿਆ ਕਿ ਉਹ ਮੈਂ ਹੀ ਹਾਂ। ਇਕ ਲੇਖਕ ਦੇ ਰੂਪ 'ਚ, ਮਨੁੱਖ ਹੀ ਇੱਕੋਇਕ ਅਜਿਹੀ ਚੀਜ਼ ਨਹੀਂ ਹੈ ਜਿਸਦੀ ਮੈਨੂੰ ਪ੍ਰਵਾਹ ਹੈ। ਮੇਰੀਆਂ ਕਿਤਾਬਾਂ ਜਾਨਵਰਾਂ, ਕੀੜਿਆਂ, ਨਦੀਆਂ, ਆਕਾਸ਼ ਅਤੇ ਪਹਾੜਾਂ ਨਾਲ ਭਰੀਆਂ ਪਈਆਂ ਹਨ। ਇਕ ਰਾਸ਼ਟਰਵਾਦੀ ਕੀੜੇ-ਮਕੌੜੇ ਜਾਂ ਝੰਡਾ ਲਹਿਰਾਉਂਦੇ ਬਘਿਆੜ ਦੀ ਕਲਪਨਾ ਕਰੋ। ਸਾਨੂੰ ਆਪਣੀ ਜ਼ਮੀਨ, ਆਪਣੀਆਂ ਨਦੀਆਂ ਅਤੇ ਪਹਾੜਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ...ਪਰ ਅਸੀਂ ਉਨ੍ਹਾਂ ਨੂੰ ਰਾਸ਼ਟਰਵਾਦ ਦੇ ਨਾਂ 'ਤੇ ਨਸ਼ਟ ਕਰ ਰਹੇ ਹਾਂ। ਝੰਡੇ ਕੱਪੜੇ ਦੇ ਟੋਟੇ ਹਨ ਜਿਨ੍ਹਾਂ ਦੀ ਵਰਤੋਂ ਉਹ ਸਾਡੇ ਦਿਮਾਗ ਨੂੰ ਸੁੰਗੇੜਨ ਲਈ ਕਰਦੇ ਹਨ ਅਤੇ ਜਦ ਅਸੀਂ ਮਰ ਜਾਂਦੇ ਹਾਂ ਤਾਂ ਸਾਨੂੰ ਦਫ਼ਨਾਉਣ ਲਈ ਕਫ਼ਨ ਦੇ ਰੂਪ 'ਚ ਵਰਤਦੇ ਹਨ।

***19. ਮੁੱਖਧਾਰਾ ਦਾ ਮੀਡੀਆ ਪੂਰੀ ਤਰ੍ਹਾਂ ਸਮਾਜ ਦੇ ਉੱਚ ਤਬਕੇ ਦੀ ਜ਼ਿੰਦਗੀ ਉੱਪਰ ਧਿਆਨ ਕੇਂਦਰਤ ਕਰ ਰਿਹਾ ਹੈ। ਬਹੁਗਿਣਤੀ ਲੋਕਾਂ ਦੀਆਂ ਜ਼ਿੰਦਗੀਆਂ, ਪੇਂਡੂ ਭਾਰਤ ਦੀਆਂ ਕਹਾਣੀਆਂ ਮੁੱਖਧਾਰਾ ਦੇ ਮੀਡੀਆ ਵਿਚ ਕਦੇ ਵੀ ਨਜ਼ਰ ਨਹੀਂ ਆਉਂਦੀਆਂ। ਇਹ ਅਜਿਹੀ ਦੁਨੀਆ ਹੈ ਜਿੱਥੇ ਕਾਰਪੋਰੇਟ ਮੀਡੀਆ ਘਰਾਣਿਆਂ ਦੇ ਬਣਾਏ ਬਿਰਤਾਂਤ ਦਾ ਬੋਲਬਾਲਾ ਹੈ। ਇਸ ਉੱਪਰ ਕਾਬੂ ਪਾਉਣ ਲਈ ਤੁਹਾਡਾ ਕੋਈ ਵਿਹਾਰਕ ਸੁਝਾਅ?***

ਮੁੱਖਧਾਰਾ ਮੀਡੀਆ ਦੀ ਏਨੀ ਆਲੋਚਨਾ ਹੋ ਚੁੱਕੀ ਹੈ ਕਿ ਉਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ। ਭਾਰਤ ਵਿਚ ਸਾਡੇ ਬਹੁਤ ਸਾਰੇ ਮੁੱਖਧਾਰਾ ਚੈਨਲ - ਜਿਨ੍ਹਾਂ ਦੀ ਭੂਮਿਕਾ ਉਸ ਮੁਲਕ (ਰਵਾਂਡਾ) 'ਚ ਹੋਏ ਕਤਲੇਆਮ ਤੋਂ ਪਹਿਲਾਂ ਰਵਾਂਡਾ ਰੇਡੀਓ ਵੱਲੋਂ ਨਿਭਾਈ ਭੂਮਿਕਾ ਦੇ ਤੁਲ ਹੈ - ਨੇ ਸਿਰਫ਼ ਭਾਰਤ ਵਿਚ ਫਾਸ਼ੀਵਾਦ ਦੀ ਆਮਦ 'ਚ ਹੀ ਮੱਦਦ ਨਹੀਂ ਕੀਤੀ ਸਗੋਂ ਉਹ ਫਾਸ਼ੀਵਾਦੀ ਪ੍ਰੋਜੈਕਟ ਦਾ ਬੁਨਿਆਦੀ ਹਿੱਸਾ ਹਨ। ਕਿਸੇ ਨੂੰ ਉਨ੍ਹਾਂ ਨੂੰ ਸੈਂਸਰ ਕਰਨ ਦੀ ਲੋੜ ਨਹੀਂ ਸੀ, ਉਹ ਸਾਰੇ ਗੁੱਝੇ ਸੰਦੇਸ਼ਾਂ 'ਚ ਭਾਈਵਾਲ ਸਨ। ਕੁਝ ਐਂਕਰ ਕਪਤਾਨਾਂ ਵਾਂਗ ਹਨ ਜੋ ਮੁਸਲਮਾਨਾਂ ਦੇ ਕਤਲ ਕਰਨ ਵਾਲੇ ਹਜੂਮ ਦਾ ਸੱਚਮੁੱਚ ਨਿਰਦੇਸ਼ਨ ਕਰ ਰਹੇ ਹਨ। ਇਹ ਮੁੱਖ ਤੌਰ 'ਤੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਝੂਠ ਦੀ ਵਜ੍ਹਾ ਕਰਕੇ ਹੈ ਕਿ ਉਮਰ ਖ਼ਾਲਿਦ, ਖ਼ਾਲਿਦ ਸੈਫ਼ੀ, ਗੁਲਫ਼ਿਸ਼ਾਂ ਵਰਗੇ ਲੋਕ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ। ਇਹ ਸਭ ਅਸੀਂ ਜਾਣਦੇ ਹਾਂ। ਪਰ ਇਸ ਬਾਰੇ ਕੀ ਕੀਤਾ ਜਾਵੇ? ਜਿਵੇਂ ਮੈਂ ਕਿਹਾ ਹੈ ਕਿ ਇੱਥੇ ਢਾਂਚਾਗਤ ਸਮੱਸਿਆ ਹੈ, ਉਹ ਹੈ ਇਨ੍ਹਾਂ ਚੈਨਲਾਂ ਅਤੇ ਅਖ਼ਬਾਰਾਂ ਦੇ ਆਰਥਕ ਮਾਡਲ ਵਿਚ ਹਿਤਾਂ ਦਾ ਟਕਰਾਅ। ਉਨ੍ਹਾਂ 'ਚੋਂ ਕੁਝ ਦੀ ਮਾਲਕੀ ਸਿੱਧੇ ਰੂਪ 'ਚ ਅਡਾਨੀ ਅਤੇ ਰਿਲਾਇੰਸ ਵਰਗੀਆਂ ਕੰਪਨੀਆਂ ਕੋਲ ਹੈ, ਜਦਕਿ ਬਾਕੀਆਂ ਨੂੰ ਸਾਰਾ ਧਨ ਸਰਕਾਰੀ ਅਤੇ ਕਾਰਪੋਰੇਟ ਇਸ਼ਤਿਹਾਰਾਂ ਤੋਂ ਮਿਲਦਾ ਹੈ। ਇਹ ਸੈਂਕੜੇ ਹਜ਼ਾਰਾਂ ਕਰੋੜ ਰੁਪਏ ਨੂੰ ਪਹੁੰਚ ਜਾਂਦਾ ਹੈ। ਤਾਂ ਫਿਰ ਇਨ੍ਹਾਂ ਤੋਂ ਕੋਈ ਵੀ ਆਸ ਕਿਉਂ ਕੀਤੀ ਜਾਵੇ? ਸਮੱਸਿਆ ਇਹ ਹੈ ਕਿ ਇਨ੍ਹਾਂ ਦਾ ਢਾਂਚਾ ਕਿਵੇਂ ਬਣਾਇਆ ਗਿਆ ਹੈ ਅਤੇ ਇਨ੍ਹਾਂ 'ਚ ਸਰਮਾਇਆ ਕਿਵੇਂ ਲਾਇਆ ਜਾਂਦਾ ਹੈ। ਸਾਨੂੰ ਕੁਝ ਟੀਵੀ ਚੈਨਲਾਂ ਅਤੇ ਅਖ਼ਬਾਰਾਂ ਲਈ ਅਜਿਹਾ ਮਾਡਲ ਬਣਾਉਣ ਦੀ ਜ਼ਰੂਰਤ ਹੈ, ਜਿੱਥੇ ਉਨ੍ਹਾਂ 'ਚ ਧਨ ਜਨਤਕ ਟਰੱਸਟ ਲਗਾਏ ਅਤੇ ਉਹ ਸੰਪਾਦਕੀ ਤੌਰ 'ਤੇ ਪੂਰੀ ਤਰ੍ਹਾਂ ਆਜ਼ਾਦ ਹੋਣ। ਉਹ ਰਾਜਨੀਤਕ ਪਾਰਟੀਆਂ ਅਤੇ ਕਾਰਪੋਰੇਸ਼ਨਾਂ ਦੇ ਪ੍ਰਭਾਵ ਹੇਠ ਆਉਣ ਵਾਲੇ ਨਾ ਹੋਣ।

***21. ਅੰਤ 'ਚ, ਜਨਤਕ ਤੌਰ 'ਤੇ ਇਹ ਕਹਿਣ ਲਈ ਧਰੁਵ ਰਾਠੀ ਦੀ ਜ਼ਰੂਰਤ ਹੈ ਕਿ ਰਾਜਾ ਨੰਗਾ ਹੈ ਅਤੇ ਉਸਨੇ ਜੋ ਪ੍ਰਭਾਵ ਪੈਦਾ ਕੀਤਾ ਹੈ ਉਹ ਬਹੁਤ ਵੱਡਾ ਹੈ। ਕੀ ਇਹ ਨਵੇਂ ਮੀਡੀਆ ਦੀ ਸੰਭਾਵਨਾ ਦਾ ਸੰਕੇਤ ਹੈ? ਕੀ ਤੁਹਾਨੂੰ ਨਵੀਂ ਪੀੜ੍ਹੀ ਦੇ ਸੋਸ਼ਲ ਮੀਡੀਆ ਕਾਰਕੁਨਾਂ 'ਚ ਆਸ ਦੀ ਨਵੀਂ ਕਿਰਨ ਨਜ਼ਰ ਆਉਂਦੀ ਹੈ?***

ਧਰੁਵ ਰਾਠੀ ਬਹੁਤ ਹੀ ਸ਼ਾਨਦਾਰ ਹੈ। ਹਿੰਦੀ ਭਾਸ਼ਾ ਦੇ ਹੋਰ ਯੂਟਿਊਬਰ ਵੀ ਹਨ ਜੋ ਬਹੁਤ ਪ੍ਰੇਰਣਾਦਾਇਕ ਹਨ। ਉਹ ਸਪਸ਼ਟਵਾਦੀ, ਪੇਸ਼ੇਵਰ ਅਤੇ ਬਿਲਕੁਲ ਨਿਧੜਕ ਹਨ - ਬੇਸ਼ੱਕ ਰਵੀਸ਼ ਕੁਮਾਰ ਵੀ ਇਨ੍ਹਾਂ ਵਿਚ ਵੱਡਾ ਨਾਂ ਹੈ। ਪਰ ਨਾਲ ਹੀ, ਪੁੰਨ ਪ੍ਰਸੁਨ ਬਾਜਪਾਈ, ਦੀਪਕ ਸ਼ਰਮਾ, ਨਵੀਨ ਕੁਮਾਰ, ਸੰਜੇ ਸ਼ਰਮਾ, 4ਪੀਐੱਮ ਨਿਊਜ਼, ਸੱਤਿਆ ਹਿੰਦੀ ਨਿਊਜ਼ ਅਤੇ ਇਸਦੇ ਬਹੁਤ ਸਾਰੇ ਐਂਕਰ, ਅਜਿਹੇ ਬਹੁਤ ਸਾਰੇ ਲੋਕ ਹਨ। ਇਨ੍ਹਾਂ ਵੱਲੋਂ ਆਪਣੇ ਸ਼ੋਅ ਅੱਪਲੋਡ ਕਰਨ 'ਤੇ ਉਨ੍ਹਾਂ ਦੇ ਦਰਸ਼ਕਾਂ ਦੀ ਗਿਣਤੀ ਕੁਝ ਮਿੰਟਾਂ 'ਚ ਹੀ ਸੈਂਕੜੇ ਹਜ਼ਾਰ ਅਤੇ ਕੁਝ ਘੰਟਿਆਂ 'ਚ ਹੀ ਲੱਖਾਂ ਨੂੰ ਪਹੁੰਚ ਜਾਂਦੀ ਹੈ। ਉਨ੍ਹਾਂ 'ਚੋਂ ਹਰੇਕ ਦਾ ਚੀਜ਼ਾਂ ਬਾਰੇ ਵੱਖਰਾ ਨਜ਼ਰੀਆ ਹੈ। ਉਹ ਦਰਅਸਲ ਇਕ ਵਰਤਾਰਾ ਹਨ। ਦੁਨੀਆ 'ਚ ਨਵਾਂ। ਮੈਂ ਉਨ੍ਹਾਂ ਨੂੰ ਨੇੜਿਓਂ ਫਾਲੋ ਕਰਦੀ ਹਾਂ। ਅਸੀਂ ਉਨ੍ਹਾਂ ਦੇ ਬਹੁਤ ਰਿਣੀ ਹਾਂ। ਮੈਨੂੰ ਉਨ੍ਹਾਂ 'ਤੇ ਵਾਕਈ ਮਾਣ ਹੈ।

**(ਇਹ ਇੰਟਰਵਿਊ ਪਹਿਲੀ ਵਾਰ ਮਲਿਆਲੀ ਭਾਸ਼ਾ 'ਚ ਹਫ਼ਤਾਵਾਰ ਦੇਸ਼ਅਭਿਮਾਨੀ 'ਚ ਪ੍ਰਕਾਸ਼ਿਤ ਹੋਈ ਸੀ।)**



ਡਾ. ਬਲਜਿੰਦਰ ਸਿੰਘ ਸੇਖੋਂ
001 905 781 1197

# ਜੀਵਨ ਅਤੇ ਮੌਤ



ਜੀਵਨ ਅਤੇ ਮੌਤ ਬਾਰੇ ਮਨੁੱਖ ਮੁੱਢ ਕਦੀਮ ਤੋਂ ਹੀ ਸੋਚਦਾ ਆਇਆ ਹੈ। ਧਰਮਾਂ ਦੇ ਪ੍ਰਚਲਤ ਹੋਣ ਨਾਲ ਆਖਿਰ ਮਨੁੱਖ ਧਰਤੀ ਤੇ ਕੀ ਕਰਨ ਆਇਆ ਹੈ ਦਾ ਸੁਆਲ ਵੀ ਪੈਦਾ ਹੋਣ ਲੱਗਿਆ। ਸਾਇੰਸ ਵਿੱਚ ਇਹ ਤੱਥ ਪੱਕਾ ਸਿੱਧ ਕੀਤਾ ਜਾ ਚੁੱਕਾ ਹੈ ਕਿ ਮਨੁੱਖ ਦੂਸਰੇ ਜਾਨਵਰਾਂ ਨਾਲੋਂ ਕੋਈ ਜਿਆਦਾ ਵੱਖਰਾ ਨਹੀਂ, ਇਹ ਵੀ ਦੂਸਰੇ ਜੀਵਾਂ ਵਾਂਗ ਇੱਕ ਜੀਵ ਹੈ ਅਤੇ ਉਨ੍ਹਾਂ ਦੀ ਤਰ੍ਹਾਂ ਹੀ ਜੀਵਾਂ ਦੇ ਵਿਕਾਸ ਵਿੱਚੋਂ ਅਜੋਕੇ ਰੂਪ ਵਿੱਚ ਆਇਆ ਹੈ। ਜਿਸ ਤਰ੍ਹਾਂ ਦੂਸਰੇ ਜਾਨਵਰਾਂ ਦਾ ਧਰਤੀ ਤੇ ਆਉਣਾ ਤੇ ਜਾਣਾ ਕਿਸੇ ਖਾਸ ਮਕਸਦ ਨਾਲ ਨਹੀਂ ਜੁੜਿਆ, ਮਨੁੱਖ ਵੀ ਇਸੇ ਤਰ੍ਹਾਂ ਜਨਮ ਲੈਂਦੇ ਤੇ ਮਰਦੇ ਰਹਿੰਦੇ ਹਨ।

**ਜੀਵਨ ਹੈ ਕੀ ?**

ਸਧਾਰਨ ਵਿਅਕਤੀ ਜਦ ਇਸ ਸਵਾਲ ਦਾ ਜਵਾਬ ਸੋਚਦਾ ਹੈ, ਤਾਂ ਇਹ ਬਿਲਕੁਲ ਅਸਾਨ ਲਗਦਾ ਹੈ। ਪਰ ਜਦ ਅਸੀਂ ਇਸ ਨੂੰ ਸਾਇੰਸ ਦੀ ਨਜ਼ਰ ਤੋਂ ਵੇਖਦੇ ਹਾਂ ਤਾਂ ਇਹ ਐਨਾ ਅਸਾਨ ਨਹੀਂ। ਅਸੀਂ ਜੀਵਾਂ ਵਿੱਚ ਕੱਝ ਗੁਣ ਵੇਖਦੇ ਹਾਂ, ਜਿਸ ਦੇ ਅਧਾਰ ਉੱਤੇ ਉਨ੍ਹਾਂ ਨੂੰ ਜਿਉਂਦੀਆਂ ਕਹਿ ਸਕਦੇ ਹਾਂ। ਉਹ ਵੱਧਦੀਆਂ ਹਨ, ਕਿਸੇ ਅਵਾਜ਼, ਚਾਨਣ, ਸੇਕ ਆਦਿ ਲੱਗਣ ਉੱਤੇ ਪ੍ਰਤਿਕਿਰਿਆ ਕਰਦੀਆਂ ਹਨ। ਪਰ ਕਈ ਬੇਜਾਨ ਚੀਜ਼ਾਂ ਵੀ ਕੱਝ ਕੁ ਇਸ ਤਰ੍ਹਾਂ ਦਾ ਕਰ ਸਕਦੀਆਂ ਹਨ। ਕਿਸੇ ਲੂਣ ਦੇ ਰਵੇ ਆਪਣੇ ਨਾਲ ਹੋਰ ਲੂਣ ਜੋੜ ਕੇ ਵੱਡੇ ਹੋ ਸਕਦੇ ਹਨ। ਖੰਡ ਤੋਂ ਮਿਸਰੀ ਬਣਾਉਣ ਲਈ ਜਦ ਉਸ ਵਿੱਚ ਧਾਗਾ ਪਾ ਦਿੱਤਾ ਜਾਂਦਾ ਹੈ, ਤਾਂ ਖਾਸ ਤਰਤੀਬ ਵਿੱਚ ਉਸ ਦੁਆਲੇ ਰਵੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਲੋਹੇ ਦੀ ਪੱਤੀ ਗਰਮ ਹੋਣ ਉੱਤੇ ਲੰਬੀ ਹੋ ਸਕਦੀ ਹੈ। ਪਰ ਜੀਵਾਂ ਵਿੱਚ ਇੱਕ ਹੋਰ ਗੁਣ ਹੈ, ਜੋ ਬੇਜਾਨ ਵਸਤਾਂ ਵਿੱਚ ਨਹੀਂ, ਸਰੀਰਕ ਕਿਰਿਆਵਾਂ ਜਾਂ ਮੈਟਾਬੋਲਿਜ਼ਮ। ਜੀਵਾਂ ਦੇ ਸਰੀਰ ਵਿਚਲੇ ਤੱਤ ਸਥਿਰ ਨਹੀਂ ਰਹਿੰਦੇ, ਉਹ ਆਪਣੀ ਖ਼ੁਰਾਕ ਲਈ ਵਾਤਾਵਰਨ ਵਿੱਚੋਂ ਵਸਤਾਂ ਲੈ ਕੇ ਉਨ੍ਹਾਂ ਵਿਚਲੇ ਤੱਤਾਂ ਨੂੰ ਸਰੀਰ ਦੀਆਂ ਕਿਰਿਆਵਾਂ ਲਈ ਲੋੜੀਂਦੇ ਯੋਗਿਕ ਬਣਾਉਣ ਲਈ ਵਰਤ ਲੈਂਦੇ ਹਨ ਅਤੇ ਆਖਿਰ ਬੇਲੋੜੇ ਤੱਤਾਂ ਨੂੰ ਆਪਣੇ ਮਲ ਮੂਤਰ ਰਾਹੀਂ ਵਾਪਸ ਵਾਤਾਵਰਨ ਵਿੱਚ ਸੁੱਟ ਦਿੰਦੇ ਹਨ। ਪੌਦਿਆਂ ਵਿੱਚ ਵੀ ਇਹੋ ਗੁਣ ਹੈ। ਉਦਾਹਰਣ ਲਈ ਉਹ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਗੈਸ ਲੈ ਕੇ ਸੂਰਜ ਦੀ ਰੋਸ਼ਨੀ ਵਿੱਚ ਪਾਣੀ ਨਾਲ ਮੇਲ ਕੇ ਗੁਲੂਕੋਜ਼ (ਖੰਡ) ਬਣਾ ਲੈਂਦੇ ਹਨ ਅਤੇ ਇਸੇ ਕਿਰਿਆ ਵਿੱਚ ਆਕਸੀਜਨ ਹਵਾ ਵਿੱਚ ਛੱਡ ਦਿੰਦੇ ਹਨ। ਇਹ ਗੁਣ ਬੇਜ਼ਾਨ ਵਸਤਾਂ ਵਿੱਚ ਨਹੀਂ ਹੈ, ਕਿ ਉਹ ਆਪਣੇ ਆਪ ਤੱਤ ਲੈ ਕੇ ਵਰਤ ਸਕਣ। ਪਰ ਬੇਜਾਨ ਚੀਜਾਂ ਵਿੱਚ ਕੱਝ ਕੁ ਵਰਤਾਰੇ ਅਜਿਹੇ ਹਨ, ਜੋ ਇਸ ਕਿਰਿਆ ਨਾਲ ਮੇਲ ਖਾਂਦੇ ਹਨ। ਅੱਗ ਨੂੰ ਹੀ ਲੈ ਲਵੋ, ਇਹ ਬਾਲਣ ਲੈਂਦੀ ਹੈ ਅਤੇ ਉਸ ਨੂੰ ਸਾੜ ਕੇ ਕਾਰਬਨ ਡਾਇਆਕਸਾਈਡ ਅਤੇ ਹੋਰ ਰਸਾਇਣਾ ਵਿੱਚ ਬਦਲ ਦਿੰਦੀ ਹੈ। ਇਹ ਵੱਧਦੀ ਵੀ ਹੈ, ਇੱਕ ਚੰਗਿਆੜੀ ਤੋਂ ਸਾਰਾ ਜੰਗਲ ਸੜ ਸਕਦਾ ਹੈ। ਪਰ ਇਸ ਅੱਗ ਨੂੰ ਜੇਕਰ ਬਾਲਣ ਨਾ ਮਿਲੇ ਤਾਂ ਆਪਣੇ ਆਪ ਬੁਝ ਜਾਵੇਗੀ। ਪਰ ਜੇਕਰ ਕਿਸੇ ਜੀਵ ਨੂੰ ਖ਼ੁਰਾਕ ਨਾ ਮਿਲੇ, ਉਹ ਵੀ ਤਾਂ ਮਰ ਜਾਵੇਗਾ। ਪਰ ਸਾਨੂੰ ਪਤਾ ਹੈ ਕਿ ਅੱਗ ਜੀਵ ਨਹੀਂ। ਸੋ ਕਿਸੇ ਇੱਕ ਗੁਣ ਦੇ ਅਧਾਰ ਉੱਤੇ ਅਸੀਂ ਜੀਵਾਂ ਅਤੇ ਨਿਰਜੀਵਾਂ ਨੂੰ ਵੱਖਰਾ ਨਹੀਂ ਕਰ ਸਕਦੇ। ਪਰ ਹੇਠ ਲਿਖੇ ਚਾਰ ਗੁਣ ਇਕੱਠੇ ਕਿਸੇ ਬੇਜਾਨ ਵਸਤੂ ਵਿੱਚ ਨਹੀਂ ਹੁੰਦੇ।

ੳ) ਜੀਵ ਆਪਣਾ ਵਾਧਾ ਕਰ ਸਕਦੇ ਹਨ, ਆਪਣੇ ਵਰਗੇ ਹੋਰ ਜੀਵ ਪੈਦਾ ਕਰ ਸਕਦੇ ਹਨ।

ਅ) ਇੱਕੋ ਜਾਤੀ ਦੇ ਵੱਖ-ਵੱਖ ਜੀਵਾਂ ਵਿੱਚ ਵੱਖਰੇਵਾਂ ਹੁੰਦਾ ਹੈ, ਜਿਸ ਦੇ ਅਧਾਰ ਉੱਤੇ ਉਹ ਬਦਲਦੀਆਂ ਹਾਲਾਤਾਂ ਮੁਤਾਬਿਕ ਅੱਗੇ ਹੋਰ ਚੰਗੇਰੇ ਜੀਵਾਂ ਵਿੱਚ ਵਿਕਸਤ ਹੋ ਸਕਦੇ ਹਨ।

ੲ) ਉਨ੍ਹਾਂ ਦੇ ਆਪਣੇ ਖਾਸ ਗੁਣ ਔਲਾਦ ਵਿੱਚ ਜਾ ਸਕਦੇ ਹਨ।

ਸ) ਜੀਵ ਵਿੱਚ ਵੱਖ-ਵੱਖ ਕੰਮਾਂ ਲਈ ਵੱਖ-ਵੱਖ ਅੰਗ ਹੁੰਦੇ ਹਨ।

ਇਹ ਗੁਣ ਜੀਵਾਂ ਦੀ ਅਬਾਦੀ ਦੇ ਕੁਦਰਤੀ ਚੋਣ ਦੁਆਰਾ ਵਿਕਾਸ ਲਈ ਜ਼ਰੂਰੀ ਹਨ।

**ਕੀ ਵਾਇਰਸ ਜੀਵ ਹਨ ਜਾਂ ਨਿਰਜੀਵ ?**

ਜੀਵ ਅਤੇ ਨਿਰਜੀਵ ਦਾ ਫ਼ਰਕ ਕਰਨਾ, ਵਾਇਰਸ, ਜੋ ਜ਼ੁਕਾਮ, ਮਾਤਾ, ਹਲਕਾਅ ਵਰਗੀਆਂ ਭਿਆਨਕ ਬਿਮਾਰੀਆਂ ਕਰ ਸਕਦੇ ਹਨ, ਵਿੱਚ ਹੋਰ ਵੀ ਔਖਾ ਹੋ ਜਾਂਦਾ ਹੈ। ਇਹ ਬਹੁਤ ਮਹੀਨ ਜੀਵ ਹਨ, ਜਿਨ੍ਹਾਂ ਨੂੰ ਸਿਰਫ ਅਲੈਕਟਰਾਨ ਖ਼ੁਰਦਬੀਨ ਨਾਲ ਹੀ ਵੇਖਿਆ ਜਾ ਸਕਦਾ ਹੈ। ਇਹ ਆਪਣੇ ਆਪ ਆਪਣੇ ਵਰਗੇ ਹੋਰ ਵਾਇਰਸ ਪੈਦਾ ਨਹੀਂ ਕਰ ਸਕਦੇ, ਆਪਣੇ ਵਾਧੇ ਲਈ ਇਨ੍ਹਾਂ ਨੂੰ ਕਿਸੇ ਦੂਸਰੇ ਜੀਵ ਦੇ ਸੈਲਾਂ ਵਿੱਚਲੇ ਹਿੱਸਿਆਂ ਦਾ ਸਹਾਰਾ ਲੈਣਾ ਪੈਂਦਾ ਹੈ, ਉਹਨਾਂ ਨੂੰ ਵਰਤ ਕੇ ਵਾਇਰਸ ਆਪਣੇ ਵਰਗੇ ਹੋਰ ਵਾਇਰਸ ਪੈਦਾ ਕਰਦੇ ਹਨ। ਇਹ ਜੀਵ ਹਨ ਜਾਂ ਰਸਾਇਣ ਦੀ ਬਹਿਸ ਨੇ ਨਵਾਂ ਮੋੜ ਲੈ ਲਿਆ ਜਦ ਵੈਂਡਲ ਸਟੈਨਲੇ ਅਤੇ ਉਸ ਦੇ ਸਾਥੀਆਂ ਨੇ 1935 ਵਿੱਚ ਤੰਬਾਕੂ ਦੇ ਪੱਤਿਆਂ ਨੂੰ ਚਿਤਕਬਰਾ ਕਰਨ ਵਾਲੇ ਮੋਜ਼ੇਕ ਵਇਰਸ ਦੇ ਪ੍ਰਯੋਗਸ਼ਾਲਾ ਵਿੱਚ ਕਿਸੇ ਹੋਰ ਲੂਣ ਦੇ ਰਵਿਆਂ ਵਾਂਗ ਰਵੇ ਬਣਾ ਲਏ। ਇਸ ਨਾਲ ਵਾਇਰਸ ਨੂੰ ਨਿਰਜੀਵ ਕਿਹਾ ਜਾਣ ਲੱਗਾ। ਪਰ ਵਕਤ ਪੈਣ ਉੱਤੇ ਸਾਇੰਸਦਾਨਾਂ ਨੇ ਸੈੱਲ ਵਿਚਲੇ ਹੋਰ ਨਿੱਕੇ ਹਿੱਸਿਆਂ, ਡੀ ਐਨ ਏ, ਮਾਈਟੋਕੌਂਡਰੀਆ, ਰਾਇਬੋਸੋਮ, ਪ੍ਰੋਟੀਨ ਆਦਿ ਦੇ ਵੀ ਰਵੇ ਬਣਾ ਲਏ। ਇਹ ਜੀਵਤ ਸੈਲ ਦੇ ਅਹਿਮ ਅੰਗ ਹਨ ਜੋ ਜੀਵ ਦੇ ਅਹਿਮ ਕੰਮਾਂ ਨੂੰ ਨੇਪਰੇ ਚਾੜ੍ਹਦੇ ਹਨ।

ਇਸ ਸਭ ਤੋਂ ਅਸੀਂ ਇਹੋ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਇੱਕ ਇੰਜਣ ਦੇ ਪੁਰਜੇ ਆਪਣੇ ਆਪ ਵਿੱਚ ਕੱਝ ਨਹੀਂ ਕਰ ਸਕਦੇ ਪਰ ਕਿਸੇ ਖਾਸ ਤਰੀਕੇ ਨਾਲ ਜਦ ਜੋੜ ਦਿੱਤੇ ਜਾਂਦੇ ਹਨ ਤਾਂ ਇਹ ਇਸ ਨੂੰ ਚਲਦਾ ਰੱਖ ਸਕਦੇ ਹਨ। ਇਸੇ ਤਰ੍ਹਾਂ ਇਹ ਸੈਲ ਵਿਚਲੇ ਛੋਟੇ ਅੰਗ ਵੱਖਰੇ ਵੱਖਰੇ ਨਿਰਜੀਵ ਹਨ, ਪਰ ਜਦ ਇਹ ਕਿਸੇ ਖਾਸ ਤਰਤੀਬ ਵਿੱਚ ਜੁੜ ਬੈਠਦੇ ਹਨ, ਤਾਂ ਇਹ ਇੱਕ ਜਿਉਂਦੇ ਸੈੱਲ ਦਾ ਰੂਪ ਧਾਰਨ ਕਰ ਲੈਂਦੇ ਹਨ। ਹਰ ਜਾਨਵਰ ਜਾਂ ਪੇੜ ਪੌਦੇ ਸੈੱਲਾਂ ਦੇ ਹੀ ਬਣੇ ਹੋਏ ਹਨ। ਸੈੱਲਾਂ ਦੇ ਜਿਉਣ ਨਾਲ ਹੀ ਜੀਵ ਜਿਉਂਦਾ ਰਹਿੰਦਾ ਹੈ।

**ਮੌਤ ਕੀ ਹੈ ?**

ਕਿਸੇ ਵੱਡੇ ਜੀਵ ਦੇ ਮਰਨ ਸਮੇਂ ਕੀ ਹੁੰਦਾ ਹੈ ? ਉਸ ਦੀ ਮੌਤ ਅਸਲ ਵਿੱਚ ਕੀ ਹੈ ? ਸਾਡੇ ਸਰੀਰ ਵਿੱਚ ਕਿਸ ਅੰਗ ਜਾਂ ਅੰਗਾਂ ਦੇ ਮਰਨ ਨਾਲ ਮੌਤ ਹੋ ਜਾਂਦੀ ਹੈ ? ਇਹ ਸਮੇਂ ਸਮੇਂ ਨਾਲ ਬਦਲਦਾ ਰਿਹਾ ਹੈ। ਪੁਰਾਣੇ ਸਮੇਂ ਵਿੱਚ ਲੋਕ, ਸਾਹ ਲੈਣਾ ਬੰਦ ਹੋਣ ਉੱਤੇ ਕਹਿ ਦਿੰਦੇ ਸਨ ਕਿ ਇਸ ਦੀ ਤਾਂ ਮੌਤ ਹੋ ਗਈ। ਅੱਜ ਵੀ ਲੋਕ ਕਹਿੰਦੇ ਹਨ, ਕੀ ਪਤਾ ਅਗਲਾ ਸਾਹ ਆਵੇ ਜਾਂ ਨਾ ਆਵੇ, ਮਤਲਬ ਕਿ ਕੀ ਪਤਾ ਕਦੋਂ ਮੌਤ ਹੋ ਜਾਵੇ। ਪਰ ਅੱਜ ਜੇਕਰ ਸਾਹ ਬੰਦ ਵੀ ਹੋ ਜਾਵੇ, ਕੱਝ ਅਰਸੇ ਲਈ ਮਸ਼ੀਨਾਂ ਦੀ ਸਹਾਇਤਾ ਨਾਲ ਸਰੀਰ ਵਿੱਚ ਲੋੜੀਂਦੀ ਆਕਸੀਜਨ, ਖ਼ੂਨ ਵਿੱਚ ਰਲਾਈ ਜਾ ਸਕਦੀ ਹੈ, ਜਿਸ ਨਾਲ ਸਰੀਰ ਦੇ ਤਕਰੀਬਨ ਸਾਰੇ ਅੰਗ ਕੱਝ ਸਮੇਂ ਲਈ ਚਲਦੇ ਰੱਖੇ ਜਾ ਸਕਦੇ ਹਨ। ਦੂਸਰੀ ਨਿਸ਼ਾਨੀ ਕਿ ਇਸ ਦੀ ਤਾਂ ਨਬਜ਼ ਬੰਦ ਹੋ ਗਈ, ਸੰਕੇਤ ਕਰਦੀ ਹੈ ਕਿ ਇਸ ਦੇ ਦਿਲ ਨੇ ਧੜਕਣਾ ਬੰਦ ਕਰ ਦਿੱਤਾ। ਇਹ ਵੀ ਪਹਿਲਾਂ ਮੌਤ ਦੀ ਪੱਕੀ ਨਿਸ਼ਾਨੀ ਕਹੀ ਜਾਂਦੀ ਸੀ, ਪਰ ਅੱਜ ਦਿਲ ਦੇ ਰੁਕਣ ਉੱਤੇ ਵੀ ਸਰੀਰ ਵਿੱਚ ਖ਼ੂਨ ਦਾ ਵਹਾਉ ਮਸ਼ੀਨਾਂ ਨਾਲ ਚਲਦਾ ਰੱਖਿਆ ਜਾ ਸਕਦਾ ਹੈ। ਫਿਰ ਕਿਹੜਾ ਅੰਗ ਹੈ, ਜਿਸ ਵਿੱਚਲੀਆਂ ਕਿਰਿਆਵਾਂ ਬੰਦ ਹੋਣ ਉੱਤੇ ਪੱਕਾ ਕਿਹਾ ਜਾਂਦਾ ਹੈ ਕਿ ਮੌਤ ਹੋ ਗਈ। ਇਹ ਹੈ, ਮਨੁੱਖ ਦਾ ਦਿਮਾਗ। ਜੇਕਰ ਦਿਮਾਗ ਕੰਮ ਕਰਨਾ ਬੰਦ ਕਰ ਦੇਵੇ ਤਾਂ ਉਸ ਵਿਅਕਤੀ ਨੂੰ ਮਰਿਆ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਬੇਸ਼ੱਕ ਮਸ਼ੀਨਾਂ ਦੀ ਮਦਦ ਨਾਲ ਇਸ ਤਰ੍ਹਾਂ ਦੇ ਵਿਅਕਤੀ ਦੇ ਸਰੀਰ ਦੇ ਬਾਕੀ ਅੰਗ ਜੀਵਤ ਰੱਖੇ ਜਾ ਸਕਦੇ ਹਨ। ਉਸ ਦਾ ਦਿਲ ਚਲਦਾ ਰੱਖਿਆ ਜਾ ਸਕਦਾ ਹੈ, ਫੇਫੜੇ, ਗੁਰਦੇ ਆਦਿ ਕੰਮ ਕਰਦੇ ਰਹਿੰਦੇ ਹਨ ਅਤੇ ਮਸ਼ੀਨਾਂ ਦੁਆਰਾ ਚਾਲੂ ਰੱਖੇ ਜਾ ਰਹੇ, ਦਿਲ, ਫੇਫੜੇ ਆਦਿ ਉਸ ਵਿਅਕਤੀ ਨੂੰ ਮਸ਼ੀਨਾਂ ਨਾਲੋਂ ਵੱਖ ਕਰਨ ਉਪਰੰਤ ਲੋੜਵੰਦਾਂ ਨੂੰ ਦਿੱਤੇ ਵੀ ਜਾ ਸਕਦੇ ਹਨ, ਜਿਸ ਨਾਲ ਇੱਕ ਦੀ ਮੌਤ ਕਈ ਹੋਰ ਵਿਅਕਤੀਆਂ ਲਈ ਜ਼ਿੰਦਗੀ ਦਾ ਵਰਦਾਨ ਦੇ ਸਕਦੀ ਹੈ। ਸੋ ਦਿਮਾਗ ਦੇ ਮਰਨ ਉੱਤੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ।

ਪਰ ਦਿਮਾਗ ਜਾਂ ਹੋਰ ਦੂਸਰੇ ਅੰਗ ਮਰ ਕਦੋਂ ਜਾਂ ਕਿਵੇਂ ਜਾਂਦੇ ਹਨ ? ਇਨ੍ਹਾਂ ਦੀ ਮੌਤ ਇਨ੍ਹਾਂ ਵਿਚਲੇ ਸੈੱਲਾਂ ਦੇ ਵੱਡੀ ਗਿਣਤੀ ਵਿੱਚ ਮਰਨ ਦਾ ਨਤੀਜਾ ਹੁੰਦੀ ਹੈ। ਇਹ ਸੈੱਲ ਕਦੋਂ ਮਰਦੇ ਹਨ ? ਜਦ ਇਨ੍ਹਾਂ ਵਿਚਲੀਆਂ ਜਰੂਰੀ ਕਿਰਿਆਵਾਂ ਵਿੱਚੋਂ ਕੋਈ ਇੱਕ ਰੁਕ ਜਾਵੇ। ਅਸੀਂ ਇਸ ਨੂੰ ਇੱਕ ਪਹੀਏ ਦੇ ਘੁੰਮਣ ਦੀ ਉਦਾਹਰਣ ਲੈ ਕੇ ਸਮਝ ਸਕਦੇ ਹਾਂ। ਪਹੀਏ ਦੇ ਚਲਣ ਨੂੰ ਜੇਕਰ ਜੀਵਨ ਮੰਨ ਲਿਆ ਜਾਵੇ ਅਤੇ ਉਸ ਵਿਚਲੀਆਂ ਤਾਰਾਂ ਨੂੰ ਵੱਖ-ਵੱਖ ਕਿਰਿਆਵਾਂ, ਤਾਂ ਜਿਵੇਂ, ਜੇਕਰ ਅਸੀਂ ਚਲਦੇ ਪਹੀਏ ਵਿੱਚ ਕੋਈ ਡੰਡਾ ਫਸਾ ਦੇਈਏ ਤਾਂ ਸਾਰਾ ਪਹੀਆ ਰੁਕ ਜਾਵੇਗਾ, ਬੇਸ਼ੱਕ ਡੰਡੇ ਨੇ ਤਾਂ ਇੱਕ ਤਾਰ ਨੂੰ ਹੀ ਰੋਕਿਆ ਹੈ, ਇਸੇ ਤਰ੍ਹਾਂ ਸੈੱਲ ਵਿੱਚ ਇੱਕ ਵੀ ਜ਼ਰੂਰੀ ਕਿਰਿਆ ਜੇਕਰ ਰੁਕ ਜਾਂਦੀ ਹੈ ਤਾਂ ਸੈੱਲ ਪਹੀਏ ਵਾਂਗ ਖੜ੍ਹ ਜਾਂਦਾ ਹੈ, ਜਾਂ ਕਹਿ ਲਓ ਕਿ ਮਰ ਜਾਂਦਾ ਹੈ। ਪੰਜਾਬ ਵਿਚਲੀਆਂ ਖਾੜਕੂ ਲਹਿਰਾਂ ਦੌਰਾਨ, ਖਾੜਕੂ, ਆਪਣੀਆਂ ਜੇਬਾਂ ਵਿੱਚ ਪੋਟਾਸ਼ੀਅਮ ਸਾਇਆਨਾਈਡ ਦੇ ਕੈਪਸੂਲ ਰੱਖਦੇ ਸਨ। ਇਸ ਰਸਾਇਣ ਦੇ ਇੱਕ ਵਾਰ ਕੱਝ ਮਾਤਰਾ ਵਿੱਚ ਹੀ ਸਰੀਰ ਵਿੱਚ ਜਾਣ ਨਾਲ ਮੌਤ, ਨਿਸ਼ਚਿਤ ਹੈ। ਇਹ ਜ਼ਹਿਰ ਸੈੱਲਾਂ ਵਿੱਚ ਚਲਦੀਆਂ ਹਜਾਰਾਂ ਕਿਰਿਆਵਾਂ ਵਿੱਚੋਂ ਸਿਰਫ ਇੱਕ ਕਿਰਿਆ, ਜਿਸ ਨੂੰ ਅਲੈਕਟਰਾਨ ਟਰਾਂਸਪੋਰਟ ਸਿਸਟਮ ਕਹਿੰਦੇ ਹਨ, ਜਿਸ ਨਾਲ ਸਰੀਰ ਵਿੱਚ ਆਕਸੀਜਨ ਵਰਤਕੇ ਸੈੱਲ ਤਾਕਤ ਬਣਾਉਂਦੇ ਹਨ, ਨੂੰ ਸਾਇਆਨਾਈਡ ਬੰਦ ਕਰ ਦਿੰਦੀ ਹੈ ਅਤੇ ਸੈੱਲਾਂ ਦੀ ਇਸ ਕਾਰਨ ਮੌਤ ਹੋ ਜਾਂਦੀ ਹੈ। ਜਦ ਜਰੂਰੀ ਅੰਗਾਂ ਦੇ ਸੈੱਲ ਮਰ ਜਾਣ ਤਾਂ ਜੀਵ ਮਰ ਜਾਂਦਾ ਹੈ। ਇਸੇ ਤਰਾਂ ਸੈਲਫਾਸ ਦੀਆਂ ਗੋਲੀਆਂ ਵਿੱਚੋਂ ਨਿਕਲੀ ਫੋਸਫੀਨ ਗੈਸ, ਸੈੱਲਾਂ ਨੂੰ ਅਤੇ ਇਸ ਤਰ੍ਹਾਂ ਜੀਵ ਨੂੰ ਮਾਰ ਦਿੰਦੀ ਹੈ। ਸੋ ਮਰਨਾ ਸਰੀਰ ਦੇ ਸੈੱਲਾਂ ਵਿਚਲੀਆਂ ਜ਼ਰੂਰੀ ਕਿਰਿਆਵਾਂ ਦਾ ਰੁਕਣਾ ਹੈ।

ਬਹੁਤੇ ਧਰਮਾਂ ਵਿੱਚ ਮੌਤ ਨੂੰ ਸਰੀਰ ਵਿੱਚੋਂ ਰੂਹ ਦੇ ਉੱਡਣ ਨਾਲ ਜੋੜਿਆ ਜਾਂਦਾ ਹੈ। ਸਾਇੰਸ ਵਿੱਚ ਇਸ ਨੂੰ ਨਹੀਂ ਮੰਨਿਆ ਜਾਂਦਾ। ਬਹੁਤ ਸਾਰੀਆਂ ਗੱਲਾਂ, ਜੋ ਬੱਸ ਲੋਕ ਕਥਾਵਾਂ ਹੀ ਕਹੀਆਂ ਜਾ ਸਕਦੀਆਂ ਹਨ, ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਰੂਸ ਵਿੱਚ ਮੌਤ ਹੋਣ ਉੱਤੇ ਰੂਹ ਦੇ ਨਿਕਲਣ ਨੂੰ ਵੇਖਣ ਲਈ ਤਜ਼ਰਬਾ ਕੀਤਾ ਗਿਆ। ਜਿਸ ਵਿੱਚ ਮਰ ਰਹੇ ਵਿਅਕਤੀ ਨੂੰ ਸ਼ੀਸ਼ੇ ਦੇ ਬੰਦ ਖੋਲ ਵਿੱਚ ਰੱਖ ਦਿੱਤਾ ਗਿਆ ਅਤੇ ਜਦ ਉਸ ਦੀ ਮੌਤ ਹੋਈ ਤਾਂ ਸ਼ੀਸ਼ੇ ਵਿੱਚ ਤਰੇੜ ਆ ਗਈ। ਇਸ ਤਰ੍ਹਾਂ ਦਾ ਕੋਈ ਤਜ਼ਰਬਾ ਕਿਤੇ ਨਹੀਂ ਹੋਇਆ। ਹਾਂ ਅਧਾਰ ਰਹਿਤ ਲਿਖਤਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿੱਚ ਰੂਹ ਦੇ ਸਰੀਰ ਵਿੱਚੋਂ ਨਿਕਲਣ ਦੀਆਂ ਫੋਟੋਆਂ ਤੱਕ ਛਾਪੀਆਂ ਹੋਈਆਂ ਹਨ, ਜੋ ਉਨ੍ਹਾਂ ਦੇ ਕਹਿਣ ਮੁਤਾਬਿਕ ਖਾਸ ਤਰ੍ਹਾਂ ਦੀ ਫੋਟੋਗਰਾਫ਼ੀ ਦੀ ਤਕਨੀਕ ਨਾਲ ਖਿੱਚੀਆਂ ਹੋਈਆਂ ਹਨ। ਅਸਲ ਵਿੱਚ ਰੂਹ ਦਾ ਸੰਕਲਪ ਮਨੁੱਖ ਦੇ ਮੌਤ ਦੇ ਡਰ ਵਿੱਚੋਂ ਹੀ ਉਤਪੰਨ ਹੋਇਆ ਹੈ, ਜਿਸ ਡਰ ਤੋਂ ਮੁਕਤ ਕਰਨ ਲਈ ਕਈ ਧਰਮਾਂ ਨੇ ਮਨੁੱਖ ਨੂੰ ਇਹ ਕਹਿ ਕੇ ਧਰਵਾਸ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿ ਮੌਤ ਤਾਂ ਬੱਸ ਇੱਕ ਸਰੀਰ ਨੂੰ ਛੱਡ ਕਿਸੇ ਹੋਰ ਥਾਂ, ਸਵਰਗ ਜਾਂ ਨਰਕ ਜਾਂ ਫਿਰ ਕਿਸੇ ਹੋਰ ਸਰੀਰ ਵਿੱਚ ਜਾਣ ਦਾ ਇੱਕ ਪੜਾ ਹੀ ਹੈ। ਸਾਇੰਸ ਮੁਤਾਬਿਕ ਮੌਤ ਹੋਣ ਉੱਤੇ ਸਰੀਰ ਨਿਰਜੀਵ ਹੋ ਵਿਖੰਡਤ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਇਸ ਦੇ ਤੱਤ ਆਸੇ ਪਾਸੇ ਸਮਾ ਜਾਂਦੇ ਹਨ। ਸਸਕਾਰ ਕਰਨ ਉੱਤੇ ਇਹ ਕਿਰਿਆ ਜਲਦੀ ਹੋ ਜਾਂਦੀ ਹੈ ਅਤੇ ਜੇਕਰ ਕਿਸੇ ਨੂੰ ਦਫ਼ਨਾਇਆ ਜਾਂਦਾ ਹੈ ਤਾਂ ਸਮਾਂ ਕੱਝ ਜਿਆਦਾ ਲਗਦਾ ਹੈ। ਰੂਹ ਨਾਂ ਹੀ ਜਿਉਂਦੇ ਸਰੀਰ ਵਿੱਚ ਹੁੰਦੀ ਹੈ ਅਤੇ ਨਾ ਹੀ ਮਰਨ 'ਤੇ ਉਹ ਸਰੀਰ ਛਡਦੀ ਹੈ।


# ਕੈਂਸਰ ਗੈਸ ਫੈਕਟਰੀਆਂ ਵਿਰੋਧ ਸੰਘਰਸ਼ : ਲੋਕ ਤਾਕਤ ਨੇ ਪੁਲਸੀਆ ਦਹਿਸ਼ਤ ਦਾ ਮੂੰਹ ਮੋੜਿਆ

**ਬਲਜਿੰਦਰ ਸਿੰਘ ਪਟਿਆਲਾ**

ਅਖਾੜਾ ਪਿੰਡ ਦੇ ਜੁਝਾਰੂ ਲੋਕਾਂ ਨੇ ਪੁਲਸ ਜਬਰ ਦੀ ਕਨਸੋਅ ਮਿਲਣ 'ਤੇ ਰਾਤੋ ਰਾਤ ਬਾਇਓ ਗੈਸ ਫੈਕਟਰੀ ਵਿਰੋਧੀ ਸੰਘਰਸ਼ ਮੋਰਚੇ ਨੂੰ ਕਿਲੇ ਦਾ ਰੂਪ ਦੇ ਦਿੱਤਾ। ਸਾਰੀ ਰਾਤ ਤੇ ਫਿਰ ਸਵੇਰ ਤੋਂ ਹੀ ਗੈਸ ਫੈਕਟਰੀ ਵਿਰੋਧੀ ਸੰਘਰਸ਼ ਕਮੇਟੀ ਦੀ ਅਗਵਾਈ 'ਚ ਜਗਰਾਂਓ ਹਠੂਰ ਸੜਕ 'ਤੇ ਦੋਹੇਂ ਰਾਹ ਸੰਘਰਸ਼ਸ਼ੀਲ ਲੋਕਾਂ ਨੇ ਟਰਾਲੀਆਂ, ਖੇਤੀ ਦਾ ਸੰਦ ਸੰਦੇੜਾ ਲੈ ਕੇ ਕਿਲੇ ਦੀ ਨਿਆਂਈ ਬੰਦ ਕਰ ਦਿੱਤੇ। ਦੋਹੇ ਨਾਕਿਆਂ 'ਤੇ ਟੈਂਟ ਲਗਾਕੇ ਰੋਹ ਭਰਪੂਰ ਧਰਨਾ ਸ਼ੁਰੂ ਕਰ ਦਿੱਤਾ ਗਿਆ। ਪਿੰਡ ਦੇ ਸਾਰੇ ਘਰਾਂ ਨੂੰ ਤਾਲੇ ਲਾ ਕੇ ਸਮੁੱਚੇ ਪਰਿਵਾਰ ਧਰਨੇ ਚ ਸ਼ਾਮਲ ਹੋਏ। ਪਿੰਡ ਦੇ ਗੁਰਦੁਆਰਾ ਸਾਹਿਬ ਚ ਬਣਿਆ ਲੰਗਰ ਤੇ ਚਾਹ ਹਰ ਮੁਖ 'ਚ ਗਿਆ। ਲੋਕ ਜਦੋ ਮਿੱਥ ਲੈਂਦੇ ਹਨ ਫਿਰ ਉਹ ਸੀਸ ਤਲੀ 'ਤੇ ਧਰ ਲੈਂਦੇ ਹਨ ਅੱਜ ਦਾ ਲੋਕ ਰੋਹ ਇਸ ਦੀ ਜਿਓਂਦੀ ਮਿਸਾਲ ਹੈ। ਸੱਚਮੁੱਚ ਲੋਕਾਂ ਨੂੰ ਜਦੋਂ ਇਹ ਪਤਾ ਲੱਗਾ ਕਿ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਚ ਕੀਤੇ ਕੋਰਟ ਕੇਸ 'ਚ ਸੱਚਾ ਬਨਣ ਲਈ ਧੱਕੇ ਨਾਲ, ਪੁਲਿਸ ਬਲ ਦੇ ਜ਼ੋਰ ਨਾਲ ਧਰਨਾਕਾਰੀਆਂ ਨੂੰ ਉਠਾਉਣ ਦੀ ਵਿਓਂਤਬੰਦੀ ਕਰ ਲਈ ਗਈ ਹੈ ਤਾਂ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੋਂਦਾ ਦੀ ਅਗਵਾਈ 'ਚ ਪਿੰਡ ਵਾਸੀਆਂ ਨੇ ਜਬਰ ਦਾ ਸਬਰ ਤੇ ਏਕੇ ਨਾਲ ਮੁਕਾਬਲਾਂ ਕਰਨ ਦਾ ਮਨ ਬਣਾ ਲਿਆ ਤੇ ਸਮੁੱਚਾ ਇਲਾਕਾ ਸੰਘਰਸ਼ ਮੋਰਚੇ 'ਚ ਫ਼ੌਜੀਆਂ ਵਾਂਗ ਡੱਟ ਗਿਆ।

ਇਸ ਸਮੇਂ ਹੋਈ ਵਿਸ਼ਾਲ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਭੁਲੇਖਾ ਦਿਮਾਗ਼ 'ਚੋਂ ਕੱਢ ਦੇਵੇ ਕਿ ਉਹ ਜਬਰ ਨਾਲ ਇਹ ਸੰਘਰਸ਼ ਮੋਰਚਾ ਉਜਾੜ ਦੇਣਗੇ। ਪੰਜਾਬ ਦੇ ਲੋਕ ਧੱਕਾ ਬਿਲਕੁਲ ਬਰਦਾਸ਼ਤ ਨਹੀ ਕਰਨਗੇ ਤੇ ਹਰ ਧੱਕੇ ਦਾ ਮੂੰਹ ਤੋੜ ਜਵਾਬ ਦੇਣਗੇ। ਲੋਕ ਵਿਕਾਸ ਦੇ ਨਾਂ 'ਤੇ ਮੌਤ ਨਹੀਂ ਚਾਹੁੰਦੇ।

ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਲਗਾਤਾਰ ਮੀਟਿੰਗਾਂ ਚ ਸਾਬਤ ਕਰਨ ਦੇ ਬਾਵਜੂਦ ਕਿ ਇਹ ਬਾਇਓ ਗੈਸ ਫ਼ੈਕਟਰੀਆਂ ਅਸਲ 'ਚ ਕੈਂਸਰ ਫ਼ੈਕਟਰੀਆਂ ਹਨ ਫਿਰ ਵੀ ਸਰਕਾਰ ਇਨ੍ਹਾਂ ਦੇ ਲਾਇਸੰਸ ਰੱਦ ਨਹੀਂ ਕਰ ਰਹੀ। ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਜਗਤਾਰ ਸਿੰਘ ਦੇਹੜਕਾ ਨੇ ਕਿਹਾ ਕਿ ਪੰਜਾਬ ਸਰਕਾਰ ਜੋ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀ ਹੈ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਨੇ ਸਿਹਤ ਤੇ ਸਿੱਖਿਆ ਨੂੰ ਮੁੱਖ ਏਜੰਡਾ ਬਣਾਇਆ ਸੀ ਤੇ ਹੁਣ ਵੀ ਉਹ ਇਸ ਦਾ ਢਿੰਡੋਰਾ ਪਿੱਟ ਰਹੀ ਹੈ ਪਰ ਵਿਕਾਸ ਦੀ ਆੜ 'ਚ ਵਿਨਾਸ਼ ਲਿਆ ਰਹੀ ਹੈ ਜਿਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਸਮੇਂ ਬੋਲਦਿਆਂ ਬਲਾਕ ਪ੍ਰਧਾਨ ਤਰਸੇਮ ਬੱਸੂਵਾਲ ਨੇ ਲੋਕਾਂ ਨੂੰ ਦੱਸਿਆ ਕਿ ਲੋਕ ਏਕਤਾ ਮੂਹਰੇ ਕੋਰਟ ਕਨੂੰਨ ਤੇ ਫੈਸਲੇ ਨਹੀ ਖੜਦੇ ਹੁੰਦੇ। ਉਨ੍ਹਾਂ ਕਿਹਾ ਕਿ ਤਾਲਮੇਲ ਕਮੇਟੀ ਦੀ ਅਗਵਾਈ 'ਚ ਬਾਇਓ ਗੈਸ ਫ਼ੈਕਟਰੀਆਂ ਖ਼ਿਲਾਫ਼ ਸੰਘਰਸ਼ ਤੇਜ ਹੋਵੇਗਾ। ਇਸ ਮਕਸਦ ਲਈ ਨਵੀ



ਵਿਓਂਤ ਲਈ 26 ਸਤੰਬਰ ਨੂੰ ਤਾਲਮੇਲ ਕਮੇਟੀ ਦੀ ਮੀਟਿੰਗ ਸੱਦ ਲਈ ਗਈ ਹੈ। ਇਸ ਦੌਰਾਨ ਦੇਰ ਰਾਤ ਤੱਕ ਇਹ ਮੋਰਚਾ ਜਾਰੀ ਰਹੇਗਾ। ਇਸ ਸਮੇਂ ਇਕਾਈ ਪ੍ਰਧਾਨ ਗੁਰਤੇਜ ਸਿੰਘ ਅਖਾੜਾ ਨੇ ਕਿਹਾ ਕਿ ਲੋਕ ਏਕੇ ਨਾਲ ਹਰ ਜਬਰ ਦਾ ਡਟਵਾਂ ਤੇ ਫੈਸਲਾਕੁੰਨ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਬੁਲਾਰਿਆਂ 'ਚ ਭਾਈ ਜਸਬੀਰ ਸਿੰਘ, ਪਾਲ ਸਿੰਘ ਨਵਾਂ ਡੱਲਾ, ਅਮਨਦੀਪ ਲਲਤੋਂ, ਜਗਰੂਪ ਸਿੰਘ ਹਸਨਪੁਰ, ਜਗਦੇਵ ਸਿੰਘ ਅਖਾੜਾ, ਸੁਖਜੀਤ ਸਿੰਘ ਅਖਾੜਾ, ਕੁਲਵਿੰਦਰ ਸਿੰਘ ਡੱਲਾ, ਦਰਸ਼ਨ ਸਿੰਘ ਅਖਾੜਾ, ਸਵਰਨ ਸਿੰਘ ਅਖਾੜਾ, ਚਮਕੌਰ ਸਿੰਘ ਚਚਰਾੜੀ, ਗੁਰਵਿੰਦਰ ਸਿੰਘ ਗੋਗੀ ਸੀਲੋਆਣੀ, ਹਰਜੀਤ ਸਿੰਘ ਕਲਸੀਆਂ, ਬਲਜੀਤ ਕੌਰ, ਨਸੀਬ ਕੌਰ, ਜਸਪਾਲ ਕੌਰ, ਬਲਜੀਤ ਕੌਰ, ਛਿੰਦਰ ਪਾਲ ਕੌਰ ਕਮੇਟੀ ਮੈਂਬਰਾਂ ਆਦਿ ਸਮੇਤ ਔਰਤਾਂ ਵੱਡੀ ਗਿਣਤੀ ਚ ਹਾਜ਼ਰ ਸਨ।

# ਪਾਵਰਕੌਮ ਕਾਮਿਆਂ ਦਾ ਹੱਕੀ ਸੰਘਰਸ਼ ਅਤੇ 'ਐਸਮਾ'



ਨਰਾਇਣ ਦੱਤ
84275-11770



ਪਾਵਰਕੌਮ ਦੀਆਂ ਸੰਘਰਸ਼ਸੀਲ ਮੁਲਾਜਮ ਜਥੇਬੰਦੀਆਂ ਆਪਣੀਆਂ ਹੱਕੀ ਅਤੇ ਜ਼ਾਇਜ ਮੰਗਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। ਧਰਨੇ, ਮੁਜ਼ਾਹਰੇ ਕਰਨ ਤੋਂ ਅੱਗੇ ਅਗਸਤ ਮਹੀਨੇ ਤੋਂ ਸ਼ੁਰੂ ਕੀਤਾ ਵਰਕ ਟੂ ਰੂਲ ਪੂਰੇ ਪੰਜਾਬ ਵਿੱਚ ਸਫਲਤਾਪੂਰਵਕ ਚੱਲ ਰਿਹਾ ਹੈ। 1 ਸਤੰਬਰ ਨੂੰ ਹਜ਼ਾਰਾਂ ਬਿਜਲੀ ਕਾਮਿਆਂ ਨੇ ਬਿਜਲੀ ਮੰਤਰੀ ਦੀ ਅੰਮ੍ਰਿਤਸਰ ਰਿਹਾਇਸ਼ ਵੱਲ ਮਾਰਚ ਕਰਕੇ ਤਿੱਖੇ ਰੋਹ ਦਾ ਪ੍ਰਗਟਾਵਾ ਕੀਤਾ ਹੈ। ਯਾਦ ਰਹੇ ਕਿ ਬਿਜਲੀ ਕਾਮਿਆਂ ਦੀ ਮੰਗਾਂ ਪ੍ਰਤੀ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਲੰਬੇ ਸਮੇਂ ਤੋਂ ਘੇਸਲ ਮਾਰੀ ਹੋਈ ਹੈ। ਬਿਜਲੀ ਮੰਤਰੀ ਅਤੇ ਪਾਵਰਕੌਮ ਦੀ ਮਨੇਜਮੈਂਟ ਨੇ ਅਨੇਕਾਂ ਵਾਰ ਮੀਟਿੰਗਾਂ ਕਰਕੇ ਇਨ੍ਹਾਂ ਬੁਨਿਆਦੀ ਮੰਗਾਂ ਉੱਪਰ ਸਹਿਮਤੀ ਜਤਾਈ ਹੈ। ਹੁਣ ਇਨ੍ਹਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੋਰ ਵਧੇਰੇ ਦਬਾਅ ਲਾਮਬੰਦ ਕਰਨ ਲਈ ਪੂਰੇ ਪੰਜਾਬ ਦੇ ਬਿਜਲੀ ਮੁਲਾਜ਼ਮਾਂ ਦੁਆਰਾ ਤਿੰਨ ਦਿਨ (10-11 ਅਤੇ 12 ਸਤੰਬਰ) ਸਮੂਹਿਕ ਛੁੱਟੀ ਉੱਤੇ ਜਾਣ ਦਾ ਐਲਾਨ ਕਰਕੇ ਇਸ ਨੂੰ ਲਾਗੂ ਕਰ ਦਿੱਤਾ ਹੈ। ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਰੈਗੂਲਰ ਬਿਜਲੀ ਕਾਮਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਸ਼ਮੂਲੀਅਤ ਕਰ ਰਹੀਆਂ ਹਨ। ਇਹ ਕਾਫ਼ਲਾ ਆਏ ਦਿਨ ਵਿਸ਼ਾਲ ਹੁੰਦਾ ਹੁੰਦਾ ਜਾ ਰਿਹਾ ਹੈ। ਸਾਂਝੀਆਂ ਬੁਨਿਆਦੀ ਮੰਗਾਂ ਦੇ ਨਾਲ-ਨਾਲ, ਇਸ ਸੰਘਰਸ਼ ਦੀ ਸਭ ਤੋਂ ਪੀੜਤ ਕੜੀ ਪਾਵਰਕੌਮ ਅੰਦਰ 15-15 ਸਾਲ ਤੋਂ ਨਿਗੂਣੀਆਂ ਉਜ਼ਰਤਾਂ ਅਤੇ ਠੇਕੇਦਾਰੀ ਪ੍ਰਬੰਧ ਅਧੀਨ ਕੰਮ ਕਰਦੇ ਹਾਜਰਾਂ ਸੀਐਚਬੀ ਕਾਮੇ ਇਸ ਸੰਘਰਸ਼ ਦੀ ਹਮਾਇਤ ਕਰ ਰਹੇ ਹਨ। ਇਸ ਤੋਂ ਇਲਾਵਾ ਪੈਸਕੋ ਰਾਹੀਂ ਵੀ ਅਨੇਕਾਂ ਕਾਮੇ ਅਜਿਹੀ ਹੀ ਹਾਲਤ ਵਿੱਚ ਨਿਗੂਣੀਆਂ ਉਜਰਤਾਂ ਅਤੇ ਭਵਿੱਖ ਦੀ ਬੇਯਕੀਨੀ ਦਾ ਸਫ਼ਰ ਹੰਢਾ ਰਹੇ ਹਨ। ਇਹ ਕਾਮੇ ਨਾਂ ਸਿਰਫ ਨਿਗੂਣੀਆਂ ਉਜਰਤਾਂ 'ਤੇ ਹੀ ਕੰਮ ਕਰਦੇ ਹਨ, ਸਗੋਂ ਸਭ ਤੋਂ ਵੱਧ ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰਦੇ ਹੋਣ ਕਰਕੇ ਬਿਜਲੀ ਹਾਦਸਿਆਂ ਦਾ ਸਭ ਤੋਂ ਵੱਧ ਸ਼ਿਕਾਰ ਇਹੀ ਕਾਮੇ ਹੁੰਦੇ ਹਨ। ਸਿਤਮ ਇਹ ਕਿ ਹਾਦਸਾ ਹੋਣ ਦੀ ਸੂਰਤ ਵਿੱਚ ਪਾਵਰਕੌਮ ਦੀ ਮਨੇਜਮੈਂਟ ਅਤੇ ਉੱਚ ਅਧਿਕਾਰੀ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਲੈਣ ਤੋਂ ਪਾਸਾ ਵੱਟ ਲੈਂਦੇ ਹਨ। ਅਖ਼ੀਰ ਇਨਸਾਫ਼ ਹਾਸਲ ਕਰਨ ਲਈ ਮੌਤ ਦੇ ਮੂੰਹ ਧੱਕ ਦਿੱਤੇ ਗਏ ਕਾਮੇ ਦੇ ਪ੍ਰੀਵਾਰ ਦੀ ਬਾਂਹ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਫੜਨੀ ਪੈਂਦੀ ਹੈ। ਬਿਜਲੀ ਕਾਮਿਆਂ ਦੀ ਕਰੰਟ ਨਾਲ ਝੁਲਸੀਆਂ ਲਾਸ਼ਾਂ ਕਈ-ਕਈ ਦਿਨ ਸੜਕਾਂ-ਚੌਰਾਹਿਆਂ 'ਤੇ ਰੁਲਦੀਆਂ ਹਨ। ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਕੰਨਾਂ 'ਤੇ ਤਦ ਜਾਕੇ ਜੂੰ ਸਰਕਦੀ ਹੈ। ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰਨ ਦੀ ਬਾਵਜੂਦ ਮਨੇਜਮੈਂਟ ਰੀੜ ਦੀ ਹੱਡੀ ਸਮਝੇ ਜਾਂਦੇ ਇਨ੍ਹਾਂ ਕਾਮਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਸਭ ਤੋਂ ਮਹੱਤਵਪੂਰਨ ਮੰਗ ਬਿਜਲੀ ਕਾਮਿਆਂ ਦੀ ਇਹ ਹੈ ਕਿ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਵਾਲੇ ਕਾਮੇ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਅਤੇ ਇੱਕ ਕਰੋੜ ਦੀ ਰਾਸ਼ੀ ਸ਼ਹੀਦ ਬਿਜਲੀ ਕਾਮੇ ਦੇ ਪ੍ਰੀਵਾਰ ਨੂੰ ਅਦਾ ਕੀਤੀ ਜਾਵੇ।

ਬਿਜਲੀ ਕਾਮਿਆਂ ਦੀ ਤਰੱਕੀ ਲਈ ਕੋਈ ਇੱਕਸਾਰ ਪੈਮਾਨਾ ਨਹੀਂ ਹੈ। ਅਧਿਕਾਰੀਆਂ ਦੇ ਪੱਧਰ 'ਤੇ ਤਰੱਕੀ ਲਈ ਮਾਪਦੰਡ ਹੋਰ ਹਨ, ਤੀਜਾ ਅਤੇ ਚੌਥਾ ਦਰਜਾ ਕਾਮਿਆਂ ਲਈ ਤਰੱਕੀ ਦੇ ਮਾਪਦੰਡ ਹੋਰ ਹਨ। ਜਥੇਬੰਦਕ ਤਾਕਤ ਦੇ ਜ਼ੋਰ ਹਾਸਲ ਕੀਤਾ ਸਮਾਂਬੱਧ ਤਰੱਕੀ ਸਕੇਲ ਵੀ ਇੱਕ ਤਰ੍ਹਾਂ ਨਾਲ ਖੋਹਣ ਦੇ ਰਾਹ ਪੈ ਤੁਰੀ ਹੈ। ਸਗੋਂ 2020 ਤੋਂ ਬਾਅਦ ਭਰਤੀ ਹੋਏ ਕਾਮਿਆਂ ਉੱਪਰ ਜਬਰੀ ਸੱਤਵਾਂ ਤਨਖਾਹ ਸਕੇਲ ਲਾਗੂ ਕਰਕੇ ਉਨ੍ਹਾਂ ਨੂੰ ਹਰ ਕਿਸਮ ਦੇ ਵਿੱਤੀ ਲਾਭਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਵੱਧ ਕੰਮ ਭਾਰ ਰਾਹੀਂ ਘੱਟ ਉਜਰਤਾਂ 'ਤੇ ਕੰਮ ਲੈਣ ਦੀ ਨੀਤੀ ਉੱਪਰ ਪਾਵਰਕੌਮ ਦੀ ਮਨੇਜਮੈਂਟ ਚੱਲ ਰਹੀ ਹੈ। ਅਜਿਹੀ ਹਾਲਾਤ ਵਿੱਚ ਪਾਵਰਕੌਮ ਦੇ ਕਾਮੇ ਬੇਹੱਦ ਤਣਾਅ ਵਾਲੀਆਂ ਹਾਲਤਾਂ ਵਿੱਚੋਂ ਲੰਘ ਰਹੇ ਹਨ।

ਇੱਕ ਪਾਸੇ ਪਾਵਰਕੌਮ ਦੀ ਮਨੇਜਮੈਂਟ ਦਾ ਅਜਿਹਾ ਰੁਖ ਅਤੇ ਦੂਜੇ ਪਾਸੇ ਬਸੰਤੀ ਪੱਗਾਂ ਬੰਨ੍ਹ ਕੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਢਾਈ ਸਾਲ ਪਹਿਲਾਂ ਗੱਦੀ ਨਸ਼ੀਨ ਹੋਣ ਮੌਕੇ ਸਹੁੰ ਚੁੱਕਣ ਵਾਲੀ ਭਗਵੰਤ ਮਾਨ ਸਰਕਾਰ ਦੇ ਹਰੇ ਪੈੱਨ ਦੀ ਸਿਆਹੀ ਨੂੰ ਸੋਕਾ ਪੈ ਗਿਆ ਹੈ। ਜਿਨ੍ਹਾਂ ਗੱਜ ਵੱਜਕੇ ਐਲਾਨ ਕੀਤਾ ਸੀ ਕਿ ਸਭ ਤੋਂ ਪਹਿਲਾਂ ਹਰਾ ਪੈਨ ਦਹਾਕਿਆਂ ਬੱਧੀ ਸਮੇਂ ਤੋਂ ਠੇਕੇਦਾਰੀ/ਆਊਟਸੋਰਸ ਅਧੀਨ ਕੰਮ ਕਰਦੇ ਕਾਮਿਆਂ ਨੂੰ ਪੱਕਿਆਂ ਕਰਨ ਲਈ ਵਰਤਿਆ ਜਾਵੇਗਾ। ਪਰ ਢਾਈ ਸਾਲ ਤੋਂ ਵੱਧ ਸਮਾਂ ਬੀਤ ਜਾਣ ਬਾਅਦ ਵੀ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਇਨ੍ਹਾਂ ਕਾਮਿਆਂ ਨਾਲ ਅਕਾਲੀ-ਭਾਜਪਾ ਸਰਕਾਰ, ਕਾਂਗਰਸ ਸਰਕਾਰ ਅਤੇ ਹੁਣ ਆਮ ਅਦਾਮੀ ਦੀ ਸਰਕਾਰ ਨੇ ਲਾਰਿਆਂ ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਉੱਪਰੋਂ ਹਰ ਰੋਜ਼ ਲੱਖਾਂ ਰੁ. ਦੇ ਰੁਜ਼ਗਾਰ ਦੇ ਅਖਬਾਰਾਂ ਵਿੱਚ ਦਿੱਤੇ ਜਾਂਦੇ ਇਸ਼ਤਿਹਾਰ ਇਨ੍ਹਾਂ ਕਾਮਿਆਂ ਦਾ ਮੂੰਹ ਚਿੜਾਉਂਦੇ ਹਨ। ਇੱਕ ਪਾਸੇ ਇਹ ਹਾਲਾਤ ਹੈ ਤਾਂ ਦੂਜੇ ਪਾਸੇ ਸਭ ਤੋਂ ਮਹੱਤਵਪੂਰਨ ਕੜੀ ਤਕਨੀਕੀ ਕਾਮਿਆਂ ਵਜੋਂ ਸਹਾਇਕ ਲਾਈਨਮੈਨ, ਲਾਈਨਲੈਨ, ਜੇਈ, ਐਸਐਸਏ ਦਰਜਾ ਚਾਰ ਆਦਿ ਕੈਟਾਗਰੀਆਂ ਆਉਂਦੀਆਂ ਹਨ। ਇਨ੍ਹਾਂ ਕੈਟਾਗਰੀਆਂ ਦੀਆਂ ਅੱਧਿਉਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਲਾਈਨਮੈਨ ਕੈਟਾਗਰੀ ਦੀਆਂ 60% ਤੋਂ ਵਧੇਰੇ ਅਸਾਮੀਆਂ ਖਾਲੀ ਪਈਆਂ ਹਨ। ਇਸ ਤਰ੍ਹਾਂ ਕੰਮ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਹੁਣ ਜਦੋਂ ਪਾਣੀ ਸਿਰੋਂ ਲੰਘ ਚੁੱਕਾ ਹੈ ਤਾਂ ਇਨ੍ਹਾਂ ਕਾਮਿਆਂ ਨੇ ਤਿੱਖੇ ਅਤੇ ਫੈਸਲਾਕੁਨ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਨੇ ਇਸ ਸੰਘਰਸ਼ ਨੂੰਮ 'ਐਸਮਾ' ਵਰਗੇ ਬਦਨਾਲ ਕਾਲੇ ਕਾਨੂੰਨ ਰਾਹੀਂ ਕੁਚਲਣ ਦਾ ਭਰਮ ਪਾਲ ਲਿਆ ਹੈ। ਲੋਕਾਂ ਵਿੱਚ ਆਪਣਾ ਲੋਕ ਪੱਖੀ ਸਰਕਾਰ ਹੋਣ ਦਾ ਭਰਮ ਪਾਲਦੀ ਸਰਕਾਰ ਨੇ ਵੀ ਪਿਛਲੀਆਂ ਸਰਕਾਰਾਂ ਨਾਲੋਂ ਵੀ ਦੋ ਕਦਮ ਅੱਗੇ ਜਾਂਦਿਆਂ ਹਰ ਤਬਕੇ ਦੇ ਹੱਕੀ ਸੰਘਰਸ਼ ਨੂੰ ਕੁਚਲਣ ਦਾ ਕੁਲਿਹਣਾ ਵਰਤਾਰਾ ਸ਼ੁਰੂ ਕੀਤਾ ਹੋਇਆ ਹੈ। ਹਰ ਰੋਜ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਰਿਹਾਇਸ਼ਾਂ ਵੱਲ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਕਾਫ਼ਲਿਆਂ ਨੂੰ ਸੜਕਾਂ ਤੇ ਘਸੀਟਣ ਤੋਂ ਰੱਤੀ ਭਰ ਵੀ ਸ਼ਰਮ ਮਹਿਸੂਸ ਨਹੀਂ ਕਰ ਰਹੀ। ਗੱਲ ਕੀ ਹਕੂਮਤੀ ਡੰਡਾ ਪੂਰੀ ਢੀਠਤਾਈ ਨਾਲ ਵਾਹਿਆ ਜਾ ਰਿਹਾ ਹੈ।

ਇਸੇ ਕੜੀ ਵਿੱਚੋਂ ਹੀ ਬਿਜਲੀ ਕਾਮਿਆਂ ਦੇ ਹੱਕੀ ਸੰਘਰਸ਼ ਨੂੰ ਦਬਾਉਣ, ਕੁਚਲਣ ਲਈ ਬਦਨਾਮ 'ਐਸਮਾ' ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਐਸਮਾ ਕਾਨੂੰਨ (ਜਰੂਰੀ ਸੇਵਾਵਾਂ ਬਹਾਲ ਰੱਖਣ ਦਾ ਐਕਟ) ਉੱਠਣ ਵਾਲੀ ਲੋਕਾਂ ਦੀਆਂ ਬਗਾਵਤਾਂ ਨੂੰ ਰੋਕਣ ਲਈ ਬਣਾਇਆ ਗਿਆ ਸੀ। ਪਰ ਅਖੌਤੀ ਆਜ਼ਾਦੀ ਦੇ 77 ਸਾਲ ਬੀਤ ਜਾਣ ਬਾਅਦ ਵੀ ਇਨ੍ਹਾਂ ਸਾਮਰਾਜੀਆਂ ਦੇ ਦਲਾਲ ਭਾਰਤੀ ਹਾਕਮਾਂ ਵੱਲੋਂ ਬੇਰੋਕਟੋਕ ਜਾਰੀ ਰੱਖਿਆ ਹੋਇਆ ਹੈ। ਅਸੈਂਸ਼ੀਅਲ ਸਰਵਿਸਿਜ਼ ਮੇਨਟੇਨੈਂਸ ਐਕਟ, 1968 ਦਾ ਐਕਟ ਨੰ. 59 , 28 ਦਸੰਬਰ, 1968 ਨੂੰ ਹੋਂਦ ਵਿੱਚ ਲਿਆਂਦਾ ਗਿਆ ਸੀ। ESMA ਦੇ ਰੂਪ ਵਿੱਚ, ਸਰਕਾਰ ਕੋਲ ਇੱਕ ਹਥਿਆਰ ਹੈ ਜਿਸ ਨਾਲ ਉਹ ਜਦੋਂ ਚਾਹੇ, ਮਜ਼ਦੂਰਾਂ ਦੇ ਅੰਦੋਲਨ ਨੂੰ ਕੁਚਲ ਸਕਦੀ ਹੈ, ਖਾਸ ਕਰਕੇ ਹੜਤਾਲਾਂ 'ਤੇ ਪਾਬੰਦੀ ਲਗਾ ਕੇ ਅਤੇ ਮਜ਼ਦੂਰ ਨੇਤਾਵਾਂ ਨੂੰ ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰਕੇ। ਜੇਕਰ ਕੋਈ ਕਰਮਚਾਰੀ ESMA ਲਾਗੂ ਹੋਣ ਤੋਂ ਬਾਅਦ ਹੜਤਾਲ ਵਿੱਚ ਸ਼ਾਮਲ ਹੁੰਦਾ ਹੈ, ਤਾਂ ਇਸਨੂੰ ਗੈਰ-ਕਾਨੂੰਨੀ ਅਤੇ ਸਜ਼ਾ ਯੋਗ ਮੰਨਿਆ ਜਾਂਦਾ ਹੈ। ਹਾਲਾਂਕਿ ESMA ਇੱਕ ਕੇਂਦਰੀ ਕਾਨੂੰਨ ਹੈ ਜੋ 1968 ਵਿੱਚ ਲਾਗੂ ਕੀਤਾ ਗਿਆ ਸੀ, ਪਰ ਰਾਜ ਸਰਕਾਰਾਂ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਆਜ਼ਾਦ ਹਨ। ਇਸ ਲੋਕ ਵਿਰੋਧੀ ਕਾਲੇ ਕਾਨੂੰਨ ਦੀ ਵਰਤੋਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਤੂਫਾਨੀ ਵੇਗ ਨਾਲ ਉੱਠਣ ਵਾਲੇ ਸੰਘਰਸ਼ਾਂ ਨੂੰ ਕੁਚਲਣ ਦਾ ਭਰਮ ਪਾਲਦਿਆਂ ਅਨੇਕਾਂ ਵਾਰ ਕਰ ਚੁੱਕੀਆਂ ਹਨ। ਹਕੀਕਤ ਇਹ ਵੀ ਹੈ ਕਿ ਹਰ ਵਾਰ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ ਹੈ। ਪਰ ਸਦਕੇ ਜਾਈਏ ਬਿਜਲੀ ਕਾਮਿਆਂ ਦੀਆਂ ਦ੍ਰਿੜ, ਜੁਝਾਰੂ ਵਿਰਸੇ ਦੀਆਂ ਮਾਲਿਕ ਸੰਘਰਸ਼ਸ਼ੀਲ ਜਥੇਬੰਦੀਆਂ ਦੇ, ਜਿਨ੍ਹਾਂ ਜਾਬਰ ਹਕੂਮਤੀ ਫੁਰਮਾਨਾਂ ਦੀ ਰਤੀ ਭਰ ਵੀ ਪ੍ਰਵਾਹ ਨਾਂ ਕਰਦਿਆਂ ਵੱਡੀ ਪੱਧਰ 'ਤੇ ਤਿੰਨ ਰੋਜ਼ਾ ਸਮੂਹਿਕ ਛੁੱਟੀ ਉੱਪਰ ਜਾਣ ਦਾ ਫੈਸਲਾ ਲਿਆ ਹੈ। ਹਾਕਮਾਂ ਦਾ ਭਰਮ ਬਿਜਲੀ ਕਾਮਿਆਂ ਦੇ ਦ੍ਰਿੜ, ਫੌਲਾਦੀ ਇਰਾਦਿਆਂ ਅੱਗੇ ਚਕਨਾਚੂਰ ਹੋ ਗਿਆ ਹੈ। ਇੱਕ ਵਾਰ 'ਐਸਮਾ' ਕਾਨੂੰਨ ਨੂੰ ਆਪਣੇ ਜਥੇਬੰਦਕ ਏਕੇ ਦੇ ਜੋਰ ਪੈਰਾਂ ਹੇਠ ਦਰੜ ਦਿੱਤਾ ਹੈ। ਪਾਵਰਕੌਮ ਦੀ ਮੈਨੇਜਮੈਂਟ ਨੂੰ ਬਿਜਲੀ ਘਰਾਂ ਨੂੰ ਚਾਲੂ ਰੱਖਣ ਲਈ ਟੈਕਨੀਕਲ ਕੰਮ ਤੋਂ ਉੱਕਾ ਹੀ ਸੱਖਣੇ ਦਰਜਾ ਚਾਰ ਕਰਮਚਾਰੀਆਂ, ਕਲਰਕਾਂ,ਸੁਪਰਵਾਈਜਰੀ ਕਲੈਰੀਕਲ ਸਟਾਫ ਦੇ ਹੱਥ ਕਰੋੜਾਂ, ਅਰਬਾਂ ਰੁਪਏ ਦੀ ਮਸ਼ੀਨਰੀ ਸੌਂਪਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਅਜਿਹਾ ਸ਼ਾਇਦ ਪਹਿਲੀ ਵਾਰ ਵਾਪਰ ਰਿਹਾ ਹੈ। ਸੰਘਰਸ਼ ਦੇ ਮੈਦਾਨ ਵਿੱਚ ਡਟੇ ਬਿਜਲੀ ਕਾਮਿਓ, ਤੁਹਾਡੇ ਸਿਰੜ ਨੂੰ ਸਲਾਮ!

ਬਿਜਲੀ ਕਾਮਿਆਂ ਦੇ ਸੰਘਰਸ਼ ਦੀ ਹਮਾਇਤ ਵਿੱਚ ਬਹੁਤ ਸਾਰੇ ਥਾਵਾਂ ਉੱਤੇ ਕਿਸਾਨ/ਮਜ਼ਦੂਰ ਮੁਲਾਜਮ ਅਤੇ ਸੇਵਾਮੁਕਤ ਕਰਮਚਾਰੀਆਂ ਦੀਆਂ ਜਥੇਬੰਦੀਆਂ ਹਮਾਇਤ ਵਿੱਚ ਨਿੱਤਰੀਆਂ ਹਨ। ਇਹ ਇੱਕ ਹੋਰ ਵੀ ਸ਼ੁਭ ਸ਼ਗਨ ਹੈ। ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਜਥੇਬੰਦੀਆਂ ਨੂੰ ਪਾਵਰਕੌਮ ਅੰਦਰ ਕੰਮ ਕਰਦੀਆਂ ਮੌਜੂਦਾ ਸੰਘਰਸ਼ ਤੋਂ ਬਾਹਰ ਸੰਘਰਸ਼ਸ਼ੀਲ ਜਥੇਬੰਦੀਆਂ ਪ੍ਰਤੀ ਉਸਾਰੂ ਪਹੁੰਚ ਅਪਣਾਕੇ ਸਾਂਝੇ ਇੱਕਜੁੱਟ ਸੰਘਰਸ਼ ਵੱਲ ਵਧਣ ਲਈ ਸਾਰਥਿਕ ਯਤਨ ਕਰਨ ਦੀ ਲੋੜ ਹੈ। ਅਜਿਹਾ ਕਰਦਿਆਂ ਸੰਕੀਰਨ, ਤੰਗਨਜ਼ਰ ਬਿਰਤੀ ਤੋਂ ਖਹਿੜਾ ਛੁਡਾਉਣਾ ਹੋਵੇਗਾ। ਫਿਰ ਹੀ ਪਾਵਰਕੌਮ ਦੀ ਮਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਜਾਬਰ ਹੱਲੇ ਦਾ ਦ੍ਰਿੜਤਾ ਨਾਲ ਸਾਹਮਣਾ ਕਰਕੇ ਉਨਾਂ ਨੂੰ ਕਾਮਿਆਂ ਦੀਆਂ ਹੱਕੀ ਉਤੇ ਜਾਇਜ਼ ਮੰਗਾਂ ਮੰਨਣ ਲਈ ਮਜ਼ਬੂਰ ਕੀਤਾ ਜਾ ਸਕੇਗਾ। ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਇਹ ਗੱਲ ਮਨੀਂ ਵਸਾ ਲੈਣੀ ਚਾਹੀਦੀ ਹੈ ਕਿ ਪਾਵਰਕੌਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦਾ ਅਜਿਹਾ ਰੁੱਖ ਸਾਮਰਾਜੀ ਲੁਟੇਰੀ ਵਿਸ਼ਵ ਵਪਾਰ ਸੰਸਥਾ ਵੱਲੋਂ ਲਾਗੂ ਕੀਤੀ ਕੀਤੀ ਜਾ ਰਹੀਂ ਆਰਥਿਕ ਸੁਧਾਰਾਂ ਦੀ ਨੀਤੀ ਦਾ ਸਿੱਟਾ ਹੈ। ਪੰਜਾਬ ਸਰਕਾਰ ਇਸ ਅਦਾਰੇ ਦੇ ਕਾਰਪੋਰੇਸ਼ਨ ਤੋਂ ਅੱਗੇ ਇਸ ਅਦਾਰੇ ਦਾ ਪੱਕੇ ਤੌਰ 'ਤੇ ਕੀਰਤਨ ਸੋਹਲਾ ਪੜ੍ਹਕੇ ਮਨੁੱਖੀ ਜਿੰਦਗੀ ਦੀ ਸਾਹ ਰਗ ਧੜਕਣ ਵਾਲੇ ਊਰਜਾ ਖੇਤਰ ਦੇ ਇਸ ਅਹਿਮ ਅਦਾਰੇ ਨੂੰ ਅਡਾਨੀਆਂ, ਅੰਬਾਨੀਆਂ ਵਰਗੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਲੋਚਦੇ ਹਨ। ਜਿਸ ਨਾਲ ਆਮ ਲੋਕਾਂ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਲੋਕਾਈ ਨੂੰ ਮਿਲਦੀਆਂ ਸਬਸਿਡੀਆਂ ਖ਼ਤਮ ਹੋ ਜਾਣਗੀਆਂ। ਇਸ ਤਰ੍ਹਾਂ ਬਿਜਲੀ ਕਾਮਿਆਂ ਨੂੰ ਇਸ ਵੱਡੇ ਮਾਰੂ ਲੋਕ ਵਿਰੋਧੀ ਹੱਲੇ ਖਿਲਾਫ਼ ਵਿਸ਼ਾਲ ਇੱਕਜੁੱਟ ਸਾਂਝੀ ਲਹਿਰ ਦਾ ਹਿੱਸਾ ਬਨਣ ਦੀ ਦਿਸ਼ਾ ਵੱਲ ਅੱਗੇ ਵਧਣਾ ਹੋਵੇਗਾ।

# ਕਾ.ਫਲੇ ਦੀ ਵਿਸ਼ੇਸ਼ ਬੈਠਕ - ਸ਼ਾਹਮੁਖੀ 'ਚ ਛਪੀ ਕਿਤਾਬ 'ਰੂਹ ਵੇਲਾ' ਲੋਕ ਅਰਪਣ




ਬਰੈਂਪਟਨ, (ਰਛਪਾਲ ਕੌਰ ਗਿੱਲ) ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਵੱਲੋਂ ਇੱਕ ਵਿਸ਼ੇਸ਼ ਬੈਠਕ Royal Star Realty Inc. ਦੇ ਦਫ਼ਤਰ ਵਿੱਚ ਬੁਲਾਈ ਗਈ ਜਿਸ ਵਿੱਚ ਰਾਜਦੀਪ ਤੂਰ ਦੀ ਸ਼ਾਹਮੁਖੀ ਵਿੱਚ ਛਪੀ ਗ਼ਜ਼ਲਾਂ ਦੀ ਕਿਤਾਬ 'ਰੂਹ ਵੇਲਾ' ਲੋਕ ਅਰਪਣ ਕੀਤੀ ਗਈ।

ਸਭ ਤੋਂ ਪਹਿਲਾਂ ਕਾਫ਼ਲੇ ਦੇ ਮੁੱਖ ਸੰਚਾਲਕ ਕੁਲਵਿੰਦਰ ਖਹਿਰਾ ਨੇ ਰਾਜਦੀਪ ਤੂਰ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਸਾਂਝੇ ਕੀਤੇ। ਨਾਲ ਹੀ ਦੱਸਿਆ ਕਿ ਰਾਜਦੀਪ ਤੂਰ ਨੇ ਨਵੇਂ ਤੇ ਪੁਰਾਣੇ ਲਹਿਜੇ ਨੂੰ ਮੁੱਖ ਰੱਖ ਕੇ ਗ਼ਜ਼ਲਾਂ ਲਿਖੀਆ ਹਨ, ਜੋ ਬਹੁਤ ਵਧੀਆ ਲੱਗੀਆਂ ਹਨ। 2020 ਵਿੱਚ ਰਾਜਦੀਪ ਤੂਰ ਦੀ ਗ਼ਜ਼ਲਾਂ ਦੀ ਕਿਤਾਬ 'ਰੂਹ ਵੇਲਾ' ਪੰਜਾਬੀ ਵਿੱਚ ਆਈ ਸੀ ਤੇ ਹੁਣ ਉਹੀ ਕਿਤਾਬ ਸ਼ਾਹਮੁਖੀ ਵਿੱਚ ਆਈ ਹੈ। ਉਨ੍ਹਾਂ ਦੱਸਿਆ ਕਿ ਮੇਰੇ ਲਿੱਖਣ ਤੇ ਕਿਤਾਬ ਛਿਪਵਾਉਣ ਵਿੱਚ ਗੁਰਭਜਨ ਗਿੱਲ ਦਾ ਕਾਫ਼ੀ ਯੋਗਦਾਨ ਹੈ। ਉਸ ਨੇ ਆਪਣੀਆਂ ਕੁਝ ਵੱਖ ਵੱਖ ਵਿਸ਼ਿਆਂ ਵਿੱਚ ਲਿਖੀਆਂ (ਏਕਤਾ, ਹਕੂਮਤ, ਕਿਸਾਨ ਅੰਦੋਲਨ ਤੇ ਰੋਮਾਂਟਿਕ) ਗ਼ਜ਼ਲਾਂ ਤੇ ਕੁਝ ਗ਼ਜ਼ਲਾਂ ਦੇ ਸ਼ੇਅਰ ਸਾਂਝੇ ਕੀਤੇ ਜਿਵੇਂ 'ਆਪਣੇ ਹਿੱਸੇ ਦੀ ਧਰਤੀ, ਮੈਂ ਆਪਣਾ ਅੰਬਰ ਭਾਲ ਰਿਹਾ ਹਾਂ, ਧੂੜ ਅੱਖਾਂ ਤੋਂ ਲਾਂਬੇ ਜਦੋਂ ਹੋ ਗਈ, ਮਿੱਟੀ ਦਾ ਕੀ ਇਹ ਤਾਂ ਖੁਰ ਜਾਵੇਗੀ, ਆਲ੍ਹਣੇ 'ਚੋਂ ਉੱਡੇ ਪਰਿੰਦੇ ਜੋ ਹੁਣ ਨਹੀਂ ਮੁੜਣੇ। 'ਇੱਕ ਦਿਨ ਮਿਲਾਂਗੇ, ਐਂਵੇ ਫ਼ਿਕਰ ਨਾ ਕਰ, 'ਅੰਨਦਾਤੇ ਤਾਂ ਬੇਸ਼ਕ ਕਹਾਉਂਦੇ ਰਹੇ, ਜੇਬ ਖ਼ਾਲੀ ਰਹੀ। ਪਾਲਦੇ ਰਹੇ ਜੋ ਕੁਨਬੇ ਤੁਹਾਡੇ, ਉਹ ਪਾਗਲ ਕਿਵੇਂ ਹੋ ਗਏ, ਹੁਣ ਸਿਤਮ ਸਹਿਣ ਦੀ ਇੰਤਾਹ ਹੋ ਗਈ, ਕਿੰਨਾਂ ਕੁ ਚਿਰ ਲੋਕ ਚੁੱਪ ਬਹਿਣਗੇ, ਕੰਜਕਾਂ ਦੀ ਰੀਝ ਮੋਈ, ਜਦ ਉਨ੍ਹਾਂ ਪਿੱਪਲਾਂ ਨੂੰ ਵੱਢਿਆ' ਆਦਿ। ਸੁਰਿੰਦਰ ਖਹਿਰਾ ਤੇ ਰਜਵੰਤ ਕੌਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ, ਰਾਜਦੀਪ ਤੂਰ ਦੀਆਂ ਗ਼ਜ਼ਲਾਂ ਦੀ ਸਿਫ਼ਤ ਕੀਤੀ।

ਇਸ ਤੋਂ ਬਾਦ ਰਸੀਦ ਨਦੀਮ ਤੇ ਉਜ਼ਮਾ ਮਹਿਮੂਦ ਨੇ ਆਪਣੀਆਂ ਗ਼ਜ਼ਲਾਂ ਤੇ ਨਜ਼ਮਾਂ ਸਾਂਝੀਆਂ ਕੀਤੀਆਂ।

ਡਾ. ਵਰਿਆਮ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਕੋਈ ਦਸ ਬਾਰਾਂ ਸਾਲਾਂ ਤੋਂ ਦੋਹਾਂ ਪੰਜਾਬਾਂ ਦੇ ਲੇਖਕਾਂ ਆਪਸੀ ਮੇਲ਼-ਮਿਲਾਪ ਵਧ ਰਿਹਾ ਹੈ, ਜੋ ਵਧੀਆ ਰੁਝਾਨ ਹੈ। ਇਸ ਵਿੱਚ ਯੂਟਿਊਬਰ ਤੇ ਸ਼ੋਸ਼ਲ ਮੀਡੀਏ ਨੇ ਵਧੀਆ ਰੋਲ ਨਿਭਾਇਆ ਹੈ। ਸ਼ਾਹਮੁਖੀ ਤੇ ਪੰਜਾਬੀ ਦੀਆਂ ਕਿਤਾਬਾਂ ਦਾ ਵਟਾਂਦਰਾ ਵਧੀਆ ਗੱਲ ਹੈ। ਲੇਖਕਾਂ ਨੇ ਲਾਸ਼ਾਂ ਤੇ ਕੰਡੇਦਾਰ ਤਾਰਾਂ ਉੱਤੋਂ ਦੀ ਸੱਤਰੰਗਾ ਪੁੱਲ ਉਸਾਰ ਕੇ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਜਾ ਕੇ ਬੋਲਣ ਨਾਲ ਮੈਂ ਆਪਣੇ ਆਪ ਨੂੰ ਮੁਕੰਮਲ ਹੋਇਆ ਮਹਿਸੂਸ ਕੀਤਾ ਹੈ। ਦੋਹਾਂ ਪੰਜਾਬਾਂ ਦੇ ਲੇਖਕਾਂ ਨਾਲ ਮਿਲ ਕੇ ਦੋਹਾਂ ਭਾਸ਼ਾਵਾਂ ਵਿੱਚ ਛਪਦੇ ਸਾਹਿਤ ਦੀ ਸਮਝ ਹੋਣ ਲੱਗ ਜਾਵੇਗੀ। ਰਾਜਦੀਪ ਦੀ ਕਿਤਾਬ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਅਹਿਸਾਸ ਤੇ ਸੰਵੇਦਨਸ਼ੀਲ ਇਨਸਾਨ ਤੂਰ ਦੀ ਕਿਤਾਬ ਵਿੱਚ ਵੱਸਦਾ ਹੈ ਤੇ ਰਾਜਦੀਪ ਤੂਰ ਇੱਕ ਸੂਖਮ ਸ਼ਾਇਰ ਹੈ, ਮੈਂ ਇਸ ਦੀ ਸੂਖਮਤਾ ਦੀ ਦਾਦ ਦੇਂਦਾ ਹਾਂ। ਵਧੀਆ ਲਿਖਣ ਲਈ ਦੁਆਵਾਂ ਤੇ ਮੁਬਾਰਕਾਂ!

ਮੀਟਿੰਗ ਦੇ ਅਖੀਰ ਤੇ ਕਾਫ਼ਲਾ ਸੰਚਾਲਕ ਪਿਆਰਾ ਸਿੰਘ ਕੁਦੋਵਾਲ ਨੇ ਵੀ ਰਾਜਦੀਪ ਤੂਰ ਦੀ ਕਿਤਾਬ ਦੀ ਸਿਫ਼ਤ ਕਰਦਿਆਂ ਹੋਇਆਂ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ। 'ਪੰਜਾਬੀ ਆਰਟਸ ਐਸੋਸੀਏਸ਼ਨ' ਤੋਂ ਬਲਜਿੰਦਰ ਲੇਲਣਾ ਅਤੇ ਰੌਇਲ ਸਟਾਰ ਰੀਅਲਟੀ ਦੇ ਮਾਲਕ ਪਰਮਿੰਦਰ ਢਿੱਲੋਂ ਜੀ ਦਾ ਵੀ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਬਹੁਤ ਹੀ ਛੋਟੇ ਨੋਟਿਸ 'ਤੇ ਮੀਟਿੰਗ ਲਈ ਜਗ੍ਹਾ ਮੁਹੱਈਆ ਕੀਤੀ।

# ਬਲਾਤਕਾਰ ਤੇ ਜਿਣਸੀ ਸ਼ੋਸ਼ਣ ਦੇ ਕੇਸਾਂ 'ਚ ਸਜ਼ਾ ਦੀ ਦਰ ਘੱਟਦੀ ਕਿਉਂ ਜਾਂਦੀ ਹੈ?

ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਕਿਸੇ ਵੀ ਹਕੂਮਤ ਦੀ ਕਾਮਯਾਬੀ ਪ੍ਰਤੱਖ ਤੌਰ 'ਤੇ ਕਾਨੂੰਨ ਦੇ ਪਾਲਣ ਤੇ ਸਜਾ ਵਿੱਚ ਦੇਖੀ ਜਾ ਸਕਦੀ ਹੈ। ਇਸ ਲਈ ਬਲਾਤਕਾਰ ਤੇ ਜਿਣਸੀ ਛੇੜਛਾੜ ਦੇ ਕੇਸਾਂ ਵਿੱਚ ਸਜ਼ਾ ਦੀ ਦਰ ਹਕੂਮਤ ਦੀ ਉਸ ਵੱਲ ਪ੍ਰਤੀਕਿਰਿਆ ਅਤੇ ਨਜ਼ਰੀਏ ਦਾ ਸਿੱਧਾ ਅਕਸ ਹੁੰਦੀ ਹੈ। ਜਦ ਅਰੁਣਾ ਸ਼ਾਨਬਾਗ ਕਾਂਡ ਹੋਇਆ ਸੀ ਉਸ ਵਕਤ ਦੇਸ਼ ਵਿੱਚ ਬਲਾਤਕਾਰਾਂ ਦੇ ਮਾਮਲੇ ਵਿੱਚ ਸਜ਼ਾ ਦੀ ਦਰ 44.3 ਫੀਸਦੀ ਸੀ, ਜੋ ਅੱਜ ਘੱਟ ਕੇ 27 ਤੋਂ 28 ਫੀਸਦੀ ਦੇ ਵਿਚਕਾਰ ਰਹਿ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹਾ ਬੀਤੇ ਛੇ ਸਾਲਾਂ ਤੋਂ ਲਗਾਤਾਰ ਚਲ ਰਿਹਾ ਹੈ। ਦਿੱਲੀ ਦਾ ਨਿਰਭਿਆ ਕਾਂਡ ਜਦ ਹੋਇਆ ਉਸ ਸਾਲ ਬਲਾਤਕਾਰ ਵਿੱਚ ਸਜ਼ਾ ਦੀ ਦਰ ਸਭ ਤੋਂ ਘੱਟ 24.2 ਫੀਸਦੀ ਸੀ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ 1973 ਤੋਂ ਲੈ ਕੇ ਹੁਣ ਤੱਕ ਜਾਨੀ 50 ਸਾਲਾਂ ਦੇ ਦੌਰਾਨ ਬਲਾਤਕਾਰ ਤੇ ਕੇਸਾਂ ਵਿੱਚ ਸਜ਼ਾ ਦੀ ਦਰ ਲਗਾਤਾਰ ਘਟਦੀ ਗਈ ਹੈ, ਯਾਨੀ ਅਜਿਹੇ ਅਪਰਾਧਾਂ ਤੇ ਪ੍ਰਤੀਕਿਰਿਆ ਅਤੇ ਇਨਸਾਫ ਦੇਣ ਵਿੱਚ ਹਕੂਮਤ ਲਗਾਤਾਰ ਨਾਕਾਮ ਹੁੰਦੀ ਗਈ ਹੈ। ਆਖਰ ਇਸ ਦਾ ਕਾਰਨ ਹੈ ਕੀ? ਸਜ਼ਾ ਦੀ ਘਟ ਦਰ ਕੀ ਸਿਰਫ ਲੰਮੇ ਸਮੇਂ ਚੱਲਣ ਵਾਲੇ ਅਦਾਲਤੀ ਮੁਕਦਮਿਆਂ, ਸੁਸਤ ਨਿਆਪਾਲਿਕਾ, ਲੱਚਰ ਸਬੂਤਾਂ, ਰੂੜ ਦਲੀਲਾਂ ਜਾਂ ਬਲਾਤਕਾਰੀਆਂ ਨੂੰ ਰਾਜਨੀਤਿਕ ਸ਼ਰਨ ਦੇ ਕਾਰਨ ਪੈਦਾ ਹੁੰਦੀ ਹੈ। ਦੰਡਹੀਨਤਾ ਦੇ ਉਪਰ ਲਿਖੀ ਆਪਣੀ ਕਿਤਾਬ 'ਚੈਲਜਿੰਗ ਅਮਿਊਨਟੀ' ਵਿੱਚ ਵੀ.ਗੀਤਾ ਕਹਿੰਦੀ ਹੈ ਕਿ ਇਹ ਮਹਿਜ਼ ਕਾਨੂੰਨੀ ਜਾਂ ਰਾਜਨੀਤਿਕ ਗੋਰਖਧੰਦੇ ਦਾ ਮਾਮਲਾ ਨਹੀਂ ਹੈ। 'ਇਹ ਹੈ ਹਕੂਮਤੀ ਕਾਮਿਆਂ ਵੱਲੋਂ ਸਾਂਝੀ ਮਾਨਵਤਾ ਦਾ ਹਿੱਸਾ ਬਣਨ ਤੋਂ ਠੋਸ ਇਨਕਾਰ' ਦਾ ਸਿੱਟਾ ਹੈ ਕਿਉਂਕਿ 'ਖੁਦ ਨੂੰ ਕਾਨੂੰਨ ਅਤੇ ਨਿਆਂ ਦੇ ਦਾਇਰੇ ਤੋਂ ਉੱਪਰ ਰੱਖ ਕੇ ਹਕੂਮਤ ਆਪਣੇ ਪਹੁੰਚਾਏ ਕਸ਼ਟ ਨੂੰ ਕਦੀ ਸਵੀਕਾਰ ਵੀ ਨਹੀਂ ਕਰਦੀ ਨਾ ਹੀ ਉਸ ਦੀ ਕੋਈ ਜਿੰਮੇਵਾਰੀ ਲੈਂਦੀ ਹੈ, ਬਲਕਿ ਉਲਟਾ ਉਹ ਦੰਡਮੁਕਤੀ ਦਾ ਸੱਤਾ ਸੁੱਖ ਭੋਗਦੀ ਹੈ। ਮਿਸਾਲ ਵਜੋਂ ਪੁਸਤਕ ਵਿੱਚ ਡਾਲੀ ਕਿਕੋਣ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਨਾਗਾਲੈਂਡ ਵਿੱਚ ਦਹਾਕਿਆਂ ਤੋਂ ਜਾਰੀ ਫੌਜੀਕਰਨ ਦਾ ਸਿੱਟਾ ਇਹ ਹੋਇਆ ਹੈ ਕਿ ਬਲਾਤਕਾਰਾਂ ਨੂੰ ਹੁਣ 'ਆਮ' ਮੰਨਿਆ ਜਾਣ ਲੱਗਿਆ ਹੈ। ਇੱਥੇ ਬਲਾਤਕਾਰ ਨੂੰ ਲੈ ਕੇ ਸਮਾਜ ਦੀ ਸਮਝਦਾਰੀ ਐਸੀ ਬਣ ਗਈ ਹੈ ਕਿ ਇਸ ਨੂੰ ਇੱਕ ਪਾਸੇ ਫੌਜੀ ਦਸਤਿਆਂ ਦੀ ਕਰੂਰਤਾ ਅਤੇ ਦੂਸਰੇ ਪਾਸੇ ਨਾਗਾ ਲੋਕਾਂ ਦੇ ਪ੍ਰਤੀਰੋਧ ਵਿੱਚਕਾਰ ਦੀ ਵੰਡ ਰੇਖਾ ਦੇ ਰੂਪ ਵਿੱਚ ਦੇਖਿਆ ਜਾਣ ਲੱਗਿਆ ਹੈ। ਖਾਸ ਕਰਕੇ ਹਥਿਆਰ ਬੰਦ ਦਸਤਿਆਂ ਦੇ ਵਿਸ਼ੇਸ਼ ਅਧਿਕਾਰ ਅਧਿਨਿਯਮ (ਅਫਸਪਾ) ਦੇ ਤਹਿਤ ਦੰਡਹੀਣਤਾ ਦਾ ਅਧਿਕਾਰ ਹਾਸਲ ਫੌਜੀਆਂ ਵੱਲੋਂ ਕੀਤੇ ਬਲਾਤਕਾਰਾਂ ਨੂੰ ਹੀ ਬਲਾਤਕਾਰ ਮੰਨਿਆ ਜਾਂਦਾ ਹੈ, ਕਿਉਂਕਿ ਇਥੇ ਇਸ ਨਾਲ ਸਿੱਧੀ ਚੁਣੌਤੀ ਮਿਲ ਰਹੀ ਹੈ। ਬਾਕੀ ਹਰ ਕਿਸਮ ਦੀ ਯੌਨ ਹਿੰਸਾ ਜਾਂ ਬਲਾਤਕਾਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਹ ਦੰਡਮੁੱਕਤੀ ਬਦਲੇ ਵਿੱਚ ਸਮਾਜ ਤੇ ਅਸਰ ਪਾਉਂਦੀ ਹੈ ਅਤੇ ਅਪਰਾਧਾਂ ਨੂੰ ਗੈਰ-ਗੰਭੀਰ ਬਣਾਉਂਦੀ ਹੈ। ਇਸ ਦੇ ਨਤੀਜੇ ਨਾਗਾਲੈਂਡ ਵਿੱਚ ਹੀ ਨਹੀਂ ਸਮੁੱਚੇ ਉੱਤਰ ਪੂਰਬ ਤੋਂ ਲੈ ਕੇ ਕਸ਼ਮੀਰ ਦੇ ਕੁਨਾਨ, ਪੇਸ਼ਪੂਰਾ ਅਤੇ ਸ਼ੌਪੀਆ ਕਾਂਡ ਤੇ ਬਸਤਰ ਵਿੱਚੋਂ ਸੁਰੱਖਿਆ ਬਲਾਂ ਤੇ ਬਲਾਤਕਾਰ ਦੇ ਦੋਸ਼ਾਂ ਵਿੱਚ ਦਿਖਾਈ ਦਿੰਦੀ ਹੈ, ਜਿਸ ਤੇ ਸੰਸਦ ਤੱਕ ਬਹਿਸ ਹੋ ਚੁੱਕੀ ਹੈ। ਜਿੱਥੋਂ ਦੇ ਸਮਾਜ ਦਾ ਫੌਜੀਕਰਨ ਨਹੀਂ ਹੋਇਆ ਹੈ, ਉੱਥੇ ਦੰਡਮੁਕਤੀ ਸਮਾਜਿਕ ਵਿਸ਼ੇਸ਼ ਅਧਿਕਾਰਾਂ ਜਿਵੇਂ ਜਾਤੀ ਜਾਂ ਧਰਮ ਜਾਂ ਨਸਲ ਤੋਂ ਨਿਕਲਦੀ ਹੈ ਅਤੇ




*ਆਰਐਸਐਸ ਦੇ ਮੁਖੀ ਮੋਹਨ ਭਾਗਵਤ ਨੇ ਨਿਰਭਿਆ ਕਾਂਡ ਤੋਂ ਬਾਅਦ ਕਿਹਾ ਸੀ ਕਿ ਇਸ ਤਰ੍ਹਾਂ ਦੇ ਅਪਰਾਧ ਕੇਵਲ ਅਰਬਨ ਇੰਡੀਆ ਵਿੱਚ ਹੁੰਦੇ ਹਨ ਭਾਰਤ ਵਿੱਚ ਨਹੀਂ, ਕਿਉਂਕਿ ਸ਼ਹਿਰਾਂ ਦੇ ਉੱਪਰ ਪਛਮੀ ਸੰਸਕ੍ਰਿਤੀ ਦਾ ਪ੍ਰਭਾਵ ਹੈ। ਅਕਸਰ ਪਿੰਡਾਂ, ਕਸਬਿਆਂ ਵਿੱਚ ਹੋਣ ਵਾਲੀ ਅਜਿਹੀਆਂ ਘਟਨਾਵਾਂ ਉਦੋਂ ਹੀ ਖਬਰ ਬਣਦੀਆਂ ਹਨ ਜਦ ਪੀੜਤ ਨੂੰ ਹਵਾਈ ਮਾਰਗ ਰਾਹੀਂ ਦਿੱਲੀ ਤੋਂ ਕਿਸੇ ਹਸਪਤਾਲ ਤੱਕ ਪਹੁੰਚਾਇਆ ਜਾਂਦਾ ਹੈ। ਜਿਹੋ ਜਿਹਾ ਹਾਥਰਸ ਕਾਂਡ ਵਿੱਚ ਹੋਇਆ। ਹੁਣ ਹਸਪਤਾਲ ਵਿੱਚ ਵੀ ਔਰਤਾਂ ਸੁਰੱਖਿਅਤ ਨਹੀਂ ਹਨ।*

ਦੰਡਹੀਣਤਾ ਦੀ ਸੰਸਕ੍ਰਿਤੀ ਨੂੰ ਫੈਲਾਉਂਦੀ ਹੈ। 'ਰੀਕਲੇਮ ਦਾ ਨਾਈਟ' ਵਰਗੀਆਂ ਮੁਹਿੰਮਾਂ ਇਸ ਲਈ ਸਮਾਜ ਦੇ ਫੌਜੀਕਰਨ ਜਾਂ ਪੁਲਸੀਆ ਨਿਗਰਾਨੀ ਵਰਗੇ ਉਪਾਵਾਂ ਨੂੰ ਦਵਾ ਦੀ ਜਗਾਹ ਬਿਮਾਰੀ ਮੰਨਦੀਆਂ ਹਨ। ਅਜਿਹੇ ਉਪਾਅ ਰਾਜ ਨੂੰ ਸਿਲਸਿਲੇਵਾਰ ਢੰਗ ਤੋਂ ਨਾਕਾਮ ਕਰਦੇ ਜਾਂਦੇ ਹਨ। ਨਾਕਾਮ ਰਾਜ ਬਦਲੇ ਵਿੱਚ ਔਰਤਾਂ ਨੂੰ ਨਾਕਾਮ ਕਰਦਾ ਹੈ। ਇਸ ਦੀ ਲਿਸਟ ਬਹੁਤ ਲੰਬੀ ਹੈ, ਲੇਕਿਨ ਕੁਝ ਕੁ ਅਹਿਮ ਮਿਸਾਲਾਂ ਇਸ ਵੱਲ ਇਸ਼ਾਰਾ ਕਰ ਸਕਦੀਆਂ ਹਨ ਕਿ ਸਮੇਂ ਦੇ ਨਾਲ ਰਾਜ ਨੇ ਔਰਤਾਂ ਨੂੰ ਨਾਕਾਮ ਕਰਨ ਦੇ ਕਿਹੜੇ ਕਿਹੜੇ ਤਰੀਕੇ ਅਪਣਾਏ ਅਤੇ ਪੱਛਮੀ ਬੰਗਾਲ ਵਿੱਚ ਅਜਿਹੀ ਪ੍ਰਤੀਕਿਰਿਆ ਮਮਤਾ ਬੈਨਰਜੀ ਸਰਕਾਰ ਦੀ ਦੇਖਣ ਨੂੰ ਮਿਲੀ ਹੈ। ਕਹਾਣੀ ਇਥੋਂ ਤੱਕ ਕਿਵੇਂ ਪਹੁੰਚੀ ਹੈ।

ਬਲਾਤਕਾਰੀਆਂ ਨੂੰ ਰਾਜਸੀ ਸ਼ਹਿ ਕਿਵੇਂ ਮਿਲਦੀ ਹੈ। ਬੀਤੀਆਂ ਆਮ ਚੋਣਾਂ ਨੂੰ ਯਾਦ ਕਰੋ। ਅਜੇ 100 ਦਿਨ ਵੀ ਨਹੀਂ ਹੋਏ ਹਨ। ਕਰਨਾਟਕਾ ਦੇ ਹਾਸਨ ਲੋਕ ਸਭਾ ਖੇਤਰ ਤੋਂ ਰਾਜਤੰਤਰਿਕ ਗੱਠਜੋੜ (ਐਨਡੀਏ) ਦੇ ਉਮੀਦਵਾਰ ਰਹੇ ਪਰਜਵਲ ਰੇਵਨਾਂ ਦੀਆਂ ਚੋਣਾਂ ਦੌਰਾਨ ਹੀ ਵੱਖ ਵੱਖ ਪੈਨ ਡਰਾਈਵ ਵਿਚ ਜਮਾ 29,76 ਵੀਡੀਓ ਰਾਹੀਂ ਇਹ ਗੱਲ ਸਾਹਮਣੇ ਆਈ ਸੀ ਕਿ ਜਨਤਾ ਦਲ (ਐੱਸ) ਦੇ ਸਾਬਕਾ ਸਾਂਸਦ ਰੇਵਨਾ ਨੇ ਵੱਡੇ ਪੈਮਾਨੇ ਤੇ ਕਥਿਤ ਤੌਰ ਤੇ ਬਲਾਤਕਾਰ ਅਤੇ ਯੌਨ ਹਮਲੇ ਕੀਤੇ ਸਨ। ਰੇਵਨਾ ਨੇ ਨਾ ਸਿਰਫ ਇਨਾ ਹਮਲਿਆਂ ਨੂੰ ਫਿਲਮਾਇਆ ਸੀ, ਪੀੜਤਾਂ ਦੀ ਸੁਰੱਖਿਆ ਅਤੇ ਸਨਮਾਨ ਦੀ ਪ੍ਰਵਾਹ ਕੀਤੇ ਬਿਨਾਂ ਫੁਟੇਜ਼ ਦਾ ਇਸਤੇਮਾਲ ਕਥਿਤ ਰੂਪ ਨਾਲ ਬਲੈਕਮੇਲ ਕਰਨ ਵਿੱਚ ਵੀ ਕੀਤਾ ਸੀ। ਇਹਨਾਂ ਵੀਡੀਓ ਦੀ ਭਿਆਨਕ ਪ੍ਰਕਿਰਤੀ ਦੇ ਬਾਵਜੂਦ ਪੁਲਿਸ ਚਾਰ ਦਿਨਾਂ ਤੱਕ ਹੱਥ ਤੇ ਹੱਥ ਧਰ ਕੇ ਬੈਠੀ ਰਹੀ।

ਜਦ ਮਹੀਨੇ ਤੋਂ ਵੱਧ ਸਮਾਂ ਬੀਤ ਗਿਆ ਅਤੇ ਚੋਣਾਂ ਅੰਤਿਮ ਪੜਾਅ ਤੇ ਪਹੁੰਚ ਗਈਆਂ ਤਾਂ 30 ਮਈ ਨੂੰ ਵੋਟਾਂ ਤੋਂ ਪਹਿਲਾਂ, ਮਹਿਲਾ ਜਥੇਬੰਦੀਆਂ ਨੇ ਚੁੱਪ ਤੋੜਦੇ 'ਹਸਨ ਚਲੋ' ਦਾ ਸੱਦਾ ਦਿੱਤਾ ਅੱਜ ਪਰਜਬਲ ਰੇਵਨਾਂ ਦਾ ਕੇਸ ਜਨਤਕ ਸਮਰਿਤੀ ਵਿੱਚ ਧੁੰਦਲਾ ਹੋ ਚੁੱਕਿਆ ਹੈ। ਇਹ ਸਥਿਤੀ ਅਚਾਨਕ ਪੈਦਾ ਨਹੀਂ ਹੋਈ। ਜੰਮੂ ਕਸ਼ਮੀਰ (2018) ਵਿੱਚ ਕਠੂਆ ਗੈਂਗਰੇਪ ਕੇ ਦੋਸ਼ੀਆਂ ਦੀ ਹਮਾਇਤ ਵਿੱਚ ਹਾਕਮ ਪਾਰਟੀ ਦੇ ਲੋਕਾਂ ਵੱਲੋਂ ਰੈਲੀ ਕੱਢੇ ਜਾਣ ਤੋਂ ਲੈ ਕੇ, ਬਲਾਤਕਾਰ ਕੇ ਦੋਸ਼ੀ ਧਰਮ ਗੁਰੂਆਂ ਦੀ ਹਮਾਇਤ ਵਿੱਚ ਜਨਤਕ ਜਲੂਸਾਂ ਤੱਕ, ਹਾਥਰਸ (2020) ਵਿੱਚ ਉੱਚ ਜਾਤੀ ਦੇ ਮਰਦਾਂ ਦੀ ਦੰਡਮੁਕਤੀ ਤੋ ਲੈ ਕੇ ਗੁਜਰਾਤ (2020) ਵਿੱਚ ਦੋਸ਼ੀ ਬਲਾਤਕਾਰੀਆਂ ਦੀ ਰਿਹਾਈ ਅਤੇ ਸੁਆਗਤ ਤੱਕ (ਜਿਸ ਨੂੰ ਬਾਅਦ ਵਿੱਚ ਉਲਟਾ ਦਿੱਤਾ ਗਿਆ)। ਅਜਿਹੇ ਮਾਮਲਿਆਂ ਦੀ ਸੂਚੀ ਲੰਬੀ ਹੈ ਅਤੇ ਇਹ ਅਪਰਾਧਾਂ ਦੀ ਸ਼ਿਕਾਇਤ ਕਰਨ ਵਾਲੇ ਖੁਦ ਨੂੰ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਜਾਬਰ ਹਮਲਿਆਂ ਅਤੇ ਖਤਰਿਆਂ ਤੋਂ ਬਚਾਉਣ ਵਿੱਚ ਲੱਗੇ ਹੋਏ ਹਨ। ਇਹ ਸਥਿਤੀ ਇਨਾਵ ਤੋਂ ਲੈ ਕੇ ਹਾਥਰਸ ਤੇ ਸਾਗਰ ਤਕ ਫੈਲੀ ਹੋਈ ਹੈ। ਆਮ ਚੋਣਾਂ ਦੇ ਦੌਰਾਨ ਹੀ ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੇ ਖੁਰਈ ਵਿਧਾਨ ਸਭਾ ਖੇਤਰ ਤੋਂ ਇੱਕ ਖਬਰ ਆਈ ਸੀ। ਕਹਾਣੀ ਪਿੰਡ ਬਰੋਦਿਆ ਨੌਨਗੀਰ ਦੀ ਹੈ। ਅੰਜਨਾ ਨਾਮ ਦੀ ਇੱਕ ਦਲਿਤ ਲੜਕੀ ਦੀ ਮੌਤ ਇਸੇ ਸਾਲ 26 ਮਈ ਨੂੰ ਹੋਈ ਸੀ। ਉਸ ਦੇ ਕੁਝ ਘੰਟੇ ਪਹਿਲਾਂ ਹੀ ਅੰਜਨਾਂ ਦੇ ਚਾਚਾ ਰਜਿੰਦਰ ਦੀ ਮੌਤ ਹੋਈ ਸੀ ਉਹ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ਕਿਉਂਕਿ ਨੌ ਮਹੀਨੇ ਪਹਿਲਾਂ ਅੰਜਨਾ ਦੇ ਭਾਈ ਨਿਤਨ ਨੂੰ ਪਿੰਡ ਦੇ ਨੰਬਰਦਾਰ ਠਾਕਰਾਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ ਅਤੇ ਰਜਿੰਦਰ ਉਸ ਘਟਨਾ ਦਾ ਚਸ਼ਮਦੀਦ ਗਵਾਹ ਸੀ। ਰਜਿੰਦਰ ਦੀ ਮੌਤ ਤੇ ਲੋਕ ਗੁੱਸੇ ਵਿੱਚ ਸਨ। ਪਰ ਕੁਝ ਹੀ ਘੰਟਿਆਂ ਵਿੱਚ ਅੰਜਨਾ ਦੀ ਮੌਤ ਦੀ ਖਬਰ ਆ ਗਈ। ਇਸ ਘਟਨਾ ਦੀ ਜਾਂਚ ਕਰਨ ਲਈ ਸਮਾਜਵਾਦੀ ਪਾਰਟੀ ਦੀ ਇੱਕ ਟੀਮ ਪਿੰਡ ਵਿੱਚ ਗਈ ਸੀ ਉਸ ਟੀਮ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਡਾਕਟਰ ਸੁਨੀਲਮ ਦੱਸਦੇ ਹਨ ਕਿ ਹੁਣ ਲੜਕੀ ਦੀ ਮਾਂ ਨੂੰ ਧਮਕੀ ਦਿੱਤੀਆਂ ਜਾ ਰਹੀਆਂ ਹਨ। ਮ੍ਰਿਤਕ ਲੜਕੀ ਦੇ ਇੱਕ ਭਾਈ ਨੂੰ ਜ਼ਿਲ੍ਹੇ ਤੋਂ ਬਾਹਰ ਕੱਢਿਆ ਜਾ ਚੁੱਕਿਆ ਹੈ। ਦੂਸਰੇ ਲੜਕੇ ਨੂੰ ਪੁਲਿਸ ਅਧਿਕਾਰੀਆਂ ਦੀ ਧਮਕੀ ਮਿਲ ਚੁੱਕੀ ਹੈ। ਅੰਜਨਾ ਦੀ ਮਾਂ ਦਾ ਕਹਿਣਾ ਹੈ ਕਿ ਮੌਤ ਦੇ ਪਿੱਛੇ ਮੰਤਰੀ ਦਾ ਹੱਥ ਹੈ। ਅੰਜਨਾ ਦੀ ਉਮਰ ਸਿਰਫ 15 ਸਾਲ ਸੀ। ਨਾਬਾਲਗ ਦੇ ਨਾਲ ਛੇੜਛਾੜ ਕਰਨ ਵਾਲੇ ਦੋਸ਼ੀਆਂ ਤੇ ਕਾਇਦੇ ਨਾਲ ਪਾਸਕੋ ਦੇ ਤਹਿਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਸੀ। ਅਜਿਹਾ ਨਹੀਂ ਹੋਇਆ ਪਰ ਸ਼ਿਕਾਇਤ ਤੇ ਤੁਰੰਤ ਬਾਅਦ ਪਰਿਵਾਰ ਦੇ ਉਪਰ ਲੱਠਮਾਰਾਂ ਦਾ ਦਬਾਅ ਪੈਣਾ ਸ਼ੁਰੂ ਹੋ ਗਿਆ ਕਿ ਇਹ ਸਮਝੌਤਾ ਕਰ ਕੇ ਕੇਸ ਖਤਮ ਕਰ ਦੇਣ। ਅਗਸਤ 2019 ਦੀ ਅਜਿਹੀ ਹੀ ਇੱਕ ਘਟਨਾ ਵਿੱਚ ਇੱਕ ਨੇਤਾ ਨੂੰ ਸਜ਼ਾ ਹੋਈ ਪਰ ਬਾਅਦ ਵਿੱਚ ਫਿਰ ਉਹ ਬਰੀ ਵੀ ਹੋ ਗਿਆ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿੱਚ ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਸਵਾਮੀ ਚਿਮਨਾ ਨੰਦ ਤੇ ਟਰਸਟ ਵੱਲੋਂ ਚਲਾਏ ਜਾਂਦੇ ਕਾਲਜ ਵਿੱਚ ਕਾਨੂੰਨ ਦੀ ਪੜ੍ਹਾਈ ਕਰਨ ਵਾਲੀ 23 ਸਾਲ ਦੀ ਇੱਕ ਲੜਕੀ ਲਾਪਤਾ ਹੋ ਗਈ। ਲੜਕੀ ਨੇ ਇੱਕ ਵੀਡੀਓ ਪੋਸਟ ਕਰਕੇ ਚਿਮਨਾਨੰਦ ਤੇ ਸ਼ੋਸ਼ਣ ਕਰਨ ਦਾ ਦੋਸ਼ ਲਾਇਆ ਸੀ। ਸਵਾਮੀ ਨੂੰ ਗ੍ਰਿਫਤਾਰ ਤਾਂ ਕਰ ਲਿਆ ਗਿਆ ਪਰ ਸੁਆਮੀ ਨੇ ਉਲਟਾ ਪੀੜਤਾ ਅਤੇ ਉਹਦੇ ਦੋਸਤਾਂ ਤੇ ਪੰਜ ਕਰੋੜ ਰੁਪਏ ਦੀ ਫਰੌਤੀ ਦਾ ਦੋਸ਼ ਲਾ ਕੇ ਐਫਆਈਆਰ ਦਰਜ ਕਰਵਾ ਦਿੱਤੀ। ਇਸ ਤੇ ਚੱਲਦਿਆਂ ਪੀੜਤਾਂ ਨੂੰ ਦੋ ਮਹੀਨੇ ਜੇਲ ਵਿੱਚ ਲਾਉਣੇ ਪਏ। ਚਿਮਨਾਨੰਦ ਨੂੰ ਮਾਰਚ 2021 ਵਿੱਚ ਬਰੀ ਕਰ ਦਿੱਤਾ ਗਿਆ ਤੇ ਮਾਮਲਾ ਠੰਡੇ ਬਸਤੇ ਵਿੱਚ ਪੈ ਗਿਆ। ਅਪਰਾਧੀਆਂ ਦੇ ਅਜਿਹੇ ਬਚਾਅ ਪਿੱਛੇ ਬਹੁਗਿਣਤੀਵਾਦੀ ਸੱਤਾ, ਪਿਤਰਸੱਤਾ ਤੇ ਰਾਜ ਸੱਤਾ ਦੇ ਵਿੱਚ ਗੱਠਜੋੜ ਸਾਹਮਣੇ ਆਉਂਦਾ ਹੈ। ਗੁਜਰਾਤ ਵਿੱਚ 2022 ਵਿੱਚ ਬਿਲੀਕਸ ਬਾਨੋ ਦੇ ਨਾਲ ਹੋਇਆ। ਸਮੂਹਕ ਬਲਾਤਕਾਰ ਇਸ ਦੀ ਨੰਗੀ ਚਿੱਟੀ ਮਿਸਾਲ ਹੈ। ਬਲਾਤਕਾਰ ਅਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਦੇ ਜੁਲਮ ਵਿੱਚ ਉਮਰ ਕੈਦ ਦੀ ਸਜ਼ਾ ਪਾਈ ਬੈਠੇ 11 ਮੁਲਜ਼ਮਾਂ ਨੂੰ 15 ਅਗਸਤ 2022 ਨੂੰ ਜੇਲ ਤੋਂ ਰਿਹਾ ਕਰ ਦਿੱਤਾ ਗਿਆ। ਬਾਹਰ ਆਉਣ ਤੇ ਉਹਨਾਂ ਦਾ ਮਠਿਆਈਆਂ ਦੇ ਨਾਲ ਸਵਾਗਤ ਕੀਤਾ ਗਿਆ। ਭਾਜਪਾ ਦੇ ਵਿਧਾਇਕ ਸੀ ਕੇ ਰਾਹੁਲਜੀ ਨੇ ਉਹਨਾਂ ਨੂੰ ਬ੍ਰਾਹਮਣ ਅਤੇ ਸੰਸਕਾਰੀ ਦੱਸਿਆ। ਰਾਹੁਲ ਜੀ ਭਾਜਪਾ ਨੇਤਾਵਾਂ ਵਾਲੇ ਗੁਜਰਾਤ ਸਰਕਾਰ ਦੇ ਉਸ ਪੈਨਲ ਦਾ ਹਿੱਸਾ ਸਨ ਜਿਸ ਨੇ ਸਰਬਸੰਮਤੀ ਨਾਲ ਬਲਾਤਕਾਰੀਆਂ ਨੂੰ ਰਿਹਾ ਕਰਨ ਦਾ ਫੈਸਲਾ ਕੀਤਾ ਸੀ। ਸਾਬਕਾ ਚੀਫ ਜਸਟਿਸ ਰੰਜਨ ਗੋਗਈ ਅਤੇ ਤਹਿਲਕਾ ਪੱਤਰਕਾਰ ਦੇ ਪ੍ਰਧਾਨ ਸੰਪਾਦਕ ਤਰੁਣ ਤੇਜਪਾਲ ਨੂੰ ਅਜਿਹੇ ਹੀ ਮਾਮਲੇ ਵਿੱਚੋਂ ਬਰੀ ਕੀਤਾ ਜਾਣਾ ਸੰਸਥਾਪਕ ਸੁਰਪ੍ਰਸਤੀ ਦੀ ਮਿਸਾਲ ਹੈ। ਦਸੰਬਰ 2023 ਵਿੱਚ ਉੱਤਰ ਪ੍ਰਦੇਸ਼ ਵਿੱਚ ਇੱਕ ਮਹਿਲਾ ਸਿਵਲ ਜੱਜ ਨੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਆਤਮਦਾਹ ਕਰਨ ਦੀ ਇੱਛਾ ਜਾਹਰ ਕੀਤੀ ਸੀ ਕਿਉਂਕਿ ਇੱਕ ਜਿਲ੍ਹਾ ਜੱਜ ਦੇ ਖਿਲਾਫ ਉਹ ਸਿਰਫ ਐਫਆਈਆਰ ਦਰਜ ਕਰਾਉਣ ਦੇ ਲਈ ਮਹੀਨਿਆਂ ਤੋਂ ਸੰਘਰਸ਼ ਕਰ ਰਹੀ ਸੀ। ਯਾਨੀ ਬਲਾਤਕਾਰੀਆਂ ਅਤੇ ਯੌਨ ਹਿੰਸਾ ਦੇ ਅਪਰਾਧੀਆਂ ਦੀ ਦੰਡਮੁਕਤੀ ਦਾ ਦਾਇਰਾ ਆਮ ਕੰਮਕਾਜੀ ਲੜਕੀਆਂ ਤੋਂ ਲੈ ਕੇ ਨਿਆਪਾਲਿਕਾ ਵਿੱਚ ਅਹੁਦੇ ਤੇ ਬਿਰਾਜਮਾਨ ਔਰਤਾਂ ਤੱਕ ਫੈਲਿਆ ਹੋਇਆ ਹੈ। ਬਲਾਤਕਾਰ ਵਿੱਚ ਔਰਤਾਂ ਦੀ ਜਾਤ, ਵਰਗ, ਰਿਹਾਇਸ਼, ਰਸੂਖ ਕੋਈ ਮਾਇਨੇ ਨਹੀਂ ਰੱਖਦੇ। ਬਲਾਤਕਾਰ ਦੇ ਮਾਮਲਿਆਂ ਵਿੱਚ ਦੰਡ ਦੀ ਘੱਟ ਦਰ ਦੇ ਬਾਵਜੂਦ ਇਨਸਾਫ ਹੁੰਦੇ ਹਨ ਪਰ ਇਸ ਪਿੱਛੇ ਦੀ ਕਹਾਣੀ ਵੀ ਰਾਜ ਦੇ ਹੱਕ ਵਿੱਚ ਹੀ ਜਾਂਦੀ ਹੈ। ਇਸ ਦਾ ਇੱਕ ਚਿੰਤਾਜਨਕ ਪਹਿਲੂ ਇਹ ਹੈ ਕਿ ਬਲਾਤਕਾਰੀਆਂ ਦੇ ਲਈ ਮੌਤ ਦੀ ਸਜ਼ਾ ਮੰਗਣ ਵਾਲੇ ਲੋਕ ਅਕਸਰ ਮੁੱਠਭੇੜ ਦੇ ਨਾਮ 'ਤੇ ਕੀਤਿਆਂ ਜਾਣ ਵਾਲੀਆਂ ਹੱਤਿਆਵਾਂ ਦਾ ਜਸ਼ਨ ਮਨਾਉਂਦੇ ਦਿਸਦੇ ਹਨ। ਨਵੰਬਰ 2019 ਵਿੱਚ ਤਿਲੰਗਾਨਾ ਸਰਕਾਰ ਨੇ ਹੈਦਰਾਬਾਦ ਵਿੱਚ 26 ਸਾਲਾ ਇੱਕ ਮਹਿਲਾ ਪਸ਼ੂ ਡਾਕਟਰ ਤੇ ਯੌਨ ਜਬਰ ਦੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਸੀ। ਅਗਲੇ ਹੀ ਦਿਨ ਚਾਰੋਂ ਦੋਸ਼ੀਆਂ ਨੂੰ ਪੁਲਿਸ ਨੇ ਮੌਕਾ-ਏ-ਵਾਰਦਾਤ ਤੇ ਅਪਰਾਧ ਦਾ ਦ੍ਰਿਸ਼ ਦੁਬਾਰਾ ਬਣਾਉਣ ਦੇ ਦੌਰਾਨ ਮਾਰ ਦਿੱਤਾ। ਉਸ ਪਿੱਛੋਂ ਕੁਝ ਲੋਕਾਂ ਨੇ ਪੁਲਿਸ ਕਰਮਚਾਰੀਆਂ ਤੇ ਫੁੱਲ ਬਰਸਾਕੇ ਉਹਨਾਂ ਦੀ ਜੈ ਜੈ ਕਾਰ ਤੇ ਨਾਹਰੇ ਲਾਏ। ਇਸ ਕਥਿਤ ਮੁਕਾਬਲੇ ਦੀ ਜਾਂਚ ਦੇ ਲਈ ਸੁਪਰੀਮ ਕੋਰਟ ਵੱਲੋਂ ਨਿਆਂਮੂਰਤੀ ਵੀ ਐਸ ਸਿਰਪੁਰਕਰ ਨੇ ਬਾਅਦ ਵਿੱਚ ਇਹ ਸਿੱਟਾ ਕੱਢਿਆ ਕੇ ਪੁਲਿਸ ਨੇ ਜਾਣਬੁੱਝ ਕੇ ਦੋਸ਼ੀਆਂ ਤੇ ਗੋਲੀ ਚਲਾਈ ਸੀ 'ਤਾਂ ਕਿ ਉਹਨਾਂ ਦੀ ਮੌਤ ਹੋ ਜਾਵੇ।' ਮਹਿਲਾ ਸਮੂਹਾਂ ਦਾ ਇੱਕ ਮੰਚ ਵਿਮਨ ਅਗੇਂਸਟ ਸੈਕਸ਼ੂਅਲ ਵਾਅਲੈਂਸ (ਡਬਲਯੂਐਸਐਸ) ਕਹਿੰਦਾ ਹੈ ਕਿ ਔਰਤਾਂ ਵਿਰੁੱਧ ਅਪਰਾਧਾਂ ਵਿੱਚ ਪ੍ਰਤੀਕਿਰਿਆ ਵਜੋਂ ਕੀਤੀ ਜਾਣ ਵਾਲੀ ਮੁੱਠਭੇੜ ਦਾ ਜਸ਼ਨ ਰਾਜ ਦੇ ਹੰਕਾਰੀ ਹੋਣ ਵੱਲ ਧਿਆਨ ਭਟਕਾ ਦਿੰਦਾ ਹੈ। ਇਸ ਪ੍ਰਸੰਗ ਵਿੱਚ ਡਬਲਯੂਐਸਐਸ ਕਹਿੰਦਾ ਹੈ, 'ਇਕ ਬਸ ਡਰਾਈਵਰ ਦੀ ਫਾਂਸੀ ਅਤੇ ਹਤਿਆ ਦੀ ਮੰਗ ਕਰਨਾ ਤਾਂ ਆਸਾਨ ਹੈ ਪਰ ਉਹਨਾਂ ਬਾਪਾਂ, ਚਾਚਿਆਂ, ਭਾਈਆਂ, ਧਰਮ ਗੁਰੂਆਂ, ਸੁਰੱਖਿਆ ਬਲਾਂ ਅਤੇ ਸੈਨਾ ਦੇ ਜਵਾਨਾ ਦਾ ਕੀ ਜੋ ਬਿਨਾਂ ਕਿਸੇ ਸਜ਼ਾ ਦੇ ਡਰ ਤੋਂ ਸ਼ਰੇਆਮ ਬਲਾਤਕਾਰ ਜਾਰੀ ਰੱਖ ਰਹੇ ਹਨ, ਕਿਉਂਕਿ ਉਹਨਾਂ ਨੂੰ ਕਨੂੰਨੀ ਅਤੇ ਸਮਾਜਿਕ ਸ਼ਹਿ ਪ੍ਰਾਪਤ ਹੈ ? ਸਮੂਹਕ ਵਿਵੇਕ ਇਹੀ ਤਹਿ ਕਰਦਾ ਹੈ ਕਿ ਕਿਸ ਨੂੰ ਸਜ਼ਾ ਦਿੱਤੀ ਜਾਣੀ ਹੈ ਤੇ ਕਿਸ ਨੂੰ ਨਹੀਂ। ਯਾਨੀ ਝੁੱਗੀਵਾਸੀਆਂ ਅਤੇ ਮਜ਼ਦੂਰਾਂ ਨੂੰ, ਪਰ ਧਰਮਗੁਰੂਆਂ, ਅਧਿਆਪਕਾਂ, ਨਿਆਮੂਰਤੀਆਂ ਜਾਂ ਬਹੂਬਲੀਆਂ ਨੂੰ ਨਹੀਂ। ਪ੍ਰਸਿੱਧ ਨਾਰੀਵਾਦੀ ਤੇ ਸਮਾਜ ਸ਼ਾਸਤਰੀ ਰੰਜਨਾ ਪਾੜੀ ਲਿਖਦੀ ਹੈ 'ਇਹੀ ਸਮੂਹਕ ਵਿਵੇਕ ਬਲਾਤਕਾਰੀ ਨੂੰ ਇਸ ਦੇਸ਼ ਵਿੱਚ ਸੰਤ ਬਣਾ ਦਿੰਦਾ ਹੈ ਤੇ ਉਹ ਬੜੀ ਆਸਾਨੀ ਨਾਲ ਆਪਣੇ ਜੁਰਮ ਤੋਂ ਇਨਕਾਰ ਕਰ ਦਿੰਦਾ ਹੈ ਆਸਾਰਾਮ ਬਾਬੂ ਤੇ ਵੀ 2013 ਵਿੱਚ ਬਲਾਤਕਾਰ ਦਾ ਦੋਸ਼ ਲੱਗਿਆ ਸੀ ਅਤੇ ਉਸ ਨੂੰ ਦੋਸ਼ੀ ਵੀ 2018 ਵਿੱਚ ਠਹਿਰਾਇਆ ਗਿਆ ਪਰ ਇਸ ਦੌਰਾਨ ਉਸ ਦੇ ਚੇਲਿਆਂ ਨੇ ਦਿੱਲੀ ਤੇ ਜੰਤਰ ਮੰਤਰ ਆਦਿ ਥਾਵਾਂ ਤੇ ਧਰਨੇ ਦਿੱਤੇ। ਅਜਿਹੇ ਗੁਰੂ ਲੰਮੇ ਸਮੇਂ ਦੇ ਲਈ ਪੈਰੋਲ ਤੇ ਰਿਹਾ ਕਰ ਦਿੱਤੇ ਜਾਂਦੇ ਹਨ ਤੇ ਤਮਾਮ ਨੇਤਾ, ਮੰਤਰੀ ਤੇ ਨੌਕਰਸ਼ਾਹ ਖੁੱਲੇਆਮ ਉਹਨਾਂ ਨੂੰ ਮਿਲਣ ਪਹੁੰਚ ਜਾਂਦੇ ਹਨ। 'ਪਿਛੇ ਜਿਹੇ ਹੀ ਪੈਰੋਲ ਤੇ ਰਿਹਾ ਹੋਏ ਰਾਮਰਹੀਮ ਦਾ ਮਾਮਲਾ ਵੀ ਅਜਿਹਾ ਹੀ ਹੈ। ਰੰਜਨਾ ਕਹਿੰਦੀ ਹੈ 'ਮੌਜੂਦਾ ਸਮਾਜਿਕ ਤੇ ਸੱਭਿਆਚਾਰਕ ਵਾਤਾਵਰਨ ਵਿੱਚ ਅਜਿਹੀ ਸਮੂਹਕ ਵਿਵੇਕ ਨੂੰ ਨਕਲੀ ਤੌਰ 'ਤੇ ਘੜਿਆ ਜਾ ਰਿਹਾ ਹੈ। ਉਸ ਦੇ ਮੁਤਾਬਿਕ ਇਹ ਧੋਖਾ ਹਲਕੇ ਬਿਆਨਾਂ ਨਾਲ ਵੀ ਦਿੱਤਾ ਜਾਂਦਾ ਹੈ। ਜਿਵੇਂ ਨੇਤਾਵਾਂ ਦੇ ਬਿਆਨਾਂ ਵਿੱਚ ਬਲਾਤਕਾਰ ਦੇ ਕਾਰਨਾਂ ਵਿੱਚ ਫਟੀ ਹੋਈ ਜੀਨਜ਼ ਪਹਿਣਨ ਨੂੰ ਲੈ ਕੇ, ਚੌਮੀਨ ਖਾਣ ਤੱਕ ਨੂੰ ਦੱਸਿਆ ਜਾਂਦਾ ਹੈ। ਉੱਤਰ ਪ੍ਰਦੇਸ਼ ਦੇ ਮਹਿਲਾ ਕਮਿਸ਼ਨ ਦੀ ਇੱਕ ਮੈਂਬਰ ਨੇ ਵਧਦੇ ਹੋਏ ਯੌਨ ਮਾਮਲਿਆਂ ਦਾ ਮੁੱਖ ਕਾਰਨ ਮੋਬਾਈਲ ਫੋਨ ਨੂੰ ਮੰਨਿਆ। ਮੁਲਾਇਮ ਸਿੰਘ ਯਾਦਵ ਨੇ 2014 ਵਿੱਚ ਯੌਨ ਜਬਰ ਦੇ ਮਾਮਲਿਆਂ ਵਿੱਚ ਮੌਤ ਦੀ ਸਜ਼ਾ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਲੜਕਿਆਂ ਤੋਂ ਗਲਤੀਆਂ ਹੋ ਜਾਂਦੀਆਂ ਹਨ ਲੇਕਿਨ ਉਹਨਾਂ ਨੂੰ ਫਾਂਸੀ ਦੇਣ ਦੀ ਲੋੜ ਨਹੀਂ।

ਆਰਐਸਐਸ ਦੇ ਮੁਖੀ ਮੋਹਨ ਭਾਗਵਤ ਨੇ ਨਿਰਭਿਆ ਕਾਂਡ ਤੋਂ ਬਾਅਦ

ਕਿਹਾ ਸੀ ਕਿ ਇਸ ਤਰ੍ਹਾਂ ਦੇ ਅਪਰਾਧ ਕੇਵਲ ਅਰਬਨ ਇੰਡੀਆ ਵਿੱਚ ਹੁੰਦੇ ਹਨ ਭਾਰਤ ਵਿੱਚ ਨਹੀਂ, ਕਿਉਂਕਿ ਸ਼ਹਿਰਾਂ ਦੇ ਉੱਪਰ ਪਛਮੀ ਸੰਸਕ੍ਰਿਤੀ ਦਾ ਪ੍ਰਭਾਵ ਹੈ। ਅਕਸਰ ਪਿੰਡਾਂ, ਕਸਬਿਆਂ ਵਿੱਚ ਹੋਣ ਵਾਲੀ ਅਜਿਹੀਆਂ ਘਟਨਾਵਾਂ ਉਦੋਂ ਹੀ ਖਬਰ ਬਣਦੀਆਂ ਹਨ ਜਦ ਪੀੜਤ ਨੂੰ ਹਵਾਈ ਮਾਰਗ ਰਾਹੀਂ ਦਿੱਲੀ ਤੋਂ ਕਿਸੇ ਹਸਪਤਾਲ ਤੱਕ ਪਹੁੰਚਾਇਆ ਜਾਂਦਾ ਹੈ। ਜਿਹੋ ਜਿਹਾ ਹਾਥਰਸ ਕਾਂਡ ਵਿੱਚ ਹੋਇਆ। ਹੁਣ ਹਸਪਤਾਲ ਵਿੱਚ ਵੀ ਔਰਤਾਂ ਸੁਰੱਖਿਅਤ ਨਹੀਂ ਹਨ। ਬਦਲਾਪੁਰ ਦੇ ਸਕੂਲ ਵਿੱਚ ਛੋਟੀ ਬੱਚੀ ਦੇ ਨਾਲ ਬਲਾਤਕਾਰ ਹੋ ਰਿਹਾ ਹੈ, ਤਾਂ ਨੋਇਡਾ ਦੇ ਮੁਰਦਾਘਾਟ ਵਿੱਚ ਯੋਨ ਹਿੰਸਾ ਦਾ ਨੰਗਾ ਨਾਚ ਚੱਲ ਰਿਹਾ ਹੈ। ਸੱਤਾ ਦਾ ਪਲੇਗ ਵੀ ਬਲਾਤਕਾਰਾਂ ਦਾ ਵੱਡਾ ਕਾਰਨ ਹੈ।

ਕੋਲਕਾਤਾ ਦਾ ਆਰ. ਜੀ. ਕਰ ਹਸਪਤਾਲ ਮੈਡੀਕਲ ਇਲਾਜ ਦੇ ਖੇਤਰ ਵਿੱਚ ਬੰਗਲਾ ਪੁਨਰ ਜਾਗਰਣ ਦੀ ਇੱਕ ਮਹਾਨ ਸ਼ਖ਼ਸ਼ੀਅਤ ਡਾ ਰਾਧਾ ਗੋਬਿੰਦ ਕਰ ਦੇ ਨਾਂ ਤੇ ਹੈ। ਡਾਕਟਰ ਕਰ ਨੇ ਇਸ ਹਸਪਤਾਲ ਦੀ ਵਿਚਾਰਕ ਨੀਂਹ ਸਿਸਟਰ ਨਿਵੇਦਿਤਾ ਦੇ ਨਾਲ 1899 ਦੇ ਪਲੇਗ ਵਿੱਚ ਕੰਮ ਕਰਦੇ ਹੋਏ ਰੱਖੀ ਸੀ, ਜਦ ਉਹ ਕੋਲਕਾਤਾ ਚ ਸਰਕਾਰੀ ਸਿਹਤ ਅਧਿਕਾਰੀ ਹੋਇਆ ਕਰਦੇ ਸਨ। ਇੰਗਲੈਂਡ ਤੋਂ ਡਾਕਟਰੀ ਦੀ ਪੜ੍ਹਾਈ ਕਰਨਾ ਵਾਲੇ ਡਾਕਟਰ ਕਰ ਨੇ ਬੰਗਾਲ ਦੇ ਪਿੰਡਾਂ ਨੂੰ ਆਪਣੇ ਕੰਮ ਦੇ ਲਈ ਚੁਣਿਆ। ਹਸਪਤਾਲ ਖੋਹਲਣ ਲਈ ਉਹ ਵੱਡੇ ਲੋਕਾਂ ਦੀਆਂ ਸ਼ਾਦੀਆਂ ਵਿੱਚ ਚੰਦਾ ਇਕੱਠਾ ਕਰਨ ਲਈ ਜਾਣ ਲੱਗੇ। ਚੰਦੇ ਦੇ 25 ਹਜਾਰ ਰੁਪਏ ਅਤੇ ਆਪਣੀ ਸਾਰੀ ਜਾਇਦਾਦ ਵੇਚ ਕੇ ਜੁਟਾਈ ਰਕਮ ਨਾਲ ਉਹਨਾਂ ਨੇ ਬੇਲਗਛਿਆ ਵਿੱਚ 12 ਵਿਘੇ ਜਮੀਨ ਖਰੀਦੀ ਤਾਂ ਕਿ ਗਰੀਬਾਂ ਦੇ ਲਈ ਹਸਪਤਾਲ ਬਣ ਸਕੇ। ਕੁੱਲ 70 ਹਜਾਰ ਰੁਪਏ ਦੀ ਲਾਗਤ ਨਾਲ 30 ਬੈਡ ਦਾ ਹਸਪਤਾਲ ਬਣਾਇਆ ਗਿਆ। ਇਸ ਦਾ ਪਹਿਲਾ ਨਾਮ ਸੀ ਪ੍ਰਿੰਸ ਅਲਬਰਟ ਵਿਕਟਰ ਹਸਪਤਾਲ। ਬਾਅਦ ਵਿੱਚ ਇਹ ਬੈਲਗਛਿਆ ਮੈਡੀਕਲ ਕਾਲਜ ਤੋਂ ਹੁੰਦੇ ਹੋਏ ਕਾਰ ਮਾਈਕਲ ਮੈਡੀਕਲ ਕਾਲਜ ਬਣਿਆ ਅਤੇ ਆਜ਼ਾਦੀ ਪਿੱਛੋਂ ਉਸ ਦਾ ਨਾਂ ਆਰ ਜੀ ਕਰ ਪੈ ਗਿਆ। 1918 ਵਿੱਚ ਬਿਮਾਰੀ ਨਾਲ ਡਾਕਟਰ ਕਰ ਦੀ ਮੌਤ ਹੋਈ ਜਦ ਉਸ ਦੇ ਨਾਂ ਤੇ ਕੋਈ ਵੀ ਜਾਇਦਾਦ ਨਹੀਂ ਸੀ। ਆਪਣਾ ਘਰ ਤੱਕ ਵੀ ਉਹਨਾਂ ਨੇ ਮੈਡੀਕਲ ਕਾਲਜ ਨੂੰ ਦੇ ਦਿੱਤਾ ਸੀ ਅਜਿਹੇ ਸੰਤ ਆਦਮੀ ਦਾ ਬਣਾਇਆ ਹੋਇਆ ਕੈਂਪਸ ਅੱਜ ਅਨੈਤਿਕਤਾ, ਹਿੰਸਾ ਅਤੇ ਭ੍ਰਿਸ਼ਟਾਚਾਰ ਦੇ ਅੰਧੇਰੇ ਵਿੱਚ ਡੁੱਬਿਆ ਹੋਇਆ ਹੈ। ਤਾਂ ਇਸ ਦੇ ਕੁਝ ਅਜਿਹੇ ਕਾਰਨ ਹਨ, ਜਿਨ੍ਹਾਂ ਨੇ ਕੇਵਲ ਸਿਹਤ ਖੇਤਰ ਦੀ ਗੜਬੜ ਜਾਂ ਪੁਰਸ਼ ਸੱਤਾ ਦੇ ਕਾਰਨਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਦਰਅਸਲ ਰਾਜ ਸੱਤਾ ਦਾ ਮਾਮਲਾ ਹੈ।ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਾਈਟਸ ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਵਿੱਚ ਜਿੰਨੇ ਵੀ ਸੰਸਦ ਜਾਂ ਵਿਧਾਇਕ ਹਨ ਉਹਨਾਂ ਵਿੱਚੋਂ 151 ਦੇ ਖਿਲਾਫ ਔਰਤਾਂ ਖਿਲਾਫ ਜਿਣਸੀ ਹਿੰਸਾ ਦੇ ਜ਼ੁਰਮ ਤਹਿਤ ਕੇਸ ਦਰਜ ਹਨ। ਇਹਨਾਂ ਵਿੱਚ 16 ਸੰਸਦ ਹਨ ਅਤੇ 135 ਵਿਧਾਇਕਾਂ। ਸੂਚੀ ਦੇ ਸਿਖਰ ਤੇ 54 ਦੇ ਨਾਲ ਭਾਜਪਾ ਹੈ। ਉਸ ਤੋਂ ਬਾਅਦ ਕਾਂਗਰਸ 23 ਅਤੇ ਤੇਲਗੂ ਦੇਸ਼ਮ ਪਾਰਟੀ 17 ਹੈ। ਪਰ ਕਹਾਣੀ ਇੱਥੇ ਖਤਮ ਨਹੀਂ ਬਲਕਿ ਸ਼ੁਰੂ ਹੁੰਦੀ ਹੈ। ਇਸ ਸੂਚੀ ਵਿੱਚ ਰਾਜਾਂ ਦੇ ਹਿਸਾਬ ਨਾਲ ਦੇਖੀਏ ਤਾਂ ਔਰਤਾਂ ਤੇ ਅਪਰਾਧ ਦੇ ਸਭ ਤੋਂ ਜਿਆਦਾ ਦੋਸ਼ੀ ਲੋਕ ਨੁਮਾਇੰਦੇ ਪੱਛਮੀ ਬੰਗਾਲ ਤੋਂ ਆਉਂਦੇ ਹਨ। ਇਹ ਅਜਿਹਾ ਰਾਜ ਹੈ ਜਿਸ ਦੇ ਸੰਸਦਾਂ ਅਤੇ ਵਿਧਾਇਕਾਂ ਨੇ ਔਰਤਾਂ ਦੇ ਖਿਲਾਫ ਅਪਰਾਧ ਦੀ ਸਭ ਤੋਂ ਜ਼ਿਆਦਾ 25 ਮਾਮਲੇ ਆਪਣੇ ਹਲਫਨਾਮੇ ਵਿੱਚ ਦਿੱਤੇ ਹੋਏ ਹਨ। ਜਾਹਰ ਹੈ ਕਿ ਇੱਕ ਬਲਾਤਕਾਰ ਦੇ ਕੇਸ ਵਿੱਚ ਕੋਈ ਮੁੱਖ ਮੰਤਰੀ ਇਉਂ ਹੀ ਸੜਕ ਤੇ ਨਹੀਂ ਉਤਰਦਾ। ਡਾਕਟਰ ਕਰ ਤਾਂ ਸਮਾਜ ਦਾ ਪਲੇਗ ਸਾਫ ਕਰਨ ਦੇ ਲਈ ਸੜਕਾਂ ਤੇ ਉਤਰੇ ਸਨ। ਸਵਾਲ ਇਹ ਹੈ ਕਿ ਉਹਨਾਂ ਹੀ ਸੜਕਾਂ ਤੇ 125 ਸਾਲ ਬਾਅਦ ਮਮਤਾ ਬੈਨਰਜੀ ਕਿਹੜੇ ਪਲੇਗ ਦੇ ਡਰ ਨਾਲ 16 ਅਗਸਤ ਨੂੰ ਉੱਤਰੀ ?

# 'ਗਊ ਰੱਖਿਆ ਦਲ' ਅੰਨ੍ਹੀ ਕੌਮਵਾਦੀ ਫਾਸ਼ੀ ਮੁਹਿੰਮ ਦਾ ਹਥਿਆਰ

**ਸੁਖਦੇਵ**



ਗਊ ਰੱਖਿਆ ਦੇ ਨਾਂ 'ਤੇ ਆਪੇ ਸਜੇ ਗਊ ਰਾਖਿਆਂ ਵੱਲੋਂ ਮੁਸਲਮਾਨਾਂ 'ਤੇ ਹਮਲੇ ਅਤੇ ਕਤਲ ਹੁਣ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਭਾਵੇਂ ਕਿ ਇਸ ਵਰਤਾਰੇ ਦੀਆਂ ਜੜ੍ਹਾਂ 19ਵੀਂ ਸਦੀ ਦੇ ਪਿਛਲੇ ਅੱਧ ਤੱਕ ਜਾਂਦੀਆਂ ਹਨ, ਪਰ ਭਾਰਤ ਵਿੱਚ ਭਾਜਪਾ ਅਤੇ ਆਰਐਸਐਸ ਦੀ ਅਗਵਾਈ ਵਿੱਚ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਸ ਵਿੱਚ ਤੇਜੀ ਨਾਲ਼ ਵਾਧਾ ਹੋਇਆ ਹੈ। ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਭਾਜਪਾ ਦੀਆਂ ਫਿਰਕੂ ਮੁਹਿੰਮਾਂ ਸਿਰਫ ਵੋਟਾਂ ਹਾਸਲ ਕਰਨ ਲਈ ਹਿੰਦੂ-ਮੁਸਲਿਮ ਕਤਾਰਬੰਦੀ ਨੂੰ ਤੇਜ ਕਰਨ ਦੇ ਮਕਸਦ ਨਾਲ਼ ਵਿਉਂਤੀਆਂ ਜਾਂਦੀਆਂ ਹਨ। ਪਰ ਗੱਲ ਸਿਰਫ ਇੰਨੀ ਹੀ ਨਹੀਂ ਹੈ। ਮੁਸਲਮਾਨਾਂ ਦੀ ਵਧਦੀ ਅਬਾਦੀ ਦਾ ਤੱਥਾਂ-ਰਹਿਤ ਝੂਠਾ ਪ੍ਰਚਾਰ ਕਰਕੇ ਹਿੰਦੂਆਂ ਲਈ ਖਤਰੇ ਦਾ ਨਾਹਰਾ, ਲਵ ਜਿਹਾਦ ਦਾ ਹਊਆ, ਕੌਮੀ ਨਾਗਰਿਕ ਰਜਿਸਟਰ, ਨਾਗਰਿਕਤਾ ਸੋਧ ਬਿਲ, ਧਾਰਾ 370 ਨੂੰ ਹਟਾਉਣ ਆਦਿ ਕਈ ਤਰੀਕਿਆਂ ਨਾਲ਼, ਫਿਰਕੂ ਕਤਾਰਬੰਦੀ ਪੈਦਾ ਕਰਕੇ, ਮੁਲਕ ਦੀ ਕਿਰਤੀ ਅਬਾਦੀ ਵਿੱਚ ਵੰਡੀਆਂ ਪਾਈਆਂ ਜਾਂਦੀਆਂ ਹਨ। ਪਰ ਹਕੀਕਤ ਵਿੱਚ ਇਹ ਕਾਰਵਾਈਆਂ ਸਿਰਫ ਵੋਟਾਂ ਹਾਸਲ ਕਰਨ ਤੱਕ ਹੀ ਸੀਮਤ ਨਹੀਂ ਹਨ। ਅੰਨ੍ਹੇ ਕੌਮਵਾਦੀ ਪਾਗਲਪਨ ਦੇ ਪ੍ਰਚਾਰ ਨਾਲ਼ ਨਾ ਸਿਰਫ ਗਵਾਂਢੀ ਮੁਲਕਾਂ ਖਿਲਾਫ ਨਫਰਤ ਭੜਕਾਈ ਜਾਂਦੀ ਹੈ ਸਗੋਂ ਇਸੇ ਦੇ ਬਹਾਨੇ ਮੁਲਕ ਦੀਆਂ ਘੱਟ ਗਿਣਤੀਆਂ ਅਤੇ ਖਾਸ ਕਰਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸੰਘ ਪਰਿਵਾਰ ਵੱਲੋਂ ਚਲਾਈ ਜਾ ਰਹੀ ਫਾਸ਼ੀਵਾਦੀ ਮੁਹਿੰਮ ਦੌਰਾਨ ਵਰਤੇ ਜਾਣ ਵਾਲ਼ੇ ਉੱਪਰ ਦੱਸੇ ਗਏ ਵਿਚਾਰਧਾਰਕ ਹਥਿਆਰਾਂ ਵਾਂਗ, ਗਊ ਰੱਖਿਆ ਦਲਾਂ ਦੀਆਂ ਸਰਗਰਮੀਆਂ ਵੀ ਫਾਸ਼ੀਵਾਦੀ ਮੁਹਿੰਮ ਦਾ ਹਥਿਆਰ ਹਨ।

**ਤਾਜੀਆਂ ਫਿਰਕੂ ਨਫਰਤੀ ਘਟਨਾਵਾਂ** : ਲੰਘੇ ਦਿਨੀ ਹਰਿਆਣੇ ਦੇ ਚਰਖੀ ਦਾਦਰੀ ਅਤੇ ਫਰੀਦਾਬਾਦ ਵਿੱਚ ਦੋ ਨੌਜਵਾਨਾਂ ਦੇ ਕਤਲ ਅਤੇ ਮਹਾਰਾਸ਼ਟਰ ਵਿੱਚ ਰੇਲ ਗੱਡੀ ਦੀ ਯਾਤਰਾ ਕਰ ਰਹੇ ਬਜੁਰਗ ਮੁਸਲਮਾਨ ਦੀ ਕੁੱਟ-ਮਾਰ ਨਾਲ਼ ਗਊ ਰੱਖਿਆ ਦਲ ਇੱਕ ਵਾਰ ਫਿਰ ਚਰਚਾ ਵਿੱਚ ਆ ਗਏ ਹਨ। ਪੱਛਮੀ ਬੰਗਾਲ ਦਾ ਇੱਕ ਪ੍ਰਵਾਸੀ ਮਜਦੂਰ ਸਾਬਿਰ, ਚਰਖੀ ਦਾਦਰੀ ਵਿੱਚ ਕਬਾੜ ਦਾ ਕੰਮ ਕਰਕੇ ਆਪਣੀ ਰੋਜੀ ਰੋਟੀ ਕਮਾ ਰਿਹਾ ਸੀ। ਗਊ ਗੁੰਡਿਆਂ ਦੀ ਭੂਤਰੀ ਭੀੜ ਨੇ ਗਊ ਮਾਸ ਖਾਣ ਦੇ ਸ਼ੱਕ 'ਤੇ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਇੱਥੇ ਸਾਫ ਕਰ ਦਈਏ ਕਿ ਗਊ ਮਾਸ ਮਿਲ਼ਣ 'ਤੇ ਨਹੀਂ, ਸਿਰਫ ਇਸ ਸ਼ੱਕ 'ਤੇ ਕਿ ਉਸਨੇ ਗਊ ਮਾਸ ਖਾਧਾ ਹੋਵੇਗਾ ਉਸਦੀ ਲਿੰਚਿੰਗ ਕਰ ਦਿੱਤੀ ਗਈ। ਬੇਰਹਿਮੀ ਨਾਲ਼ ਕੁੱਟ-ਮਾਰ ਕਰਦੇ ਹੋਏ, ਭੀੜ ਗਊ ਮਾਸ ਖਾਣ ਦੀ ਗੱਲ ਕਬੂਲਣ ਲਈ ਉਸ ਨੂੰ ਮਜਬੂਰ ਕਰਦੀ ਹੈ। ਦੂਜੀ ਵੱਡੀ ਘਟਨਾ ਫਰੀਦਾਬਾਦ ਦੀ ਹੈ ਜਿੱਥੇ 12ਵੀਂ 'ਚ ਪੜ੍ਹਦਾ ਇੱਕ ਲੜਕਾ ਬਜਾਰ ਵਿੱਚੋਂ ਮੈਗੀ ਖਾ ਕੇ ਆਪਣੀ ਕਾਰ ਵਿੱਚ ਘਰ ਪਰਤ ਰਿਹਾ ਸੀ ਜਿੱਥੇ ਪੰਜ ਗਊ ਗੁੰਡੇ ਉਸ ਦੀ ਕਾਰ ਦਾ ਪਿੱਛਾ ਕਰਦੇ ਹਨ। ਉਹ ਡਰ ਦਾ ਮਾਰਿਆ ਕਾਰ ਭਜਾ ਲੈਂਦਾ ਹੈ। ਪਰ ਕਾਤਲ ਅੱਗੇ ਚੱਲ ਕੇ ਉਸ ਨੂੰ ਘੇਰ ਲੈਂਦੇ ਹਨ ਅਤੇ ਮਾਰ ਦਿੰਦੇ ਹਨ। ਕਾਤਲਾਂ ਦੇ ਕਹਿਣ ਮੁਤਾਬਕ ਉਹਨਾਂ ਨੂੰ ਸ਼ੱਕ ਸੀ ਕਿ ਇਹ ਗਊ ਸਮੱਗਲਰਾਂ ਦਾ ਸਾਥੀ ਹੈ। ਇਸ ਨੌਜਵਾਨ ਲੜਕੇ ਦਾ ਨਾਂ ਆਰੀਅਨ ਮਿਸ਼ਰਾ ਸੀ। ਇਹ ਪਤਾ ਲੱਗਣ 'ਤੇ ਅਪਰਾਧੀਆਂ ਦਾ ਬਿਆਨ ਆਉਂਦਾ ਹੈ ਕਿ ਸਾਨੂੰ ਗਲਤੀ ਨਾਲ਼ ਬ੍ਰਾਹਮਣ ਨੌਜਵਾਨ ਦੇ ਕਤਲ ਦਾ ਅਫਸੋਸ ਹੈ। ਜਿਵੇਂ ਕਿ ਜੇ ਮੁਸਲਮਾਨ ਹੁੰਦਾ ਤਾਂ ਉਹਨਾਂ ਨੂੰ ਮਾਰਨ ਦਾ ਹੱਕ ਹਾਸਲ ਸੀ। ਇਸ ਤੋਂ ਬਿਨਾਂ ਮਹਾਰਾਸ਼ਟਰ ਵਿੱਚ ਰੇਲ ਗੱਡੀ ਵਿੱਚ ਸਫਰ ਕਰ ਰਹੇ 72 ਸਾਲਾ ਬਜੁਰਗ ਹਾਜੀ ਅਸ਼ਰਫ ਅਲੀ ਦੀ ਭੀੜ ਵੱਲੋਂ ਮਾਰ ਕੁਟਾਈ ਦਾ ਕਾਰਨ ਇਹ ਸੀ ਕਿ ਉਸਦੇ ਡੱਬੇ ਵਿੱਚ ਮਾਸ ਸੀ। ਉਸ ਨੇ ਬਾਅਦ ਵਿੱਚ ਦੱਸਿਆ ਕਿ ਉਸ ਦੇ ਡੱਬੇ ਵਿੱਚ ਗਾਂ ਦਾ ਮਾਸ ਨਹੀਂ ਸੀ ਸਗੋਂ ਮੱਝ ਦਾ ਮਾਸ ਸੀ ਜਿਸ ਦੀ ਵਿੱਕਰੀ ਭਾਰਤ ਵਿੱਚ ਪੂਰੀ ਤਰ੍ਹਾਂ ਕਨੂੰਨੀ ਹੈ। ਉਹ ਆਪਣੀਆਂ ਧੀਆਂ ਲਈ ਇਹ ਲੈ ਕੇ ਆਇਆ ਸੀ। ਇੱਥੇ ਵਿਸ਼ੇਸ਼ ਗੱਲ ਇਹ ਹੈ ਕਿ ਉਸ ਦੀ ਮਾਰ ਕੁਟਾਈ ਕਰਨ ਵਾਲ਼ੇ ਮੁੰਡੇ ਪੁਲਿਸ ਭਰਤੀ ਵਿੱਚ ਦਾਖਲੇ ਦਾ ਇਮਤਿਹਾਨ ਦੇਣ ਜਾ ਰਹੇ ਸਨ। ਦੂਜੇ ਪਾਸੇ ਸਾਡੇ ਮੁਲਕ ਵਿੱਚ ਮੁਸਲਮਾਨ ਇਸ ਹੱਦ ਤੱਕ ਡਰੇ ਹੋਏ ਹਨ ਕਿ ਉਸ ਬਜੁਰਗ ਨੇ ਘਰ ਆ ਕੇ ਦੱਸਿਆ ਤੱਕ ਨਹੀਂ ਕਿ ਉਸ ਨੂੰ ਭੂਤਰੀ ਭੀੜ ਨੇ ਕੁੱਟਿਆ ਅਤੇ ਬੇਇਜਤ ਕੀਤਾ ਹੈ। ਉਸ ਨੇ ਕਿਹਾ ਕਿ ਉਹ ਡਿੱਗ ਗਿਆ ਸੀ। ਇਹ ਤਾਂ ਅਗਲੇ ਦਿਨ ਵੀਡੀਓ ਵਾਇਰਲ ਹੋਣ 'ਤੇ ਇਸ ਖਬਰ ਦਾ ਘਰਦਿਆਂ ਨੂੰ ਪਤਾ ਲੱਗਿਆ। ਇਸ ਅਖੌਤੀ ਅਜਾਦ ਭਾਰਤ ਦੇ ਨਾਗਰਿਕ ਦੀ ਇਹ ਬੇਬਸੀ, ਹਰੇਕ ਜਾਗਦੀ ਜਮੀਰ ਵਾਲ਼ੇ ਇਨਸਾਨ ਨੂੰ ਝੰਝੋੜ ਦਿੰਦੀ ਹੈ। ਇਹਨਾਂ ਘਟਨਾਵਾਂ ਦਾ ਸ਼ਰਮਨਾਕ ਪੱਖ ਇਹ ਹੈ ਕਿ ਹਰਿਆਣੇ ਦਾ ਮੁੱਖ ਮੰਤਰੀ ਬਿਆਨ ਦਿੰਦਾ ਹੈ ਕਿ ਸਾਡੇ ਸੂਬੇ ਵਿੱਚ ਗਊ ਦੇ ਮਾਮਲੇ ਵਿੱਚ ਲੋਕ ਬਹੁਤ ਸੰਵੇਦਨਸ਼ੀਲ ਹਨ ਅਤੇ ਇਸ ਤਰ੍ਹਾਂ ਦੀ ਖਬਰ ਮਿਲ਼ਣ 'ਤੇ ਉਹਨਾਂ ਨੂੰ ਕੋਈ ਵੀ ਰੋਕ ਨਹੀਂ ਸਕਦਾ। ਉਸ ਨੂੰ ਲਿੰਚਿੰਗ ਅਤੇ ਨੌਜਵਾਨਾਂ ਦੇ ਕਤਲਾਂ ਬਾਰੇ ਕੋਈ ਚਿੰਤਾ ਨਹੀਂ ਸੀ। ਇਹ ਅਸਿੱਧੇ ਰੂਪ ਵਿੱਚ ਕਾਤਲਾਂ ਨੂੰ ਸ਼ਹਿ ਦੇਣ ਦੇ ਬਰਾਬਰ ਹੈ।

**ਗਊ ਰੱਖਿਆਕ ਦਲਾਂ ਦੀ ਕਾਰਗੁਜਾਰੀ** : ਇਹ ਘਟਨਾਵਾਂ ਸਿਰਫ ਗਊ ਪ੍ਰੇਮੀਆਂ ਦੇ ਅਚਾਨਕ ਗੁੱਸੇ ਦੀ ਪ੍ਰਤੀਕਿਰਿਆ ਨਹੀਂ ਹਨ। ਸਗੋਂ ਪਿਛਲੇ ਸਮੇਂ ਦੌਰਾਨ ਯੋਜਨਾਬੱਧ ਢੰਗ ਨਾਲ਼ ਸਰਕਾਰੀ ਸਰਪਰਸਤੀ ਹੇਠ ਵਧ ਫੁੱਲ ਰਹੀਆਂ ਹਨ। ਹਰਿਆਣੇ ਵਿੱਚ ਗਊ ਰੱਖਿਅਕ ਦਲ ਬਣੇ ਹੋਏ ਹਨ। ਜੋ ਗਾਹੇ ਬਗਾਹੇ, ਗਊ ਪਾਲਕਾਂ ਅਤੇ ਕਿਸਾਨਾਂ ਤੋਂ ਪੈਸੇ ਉਗਰਾਹੁੰਦੇ ਹਨ, ਜਦੋਂ ਕਿਤੇ ਉਹ ਗਾਵਾਂ ਖਰੀਦ ਕੇ ਲਿਆਉਂਦੇ ਹਨ। ਸਰਕਾਰ ਨੂੰ ਗਊ ਦੇ ਨਾਂ 'ਤੇ ਕੀਤੀ ਜਾਣ ਵਾਲ਼ੀ ਵਸੂਲੀ, ਗੁੰਡਾਗਰਦੀ ਅਤੇ ਕਤਲਾਂ ਦੀ ਪਰਵਾਹ ਨਹੀਂ ਹੈ ਸਗੋਂ ਉਲਟਾ ਗਊ ਰੱਖਿਆ ਲਈ ਕਨੂੰਨ ਬਣਾਉਣ ਦਾ ਫਿਕਰ ਹੈ। ਗਊਆਂ ਪਾਲਣ ਲਈ ਵੇਚ ਖਰੀਦ ਕਰਨ ਵਾਲ਼ੇ, ਨਿਰਦੋਸ਼ ਪਸ਼ੂ ਪਾਲਕਾਂ ਦੇ ਕਤਲਾਂ ਦੀ ਕੋਈ ਫਿਕਰ ਨਹੀਂ ਹੈ। 2015 ਵਿੱਚ 'ਗਊ ਰੱਖਿਆ ਕਨੂੰਨ' ਪ੍ਰਵਾਨ ਕੀਤਾ ਗਿਆ ਸੀ। ਜਦੋਂ ਕਿ ਹਰਿਆਣਾ ਵਿੱਚ ਹਿੰਦੂ ਅਤੇ ਮੁਸਲਮਾਨ ਸਦੀਆਂ ਤੋਂ ਪਸ਼ੂ ਪਾਲਣ ਦਾ ਕੰਮ ਕਰ ਰਹੇ ਹਨ। ਹਰਿਆਣਾ ਦੁਨੀਆਂ ਭਰ ਵਿੱਚ ਦੁੱਧ ਘਿਓ ਲਈ ਮਸ਼ਹੂਰ ਹੈ। ਗਊਆਂ ਪਾਲਣ ਦਾ ਕੰਮ ਹਰਿਆਣਾ ਵਿੱਚ ਇੱਕ ਮਹੱਤਵਪੂਰਨ ਕਿੱਤਾ ਹੈ। ਗਊ ਰੱਖਿਆ ਦੇ ਨਾਂ 'ਤੇ ਬਣਨ ਵਾਲ਼ੇ ਕਨੂੰਨਾਂ ਅਤੇ ਗਊ ਰੱਖਿਕਿਆਂ ਦੀਆਂ ਕਾਰਵਾਈਆਂ ਦੇ ਡਰ ਕਾਰਨ ਪਸ਼ੂ ਪਾਲ ਕੇ ਗੁਜਾਰਾ ਕਰਨ ਵਾਲ਼ੇ ਕਿਰਤੀਆਂ ਵਿੱਚ ਸਹਿਮ ਦਾ ਮਹੌਲ ਬਣਦਾ ਹੈ, ਖਾਸ ਕਰਕੇ ਮੁਸਲਮਾਨ ਕਿਰਤੀਆਂ ਵਿੱਚ। ਇਨ੍ਹਾਂ ਗਊ ਰਾਖਿਆਂ ਨੂੰ, ਭੁੱਖੀਆਂ ਮਰਦੀਆਂ, ਗੰਦ ਮੰਦ ਅਤੇ ਪਲਾਸਟਿਕ ਦੇ ਲਿਫਾਫੇ ਖਾਂਦੀਆਂ ਗਾਵਾਂ ਕਦੀ ਨਜਰ ਨਹੀਂ ਆਈਆਂ ਹਨ। ਨਾ ਹੀ ਇਹਨਾਂ ਦਾ ਧਿਆਨ, ਕਦੀ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰਦੇ ਅਵਾਰਾ ਗਾਵਾਂ ਦੇ ਝੁੰਡਾਂ ਵੱਲ ਗਿਆ ਹੈ। ਇੱਕ ਗਊ ਰੱਖਿਅਕ ਮੁਤਾਬਕ ਹਰਿਆਣਾ ਵਿੱਚ ਇਹਨਾਂ ਗਊ ਰਾਖਿਆਂ ਦੀ ਗਿਣਤੀ 1500 ਦੇ ਕਰੀਬ ਹੈ। ਇਹਨਾਂ ਨੇ ਅੱਗੋਂ ਪਿੰਡਾਂ ਵਿੱਚ ਸੂਹੀਏ ਰੱਖੇ ਹੋਏ ਹਨ ਜਿਨ੍ਹਾਂ ਦੀ ਸੂਚਨਾ ਤੇ ਗਊ ਰੱਖਿਅਕ ਦਲ ਕਾਰਵਾਈ ਕਰਦੇ ਹਨ। ਇਸ ਤੋਂ ਬਿਨਾਂ ਸੰਘ ਪਰਿਵਾਰ ਦੀਆਂ ਕਈ ਹੋਰ ਜਥੇਬੰਦੀਆਂ ਇਹਨਾਂ ਦੀ ਸਹਾਇਤਾ ਕਰਦੀਆਂ ਹਨ। ਇਹ ਬਜਰੰਗ ਦਲ, ਗਊ ਰੱਖਿਆ ਦਲ ਅਤੇ ਗੌ ਪੁੱਤਰ ਸੈਨਾ ਆਦਿ ਨਾਵਾਂ ਹੇਠ ਕੰਮ ਕਰਦੇ ਹਨ। ਹਕੀਕਤ ਵਿੱਚ ਇਹ ਯੋਜਨਾਬੱਧ ਢੰਗ ਨਾਲ਼ ਫੈਲਾਇਆ ਗਿਆ ਜਾਲ ਹੈ। ਇਹਨਾਂ ਦਾ ਕਹਿਣਾ ਹੈ ਕਿ ਇਹਨਾਂ ਨੂੰ ਸਰਕਾਰੀ ਮਸ਼ੀਨਰੀ 'ਤੇ ਕੋਈ ਭਰੋਸਾ ਨਹੀਂ ਹੈ। ਇਹ ਖੁਦ ਨਾਕੇ ਲਾ ਕੇ ਪਸ਼ੂਆਂ ਦੀ ਢੁਹਾਈ ਕਰਦੇ ਵਾਹਨਾਂ ਦੀ ਤਲਾਸ਼ੀ ਦੇ ਨਾਂ 'ਤੇ ਪੈਸੇ ਵਸੂਲਦੇ ਹਨ। ਬਦਕਿਸਮਤੀ ਨਾਲ਼ ਜੇ ਉਹ ਮੁਸਲਮਾਨ ਹੋਣ ਤਾਂ ਉਹਨਾਂ ਦੀ ਮਾਰ ਕਟਾਈ ਅਤੇ ਕਤਲ ਤੱਕ ਕਰਦੇ ਹਨ। ਲੋੜ ਪੈਣ 'ਤੇ ਪੁਲਿਸ ਨੂੰ ਸੂਚਨਾ ਵੀ ਦਿੰਦੇ ਹਨ। 2017 ਵਿੱਚ ਹਰਿਆਣਾ ਸਰਕਾਰ ਨੇ 'ਹਰਿਆਣਾ ਗਊ ਸੇਵਾ ਆਯੋਗ' ਦੀ ਸਥਾਪਨਾ ਕੀਤੀ ਸੀ। ਫਿਰ 2021 ਵਿੱਚ 'ਸਪੈਸ਼ਲ ਗਊ ਰੱਖਿਆ ਟਾਸਕ ਫੋਰਸ' ਵੀ ਕਾਇਮ ਕੀਤੀ ਗਈ ਸੀ। ਪਿਛਲੇ ਕਈ ਸਾਲਾਂ ਤੋਂ ਹਰਿਆਣਾ, ਰਾਜਸਥਾਨ ਅਤੇ ਮੁਲਕ ਦੇ ਹੋਰ ਹਿੱਸਿਆਂ ਵਿੱਚ ਗਊ ਦੇ ਨਾਂ 'ਤੇ ਕੀਤੇ ਜਾਣ ਵਾਲ਼ੇ ਕਤਲਾਂ ਦੀ ਸੂਚੀ ਬਹੁਤ ਲੰਬੀ ਬਣ ਜਾਂਦੀ ਹੈ। ਹਰਿਆਣੇ ਵਿੱਚ ਹੀ ਦੋ ਮੁਸਲਮਾਨ ਪਸ਼ੂ ਵਪਾਰੀਆਂ ਦੀ ਗੱਡੀ ਨੂੰ ਅੱਗ ਲਾ ਕੇ ਜਿਉਂਦੇ ਸਾੜ ਦਿੱਤਾ ਗਿਆ ਸੀ। ਨੂਹ ਵਿੱਚ ਜਲ ਅਭਿਸ਼ੇਕ ਯਾਤਰਾ ਦੇ ਨਾਂ 'ਤੇ ਮੁਸਲਮਾਨਾਂ ਵਿਰੁੱਧ ਹਮਲੇ ਅਤੇ ਫਿਰਕੂ ਹਿੰਸਾ ਭੜਕਾਉਣ ਤੋਂ ਬਾਅਦ ਖੱਟੜ ਸਰਕਾਰ ਨੇ ਅਨੇਕਾਂ ਬੇਕਸੂਰ ਮੁਸਲਮਾਨਾਂ ਦੇ ਘਰ ਬੁਲਡੋਜਰ ਨਾਲ਼ ਮਿੱਟੀ ਵਿੱਚ ਮਿਲ਼ਾ ਦਿੱਤੇ ਸਨ। ਸਰਕਾਰ, ਪੁਲਿਸ ਅਤੇ ਅਦਾਲਤਾਂ ਦਾ ਇਹਨਾਂ ਗਊ ਰਾਖਿਅਕਾਂ ਨੂੰ ਕੋਈ ਡਰ ਨਹੀਂ ਹੈ। ਪਹਿਲੀ ਗੱਲ ਕਿ ਭਾਜਪਾ ਆਗੂਆਂ ਦੀ ਸਰਪ੍ਰਸਤੀ ਕਾਰਨ ਪੁਲਿਸ ਮੁਕੱਦਮੇ ਦਰਜ ਹੀ ਨਹੀਂ ਕਰਦੀ ਹੈ। ਜੇ ਕਰਨਾ ਪੈ ਵੀ ਜਾਵੇ ਤਾਂ ਕਮਜੋਰ ਧਾਰਾਵਾਂ ਲਾ ਕੇ ਮੁਜਰਮਾਂ ਦੀ ਫੌਰੀ ਰਿਹਾਈ ਦੀ ਗੁੰਜਾਇਸ਼ ਬਣਾ ਦਿੰਦੀ ਹੈ। ਕਈ ਵਾਰ ਗਊ ਰੱਖਿਆ ਕਨੂੰਨ ਤਹਿਤ ਪੀੜਤ ਧਿਰ ਵਿਰੁੱਧ ਹੀ ਮੁਕੱਦਮਾ ਦਰਜ ਕਰ ਲਿਆ ਜਾਂਦਾ ਹੈ। ਫਿਰ ਵੀ ਜੇ ਕਿਤੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਦਬਾਅ ਨਾਲ਼ ਗੱਲ ਅਦਾਲਤ ਤੱਕ ਪਹੁੰਚ ਹੀ ਜਾਵੇ ਤਾਂ ਅਦਾਲਤਾਂ ਦੇ ਨਿਆਂ ਵਿੱਚ ਵੀ ਮੁਸਲਮਾਨਾਂ ਅਤੇ ਦਲਿਤਾਂ ਨਾਲ਼ ਹੋਣ ਵਾਲ਼ਾ ਵਿਤਕਰਾ ਜੱਗ ਜਾਹਰ ਹੈ। ਇਹ ਅਖੌਤੀ ਗਊ ਰਾਖੇ ਦੱਸਦੇ ਹਨ ਕਿ ਉਹ ਪਛਾਣ ਪੱਤਰ ਵੀ ਜਾਰੀ ਕਰਦੇ ਹਨ। ਉਹਨਾਂ ਦੇ ਕਹਿਣ ਮੁਤਾਬਿਕ ਇਹਨਾਂ ਪਛਾਣ ਪੱਤਰਾਂ ਨੂੰ ਟੋਲ ਪਲਾਜੇ ਅਤੇ ਪੁਲਿਸ ਵਾਲ਼ੇ ਵੀ ਮਾਨਤਾ ਦਿੰਦੇ ਹਨ। ਭਾਵੇਂ ਕਿ ਸਰਕਾਰੀ ਤੌਰ 'ਤੇ ਇਹਨਾਂ ਪਛਾਣ ਪੱਤਰਾਂ ਨੂੰ ਮਾਨਤਾ ਦੇਣ ਦੀ ਪੁਸ਼ਟੀ ਨਹੀਂ ਹੋਈ ਹੈ। ਇਸ ਤੋਂ ਬਿਨਾਂ ਮੁਸਲਿਮ ਤਿਉਹਾਰਾਂ ਸਮੇਂ ਅਤੇ ਕਾਂਵੜ ਯਾਤਰਾ ਵੇਲੇ ਵੀ ਮੁਸਲਮਾਨਾਂ ਵਿਰੁੱਧ ਹਮਲੇ ਅਤੇ ਜਹਿਰੀਲੇ ਫਿਰਕੂ ਪ੍ਰਚਾਰ ਵਿੱਚ ਤੇਜੀ ਆ ਜਾਂਦੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਵੀ ਮਾਸ ਖਾਣ ਜਾਂ ਨਾ ਖਾਣ ਨੂੰ ਤਿਉਹਾਰਾਂ ਨਾਲ਼ ਜੋੜਦੇ ਹੋਏ, ਅਸਿੱਧੇ ਢੰਗ ਨਾਲ਼ ਮੁਸਲਿਮ ਵਿਰੋਧੀ ਹਿੰਸਾ ਨੂੰ ਉਤਸ਼ਾਹਿਤ ਕਰਦਾ ਹੈ। ਅਖੌਤੀ ਮੁੱਖ ਧਾਰਾ ਦਾ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਸਰਗਰਮ ਸੰਘ ਦਾ ਆਈਟੀ ਸੈੱਲ ਫਾਸ਼ੀਵਾਦੀ ਪ੍ਰਚਾਰ ਪ੍ਰਸਾਰ ਦੀ ਮੁਹਿੰਮ ਦਾ ਵੱਡਾ ਭੋਂਪੂ ਬਣਿਆ ਹੋਇਆ ਹੈ।

**ਗਾਂ ਦਾ ਪ੍ਰਤੀਕ ਅਤੇ ਫਾਸ਼ੀਵਾਦੀ ਸਿਆਸਤ** : ਪੁਰਾਤਨ ਹਿੰਦੂ ਗ੍ਰੰਥਾਂ ਵਿੱਚ ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਇੱਥੇ ਗਾਂ ਦਾ ਮਾਸ ਖਾਧਾ ਜਾਂਦਾ ਸੀ। ਹਿੰਦੂ ਧਾਰਮਿਕ ਯੱਗਾਂ ਵਿੱਚ ਗਾਂ ਦੀ ਬਲੀ ਦਿੱਤੀ ਜਾਂਦੀ ਸੀ। ਗਾਂ ਦਾ ਪ੍ਰਤੀਕ ਕਦੋਂ ਹਿੰਦੂ ਧਰਮ ਦਾ ਪਵਿੱਤਰ ਪ੍ਰਤੀਕ ਬਣ ਗਿਆ ? ਇਸਦਾ ਇਤਿਹਾਸ ਇੱਕ ਵੱਖਰਾ ਵਿਸ਼ਾ ਹੈ। ਪਰ ਗਾਂ ਦੇ ਪ੍ਰਤੀਕ ਨੂੰ ਸਿਆਸੀ ਹਥਿਆਰ ਦੇ ਤੌਰ 'ਤੇ ਵਰਤਣ ਦਾ ਸਿਲਸਿਲਾ ਭਾਰਤ ਅੰਦਰ 19ਵੀਂ ਸਦੀ ਦੇ ਮਗਰਲੇ ਅੱਧ ਵਿੱਚ ਸ਼ੁਰੂ ਹੋਇਆ ਹੈ। ਹਿੰਦੂਤਵੀ ਮੁੜ-ਸੁਰਜੀਤੀ ਦੀਆਂ ਲਹਿਰਾਂ ਵੇਲੇ ਸ਼ੁਰੂ ਹੋਇਆ ਇਹ ਸਿਲਸਿਲਾ ਅਜੋਕੇ ਦੌਰ ਵਿੱਚ ਆਰਐਸਐਸ ਦੀ ਅਗਵਾਈ ਵਿੱਚ ਚੱਲਣ ਵਾਲ਼ੇ ਹਿੰਦੂਤਵੀ ਫਾਸ਼ੀਵਾਦ ਦਾ ਹਥਿਆਰ ਬਣ ਗਿਆ ਹੈ।

ਸਰਮਾਏਦਾਰਾ ਪ੍ਰਬੰਧ ਦੇ ਇਸ ਸਾਮਰਾਜੀ ਦੌਰ ਵਿੱਚ ਖਾਸ ਕਰਕੇ 90ਵਿਆਂ ਤੋਂ ਚੱਲ ਰਹੀਆਂ ਆਰਥਿਕ ਨਵ ਉਦਾਰਵਾਦ ਦੀਆਂ ਨੀਤੀਆਂ ਦੇ ਦੌਰ ਵਿੱਚ, ਫਿਰਕਾਪ੍ਰਸਤੀ ਦੇ ਵਧਣ ਫੁੱਲਣ ਲਈ ਜਰਖੇਜ ਜਮੀਨ ਤਿਆਰ ਹੋ ਚੁੱਕੀ ਹੈ। ਇਸ ਅੰਨ੍ਹੇ ਕੌਮਵਾਦੀ ਫਿਰਕੂ ਫਾਸ਼ੀਵਾਦ ਵਿਰੁੱਧ ਸੰਘਰਸ਼ ਲਈ ਮੁਲਕ ਦੀ ਕਿਰਤੀ ਅਬਾਦੀ ਅਤੇ ਅਮਨ ਪਸੰਦ ਨਾਗਰਿਕਾਂ ਦਾ ਘੋਲ਼, ਸਰਮਾਏਦਾਰਾ ਸਾਮਰਾਜੀ ਪ੍ਰਬੰਧ ਖਿਲਾਫ ਘੋਲ਼ ਨਾਲ਼ ਅਨਿੱਖੜਵੇ ਰੂਪ ਵਿੱਚ ਜੁੜਿਆ ਹੋਇਆ ਹੈ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਦੇ ਇਸ ਲੁਟੇਰੇ ਪ੍ਰਬੰਧ ਦਾ ਭੋਗ ਪਾ ਕੇ, ਲੋਕਾਂ ਦੀ ਪੁੱਗਤ ਵਾਲ਼ੇ ਸਮਾਜਵਾਦੀ ਪ੍ਰਬੰਧ ਰਾਹੀਂ ਹੀ, ਲੋਕਾਈ ਆਪਸੀ ਪਿਆਰ ਮੁਹੱਬਤ ਅਤੇ ਪੁਰਅਮਨ ਢੰਗ ਨਾਲ਼ ਜੀਵਨ ਜਿਉਣ ਦਾ ਮੌਕਾ ਹਾਸਿਲ ਕਰ ਸਕੇਗੀ।

**ਲਲਕਾਰ 'ਚੋਂ ਧੰਨਵਾਦ ਸਹਿਤ**

## ਆਪਣੇ ਪੁਰਾਣੇ ਸਾਥੀ ਮਾਲਵਿੰਦਰ ਮਾਲੀ ਦੀ ਗ੍ਰਿਫਤਾਰੀ ਤੇ !!



ਉਹ ਚਾਹੁੰਦੇ ਨੇ.....

ਉਹ ਚਾਹੁੰਦੇ ਨੇ
ਇਸ ਧਰਤ ਤੇ
ਕੋਈ ਫੁੱਲ ਨਾ ਖਿੜੇ
ਜੋ ਖਿੜੇ
ਬੱਸ ਉਹਨਾਂ ਦੀ ਹੀ
ਕਾਨਸ ਦੀ ਸਜਾਵਟ ਬਣੇ

ਉਹ ਚਾਹੁੰਦੇ ਨੇ
ਇਸ ਧਰਤ ਤੇ ਕੋਈ ਬੋਲ ਨਾ ਉੱਠੇ
ਜੋ ਉੱਠੇ
ਬੱਸ ਉਹਨਾਂ ਦੀ ਹੀ ਹਾਮੀ ਭਰੇ

ਉਹ ਸਮਝਦੇ ਨੇ
ਇਹ ਧਰਤੀ ਹੈ
ਉਹਨਾਂ ਦੀ ਜਰ ਖਰੀਦ
ਜੋ ਇਹਦੇ ਤੇ ਜੀਵੇ
ਉਹਨਾਂ ਦੇ ਰਹਿਮ ਤੇ ਰਵੇ

ਸਮੇਂ ਦੇ ਹਰ ਜਾਬਰ ਨੇ
ਇੰਜ ਹੀ ਚਾਹਿਆ
ਪਰ ਉਹਨਾਂ ਦੀ ਇੱਛਾ
ਇੱਛਾ ਹੀ ਰਹੀ
ਨਾ ਕਦੇ ਬੋਲ ਦੱਬੇ
ਨਾ ਕਦੇ ਫੁੱਲ
ਖਿੜਨੋਂ ਹਟੇ

ਧਰਤੀ ਦੀ ਹਿੱਕ ਨੂੰ
ਜਿਸ ਮਿੱਧਣ ਦਾ ਯਤਨ ਕੀਤਾ
ਉਹ ਸਭੇ ਇਤਿਹਾਸ ਦਾ
ਕੂੜਾ ਕਰਕਟ ਬਣੇ!!

(ਇਹ ਕਵਿਤਾ ਮੈਂ 1975 ਵਿੱਚ ਇੰਦਰਾ ਦੀ ਐਮਰਜੈਂਸੀ ਨੂੰ ਲਲਕਾਰਦਿਆਂ ਲਿੱਖੀ ਸੀ, ਅੱਜ ਇੰਦਰਾ ਨਹੀਂ ਰਹੀ, ਉਸ ਦੀ ਥਾਂ ਹਾਕਮ ਹੁਣ ਹੋਰ ਹਨ, ਪਰ ਇਸ ਵਿਚਲਾ ਸੱਚ, ਅੱਜ ਵੀ ਉਨਾ ਹੀ ਸੱਚ ਹੈ)

## ਵਿਚਾਰਵਾਨ ਭਗਤ ਸਿੰਘ

ਤੇਰੇ ਨਾਲ ਸੰਵਾਦ ਰਚਾਇਆ,
ਜਦ ਮੈਂ ਤੈਨੂੰ ਪੜ੍ਹਿਆ,
ਤੂੰ ਮੈਨੂੰ ਸਮਝਾਇਆ।
ਜੇ ਰੱਬ ਹੁੰਦਾ ਧਰਤੀ ਉੱਤੇ,
ਦੁਖੀ ਕੋਈ ਇਨਸਾਨ ਨਾ ਹੁੰਦਾ।
ਸਭ ਨੂੰ ਹੁੰਦੀ ਆਜਾਦੀ,
ਕੋਈ ਰਾਜਾ ਕੋਈ ਗੁਲਾਮ ਨਾ ਹੁੰਦਾ।
ਸਬਰ ਕਰੋ ਕਰਮਾਂ ਨੂੰ ਰੋਵੋ,
ਇਹ ਹੈ ਧਰਮ ਸਿਖਾਉਂਦਾ,
ਦੁੱਖਾਂ ਦਾ ਕੀ ਕਾਰਣ ਹੈ ,
ਇਸ ਗੱਲ ਤੇ ਪਰਦਾ ਪਾਉਂਦਾ।
ਅੰਧ ਵਿਸ਼ਵਾਸ਼ ਸੋਚ ਸਾਡੀ ਨੂੰ,
ਪਿਛਾਂਹ ਖਿੱਚੂ ਬਣਾਏ।
ਤਰਕਸ਼ੀਲਤਾ ਧਰੂ ਤਾਰਾ ਹੈ,
ਜੀਵਨ ਦਾ ਰਾਹ ਦਿਖਾਏ।
ਜੰਗਾਂ ਵੁੱਚ ਨਹੀਂ ਉਨੇ ਬੰਦੇ,
ਦੁਨੀਆਂ ਵਿੱਚ ਲਰੇ।
ਜਿੰਨੇ ਬੰਦੇ ਇਸ ਦੁਨੀਆ ਵਿੱਚ,
ਧਰਮ ਦੀ ਭੇਟ ਚੜ੍ਹੇ।
ਲੋੜ ਬੰਦੂਕਾਂ ਤੇ ਬੰਬਾਂ ਦੀ,
ਹਰ ਵੇਲੇ ਜੰਗਬਾਜ ਦੀ।
ਮੁੱਢ ਮਨੁਖਤਾ ਦਾ ਹੈ ਹੁੰਦੀ,
ਰੂਹ ਇਨਕਲਾਬ ਦੀ।
ਅਸੈਂਬਲੀ ਵਿੱਚ ਬ ਸੁੱਟਣ ਤੋਂ ਬਾਦ,
ਤੂੰ ਜੋ ਕਿਹਾ ਸੀ ਹੈ ਮੇਰੇ ਯਾਦ।
ਜੀਵਨ ਬੜਾ ਪਵਿੱਤਰ,
ਹਾਂ ਮੰਨਦੇ ਮਨੁੱਖ ਦਾ।
ਸੁਨਹਿਰੀ ਸੁਪਨਾ ਦੇਖਦੇ,
ਹਾਂ ਉਸ ਦੇ ਭਵਿੱਖ ਦਾ।
ਤੂੰ ਜੋ ਸਾਨੂੰ ਦੇ ਗਿਆ,
ਇਨਕਲਾਬ ਦੇ ਵਿਚਾਰ।
ਤੇਰੇ ਉਹ ਵਿਚਾਰ,
ਸਾਡੇ ਕੋਲ ਹੈ ਹਥਿਆਰ।
ਤੇਰੇ ਸੁਪਨਿਆਂ ਵਾਲਾ ਰਾਜ,
ਤੇਰੇ ਸੁਪਨਿਆਂ ਦਾ ਸਮਾਜ।
ਸਿਰਜਣ ਦੀ ਕੋਸ਼ਿਸ਼ ਕਰਾਂਗੇ,
ਛੱਲਾਂ ਮਿਲਕੇ ਵੱਡੀਆਂ ਲਹਿਰਾ ਬਣਾਂਗੇ।
ਫਿਰ ਹੀ ਸਿਰਜਿਆ ਜਾਊ,
ਤੇਰੇ ਸੁਪਨਿਆਂ ਵਾਲਾ ਰਾਜ।
ਫਿਰ ਹੀ ਉਸਰ ਸਕੇਗਾ,
ਤੇਰੇ ਸੁਪਨਿਆਂ ਦਾ ਸਮਾਜ।

–ਹਰਜੀਤ ਸਿੰਘ ਬੇਦੀ

## ਬੱਚੇ ਮਾਰੇ ਜਾ ਰਹੇ ਹਨ

**ਪੂਨਮ ਵਾਸਮ**

**(ਪੂਨਮ ਵਾਸਮ ਬਸਤਰ ਦੀ ਜੰਮਪਲ ਤੇ ਉਥੋਂ ਦੀ ਮਿੱਟੀ, ਹਵਾ, ਪੌਣਪਾਣੀ ਵਿਚ ਪਲੀ ਤੇ ਵੱਡੀ ਹੋਈ ਇਕ ਆਜ਼ਾਦ ਜੁਬਾਨ ਕਵੀ ਹੈ। ਜਿਹੜੀ ਆਪਣੇ ਅਧਿਕਾਰਾਂ ਲਈ ਵੀ ਸੁਚੇਤ ਹੈ ਅਤੇ ਇਹਨਾਂ ਦੀ ਰਾਖੀ ਪ੍ਰਤੀ ਵੀ ਜਾਗ੍ਰਿਤ ਹੈ। ਉਹ ਬਸਤਰ ਨੂੰ ਉਵੇਂ ਹੀ ਬਿਆਨ ਕਰਦੀ ਹੈ, ਜਿਵੇਂ ਉਹ ਹੈ। ਉਹ ਬਸਤਰ ਦੀ ਆਵਾਜ਼ ਹੈ।**

ਬਾਰੂਦ ਦੇ ਢੇਰ ਉੱਤੇ ਬਹਿ ਕੇ
ਪੜ੍ਹਨ ਦਾ ਜ਼ਜ਼ਬਾ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।
ਡਾਮਰ ਦੀਆਂ ਲਿਸ਼ਕਦੀਆਂ ਸੜਕਾਂ ਨੂੰ
ਮਨ ਭਰ ਕੇ ਨਿਹਾਰਨ ਦੀ ਇੱਛਾ ਵਿਚ
ਬੱਚੇ ਮਾਰੇ ਜਾ ਰਹੇ ਹਨ।
ਬੌਲਦਾਂ ਨੂੰ ਹਰੀ ਘਾਹ
ਖੁਆਉਣ ਦੀ ਜਿੱਦ ਵਿਚ
ਬੱਚੇ ਮਾਰੇ ਜਾ ਰਹੇ ਹਨ।
ਹਲ ਜੋੜ ਕੇ ਝੋਨਾ ਲਾਉਣ ਨੂੰ
ਤਿਆਰ ਹੁੰਦੇ
ਬੱਚੇ ਮਾਰੇ ਜਾ ਰਹੇ ਹਨ।
ਬੱਕਰੀਆਂ ਅਤੇ ਤਿਤਲੀਆਂ ਦੇ
ਪਿੱਛੇ ਪਿੱਛੇ ਭੱਜ ਕੇ ਦੌੜ
ਜਿੱਤਣ ਦੀ ਜੁਗਤ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।
ਰੁੱਖਾਂ ਦੀ ਕਿਸੇ ਟਾਹਣੀ ਦਾ ਕੋਈ ਪੱਤਾ
ਤੋੜ ਕੇ ਚਿਪੜੀ ਬਣਾਉਣ ਦੀ ਚਾਹ 'ਚ

ਬੱਚੇ ਮਾਰੇ ਜਾ ਰਹੇ ਹਨ।
ਦੇਸ਼ ਦੇ ਵਿਸ਼ੇ ਵਿੱਚ ਥੋੜ੍ਹਾ ਥੋੜ੍ਹਾ ਜਾਨਣ
ਦੀ ਜਗਿਆਸਾ ਮਨ ਵਿੱਚ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।

ਬੱਚੇ ਮਾਰੇ ਜਾ ਰਹੇ ਹਨ,
ਇਹ ਗੱਲ ਐਨੀ ਗੁੱਪਤ ਹੈ ਇੱਥੇ
ਕਿ ਦੇਸ਼ ਦੇ ਨਕਸ਼ੇ ਉਤੇ
ਕੋਈ ਹਲਚਲ ਨਹੀਂ ਹੈ।

ਬੱਚੇ ਆਪਣੀਆਂ ਕਬਰਾਂ ਵਿਚੋਂ ਉੱਠਣਗੇ,
ਤੇ ਇਕ ਦਿਨ ਪੁੱਛਣਗੇ ਸਵਾਲ,
ਜਦੋਂ ਅਸੀਂ ਸਾਰੇ ਮਾਰੇ ਜਾ ਰਹੇ ਸਾਂ,
ਉਦੋਂ ਤੁਸੀਂ ਆਪਣੀਆਂ
ਕਵਿਤਾਵਾਂ ਦੇ ਨਾਲ
ਆਪਣੇ ਕਮਰੇ ਵਿਚ ਬਹਿ ਕੇ,
ਕਿਹੜੀਆਂ ਗੱਲਾਂ ਕਰ ਰਹੇ ਸੀ।

**ਅਨੁਵਾਦ : ਨਰਭਿੰਦਰ**

## ਕਿਸਾਨ

ਫਸਲ ਵਾੜੀ ਦਾ ਹਾਲ ਦੱਸਣ ਤੋਂ ਪਹਿਲਾਂ
ਉਹ ਸੱਤਾ ਦੇ ਹੱਠ 'ਤੇ ਤਿਲਮਿਲਾਉਂਦਾ
ਮੌਸਮਾਂ ਨੂੰ ਉਲਾਹਮਾਂ ਦਿੰਦਾ
ਵਿਦਰੋਹਾਂ 'ਚ ਖਪਤ ਹੋ ਜਾਂਦਾ

ਕਿਸਾਨ ਧੋਤੀ ਲੁੰਗੀ ਵਾਲਾ
ਪੈਰਾਂ ਦੀਆਂ ਪਾਟੀਆਂ ਬਿਆਈਆਂ ਵਾਲਾ
ਤਰਸ ਦਾ ਸਾਕਾਰ ਆਕਾਰ
ਕਿੱਧਰੇ ਨਜ਼ਰ ਨਾ ਆਏ
ਤਾਂ ਸਹਿਮਿਆਂ ਸੱਤਾ ਪਰਿਵਾਰ

ਖੇਤਾਂ ਤੋਂ ਦਿੱਲੀ ਵੱਲ ਤੁਰਿਆ ਕਿਸਾਨ
ਸਹਿਮੀ ਦਿੱਲੀ ਬੂਹਾ ਭੇੜਿਆ
ਰਾਹਾਂ 'ਚ ਕਿਲ ਬੀਜੇ, ਖੂਹ ਖੋਦੇ
ਅਦਾਲਤਾਂ ਦਾ ਬੂਹਾ ਖੜਕਾਇਆ
ਪਰ ਬਾਰ ਨਾ ਲਾਹਿਆ

ਖੇਤਾਂ 'ਤੇ ਅੱਖ ਸਰਕਾਰੀ
ਹੁਣ ਗੁੱਝੀ ਨਾ ਰਹੀ
ਨਾ ਅਵੇਸਲਾ ਰਿਹਾ ਕਿਸਾਨ
ਪਹਿਆਂ ਤੋਂ ਤੁਰ ਵਿਦਰੋਹ, ਰੋਸ
ਪੁਲਾਂ ਦੇ ਵਿਕਾਸ ਨੂੰ ਮਿਧਦੇ
ਦਿੱਲੀ ਦੇ ਬਰੂਹੀਂ ਜਾ ਬਹਿਣਗੇ

ਸੂਰਜ ਚੜ੍ਹਨਗੇ ਲਹਿਲਹਾਉਂਦੇ ਖੇਤੀਂ
ਫਰੇਬੀ ਦਿੱਲੀ 'ਚ ਅਸਤ ਹੋਣਗੇ
ਜਿੱਤ ਦੇ ਜਸ਼ਨ ਮਨਾਉਂਦੇ ਖੇਤ
ਡੱਗਿਆਂ ਦੀ ਧੁੰਨ 'ਤੇ ਮਸਤ ਹੋਣਗੇ
ਨਫਰਤਾਂ ਵੰਡਦੇ ਵਪਾਰੀ
ਤਖਤ ਬਚਾਵਣ ਵਿਚ ਵਿਅਸਤ ਹੋਣਗੇ

**ਮਲਵਿੰਦਰ**

+1 365 994 6744

## ਮਜ਼ਦੂਰਾਂ ਦੀ ਹੜਤਾਲ ?

ਮੈਂ ਕਵੀਆਂ ਦੀ ਮਹਿਫਿਲ ਵਿਚ ਗਿਆ
ਵੱਡੀਆਂ ਸ਼ੁਹਰਤਾਂ ਵਾਲੇ
ਭਾਰੀਆਂ ਭਾਰੀਆਂ ਡਿਗਰੀਆਂ ਵਾਲੇ ਕਵੀ
ਉੱਥੇ ਪਹੁੰਚੇ ਹੋਏ ਸਨ

ਫੈਕਟਰੀਆਂ ਦੇ ਮਜ਼ਦੂਰਾਂ ਦੀ
ਗੱਲ ਚੱਲ ਰਹੀ ਸੀ
ਉਹਨਾਂ ਦੀ ਹੜਤਾਲ 'ਤੇ ਚਰਚਾ ਹੋਈ
ਫੈਸਲਾ ਹੋਇਆ ਕਿ
ਮੈਂ ਆਪਣੀ ਕਵਿਤਾ
'ਮਜ਼ਦੂਰਾਂ ਦੇ ਹੱਕ ਏਥੇ ਰੱਖ'
'ਮਜ਼ਦੂਰਾਂ ਅੱਗੇ ਪੇਸ਼ ਕਰਾਂ'
ਸਾਰਿਆਂ ਨੇ ਕਿਹਾ :
'ਤੇਰੀ ਇਹ ਕਵਿਤਾ ਕਮਾਲ ਦੀ ਹੈ
ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦੀ ਹੈ
ਉਹਨਾਂ ਦੇ ਦੁੱਖੜੇ ਰੋਂਦੀ ਹੈ
ਅਸ਼-ਅਸ਼ ਕਰਾਉਂਦੀ ਹੈ
ਤੂੰ ਇਸ ਕਵਿਤਾ ਰਾਹੀਂ
ਉਹਨਾਂ ਨੂੰ ਜਾਗ੍ਰਿਤ ਕਰ
ਸੇਧ ਦੇਹ, ਐਜੂਕੇਟ ਕਰ'

ਮੈ ਬਹੁਤ ਖੁਸ਼ ਸੀ
ਮੈਨੂੰ ਕਵਿਤਾ ਪੜ੍ਹਨ ਲਈ
ਏਨਾ ਵੱਡਾ ਇਕੱਠ ਮਿਲਿਆ ਹੈ
ਇਹ ਮੇਰੀ 'ਮਸ਼ਹੂਰੀ' ਦੀ
ਪਹਿਲੀ ਪੌੜੀ ਹੋਵੇਗੀ

ਉਸ ਦਿਨ ਗਰਮੀ ਪੂਰੇ ਜੋਰਾਂ 'ਤੇ ਸੀ
'ਸੰਨੀ ਡੇਅ' ਸੀ
ਠਾਠਾਂ ਮਾਰਦਾ ਇਕੱਠ
ਤਾੜੀਆਂ ਨਾਲ ਅਸਮਾਨ ਗੂੰਜ ਉੱਠਿਆ
ਮਜ਼ਦੂਰ
ਕਵਿਤਾ ਬੜੇ ਧਿਆਨ ਨਾਲ ਸੁਣ ਰਹੇ ਸਨ
ਕੁਝ ਮਿੰਟਾਂ ਬਾਅਦ ਕਾਨਾਫੂਸੀ ਹੋਣ ਲੱਗੀ
ਫਿਰ ਘੁਸਰ-ਮੁਸਰ ਤੇ
ਆਵਾਜਾਂ ਉੱਚੀਆਂ ਹੋਣ ਲੱਗੀਆਂ
ਤੂੰ-ਤੂੰ-ਮੈਂ-ਮੈਂ ਹੋਣ ਲੱਗੀ
ਫਿਰ ਮਜ਼ਦੂਰਾਂ ਨੇ
ਸੁੱਕੀਆਂ ਰੋਟੀਆਂ ਵਾਲੇ ਪੋਣੇ ਖੋਲ੍ਹੇ
ਅਚਾਰ ਤੇ ਗੰਢੇ ਕੱਢ ਕੇ
ਮੇਰੇ ਉੱਤੇ ਸੁੱਟਣੇ ਸ਼ੁਰੂ ਕਰ ਦਿੱਤੇ
ਬੋਲੇ,
'ਸਾਨੂੰ ਨਹੀਂ ਪਤਾ
ਇਹ ਕਹੀਣ, ਮਹੀਣ, ਟਵੀਨ, ਲਵੀਨ, ਪਰੀਨ
ਕੀ ਹੁੰਦਾ ਹੈ ?
ਤੂੰ ਸਾਡੀ ਬੋਲੀ ਵਿਚ ਗੱਲ ਕਰ
ਸਾਨੂੰ ਤੇਰੀ ਇਹ ਚਾਦਰਾਂ, ਰਜਾਈਆਂ ਵਿੱਚ
ਲਪੇਟੀ
ਕਵਿਤਾ ਸਮਝ ਨਹੀਂ ਆਉਂਦੀ'

ਮੈਂ ਮਸਾਂ ਆਪਣੀ ਏ.ਸੀ ਕਾਰ 'ਤੇ
ਜਾਨ ਬਚਾ ਕੇ ਭੱਜਿਆ
ਤੇ ਕਵੀਆਂ ਦੀ ਮਹਿਫਲ ਵਿਚ ਪਹੁੰਚਿਆ

ਕਵੀਆਂ ਨੇ ਪੁੱਛਿਆ, 'ਕੀ ਗੱਲ ਹੈ ?
ਬੜਾ ਘਬਰਾਇਆ ਹੋਇਆ ਹੈਂ!'
ਜਦੋਂ ਮੈ ਸਭ ਦੱਸਿਆ
ਸਾਰੇ ਕਵੀ ਇਕੱਠੇ ਹੀ ਬੋਲੇ,
ਸਾਲੇ! ਅਨਪੜ੍ਹ ਮਜ਼ਦੂਰ
ਬੇਅਕਲੇ!
ਅਛੂਤ!
ਕੰਮੀ!
ਘਟੀਆ ਜਾਤ!
ਗੰਵਾਰ!
ਅਕਲੋਂ ਖ਼ਾਲੀ!
ਬੇਸਮਝ!
ਉੱਲੂ!

ਅਗਲੀ ਕਾਰਵਾਈ ਹੋਈ
ਸਾਰੇ ਕਵੀਆਂ ਨੇ ਸਹਿਮਤੀ ਨਾਲ
'ਵਰਲਡ ਪੰਜਾਬੀ ਕਾਨਫਰੰਸ' ਕਰਾਉਣ
ਦਾ
ਮਤਾ ਪਾਸ ਕੀਤਾ
ਕੁਝ ਕਿਤਾਬਾਂ ਦੀ
ਘੁੰਡ ਚੁਕਾਈ ਹੋਈ, ਵਸਤਰ ਲਾਹੇ
ਕਰਾਰੇ-ਕਰਾਰੇ ਚਿਕਨ ਨਾਲ
ਸਕਾਚ ਤੇ ਜਾਨੀ ਵਾਕਰ ਦੇ
ਦੋ-ਦੋ ਪੈੱਗ ਲਾਏ
ਨੱਢੀਆਂ ਨੂੰ ਦਿਲ ਦਾ ਮਾਸ ਖੁਆਇਆ
ਸਾਰੇ ਕਵੀ ਆਪਣੀਆਂ ਏ.ਸੀ. ਕਾਰਾਂ 'ਤੇ
ਆਪੋ-ਆਪਣੇ ਘਰੀਂ ਜਾ ਵੜੇ।

**- ਸਨੀ ਧਾਲੀਵਾਲ ਬਰੈਂਪਟਮ**

## ਤੇਰੀ ਰਹਿਬਰੀ ਨੂੰ ਸਲਾਮ

ਤੇਰੀ ਕਰਨੀ ਨੂੰ ਸਲਾਮ, ਤੇਰੀ ਰਹਿਬਰੀ ਨੂੰ ਸਲਾਮ
ਚੜ੍ਹਦੇ ਸੂਰਜ ਦੀ ਸੂਹੀ ਭਾਹ, ਤੇਰੇ ਹੀ ਨਾਮ
ਧਰਤ ਹਿੱਲੀ, ਅੰਬਰ ਗੂੰਜਿਆ, ਜਾਂ ਹੇਠਲੀ ਉੱਤੇ ਕੀਤੀ
ਜ਼ਬਰ ਦੇ ਥੰਮਾਂ 'ਤੇ ਖੜ੍ਹਾ, ਤਖਤ ਡਿੱਗਿਆ ਧੜਾਮ
ਘੁੱਪ ਹਨ੍ਹੇਰਾ ਛੱਟਿਆ, ਸੂਹਾ ਸੂਹਾ ਪੂਰਬ ਹੋਇਆ
ਝੁੱਗੀਆਂ ਢਾਰੇ ਗੀਤ ਛੋਹਿਆ, ਗਾਵੇ ਮੁਲਕ ਤਮਾਮ
ਚਾਨਣ ਦਾ ਚਸ਼ਮਾ ਫੁੱਟਿਆ, ਹੜ੍ਹ-ਕਾਂਗ ਸੀ ਬਣਿਆ
ਹਨ੍ਹੇਰਿਆਂ ਨੂੰ ਹੂੰਝਦਾ ਆਵੇ,
ਕਰਦਾ ਮਾਰੋ ਮਾਰ ਪਰਬਤ ਬੇਲੇ ਹੇਕਾਂ ਉੱਠੀਆਂ,
ਪੰਛੀ ਚਹਿਕਣ ਲੱਗੇ
ਰੁੱਖੀਂ ਪੱਤੇ ਫੁੱਟਣ ਲੱਗੇ, ਮੁੜ ਆਈ ਬਹਾਰ
ਆਲਮੀ-ਡਾਕੂ ਹੱਕੇ-ਬੱਕੇ, ਦੇਖ ਕਿਲੇ ਮਘੋਰਾ ਹੋਇਆ
ਕਿਵੇਂ ਹੁਣ ਕਿਲਾ ਬਚਾਈਏ, ਸੋਚੇ ਡਾਕੂਆਂ ਦੀ ਧਾੜ
ਵਾਸ਼ਿੰਗਟਨ ਲੰਡਨ ਮਾਤਮ ਛਾਇਆ, ਗਹਿਰੀ ਸੋਚੀਂ ਡੁੱਬੇ
ਕਿਸ ਵਿਧ ਟਾਲਿਆ ਜਾਵੇ, ਹੁਣ ਸਿਰ ਕੂਕਦਾ ਕਾਲ
ਜਾਂ ਉਹ ਅੱਖੋਂ ਓਹਲੇ ਹੋਇਆ, ਫਿਜ਼ਾ ਹੋਈ ਗਮਗੀਨ
ਰੱਤ-ਪੀਣੀ ਰੀਤ ਫਿਰ, ਮੁੜ ਹੋਣ ਚੱਲੀ ਬਹਾਲ
ਯਾਂਗਸ਼ੀ ਦੀਆਂ ਛੱਲਾਂ ਉਡੀਕਣ, ਫਿਰ ਆਉ ਸ਼ਾਹ-ਸਵਾਰ
ਫਿਰ ਗੂੰਜਣਗੇ ਪਰਬਤ-ਬੇਲੇ, ਸੁਣ ਰਹਿਬਰ ਦੀ ਲਲਕਾਰ

**-ਗੁਰਤੇਜ ਸਿੰਘ ਖੋਖਰ**

## ਸਭ ਤੋਂ ਖ਼ਤਰਨਾਕ/ਪਾਸ਼

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।
ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿਚ ਮੜ੍ਹੇ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲੱਗ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ
ਸਭ ਤੋਂ ਖ਼ਤਰਨਾਕ ਓਹ ਅੱਖ ਹੁੰਦੀ ਹੈ

ਜੋ ਸਭ ਦੇਖਦੀ ਹੋਈ ਵੀ ਠੰਡੀ ਯੱਖ਼ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆਂ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ 'ਚੋਂ ਉਠਦੀ ਅੰਨ੍ਹੇਪਣ ਦੀ ਭਾਫ਼ ਉੱਤੇ ਡੁਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਾਧਾਰਣਤਾ ਨੂੰ ਪੀਂਦੀ ਹੋਈ
ਇੱਕ ਮੰਤਕਹੀਣ ਦੁਹਰਾਅ ਦੇ ਗਧੀ-ਘੇੜ ਵਿਚ ਹੀ ਰੁਲ ਜਾਂਦੀ ਹੈ

ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ


ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ –
ਜੋ ਵੈਲੀ ਦੀ ਖੰਘ ਖੰਘਦਾ ਹੈ

ਸਭ ਤੋਂ ਖ਼ਤਰਨਾਕ ਉਹ ਰਾਤ ਹੁੰਦੀ ਹੈ
ਜੋ ਪੈਂਦੀ ਹੈ ਜੀਉਂਦੀ ਰੂਹ ਦਿਆਂ ਆਕਾਸ਼ਾਂ 'ਤੇ
ਜਿਹਦੇ ਵਿਚ ਸਿਰਫ਼ ਉੱਲੂ ਬੋਲਦੇ ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀ ਨੇਰ੍ਹ ਬੰਦ ਬੂਹਿਆਂ ਚੁਗਾਠਾਂ 'ਤੇ

ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿਚ ਆਤਮਾਂ ਦਾ ਸੂਰਜ ਡੁੱਬ ਜਾਵੇ
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।

**ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ ਸਿੰਘ 403-455-4220,**
**ਟੋਰਾਂਟੋ : ਹਰਬੰਸ ਸਿੰਘ 416-817-7142,**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**




ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੀਆਂ ਦੋ ਨਵੀਆਂ ਛਪੀਆਂ ਬਹੁਤ ਹੀ ਮਹੱਤਵਪੂਰਨ ਕਿਤਾਬਾਂ
ਇਹ ਕਿਤਾਬਾਂ ਮਾ. ਭਜਨ ਸਿੰਘ ਕੈਲਗਰੀ ਫੋਨ 403-455-4220 ਤੋਂ ਪ੍ਰਾਪਤ ਕਰ ਸਕਦੇ ਹੋ।

ਪੰਜਾਬੀ ਆਰਟਸ ਐਸੋਸਿਏਸ਼ਨ ਆਫ਼ ਟੋਰਾਂਟੋ ਦੀ

ਡਾ. ਚਰਨਦਾਸ ਸਿੱਧੂ ਦਾ ਲਿਖਿਆ ਨਾਟਕ

ਹੌਸਲਾ ਵਤਨਾਂ ਵੱਲ ਫੇਰਾ

Sunday OCT 20 4:00 PM

Venue: Rose Theatre
1 Theatre Lane, Brampton


A Punjabi Theatrical Production.
Honsla-Watna Vall Fera is a story of resilience of Canadian Seniors.

Director



Sarabjeet S. Arora

Playwright



Dr. CD Sidhu

For Tickets & Info Call:
Baljinder Lailna 416-677-1555
Kuldip Randhawa 416-892-6171

Tickets $15-20

www.PunjabiArts.com

Funded by the Government of Canada's New Horizons for Seniors Program Canada

Contact :
Nav Gill RN BscN
587.971.0052

BEAUTY BLISS
Mediaesthetics

For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM



Buying | Selling | Investing

HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated

Bill (Baljinder) Bath
Realtor
Dir: 416.567.0008
Email: Bill5670008@gmail.com

821 Bovaird Drive Unit #31, Brampton L6X 0T9

SHAHEED BHAGAT SINGH BOOK CENTRE
Calgary Canada



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :


Book Exhibition & Sale!

Contact: Master Bhajan Singh at 403-455-4220

HOMELIFE HIGHER STANDARDS

HomeLife SilverCity Realty Inc.
Brokerage Independently Owned & Operated

Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com



Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP

Punjab Insurance Inc.

10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC

Representing Many financial institutions

SuperVisa, Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call Protect your family



Call: 416.209.6363

Hardeep Atwal
Sr. Financial Advisor

ਹਰੀਪਾਲ
403-714-4816

# ਸਭਾ ਸਿਆਸਤ ਅਤੇ ਸਾਹਿਤਕਾਰ

ਪਹਿਲਾਂ ਪਹਿਲਾਂ ਲੋਕਾਂ ਨੇ ਜਦੋਂ ਸਹਿਤ ਰਚਨਾ ਸ਼ੁਰੂ ਕੀਤਾ ਤਾਂ ਹਰ ਇੱਕ ਆਪੋ ਆਪਣੇ ਰਹਿਣ ਬਸੇਰੇ ਵਿੱਚ ਬੈਠਾ ਲਿਖਦਾ ਰਿਹਾ, ਛਪਦਾ ਰਿਹਾ। ਉਸ ਦੀ ਲਿਖਤ ਤੇ ਇਤਰਾਜ਼ ਕਰਨ ਵਾਲੇ ਵੀ ਪੈਦਾ ਹੋਏ ਅਤੇ ਉਸ ਦੀ ਲਿਖਤ ਤੇ ਵਾਹ ਵਾਹ ਕਰਨ ਵਾਲੇ ਵੀ ਪੈਦਾ ਹੋਏ। ਫਿਰ ਕੁਝ ਲੇਖਕਾਂ ਨੇ ਸੋਚਿਆ ਕਿ ਕਿਉਂ ਨਾ ਇਕੱਠੇ ਹੋ ਕੇ ਇੱਕ ਦੂਜੇ ਦੀ ਲਿਖਤ ਤੇ ਵਿਚਾਰ ਕਰੀਏ ਤੇ ਇੱਕ ਵਧੀਆ ਲਿਖਤ ਪਾਠਕਾਂ ਅੱਗੇ ਰੱਖਣ ਦੀ ਕੋਸ਼ਿਸ਼ ਕਰੀਏ। ਹੌਲੀ ਹੌਲੀ ਇਹ ਲੇਖਕ ਦੋ ਤੋਂ ਚਾਰ ਚਾਰ ਤੋਂ ਅੱਠ ਇਕੱਠੇ ਹੋਣੇ ਸ਼ੁਰੂ ਹੋ ਗਏ। ਜਿਉਂ ਜਿਉਂ ਗਿਣਤੀ ਵਧਣ ਲੱਗੀ ਇਹ ਇੱਕ ਦਾਇਰਾ ਬਣਾ ਕੇ ਬੈਠਣ ਲੱਗੇ ਅਤੇ ਗੰਭੀਰਤਾ ਨਾਲ ਸੁਣਨ ਅਤੇ ਵਿਚਾਰ ਕਰਨ ਲੱਗੇ। ਇਹ ਇੱਕ ਸਭਾ ਦੀ ਹੋਂਦ ਸੀ ਜੋ ਸੰਵਾਦ ਰਚਾਉਣ ਤੱਕ ਸੀਮਤ ਸੀ ਜੋ ਵਧੀਆ ਸਹਿਤ ਰਚਣ ਲਈ ਇੱਕ ਦੂਜੇ ਨੂੰ ਸੁਝਾਅ ਜਾਂ ਰਾਇ ਦਾ ਮਾਧਿਅਮ ਸੀ। ਹੁਣ ਫੇਰ ਅਸੀਂ ਉਸੇ ਸਟੇਜ ਤੇ ਆਉਂਦੇ ਜਾ ਰਹੇ ਹਾਂ ਜਾਂ ਮਹਿਸੂਸ ਕਰ ਰਹੇ ਹਾਂ ਕਿ ਚਾਹੇ ਚਾਰ ਪੰਜ ਹੀ ਇਕੱਠੇ ਹੋਈਏ ਤੇ ਇੱਕ ਦੂਜੇ ਦੀ ਕਿਰਤ ਤੇ ਅਸਾਰੂ ਬਹਿਸ ਕਰੀਏ। ਪਰ ਹੌਲੀ ਹੌਲੀ ਇਹ ਸਵਾ ਇੱਕ ਸਰਕਲ 'ਚੋਂ ਨਿਕਲ ਕੇ ਸਟੇਜ ਤੇ ਆ ਗਈ। ਫਿਰ ਅਹੁਦੇਦਾਰੀਆਂ ਦੇ ਝਗੜੇ ਅਤੇ ਸ਼ੋਹਰਤ ਦੀ ਭੁੱਖ ਨੇ ਸਭਾ ਨੂੰ ਇੱਕ ਸਟੇਜੀ ਸਭਾ ਵਿੱਚ ਬਦਲ ਦਿੱਤਾ। ਇਸ ਤੇਜੀ ਸਭਾ ਬਸ ਇੱਕ ਫੋਰਮੈਲਟੀ ਵਿੱਚ ਬਦਲ ਗਈ। ਲੇਖਕ ਸਟੇਜ ਤੇ ਕਵਿਤਾ ਕਹਾਣੀ ਘੱਟ ਪੜ੍ਹਦਾ ਪਰ ਸਰੋਤਿਆਂ ਦੇ ਚਿਹਰੇ ਜ਼ੂਰ ਪੜਦਾ ਕਿ ਕੌਣ ਉਸ ਦੀ ਰਚਨਾ ਤੇ ਵਾਹ ਵਾਹ ਕਰ ਰਿਹਾ ਹੈ ਅਤੇ ਕੌਣ ਉਸ ਨੂੰ ਇਗਨੋਰ ਕਰ ਰਿਹਾ ਹੈ। ਫਿਰ ਲੇਖਕ ਵੀ ਉਹਨਾਂ ਦੀ ਤਰੀਫ ਕਰਦਾ ਜੋ ਉਸ ਦੀ ਰਚਨਾ ਤੇ ਵਾਹ ਵਾਹ ਕਰਦੇ ਸਨ।

ਸਾਡੀ ਅੱਜ ਦੀ ਸਮੱਸਿਆ ਹੈ ਕਿ ਹਰ ਲੇਖਕ ਇਹ ਸਮਝਦਾ ਹੈ ਕਿ ਉਹ ਬਸ ਸਭ ਕੁਝ ਜਾਣਦਾ ਹੈ। ਲੇਖਕ ਲਿਖਦਾ ਵੱਧ ਹੈ ਪੜਦਾ ਘੱਟ ਹੈ। ਇੱਕ ਦੂਜੇ ਦੀ ਤਾਰੀਫ ਕਰਨ ਵਾਲੇ ਲੇਖਕਾਂ ਦਾ ਇੱਕ ਗੁੱਟ ਬਣ ਜਾਂਦਾ ਹੈ ਅਤੇ ਨਾਲ ਦੀ ਨਾਲ ਇੱਕ ਵਿਰੋਧੀ ਗੁੱਟ ਵੀ ਪੈਦਾ ਹੋ ਜਾਂਦਾ ਹੈ। ਹੌਲੀ ਹੌਲੀ ਇਹਨਾਂ ਲੇਖਕਾਂ ਦੇ ਵਖਰੇਵੇਂ ਇੰਨੇ ਵੱਧ ਜਾਂਦੇ ਹਨ ਕਿ ਸੁਭਾਵਾਂ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੁਭਾਵਾਂ ਵਿੱਚ ਪਾਵਰ ਦੌੜ ਲੱਗਦੀ ਹੈ, ਮੈਂਬਰ ਵਧਾਉਣ ਦੀ ਦੌੜ ਵਿੱਚ ਉਹ ਲੋਕ ਵੀ ਸੁਭਾਵਾਂ ਦੇ ਮੈਂਬਰ ਬਣਾ ਲਏ ਜਾਂਦੇ ਹਨ ਜਿਨਾਂ ਦਾ ਸਹਿਤ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਲੋਕਾਂ ਨਾਲ ਸੰਪਰਕ ਵਧਾ ਕੇ ਸਭਾ ਦਾ ਇਕੱਠ ਵੱਡਾ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੁਆਲਿਟੀ ਨਹੀਂ ਕੁਆਂਟਟੀ ਤੇ ਜ਼ੋਰ ਦਿੱਤਾ ਜਾਂਦਾ ਹੈ। ਆਮ ਤੌਰ ਤੇ ਧੱਕੇ ਨਾਲ ਬੁਲਾਏ ਗਏ ਮੈਂਬਰ ਪਿੱਛੇ ਬੈਠੇ ਬਾਸੀਆਂ ਲਈ ਜਾਂਦੇ ਹਨ। ਜਾਂ ਤਾਂ ਉਹ ਚਾਹ ਦੀ ਬਰੇਕ ਦੀ ਉਡੀਕ ਕਰਦੇ ਹਨ ਜਾਂ ਸਭਾ ਦੇ ਖਤਮ ਹੋਣ ਦੇ ਸਮੇਂ ਦੀ ਉਡੀਕ ਕਰਦੇ ਹਨ। ਮੇਰੇ ਯਾਦ ਹੈ ਕਿ ਇੱਕ ਸਭਾ ਦੀ ਮੀਟਿੰਗ ਵਿੱਚ ਮੇਰੇ ਇੱਕ ਦੋਸਤ ਨੇ ਕਵਿਤਾ ਪੜ੍ਹੀ ਸੀ ਜਿਸ ਦੀਆਂ ਕੁਝ ਲਾਈਨਾਂ ਸਨ :

**'ਆਰਕੈਸਟਰਾ ਦੀ ਧਨ ਵਿੱਚ ਦੱਬ ਕੇ ਰਹਿ ਗਈ**
**ਕਿ ਕਿ ਐਲ ਸਹਿਗਲ ਜਾਂ ਤਲਤ ਦੀ ਆਵਾਜ਼'**

ਚਾਹ ਦੀ ਬਰੇਕ ਸਮੇਂ ਜਦ ਅਸੀਂ ਦੋ ਚਾਰ ਲੇਖ ਇਕੱਠੇ ਗੱਲਾਂ ਕਰ ਰਹੇ ਸੀ ਤਾਂ ਇੱਕ ਬਾਸੀ ਸਰੋਤੇ ਨੇ ਮੇਰੇ ਦੋਸਤ ਵੱਲ ਇਸ਼ਾਰਾ ਕਰਕੇ ਕਿਹਾ 'ਭਾਜੀ ਤੁਹਾਡੀ ਕਵਿਤਾ ਬਹੁਤ ਹੀ ਸੋਹਣੀ ਸੀ' ਮੈਨੂੰ ਪਤਾ ਸੀ ਕਿ ਜਦ ਮੇਰਾ ਦੋਸਤ ਕਵਿਤਾ ਪੜ੍ਹ ਰਿਹਾ ਸੀ ਤਾਂ ਇਸ ਪਾਠਕ ਦਾ ਧਿਆਨ ਕਵਿਤਾ ਵੱਲ ਬਿਲਕੁਲ ਹੀ ਨਹੀਂ ਸੀ ਇਹ ਬਾਹਰ ਜਾਗ ਰਿਹਾ ਸੀ, ਸਿਰਫ ਮੇਰੇ ਦੋਸਤ ਨੂੰ ਖੁਸ਼ ਕਰਨ ਲਈ ਉਸ ਨੇ ਇਹ ਗੱਲ ਕਹੀ ਸੀ, ਤਦ ਮੇਰੇ ਦੋਸਤ ਨੇ ਸੁਭਾਵ ਕੀ ਉਸ ਨੂੰ ਪੁੱਛ ਲਿਆ ਕਿ ਇਸ ਕਵਿਤਾ ਵਿੱਚ ਧੁੰਨ ਦਾ ਮਤਲਬ ਕੀ ਹੈ, ਉਬਾਸੀ ਸਰੋਤੇ ਨੇ ਜਵਾਬ ਦਿੱਤਾ ਆਪਦੀ ਧੁੰਨੀ ਤੇ ਉਂਗਲ ਰੱਖ ਕੇ ਕਿਹਾ ਮੈਨੂੰ ਕਿਹੜਾ ਪਤਾ ਨਹੀਂ ਧੁੰਨੀ ਕੀ ਹੁੰਦੀ ਹੈ ਤਾਂ ਸਾਡੇ ਕੋਲ ਹੀ ਖੜੇ ਇਕ ਸਧਾਰਨ ਜਿਹੇ ਵਿਅਕਤੀ ਨੇ ਕਿਹਾ ਕਿ ਵਾਹ ਲੇਖਕ ਵੀ ਮੱਝ ਮੂਹਰੇ ਬੀਨ ਬਜਾਈ ਜਾਂਦੇ ਹਨ।

ਇਸ ਘਟਨਾ ਤੋਂ ਬਾਅਦ ਬਸ ਇਹੀ ਗੱਲ ਦਿਲ ਚ ਰਹੀ ਕਿ ਇਕੱਠ ਭਾਵੇਂ ਘੱਟ ਹੋਵੇ, ਪਰ ਸਰੋਤੇ ਸਹਿਤਕ ਮਾੜੀ ਮੋਟੀ ਸਾਹਿਤਕ ਸਮਝ



ਰੱਖਦੇ ਹੋਣ। ਸਾਡੀ ਇੱਕ ਹੋਰ ਤਰਾਸਦੀ ਹੈ ਕਿ ਪੁਰਾਣੇ ਲੇਖਕ ਨਵੇਂ ਲੇਖਕਾਂ ਦੀ ਹੌਂਸਲਾ ਅਫਜਾਈ ਬਿਲਕੁਲ ਨਹੀਂ ਕਰਦੇ। ਉਸ ਸਗੋਂ ਇਸ ਤਰ੍ਹਾਂ ਗੱਲ ਕਰਦੇ ਹਨ ਕਿ ਨਵੇਂ ਲੇਖਕਾਂ ਨੂੰ ਕਾਸੇ ਦਾ ਪਤਾ ਹੀ ਨਹੀਂ, ਪਰ ਇਸ ਦੀ ਜਗ੍ਹਾ ਤੇ ਉਹਨਾਂ ਨੂੰ ਚਾਹੀਦਾ ਹੈ ਕਿ ਨਵੇਂ ਲੇਖਕਾਂ ਦੀ ਹੌਸਲਾ ਹਫਜਾਈ ਕਰਨ ਅਤੇ ਉਹਨਾਂ ਦੀ ਰਚਨਾ ਨੂੰ ਚੰਗਾ ਬਣਾਉਣ ਬਾਰੇ ਸੁਝਾ ਦੇਣ। ਨਵੇਂ ਲੇਖਕਾਂ ਨੂੰ ਵੀ ਚਾਹੀਦਾ ਹੈ ਕਿ ਚਾਰ ਕਿਤਾਬਾਂ ਪੜ੍ਹ ਕੇ ਆਪਦੇ ਆਪ ਨੂੰ ਵਿਦਵਾਨ ਨਾ ਸਮਝਣ ਲੱਗ ਜਾਣ। ਉਹ ਸੁਝਾਵਾਂ ਨੂੰ ਸਿਰ ਮੱਥੇ ਲੈਣ ਅਤੇ ਨਾਲ ਦੀ ਨਾਲ ਵੱਧ ਤੋਂ ਵੱਧ ਪੜ੍ਹਨ ਦੀ ਕੋਸ਼ਿਸ਼ ਕਰਨ। ਕਿਉਂਕਿ ਲਿਖਣਾ ਕੋਈ ਸ਼ੌਕ ਨਹੀਂ ਕੋਈ ਮਜਬੂਰੀ ਨਹੀਂ ਸਗੋਂ ਇੱਕ ਬਹੁਤ ਵੱਡੀ ਜਿੰਮੇਵਾਰੀ ਹੈ, ਅਸਲ ਵਿੱਚ ਸਾਹਿਤ ਹੀ ਕਿਸੇ ਵਧੀਆ ਸਮਾਜ ਦੀ ਨੀਂਹ ਰੱਖਦਾ ਹੈ। ਅਸੀਂ ਜਦ ਲਿਖਦੇ ਹਾਂ ਕਿਸੇ ਦੇ ਅਹਿਸਾਨ ਨਹੀਂ ਕਰਦੇ ਸਗੋਂ ਆਪਦੀ ਜਿੰਮੇਵਾਰੀ ਨਿਭਾਉਂਦੇ ਹਾਂ। ਦੁੱਖ ਦੀ ਗੱਲ ਇਹ ਹੈ ਕਿ ਅਸੀਂ ਪੰਜਾਬੀ ਬੰਗਾਲੀਆਂ ਮਦਰਾਸੀਆਂ ਵਾਂਗ ਬਹੁਤੇ ਸੈਂਸੀਟਿਵ ਨਹੀਂ ਹਾਂ, ਸਾਡੇ ਵਿੱਚ ਤਾਂ ਪੈਸੇ ਫੁਕਰੇ ਬਾਜੀ ਅਤੇ ਹੈਂਕੜਬਾਜ਼ੀ ਦੀ ਦੌੜ ਲੱਗੀ ਰਹਿੰਦੀ ਹੈ। ਸਾਡੇ ਕਾਫੀ ਲੋਕਾਂ ਦੇ ਘਰ ਬਹੁਤ ਵੱਡੇ ਹਨ, ਵਿੱਚ ਵਿੱਚ ਘਰ ਤਾਂ 20-20 ਲੱਖ ਦੇ ਹਨ ਪਰ ਘਰ ਵਿੱਚ ਇੱਕ ਵੀ ਕਿਤਾਬ ਨਹੀਂ ਹੁੰਦੀ ਕਿਉਂਕਿ ਪੰਜਾਬੀ 50 ਡਾਲਰ ਦੀ ਬੋਤਲ ਖਰੀਦ ਸਕਦਾ ਹੈ ਪਰ ਪੰਜ ਡਾਲਰ ਦੀ ਕਿਤਾਬ ਨਹੀਂ। ਸਾਡੇ ਲੇਖਕ ਵੀ ਪੈਸੇ ਦੇ ਕੇ ਕਿਤਾਬ ਛਪਾਉਂਦੇ ਹਨ, ਕਿਤਾਬ ਵਿਕਦੀ ਨਹੀਂ ਬਹੁਤ ਵਾਰੀ ਕਿਤਾਬ ਲੋਕਾਂ ਨੂੰ ਮੁਫਤ ਹੀ ਦੇਣੀ ਪੈਂਦੀ ਹੈ ਤੇ ਮੁਫਤ ਕਿਤਾਬ ਲੈਣ ਵਾਲੇ ਲੋਕ ਕਦੇ ਕਿਤਾਬ ਨਹੀਂ ਪੜ੍ਹਦੇ। ਫਿਰ ਕਈ ਵਾਰ ਸਾਡੇ ਲੇਖਕ ਕਿਸੇ ਯੂਨੀਵਰਸਿਟੀ ਦੇ ਅਹੁਦੇਦਾਰ ਦੀ ਸ਼ਰਾਬ ਕਬਾਬ ਨਾਲ ਬਹੁਤ ਸੇਵਾ ਕਰਦੇ ਹਨ ਤੇ ਉਹ ਅਹੁਦੇਦਾਰ ਵੀ ਉਹਨਾਂ ਦੀ ਸੇਵਾ ਨੂੰ ਅਜਾਈ ਨਹੀਂ ਜਾਣ ਦਿੰਦਾ ਸਗੋਂ ਕਿਤਾਬ ਨੂੰ ਯੂਨੀਵਰਸਿਟੀ ਵਿੱਚ ਲਵਾ ਦਿੰਦਾ ਹੈ। ਮੈਂ ਇੱਕ ਲੇਖਕ ਨੂੰ ਉਸ ਦੀ ਕਿਤਾਬ ਦੀਆਂ ਕਵਿਤਾਵਾਂ ਪੜ੍ਹ ਕੇ ਤਾਰੀਫ ਕੀਤੀ ਤਾਂ ਉਸ ਦਾ ਜਵਾਬ ਸੀ ਭਾਜੀ ਹਾਂ ਜੀ ਧੰਨਵਾਦ ਤੁਹਾਡਾ ਮੈਂ ਸੁਣਿਆ ਇਹ ਕਿਤਾਬ ਯੂਨੀਵਰਸਿਟੀ 'ਚ ਵੀ ਲੱਗੀ ਹੋਈ, ਉਹ ਇਹ ਭੁੱਲ ਹੀ ਗਿਆ ਕਿ ਜਦ ਉਹ ਯੂਨੀਵਰਸਿਟੀ ਦੇ ਅਹੁਦੇਦਾਰ ਦੀ ਸੇਵਾ ਕਰ ਰਿਹਾ ਸੀ ਤਾਂ ਮੈਂ ਵੀ ਕੋਲ ਹੀ ਬੈਠਾ ਸੀ। ਅਹੁਦੇਦਾਰ ਨੂੰ ਪਿਆਈ ਖਾਲੀ ਬੋਤਲ ਵੀ ਇਸ ਉੱਤੇ ਸ਼ਰਮਸਾਰ ਹੋ ਜਾਂਦੀ ਹੈ। ਯੂਨੀਵਰਸਿਟੀ ਵਿੱਚ ਕਿਤਾਬਾਂ ਕਿਵੇਂ ਲੱਗਦੀਆਂ ਹਨ ਇਹ ਇਹ ਗੱਲ ਇਹਨਾਂ ਯੂਨੀਵਰਸਿਟੀਆਂ ਦੇ ਅਹੁਦੇਦਾਰ ਹੀ ਥੋੜਾ ਜਿਹਾ ਸ਼ਕਤੀ ਵਾਟਰ ਅੰਦਰ ਗਏ ਤੋਂ ਦੱਸ ਦਿੰਦੇ ਹਨ ਅਤੇ ਸਾਡਾ ਇਹ ਲੇਖਕ ਬਾਅਦ ਵਿੱਚ ਸਹਿਤ ਦੀ ਰਚਨਾ ਘੱਟ ਕਰਦਾ ਹੈ ਤੇ ਜੁਗਾੜ ਬਣਾਉਣ ਦੇ ਪ੍ਰਬੰਧ ਜਿਆਦੇ ਕਰਦਾ ਹੈ। ਅੱਜ ਕੱਲ ਸੋਸ਼ਲ ਮੀਡੀਏ ਨੇ ਬਹੁਤ ਸਾਰੇ ਲੇਖਕਾਂ ਦੀ ਸ਼ੋਹਰਤ ਦੀ ਭੁੱਖ ਦੇ ਚਿਹਰੇ ਮੂਹਰੇ ਨੰਗੇ ਕਰ ਦਿੱਤੇ ਹਨ। ਇਹ ਲੋਕ ਸਿਰਫ ਆਪ ਦੀ ਰਚਨਾ ਤੇ ਹੋਏ ਕਮੈਂਟਾਂ ਦਾ ਧੰਨਵਾਦ ਕਰਦੇ ਹਨ ਤੇ ਕਿਸੇ ਹੋਰ ਦੀ ਰਚਨਾ ਬਾਰੇ ਰਾਏ ਦੇਣਾ ਜਾਂ ਕਮੈਂਟ ਕਰਨਾ ਆਪਦੀ ਹੱਥਕ ਸਮਝਦੇ ਹਨ। ਬਹੁਤੇ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਕਈ ਵਾਰ ਨਵੇਂ ਲੇਖਕ ਵੀ ਉਹਨਾਂ ਦੀ ਇਸ ਉਦਾਹਰਣ ਨੂੰ ਆਪਦਾ ਮਕਸਦ ਬਣਾ ਲੈਂਦੇ ਹਨ। ਸੁਹਿਰਦ ਸਹਿਤਕਾਰ ਕਿਸੇ ਹੋਰ ਭਾਸ਼ਾ ਦਾ ਤਾਂ ਮੈਨੂੰ ਪਤਾ ਨਹੀਂ ਪਰ ਪੰਜਾਬੀ ਵਿੱਚ ਤਾਂ ਗਿਣਵੇ ਹੀ ਹਨ। ਜੋ ਲਿਖਦੇ ਹਨ ਆਪਦੀ ਲਿਖਤ ਨਾਲ ਖੜ੍ਹਦੇ ਹਨ ਅਤੇ ਬੜੀ ਨਿਮਰਤਾ ਨਾਲ ਗੱਲ ਵੀ ਕਰਦੇ ਹਨ। ਉਨਾਂ ਨੂੰ ਪਤਾ ਹੈ ਕਿ ਸਹਿਤ ਲਿਖਣਾ ਕੁਝ ਸ਼ੌਂਕ ਨਹੀਂ ਹੈ। ਜੇ ਸਾਹਿਤ ਵਧੀਆ ਰਚਿਆ ਜਾਵੇਗਾ ਤਾਂ ਹੀ ਸਮਾਜ ਵਧੀਆ ਬਣੇਗਾ ਅਤੇ ਲੋਕ ਆਰਾਮ ਦੀ ਜ਼ਿੰਦਗੀ ਬਤੀਤ ਕਰਨਗੇ। ਇਹਨਾਂ ਲੇਖਕਾਂ ਦੀਆਂ ਲਿਖਤਾਂ ਸਦੀਵੀ ਹੁੰਦੀਆਂ ਹਨ। ਇਹ ਲੇਖਕ ਚੁੱਪ ਚ ਬੀਤੇ ਆਪਦਾ ਕੰਮ ਕਰੀ ਜਾਂਦੇ ਹਨ। ਇਹਨਾਂ ਲੇਖਕਾਂ ਨੂੰ ਬਾਅਦ ਵਿੱਚ ਆਉਣ ਵਾਲੀਆਂ ਨਸਲਾਂ ਆਪਦੇ ਰਾਹ ਦਰਸਾਵੇ ਮਨ ਦੀਆਂ ਹਨ। ਗੱਲ ਫਿਰ ਉੱਥੇ ਹੀ ਮੁੜਦੀ ਹੈ ਕਿ ਕੀ ਅਸੀਂ ਸੰਜੀਦਾ ਹੋ ਕੇ ਅਹੁਦੇਦਾਰੀਆਂ ਦਾ ਖਹਿੜਾ ਛੱਡ ਕੇ ਇੱਕ ਦੂਜੇ ਦੀ ਕਿਰਤ ਦੀ ਉਹ ਲੋਚਨਾ ਕਰਨੀ ਹੈ ਜਾਂ ਉਸ ਕਿਰਤ ਬਾਰੇ ਆਪਦੇ ਉਸਾਰੂ ਸੁਝਾ ਦੇਣੇ ਹਨ ਜਾਂ ਸਟੇਜੀ ਸੁਭਾਵਾਂ ਦੀ ਤਰ੍ਹਾਂ ਫਾਰਮੈਲਟੀ ਦੀ ਰੀਤ ਨਿਭਾਉਣੀ ਹੈ ਕਿ ਬਈ ਬੱਲੇ ਬੱਲੇ ਅਜੇ ਤਾਂ ਤੇਰੀ ਰਚਨਾ ਨੇ ਮੇਲਾ ਲੁੱਟ ਲਿਆ। ਲੇਖਕ ਨੂੰ ਵੀ ਤਾਰੀਫ ਕਰਨ ਵਾਲੇ ਹੀ ਚੰਗੇ ਲੱਗਦੇ ਹਨ ਸੁਝਾਅ ਦੇਣ ਵਾਲੇ ਨਹੀਂ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਸਭਾ ਨੂੰ ਸਟੇਜੀ ਸਭਾ ਦੀ ਤਰ੍ਹਾਂ ਹੀ ਚਲਾਉਣਾ ਹੈ, ਜਾਂ ਇੱਕ ਵਧੀਆ ਸਮਾਜ ਸਿਰਜਣ ਲਈ ਵਧੀਆ ਸਾਹਿਤ ਪੈਦਾ ਕਰਨਾ ਹੈ। ਕੀ ਅਸੀਂ ਇਨਾਮਾ ਸਨਮਾਨਾਂ ਦੇ ਜੁਗਾੜ ਵਿੱਚ ਪੈਣਾ ਹੈ? ਸਭਾ ਨੂੰ ਪੌੜੀ ਬਣਾ ਕੇ ਆਪਦੀ ਪ੍ਰਮੋਸ਼ਨ ਲਈ ਵਰਤਣਾ? ਇੱਕ ਦੂਜੇ ਨੂੰ ਨਿੰਦਣ ਦੀ ਦੌੜ ਵਿੱਚ ਪੈਣਾ ਹੈ? ਇਹ ਕੁਝ ਸਵਾਲ ਹਨ ਜੋ ਸਮਕਾਲੀ ਲੇਖਕਾਂ ਦੇ ਸਨਮੁੱਖ ਹਨ। ਇੱਕ ਗੱਲ ਯਾਦ ਰਹੇ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਬਲਕਿ ਸਾਹਿਤ ਸਮਾਜ ਦੀ ਡਰਾਈਵ ਫੋਰਸ ਹੁੰਦਾ ਹੈ ਜਿਸਨੇ ਸਮਾਜ ਨੂੰ ਉਬੜ ਖੁਬੜ ਰਾਹਾਂ ਚੋ ਕੱਢ ਕੇ ਸ਼ਾਹ ਰਾਹ ਤੇ ਲੈ ਕੇ ਜਾਣਾ ਹੁੰਦਾ ਹੈ।









# Galaxy Kitchen Cabinets Ltd.
Residential & Commercial



- Custom Cabinets • Countertops
- Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

# Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834

3822 Marine Way
Burnaby, B.C. V5J 3H4



THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC. BROKERAGE
HIGHER STANDARDS

# Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals
# Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange*
*Decoration*
*Party Rentals*
Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



# Punjabi Rang Radio
CHLO AM530
(TORONTO)
11PM-12AM
(SATURDAY)

Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

# Hiring Drivers/Owners/Operators
GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਵੀਲਜ਼ ਐਂਡ ਟਾਇਰਜ਼ ਲਿਮ. ਕੰਪਨੀ ਦੀ ਸਰੀ ਅਤੇ ਐਬਸਫੋਰਟ ਤੋਂ ਬਾਅਦ ਤੀਜੀ ਲੋਕੇਸ਼ਨ ਕੈਲਗਰੀ ’ਚ ਖੁੱਲ੍ਹ ਗਈ






ਵੀਲਜ਼ ਐਂਡ ਟਾਇਰਜ਼ ਲਿਮਟਿਡ ਕੰਪਨੀ ਦੀ ਸਰੀ ਅਤੇ ਐਬਸਫੋਰਟ ਤੋਂ ਬਾਅਦ ਤੀਜੀ ਲੋਕੇਸ਼ਨ 3510 32 ST ਨਾਰਥ ਈਸਟ ਕੈਲਗਰੀ (ਕੈਨੇਡਾ) ਵਿਖੇ ਖੁੱਲ੍ਹ ਗਈ ਹੈ। ਜਿਸ ਦਾ ਸ਼ਾਨਦਾਰ ਉਦਘਾਟਨ 29 ਸਤੰਬਰ ਨੂੰ ਐਨ.ਡੀ.ਪੀ. ਐਮਐਲਏ ਗੁਰਿੰਦਰ ਬਰਾੜ ਵਲੋਂ ਕੀਤਾ ਗਿਆ। ਇਸ ਮੌਕੇ ਕੈਲਗਰੀ ਦੀਆਂ ਉਘੀਆਂ ਸ਼ਖਸੀਅਤਾਂ ਅਤੇ ਪਤਵੰਤੇ ਹਾਜ਼ਰ ਸਨ।

# ਨੌਜਵਾਨ ਸਭਾ ਅਤੇ ਕਈ ਜਥੇਬੰਦੀਆਂ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ-ਉਹਨਾਂ ਦੇ ਵਿਚਾਰਾਂ ਨੂੰ ਅਪਨਾਉਣ ਦਾ ਸੱਦਾ

ਲੁਧਿਆਣਾ, (ਜਸਵੰਤ ਜੀਰਖ) : ਲੁਧਿਆਣਾ ਵਿਖੇ 28 ਸਤੰਬਰ ਨੂੰ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ, ਤਰਕਸ਼ੀਲ ਸਿਸਾਇਟੀ ਪੰਜਾਬ, ਜਮਹੂਰੀਅਧਿਕਾਰ ਸਭਾ, ਇਨਕਲਾਬੀ ਮਜਦੂਰ ਕੇਂਦਰ, ਇਨਕਲਾਬੀ ਕੇਂਦਰ ਦੇ ਕਾਰਕੁੰਨਾਂ ਵੱਲੋਂ ਅੱਜ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਮਨਾਇਆ ਗਿਆ। ਇੱਥੇ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਬੁੱਤਾਂ ਨੂੰ ਹਾਰ ਪਹਿਨਾਕੇ ਉਹਨਾਂ ਦੇ ਵਿਚਾਰਾਂ ਤੇ ਚੱਲਣ ਦਾ ਪ੍ਰਣ ਦੁਹਰਾਇਆ। ਇਸ ਤੋਂ ਪਹਿਲਾਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਤੇ ਝੰਡਾ ਵੀ ਝੁਲਾਇਆ ਗਿਆ। ਇਸ ਸਮੇਂ ਜਸਵੰਤ ਜੀਰਖ ਨੇ ਸੰਬੋਧਨ ਕਰਦਿਆਂ ਸ਼ਹੀਦਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ ਤੇ ਅਧਾਰਤ ਸਮਾਜ ਸਿਰਜਣ ਲਈ ਅੱਗੇ ਵਧਣ ਦਾ ਸੱਦਾ ਦਿੱਤਾ। ਉਹਨਾਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਅੰਗਰੇਜ਼ਾਂ ਦੇ ਪਦ ਚਿਨ੍ਹਾਂ ਤੇ ਚੱਲ ਰਹੇ “ਪਾੜੋ ਤੇ ਰਾਜ ਕਰੋ” ਦਾ ਰਾਜ ਪ੍ਰਬੰਧ ਖਤਮ ਕਰਕੇ ਧਰਮ, ਜਾਤ ਪਾਤ ’ਤੇ ਅਧਾਰਤ ਫਿਰਕੂ ਨਫਰਤ ਦੀ ਬਜਾਏ ਆਪਸੀ ਭਾਈਚਾਰਕ ਸਾਂਝ ਪੈਦਾ ਕਰਕੇ ਦੇਸ਼ ਨੂੰ ਵੇਚਣ, ਲੁੱਟਣ ਅਤੇ ਕੁੱਟਣ ਦੀ ਰਾਜਨੀਤੀ ਨੂੰ ਸਮਝਣ ਲਈ ਪ੍ਰੇਰਿਤ ਕੀਤਾ। ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜੀਰਖ, ਕਾ. ਸੁਰਿੰਦਰ ਸਿੰਘ, ਡਾ. ਹਰਬੰਸ ਗਰੇਵਾਲ, ਮਾ. ਪ੍ਰਮਜੀਤ ਪਨੇਸਰ, ਜਗਜੀਤ ਸਿੰਘ, ਮਾ. ਸੁਰਜੀਤ ਸਿੰਘ, ਸਤਨਾਮ ਸਿੰਘ, ਬਲਵਿੰਦਰ ਸਿੰਘ, ਵਰੁਣ ਕੁਮਾਰ, ਰਵਿਤਾ, ਅੰਮ੍ਰਿਤਪਾਲ ਸਿੰਘ, ਮਹੇਸ਼ ਕੁਮਾਰ, ਮਾਨ ਸਿੰਘ ਸਮੇਤ ਸਫਾਈ ਕਾਮਿਆਂ ਦੀ ਸਮੁੱਚੀ ਟੀਮ ਨੇ ਸਿਰਕਤ ਕੀਤੀ।




# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ‘ਮੈਂ ਭਗਤ ਸਿੰਘ’ ਆਪਣੀ ਵੱਖਰੀ ਛਾਪ ਛੱਡ ਗਿਆ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿੱਖੇ ਰੰਗ ਮੰਚ ਰੰਗ ਨਗਰੀ ਲੁਧਿਆਣਾ, ਨਾਟਕ ਟੀਮ ਵੱਲੋਂ ਤਰਲੋਚਨ ਸਿੰਘ ਪਨੇਸਰ ਦੀ ਨਿਰਦੇਸ਼ਨਾਂ ਹੇਠ ਖੇਡੇ ਗਏ ਨਾਟਕ ‘ਮੈਂ ਭਗਤ ਸਿੰਘ’ ਨੌਜਵਾਨਾਂ ਨੂੰ ਹਲੂਣਾ ਦਿੰਦਿਆਂ ਭਗਤ ਸਿੰਘ ਨੂੰ ਪੜ੍ਹਨ ਦਾ ਸੰਦੇਸ ਦੇ ਗਿਆ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਵੱਲੋਂ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਸਹਿਯੋਗ ਨਾਲ ਕਰਵਾਏ ਇਸ ਨਾਟਕ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਉਚਿਆਉਂਦਿਆਂ , ਉਸ ਨੂੰ ਕਿਰਤੀ ਵਰਗ ਦੀ ਹੋ ਰਹੀ ਲੁੱਟ ਨੂੰ ਖਤਮ ਕਰਨ ਲਈ ਰਾਹ ਦਰਸਾਵਾ ਕਰਾਰ ਦਿੱਤਾ।ਇਕ ਪਿੰਡ ਦੇ ਗਰੀਬ ਪ੍ਰਵਾਰ ਦੀ ਗਰੀਬੀ ਦਾ, ਸ਼ਾਹੂਕਾਰ ਵੱਲੋਂ ਨਜ਼ਾਇਜ ਲੁੱਟ ਰਾਹੀਂ, ਕੀਤੀ ਜਾਂਦੀ ਦੁਰਦਸ਼ਾ ਤੋਂ ਛੁਟਕਾਰਾ ਦਿਵਾਉਣ ਲਈ , ਇਸ ਵਿਚਾਰਧਾਰਾ ਦਾ ਗਿਆਨ ਸਹੀ ਮਾਰਗ ਵਿਖਾਉਂਦਾ ਦਰਸਾਇਆ ਗਿਆ। ਇਕ ਨੌਜਵਾਨ ਜੋ ਕਿਸੇ ਹੋਟਲ ‘ਤੇ ਵਰਤਨ ਸਾਫ ਕਰਨ ਦਾ ਕੰਮ ਕਰਦਾ ਹੈ , ਨੂੰ ਜਦੋਂ ਭਗਤ ਸਿੰਘ ਬਾਰੇ ਕਿਤਾਬਾਂ ਪੜ੍ਹਨ ਨੂੰ ਮਿਲਦੀਆਂ ਹਨ ਤਾਂ ਉਹਨਾਂ ਨੂੰ ਪੜ੍ਹਕੇ ਮਿਲੇ ਗਿਆਨ ਰਾਹੀਂ ਉਹ ਖੁਦ ਨੂੰ ਭਗਤ ਸਿੰਘ ਹੀ ਮਹਿਸੂਸ ਕਰਦਾ ਹੈ। ਅੰਤ ਵਿੱਚ ਇਸ ਵਿਚਾਰਧਾਰਾ ਨੂੰ ਅਪਨਾਉਣ ਨਾਲ ਹੀ ਕਿਰਤੀ ਵਰਗ ਦੀ ਬੰਦ ਖੁਲਾਸੀ ਹੋਣ ਦੀ ਪੁਸ਼ਟੀ ਕਰਨ ਵਿੱਚ ਇਹ ਨਾਟਕ ਸਫਲ ਰਿਹਾ।

ਇਸ ਸਮੇਂ ਬਲਵਿੰਦਰ ਸਿੰਘ, ਕਸਤੂਰੀ ਲਾਲ ਅਤੇ ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੀਆਂ ਲੜਕੀਆਂ ਬਬੀਤਾ ਟੀਮ ਨੇ ਇਨਕਲਾਬੀ ਗੀਤਾਂ ਰਾਹੀਂ ਹਾਜ਼ਰੀ ਲਵਾਈ। ਸਟੇਜ ਸੰਚਾਲਨ ਨੌਜਵਾਨ ਸਭਾ ਦੀ ਆਗੂ ਮੀਨੂ ਸ਼ਰਮਾਂ ਵੱਲੋਂ ਬਾਖੂਬੀ ਨਿਭਾਇਆਗਿਆ। ਨਾਟਕ ਉਪਰੰਤ ਵਿੱਚ ਰੰਗ ਮੰਚ ਰੰਗ ਨਗਰੀ ਦੀ ਸਮੁੱਚੀ ਟੀਮ ਨੂੰ ਸ਼ਹੀਦ ਬਾਬਾ ਭਾਨ ਸਿੰਘ ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਅਤੇ ਉੱਘੇ ਰੰਗ ਕਰਮੀ ਮਾ ਸੁਰਿੰਦਰ ਸ਼ਰਮਾਂ ਮੁੱਲਾਪੁਰ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਗਦਰੀ ਬਾਬਾ ਭਾਨ ਸਿੰਘ ਦੀ ਕੁਰਬਾਨੀ ਬਾਰੇ ਕਿਤਾਬਾਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਮੁੱਚੇ ਪ੍ਰਬੰਧ ਲਈ ਨੌਸਵਾਨ ਸਭਾ ਦੀ ਟੀਮ ਵਿੱਚ ਐਡਵੋਕੇਟ ਹਰਪ੍ਰੀਤ ਜ਼ੀਰਖ, ਰਾਕੇਸ਼ ਆਜ਼ਾਦ, ਜਗਜੀਤ ਸਿੰਘ, ਅਰੁਣ ਕੁਮਾਰ, ਮਹੇਸ਼ ਕੁਮਾਰ ਨੇ ਅਹਿਮ ਭੂਮਿਕਾ ਨਿਭਾਈ। ਇਸ ਸਮੇਂ ਬਹਾਦਰ ਸਿੰਘ ਤੂਰ, ਕਾ ਸੁਰਿੰਦਰ ਸਿੰਘ, ਪ੍ਰਿੰਸੀਪਲ ਅਜਮੇਰ ਦਾਖਾ, ਡਾ ਦਰਸ਼ਨ ਖੇੜੀ, ਦਲਬਾਗ ਜ਼ੀਰਖ, ਡਾ ਹਰਬੰਸ ਗਰੇਵਾਲ, ਡਾ ਮੋਹਨ ਸਿੰਘ, ਜਗਧੀਰਜ ਸਿੰਘ, ਸੁਖਵਿੰਦਰ ਲੀਲ, ਵਰੁਣ ਕੁਮਾਰ ਮੈਡਮ ਮਧੂ ਤੇ ਨੀਲਮ ਕਸਤੂਰੀ ਸਮੇਤ ਹੋਰ ਔਰਤਾਂ ਵੀ ਸ਼ਾਮਲ ਸਨ।



Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਭਾਅ ਜੀ ਗੁਰਸ਼ਰਨ ਸਿੰਘ ਨੇ ਨਾਟਕ ਦੇ ਮਾਧਿਅਮ ਰਾਹੀਂ, ਸਮਾਜਿਕ ਤਬਦੀਲੀ ਦੀ ਗੱਲ ਲੋਕਾਂ ਦੀ ਭਾਸ਼ਾ 'ਚ ਕੀਤੀ : ਪ੍ਰੋ. ਜਗਰੂਪ ਸਿੰਘ ਸੇਖੋਂ

## *ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਭਾਅ ਜੀ ਗੁਰਸ਼ਰਨ ਸਿੰਘ ਦੀ ਸਮਾਜ ਤੇ ਪੰਜਾਬੀ ਰੰਗਮੰਚ ਨੂੰ ਦੇਣ ਸਬੰਧੀ ਕਰਾਇਆ ਸਮਾਗ਼ਮ*







ਬਰੈਂਪਟਨ, (ਡਾ. ਝੰਡ) : 'ਰੰਗਮੰਚ ਦੇ ਸ਼ਾਹਕਾਰ' ਭਾਅ ਜੀ ਗੁਰਸ਼ਰਨ ਸਿੰਘ ਨੂੰ ਉਨ੍ਹਾਂ ਦੇ ਜਨਮ-ਦਿਨ 'ਤੇ ਯਾਦ ਕਰਦਿਆਂ ਸਮਾਜਿਕ ਤਬਦੀਲੀ ਲਈ ਉਨ੍ਹਾਂ ਦੀ ਪੰਜਾਬੀ ਰੰਗਮੰਚ ਨੂੰ ਦੇਣ ਸਬੰਧੀ ਲੰਘੇ ਐਤਵਾਰ 15 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸ਼ਾਨਦਾਰ ਸਮਾਗ਼ਮ ਦਾ ਆਯੋਜਨ ਕੀਤਾ ਗਿਆ। ਸਮਾਗ਼ਮ ਦੇ ਮੁੱਖ-ਬੁਲਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੋਲਿਟੀਕਲ ਸਾਇੰਸ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ ਡਾ. ਜਗਰੂਪ ਸਿੰਘ ਸੇਖੋਂ ਸਨ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਕਰਨਲ ਬਲਦੇਵ ਸਿੰਘ ਸੰਘਾ, ਕਿਰਪਾਲ ਸਿੰਘ ਪੰਨੂੰ ਤੇ ਕਰਨ ਅਜਾਇਬ ਸਿੰਘ ਸੰਘਾ ਸ਼ੁਸ਼ੋਭਿਤ ਸਨ। 28 ਸਤੰਬਰ ਨੂੰ ਆ ਰਹੇ ਸ਼ਹੀਦ ਭਗਤ ਸਿੰਘ ਦੇ 117ਵੇਂ ਜਨਮ-ਦਿਨ ਨੂੰ ਸਮਰਪਿਤ ਇਸ ਸਮਾਗ਼ਮ ਦੇ ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੀ ਰੂਪ-ਰੇਖਾ ਦੱਸਣ ਤੋਂ ਬਾਅਦ ਉਨ੍ਹਾਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੂੰ ਆਏ ਮਹਿਮਾਨਾਂ ਤੇ ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਰਸਮੀ ਧੰਨਵਾਦ ਕਰਨ ਦੇ ਨਾਲ ਨਾਲ ਸਮਾਗ਼ਮ ਦੇ ਦੋਹਾਂ ਬੁਲਾਰਿਆਂ ਬਾਰੇ ਸੰਖੇਪ ਜਾਣ-ਪਛਾਣ ਵੀ ਕਰਵਾਈ।

ਉਪਰੰਤ ਸਮਾਗ਼ਮ ਦੇ ਪਹਿਲੇ ਬੁਲਾਰੇ ਡਾ. ਜਗਰੂਪ ਸਿੰਘ ਸੇਖੋਂ ਨੇ ਆਪਣੀ ਗੱਲ ਸ਼ਹੀਦ ਭਗਤ ਸਿੰਘ ਤੋਂ ਆਰੰਭ ਕਰਦਿਆਂ ਕਿਹਾ ਕਿ ਭਗਤ ਸਿੰਘ ਦਾ 'ਭਗਤ ਸਿੰਘ' ਬਣਨਾ 'ਖ਼ਲਾਅ' (ਵੈਕਿਊਮ) 'ਚ ਆਰੰਭ ਨਹੀਂ ਹੋਇਆ, ਸਗੋਂ ਇਹ ਤਾਂ 'ਸਮਾਜਿਕ ਤਾਣੇ-ਬਾਣੇ' ਦੀ ਉਪਜ ਸੀ। ਉਨ੍ਹਾਂ ਆਖਿਆ ਕਿ ਪਰਿਵਾਰ ਮਨੁੱਖ ਦੀ ਸੱਭ ਤੋਂ ਪਹਿਲੀ ਤੇ ਵੱਡੀ 'ਸਿਖਲਾਈ ਏਜੰਸੀ' ਹੈ ਅਤੇ ਭਗਤ ਸਿੰਘ ਦੇ ਵਿਚਾਰਾਂ ਵਿਚ ਉਸ ਦੇ ਪਰਿਵਾਰ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਇਨ੍ਹਾਂ ਵਿਚਾਰਾਂ ਵਿੱਚੋਂ ਹੀ ਗੁਰਸ਼ਰਨ ਸਿੰਘ ਦੀ ਵਿਚਾਰਧਾਰਾ ਨੇ ਜਨਮ ਲਿਆ ਅਤੇ ਉਨ੍ਹਾਂ 'ਕੈਮੀਕਲ ਇੰਜੀਨੀਅਰ' ਦੇ ਉੱਚ-ਅਹੁਦੇ ਨੂੰ ਠੋਕਰ ਮਾਰ ਕੇ ਨਾਟਕਾਂ ਦੇ ਮਾਧਿਅਮ ਰਾਹੀਂ ਸਮਾਜਿਕ ਬਰਾਬਰੀ (ਸੋਸ਼ਲਿਜ਼ਮ) ਦਾ ਹੋਕਾ ਘਰ-ਘਰ ਪਹੁੰਚਾਉਣ ਲਈ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੀ ਸਥਾਪਨਾ ਕੀਤੀ ਜਿਸ ਨੇ ਦੂਰ-ਦੁਰਾਡੇ ਪਿੰਡਾਂ ਵਿਚ ਜਾ ਕੇ ਬੈਲ-ਗੱਡੀਆਂ ਦੀਆਂ ਪਿੱਠਾਂ ਜੋੜ ਕੇ ਬਣਾਈਆਂ ਗਈਆਂ ਸਧਾਰਨ ਸਟੇਜਾਂ ਉੱਪਰ ਨਾਟਕ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਭਾਅ ਜੀ ਨੇ ਆਪਣੇ ਨਾਟਕਾਂ ਵਿਚ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਦੀ ਗੱਲ ਲੋਕਾਂ ਦੀ ਭਾਸ਼ਾ ਵਿਚ ਕੀਤੀ। ਉਨ੍ਹਾਂ ਦਾ ਮਕਸਦ ਲੋਕਾਂ ਦੀ ਵਿਚਾਰਧਾਰਕ ਪ੍ਰਪੱਕਤਾ, ਸਮਾਜਿਕ ਬਰਾਬਰੀ ਅਤੇ ਸੱਤਾ ਦੀ ਸਾਂਝ ਸੀ। ਉਹ ਪੇਂਡੂ-ਧੁਰੇ ਨੂੰ ਆਧੁਨਿਕਤਾ ਦਾ ਕੇਂਦਰ ਬਨਾਉਣਾ ਚਾਹੁੰਦੇ ਸੀ। ਏਸੇ ਲਈ ਉਨ੍ਹਾਂ ਨੇ ਆਪਣੇ ਬਹੁਤ ਨਾਟਕ ਪਿੰਡਾਂ ਵਿਚ ਖੇਡੇ। ਨਾਟਕਾਂ ਰਾਹੀਂ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਨੌਜੁਆਨਾਂ ਨੂੰ ਨਵੀਂ ਸੇਧ ਦਿੱਤੀ ਅਤੇ ਉਨ੍ਹਾਂ ਨੂੰ ਇੱਕ-ਮੁੱਠ ਕੀਤਾ।

ਡਾ. ਸੇਖੋਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਵਾਂਗ ਭਾਅ ਜੀ ਗੁਰਸ਼ਰਨ ਸਿੰਘ ਸਮਾਜ ਵਿਚ ਤਬਦੀਲੀ ਲਿਆਉਣ ਵਾਲੇ ਇਨਕਲਾਬੀ ਵਿਚਾਰਾਂ ਦੇ ਧਾਰਨੀ ਸਨ ਅਤੇ ਉਨ੍ਹਾਂ ਨੇ ਇਹ ਸੁਨੇਹਾ ਆਪਣੇ ਨਾਟਕਾਂ ਰਾਹੀਂ ਆਮ ਲੋਕਾਂ ਤੀਕ ਬਾਖ਼ੂਬੀ ਪਹੁੰਚਾਇਆ। ਇਸ ਦੇ ਨਾਲ ਹੀ ਉਨ੍ਹਾਂ 1975 ਵਿਚ ਭਾਅ ਜੀ ਦੇ ਨਾਟਕ 'ਜੱਗ ਚਾਨਣ ਹੋਆ', 'ਇਹ ਲਹੂ ਕਿਸਦਾ ਹੈ?' ਤੇ 'ਤੂਤਾਂ ਵਾਲਾ ਖੂਹ' ਆਪਣੇ ਪਿੰਡ ਚੌਹਾਨ (ਜ਼ਿਲਾ ਅੰਰਿਤਸਰ) ਵਿਖੇ ਕਰਵਾਉਣ ਦਾ ਵੀ ਜ਼ਿਕਰ ਕੀਤਾ। ਪ੍ਰੋ. ਜਗੀਰ ਸਿੰਘ ਕਾਹਲੋਂ ਕਿਹਾ ਕਿ ਗੁਰਸ਼ਰਨ ਸਿੰਘ ਹੁਰਾਂ ਦੇ ਵਿਚਾਰਾਂ ਦੀ ਲਗਾਤਾਰਤਾ ਉਨ੍ਹਾਂ ਦੇ ਨਾਟਕਾਂ ਵਿਚ ਬਰਕਰਾਰ ਰਹੀ। ਕਿਰਪਾਲ ਸਿੰਘ ਪੰਨੂੰ ਨੇ ਭਾਅ ਜੀ ਦੇ ਨਾਟਕਾਂ ਦੇ ਲੋਕਾਂ 'ਤੇ ਪਏ ਹਾਂ-ਪੱਖੀ ਪ੍ਰਭਾਵ ਦੀ ਗੱਲ ਕੀਤੀ।

ਸਮਾਗ਼ਮ ਦੇ ਦੂਸਰੇ ਬੁਲਾਰੇ ਕਰਨਲ ਬਲਦੇਵ ਸਿੰਘ ਨੇ ਫ਼ੌਜੀ ਜੀਵਨ ਦੀਆਂ ਝਲਕੀਆਂ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਆਪਣੇ ਪਿਤਾ ਜੀ ਦੇ ਅਨੁਸ਼ਾਸਿਤ ਫ਼ੌਜੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਫ਼ੌਜ ਵਿਚ ਜਾਣ ਦਾ ਫ਼ੈਸਲਾ ਕੀਤਾ ਜੋ ਐਜੂਕੇਸ਼ਨ ਕੋਰ ਵਿਚ ਉੱਚ-ਅਫ਼ਸਰ ਸਨ। ਉਨ੍ਹਾਂ ਕਿਹਾ ਕਿ ਇਨਸਾਨ ਆਪਣੀ ਦਸਤਾਰ, ਰਫ਼ਤਾਰ ਤੇ ਗੁਫ਼ਤਾਰ ਤੋਂ ਪਛਾਣਿਆਂ ਜਾਂਦਾ ਹੈ। ਫ਼ੌਜ ਜਵਾਨ ਨੂੰ 'ਯੰਗਮੈਨ' ਤੋਂ 'ਜੈਂਟਲਮੈਨ' ਬਣਾਉਂਦੀ ਹੈ ਅਤੇ ਫਿਰ ਉਹ ਸਾਰੀ ਉਮਰ 'ਜੈਂਟਲਮੈਨ' ਬਣਿਆ ਰਹਿੰਦਾ ਹੈ। ਉਨ੍ਹਾਂ ਹੋਰ ਦੱਸਿਆ ਕਿ ਫ਼ੌਜ ਵਿਚ ਔਰਤ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਹੈ। ਵੱਡੇ ਤੋਂ ਵੱਡਾ ਅਫ਼ਸਰ, ਇੱਥੋਂ ਤੱਕ ਕਿ ਜਨਰਲ ਵੀ ਛੋਟੇ ਅਫ਼ਸਰਾਂ ਤੇ ਜਵਾਨਾਂ ਦੀਆਂ ਪਤਨੀਆਂ ਨੂੰ ਪੂਰਾ ਇੱਜ਼ਤ-ਮਾਣ ਦਿੰਦੇ ਹਨ। ਆਜ਼ਾਦੀ ਦੇ ਪਰਵਾਨਿਆਂ ਦੀ ਗੱਲ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੇ ਕਰੀਬੀ ਰਿਸ਼ਤੇਦਾਰ ਅੰਮ੍ਰਿਤ ਢਿੱਲੋਂ ਨੇ ਵੀ ਸਰੋਤਿਆਂ ਨੂੰ ਸੰਬੋਧਨ ਕੀਤਾ।

ਸੈਸ਼ਨ ਨੂੰ ਸੰਕੋਚਦਿਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਨੇ ਕਿਹਾ ਕਿ ਗੁਰਸ਼ਰਨ ਸਿੰਘ ਹੁਰਾਂ ਦੇ ਨਾਂ ਨਾਲ ਲੱਗਾ ਲਕਬ 'ਭਾਅ ਜੀ' ਉਨ੍ਹਾਂ ਦੀ ਵੱਖਰੀ ਪਹਿਚਾਣ ਬਣ ਗਿਆ। ਉਨ੍ਹਾਂ ਨਾਲੋਂ ਅੱਧੀ ਉਮਰ ਦੇ ਨੌਜੁਆਨ ਵੀ ਉਨ੍ਹਾਂ ਨੂੰ 'ਭਾਅ ਜੀ' ਕਹਿ ਕੇ ਹੀ ਸੰਬੋਧਨ ਕਰਦੇ ਸਨ।



ਸਮਾਜਿਕ ਤਬਦੀਲੀ ਦੇ ਮਾਰਗ ਵਿਚ ਭਾਅ ਜੀ ਨੇ ਨਾਟਕਾਂ ਦਾ ਮਹਾਨ ਯੋਗਦਾਨ ਹੈ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਕਰਨਲ ਬਲਦੇਵ ਸਿੰਘ ਹੁਰਾਂ ਨੇ ਫ਼ੌਜੀ ਜੀਵਨ ਉੱਪਰ ਬਹੁਤ ਵਧੀਆ ਪੰਛੀ-ਝਾਤ ਪਵਾਈ ਹੈ ਅਤੇ ਫ਼ੌਜੀ ਜੀਵਨ ਨਾਲ ਸਬੰਧਿਤ ਬਹੁ-ਮੁੱਲੀਆਂ ਧਾਰਨਾਵਾਂ ਤੋਂ ਜਾਣੂੰ ਕਰਵਾਇਆ ਹੈ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਕਵੀ-ਦਰਬਾਰ ਹੋਇਆ ਜਿਸ ਦਾ ਸੰਚਾਲਨ ਸਭਾ ਦੇ ਕੋਆਰਡੀਨੇਟਰ ਪ੍ਰੋ. ਤਲਵਿੰਦਰ ਮੰਡ ਵੱਲੋਂ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਪ੍ਰੋੜ੍ਹ-ਕਵੀ ਗੁਰਦੇਵ ਚੌਹਾਨ, ਪ੍ਰੋ. ਜਗੀਰ ਸਿੰਘ ਕਾਹਲੋਂ, ਸ਼ਾਇਰ ਮਲਵਿੰਦਰ ਅਤੇ ਡਾ. ਸੁਰਿੰਦਰਜੀਤ ਕੌਰ ਸਨ। ਮੰਚ-ਸੰਚਾਲਕ ਵੱਲੋਂ ਸਭ ਤੋਂ ਪਹਿਲਾਂ ਪ੍ਰੀਤਮ ਧੰਜਲ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਲਾਸਾਨੀ ਕੁਰਬਾਨੀ ਸਬੰਧੀ ਆਪਣੀ ਉਰਦੂ ਨਜ਼ਮ 'ਹਮ ਕੱਲ੍ਹ ਨਾ ਯਹਾਂ ਹੋਂਗੇ, ਨਾ ਜਾਨੇ ਕਹਾਂ ਹੋਂਗੇ' ਸੁਣਾਈ। ਉਪਰੰਤ, ਵਾਰੋ-ਵਾਰੀ ਰਿੰਕੂ ਭਾਟੀਆ, ਇਕਬਾਲ ਬਰਾੜ, ਰੂਬੀ ਕਰਤਾਰਪੁਰੀ, ਮਕਸੂਦ ਚੌਧਰੀ, ਹਰਪਾਲ ਸਿੰਘ ਭਾਟੀਆ, ਜਗਮੋਹਨ ਸਿੰਘ ਸੰਘਾ, ਕਰਨੈਲ ਸਿੰਘ ਮਰਵਾਹਾ, ਕਰਨ ਅਜਾਇਬ ਸੰਘਾ, ਹਰਦਿਆਲ ਝੀਤਾ, ਹਰਮੇਸ਼ ਜੀਂਦੋਵਾਲ, ਸੁਖਦੇਵ ਝੰਡ, ਹਰਪਾਲ ਸਿੰਘ ਰਾਮਦਿਵਾਲੀ, ਰਮਿੰਦਰ ਰੰਮੀ ਅਤੇ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਦਲਬੀਰ ਸਿੰਘ ਕਥੂਰੀਆ ਵੱਲੋਂ ਪਿਛਲੇ ਦਿਨੀਂ ਉਨ੍ਹਾਂ ਵੱਲੋਂ ਬਰੈਂਪਟਨ ਵਿਚ ਕਰਵਾਈ ਗਈ 'ਦੂਸਰੀ ਵਿਸ਼ਵ ਪੰਜਾਬੀ ਕਾਨਫ਼ਰੰਸ' ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਯੋਗਦਾਨ ਪਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਸਰੋਤਿਆਂ ਵਿਚ 'ਪੰਜਾਬੀ ਦੁਨੀਆਂ ਟੀ.ਵੀ. ਦੇ ਸੰਚਾਲਕ ਹਰਜੀਤ ਸਿੰਘ ਗਿੱਲ, ਪ੍ਰਿੰਸੀਪਲ ਸਰਵਣ ਸਿੰਘ, ਪ੍ਰੋ. ਇੰਦਰਦੀਪ ਸਿੰਘ, ਪ੍ਰੋ. ਸੰਤੋਖ ਸਿੰਘ ਔਜਲਾ, ਡਾ. ਸੋਹਣ ਸਿੰਘ ਪਰਮਾਰ, ਅਜੀਤ ਸਿੰਘ ਲਾਇਲ, ਹਰਜੀਤ ਸਿੰਘ ਬਾਜਵਾ (ਬਟਾਲਾ), ਪਰਸ਼ੋਤਮ ਸਿੰਘ, ਮਹਿੰਦਰ ਸਿੰਘ ਪੱਡਾ, ਪ੍ਰਭਜੋਤ ਸਿੰਘ, ਸ਼ਿੰਦਰਪਾਲ ਸਿੰਘ, ਹਰਮਨਜੀਤ ਮਾਹਲ, ਅਮਰਜੀਤ ਸਿੰਘ ਬਾਈ, ਗੁਰਪ੍ਰੀਤ ਸਿੰਘ ਬਾਠ, ਸੁਖਜਿੰਦਰ ਸਿੰਘ ਮੱਲ੍ਹੀ, ਅਮਰਦੀਪ ਮੰਡੇਰ, ਸਰਬਜੀਤ ਕੌਰ ਕਾਹਲੋਂ, ਗੁਰਬਿੰਦਰ ਕੌਰ ਬਾਠ, ਮਿਸਿਜ਼ ਅਮਰਜੀਤ ਬਾਈ, ਮਨਜੀਤ ਕੌਰ ਤੇ ਕਈ ਹੋਰ ਸ਼ਖ਼ਸੀਅਤਾਂ ਸ਼ਾਮਲ ਸਨ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator





Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਸਾਥੋਂ ਕੁੱਝ ਸੁਆਲਾਂ ਦੇ ਜਵਾਬ ਮੰਗਦਾ ਹੈ ਭਗਤ ਸਿੰਘ



-ਅਮੋਲਕ ਸਿੰਘ
98778-68710

28 ਸਤੰਬਰ 1907 ਨੂੰ ਜਨਮੇ ਭਗਤ ਸਿੰਘ ਦੀ ਮਾਂ ਵਿਦਿਆਵਤੀ ਅਤੇ ਪਿਤਾ ਕਿਸ਼ਨ ਸਿੰਘ ਨੇ ਵੀ ਆਮ ਪਰਿਵਾਰਾਂ ਵਾਂਗ ਚਾਵਾਂ ਲਾਡਾਂ ਨਾਲ 'ਭਾਗਾਂ ਵਾਲਾ' ਤਸੱਵਰ ਕਰਦਿਆਂ ਆਪਣੇ ਪੁੱਤ ਦਾ ਨਾਂਅ ਭਗਤ ਸਿੰਘ ਰੱਖਦਿਆਂ ਮੱਥਾ ਚੁੰਮਿਆਂ। ਘਰ ਦੀ ਫ਼ਿਜਾ ਅੰਦਰ ਮੁਲਕ ਦੀ ਆਜ਼ਾਦੀ ਲਈ ਨਵੇਂ ਨਵੇਲੇ ਫੁੱਲ ਖਿੜਨਦਾ ਮੌਸਮ ਸੀ। ਪਰਿਵਾਰਕ ਪਿਛੋਕੜ ਵਿੱਚ ਦੇਸ਼ ਪਿਆਰ-, ਮਾਨਵੀ ਕਦਰਾਂ ਕੀਮਤਾਂ, ਸੁਲੱਖਣੇ ਸਮਾਜ ਦੀਆਂ ਲੋਰੀਆਂ ਅਤੇ ਬਾਤਾਂ ਪਾਈਆਂ ਜਾਂਦੀਆਂ। ਪਰਿਵਾਰਕ ਇਤਿਹਾਸਕ ਵਿਰਾਸਤ ਵਿੱਚ ਬਾਬਾ ਅਰਜਣ ਸਿੰਘ-, ਚਾਚਾ ਅਜੀਤ ਸਿੰਘ ਵਰਗਿਆਂ ਦੇ ਅਮੀਰ-ਗੌਰਵਮਈ ਇਤਿਹਾਸ ਦੀਆਂ ਪੈੜਾਂ ਸਨ। ਇਹ ਤਸਵੀਰ ਦਾ ਇੱਕ ਪਾਸਾ ਸੀ। ਦੂਜਾ ਪਾਸਾ ਇਹ ਵੀ ਸੀ ਕਿ ਭਗਤ ਸਿੰਘ ਪਰਿਵਾਰਕ ਸਮਾਜਕ ਜ਼ਿੰਦਗੀ ਵਿੱਚ ਤਰਜੀਹ ਕਿਸ ਦਿਸ਼ਾ ਵੱਲ ਦੇਵੇ ਇਹ ਦੋਬਿਧਾ ਅਤੇ ਚੋਣ ਲਈ ਪਰਿਵਾਰ ਮਾਨਸਿਕ ਕਸ-ਮ-ਕਸ ਵਿੱਚ ਸੀ। ਪਰਿਵਾਰ ਦੇ ਮੁਖੀਏ ਉਸਨੂੰ ਕਦੇ ਦੇਸ਼ ਲਈ ਅਰਪਿਤ ਵੀ ਕਰਨ ਦੀਆਂ ਸੋਚਾਂ ਸੋਚਦੇ ਕਦੇ ਡੇਅਰੀ ਦੇ ਰੁਝੇਵੇਂ ਜਾਂ ਵਿਆਹ ਕਰਨ ਦੀਆਂ ਵਿਚਾਰਾਂ ਕਰਦੇ। ਭਗਤ ਸਿੰਘ ਉਸ ਵੇਲੇ ਇੱਕ ਸੁਨੇਹਾ ਲਿਖਕੇ ਛੱਡ ਜਾਂਦਾ ਹੈ ਕਿ ਤੁਸੀਂ ਮੇਰੇ ਜਨਮ ਵੇਲੇ ਤਾਂ ਮੈਨੂੰ ਵਤਨ ਦੇ ਹਵਾਲੇ ਕਰਨ ਦਾ ਯਗ ਸਮੇਂ ਇਕਰਾਰ ਕੀਤਾ ਸੀ। ਮੈਂ ਵਤਨ ਦਾ ਹੋ ਚੱਲਿਆਂ। ਉਹ ਅਣਦੱਸੀ ਥਾਂ ਚਲਾ ਗਿਆ। ਬਾਅਦ 'ਚ ਪਤਾ ਲੱਗਾ ਕਿ ਉਹ ਕਾਨਪੁਰ ਜਾ ਕੇ ਇੱਕ ਅਖ਼ਬਾਰ ਵਿੱਚ ਕੰਮ ਕਰਨ ਇਨਕਲਾਬੀ ਨੌਜਵਾਨਾਂ ਨਾਲ ਮਿਲਕੇ ਵਿਚਾਰਾਂ ਕਰਨ ਲੱਗਾ।

ਵਕਤ ਦਾ ਦਰਪਣ ਬੋਲਦਾ ਹੈ ਕਿ ਭਗਤ ਸਿੰਘ ਅੰਬਰਾਂ ਤੋਂ ਨਹੀਂ ਉਤਰਦੇ। ਉਹ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਮੱਥਾ ਲਾਉਂਦੇ ਅਤੇ ਸੰਘਰਸ਼ ਕਰਦੇ- ਠੀਕ ਗਲਤ ਦਰਮਿਆਨ ਨਿਖੇੜਾ ਕਰਦੇ- ਨਿੱਜੀ ਜ਼ਿੰਦਗੀ- ਦੇ ਸੁਖ ਅਰਾਮ ਨੂੰ ਤਿਲਾਂਜਲੀ ਦਿੰਦੇ ਬੌਧਿਕ ਪੱਧਰ 'ਤੇ ਅੰਬਰ ਵੱਲ ਉਡਾਰੀ ਭਰਦੇ ਅਤੇ ਧਰਤੀ ਦੇ ਧੁਰ-ਪਤਾਲ ਅੰਦਰ ਪਲਦੇ ਲਾਵੇ ਨੂੰ ਸਮਝਦੇ ਨਵੇਂ ਰਾਹਾਂ ਦੇ ਰਾਹੀ ਬਣਦੇ ਹਨ।

ਉਹ ਸੰਵੇਦਨਸ਼ੀਲ ਮਨ ਜਿਹੜਾ ਆਪਣੇ ਇਰਦ-ਗਿਰਦ ਵਾਪਰਦੇ ਵਰਤਾਰਿਆਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਰਖ਼ਦਾ ਪਰਖ਼ਦਾ ਹੈ- ਘਟਨਾਵਾਂ ਦੇ ਕਾਰਨਾਂ ਦੀ ਡੂੰਘੀ ਘੋਖ ਕਰਦਾ ਹੈ, ਉਹ ਜ਼ਿੰਦਗੀ ਨੂੰ ਨਵੇਂ ਅਰਥ ਦਿੰਦਾ ਹੈ। ਪਾਣੀ ਤੇ ਤੈਰਦਾ ਹੈ। ਦਹਿਕਦੇ ਅੰਗਿਆਰਾਂ ਦਾ ਸਫ਼ਰ ਚੁਣਦਾ ਹੈ। ਮਨ ਅੰਦਰ ਸੁਪਨੇ ਬੁਣਦਾ ਹੈ ਕਿ ਮੇਰੀ ਧਰਤੀ ਮੇਰੇ ਲੋਕ ਕਿਵੇਂ ਆਜ਼ਾਦ, ਖੁਸ਼ਹਾਲ ਅਤੇ ਰੋਜ਼ ਹੀ ਦੀਵਾਲੀ ਵਾਲੀ ਰਾਤ ਵਰਗੀ ਜ਼ਿੰਦਗੀ ਮਾਨਣ। ਇਸ ਉਦੇਸ਼ ਦੀ ਪੂਰਤੀ ਲਈ ਉਹ ਆਪਣਾ ਆਪ ਲੋਕਾਂ ਦੇ ਨਾਮ ਕਰਦਾ ਹੈ। ਭਗਤ ਸਿੰਘ ਦੇ ਜੀਵਨ ਸਫ਼ਰ ਦੀਆਂ ਪੈੜਾਂ ਵੀ ਅਜੇਹੇ ਬੌਧਿਕ ਵਿਕਾਸ ਦੀਆਂ ਗਵਾਹ ਹਨ।

ਭਗਤ ਸਿੰਘ ਨੂੰ ਸਮਝਣ ਲਈ ਉਸਦੇ ਨਿੱਕੜੀ ਉਮਰ ਦੇ ਸਫ਼ਰ ਦੀਆਂ ਪੈੜਾਂ ਨੱਪਦਿਆਂ ਪਤਾ ਲੱਗਦਾ ਹੈ ਕਿ ਉਹ ਅਜੇ ਬਾਰਾਂ ਵਰ੍ਹਿਆਂ ਦਾ ਸੀ ਜਦੋਂ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿੱਚ ਖ਼ੂਨੀ ਵਿਸਾਖੀ ਮਨਾਉਣ 'ਚ ਮਦਹੋਸ਼ ਬਰਤਾਨਵੀ ਹਕੂਮਤ ਦੀਆਂ ਨੀਤੀਆਂ ਦੇ ਪੈਰੋਕਾਰਾਂ ਅਤੇ ਵਫ਼ਾਦਾਰਾਂ ਨੇ ਹਿਰਦੇਵੇਦਕ ਕਤਲੇਆਮ ਰਚਾਇਆ। ਦੂਜੇ ਦਿਨ 14 ਅਪ੍ਰੈਲ 1919 ਨੂੰ ਬਾਰਾਂ ਵਰ੍ ?ਆਂ ਦਾ ਭਗਤ ਸਿੰਘ ਲਾਹੌਰ ਤੋਂ ਰੇਲ ਗੱਡੀ ਚੜ੍ਹਕੇ ਅੰਮ੍ਰਿਤਸਰ ਆਉਂਦਾ ਹੈ। ਉਹ ਲਹੂ ਨਾਲ ? ਸਿੰਜੀ ਜਲ੍ਹਿਆਂਵਾਲਾ ਬਾਗ਼ ਦੀ ਧਰਤੀ ਨੂੰ ਸਿਜਦਾ ਕਰਦਾ ਹੈ। ਲਹੂ ਰੱਤੀ ਮਿੱਟੀ ਸੀਸ਼ੀ ਵਿੱਚ ਪਾਉਂਦਾ ਹੈ। ਜਲ੍ਹਿਆਂਵਾਲਾ ਬਾਗ਼ 'ਚ ਦਾਖ਼ਲ ਵੇਲੇ ਜੋ ਭਗਤ ਸਿੰਘ ਸੀ ਲਹੂ ਰੱਤੀ ਮਿੱਟੀ ਲੈ ਕੇ ਵਾਪਸ ਪਰਤਦਾ ਭਗਤ ਸਿੰਘ ਹੋਰ ਦਾ ਹੋਰ ਹੁੰਦਾ ਹੈ।

ਇਸ ਨਵ-ਜਨਮੇ ਭਗਤ ਸਿੰਘ ਦਾ ਜਨਮ ਦਿਹਾੜਾ ਪਰੰਪਰਾਗਤ ਤੌਰ 'ਤੇ ਮਨਾਉਣਾ- ਮੋਮਬੱਤੀਆਂ ਜਗਾਉਣਾ ਚਿੰਨਆਤਮਕ ਤੌਰ 'ਤੇ ਤਾਂ ਠੀਕ ਹੈ ਪਰ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸਮਾਜ ਦੇ ਨਵੇਂ ਜਨਮ ਲਈ ਸੰਵਾਦ ਅਤੇ




ਸੰਗਰਾਮ ਦੇ ਸੁਮੇਲ ਦੀਆਂ ਸੋਚਾਂ ਅਤੇ ਅਮਲ ਦੇ ਚਿਰਾਗ਼ ਬਾਲਣਾ ਭਗਤ ਸਿੰਘ ਦੀ ਹਕੀਕੀ ਸਾਰ ਜਾਨਣਾ ਹੈ। ਨਿੱਤ ਰੋਜ਼ ਥਾਂ ਪੁਰ ਥਾਂ ਵਾਪਰਦੇ ਜਲ੍ਹਿਆਂਵਾਲਾ ਕਾਂਡ ਅਣਡਿੱਠ ਕਰਨਾ- ਆਪਣੇ ਹਿੱਸੇ ਦੀ ਭੂਮਿਕਾ ਨਾ ਪਹਿਚਾਨਣਾ ਸਾਡੇ ਚਿੰਤਨ ਤੇ ਦਸਤਕ ਦਿੰਦਾ ਹੋਣਾ ਚਾਹੀਦਾ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਦੇ ਕੀ ਲੱਗਦੇ ਹਾਂ? ਸਾਡੀ ਸੁੰਨ ਹੁੰਦੀ ਜਾ ਰਹੀ ਮਾਨਸਿਕਤਾ ਸਾਡੇ ਮਨ ਦਰਵਾਜੇ ਦਸਤਕ ਨਹੀਂ ਦਿੰਦੀ ਜਾਂ ਕਦੇ ਕਦਾਈ ਦਿੰਦੀ ਹੈ ਮੁੜ ਵਿਰਾਮ ਆਰਾਮ ਦੀ ਭਾਲ 'ਚ ਵਿਆਕੁਲ ਹੋਈ ਅੰਧਵਿਸ਼ਵਾਸੀ ਦੇ ਡੇਰਿਆਂ ਦੀਆਂ ਗੁਫ਼ਾਵਾਂ ਜਾਂ ਪਰਵਾਸ ਦੇ ਅੰਬਰਾਂ ਵੱਲ ਉਡਾਰੀ ਮਾਰਨ ਲੱਗਦੀ ਹੈ। ਬਿਗਾਨੇ ਬੋਹੜ ਦੀ ਛਾਵੇਂ ਮੰਜਾ ਭਲਾ ਕੌਣ ਡਾਹੁਣ ਦੇਵੇਗਾ? ਕਿੰਨੀ ਦੇਰ ਡਾਹੁਣ ਦੇਵੇਗਾ ਜੇਕਰ ਭਗਤ ਸਿੰਘ ਦੀ ਸੋਚ ਉਡਾਰੀ ਆਪਣੇ ਪਰਾਂ ਵਿੱਚ ਨਹੀਂ ਭਰਦੇ। ਜੇ ਇਹ ਪੌਣਾਂ 'ਚ ਨਹੀਂ ਉੱਕਰਦੇ ਕਿ ਧਨ, ਧਰਤੀ- ਜੰਗਲ- ਜਲ- ਜ਼ਮੀਨ- ਚੰਨ ਦੀ ਚਾਂਦਨੀ- ਸੂਰਜ ਦੀ ਲੋਅ ਸਭ ਮਨੁੱਖ ਲਈ ਹੈ ਨਾ ਕਿ ਮੁੱਠੀ ਭਰ ਧਨ ਕੁਬੇਰਾ ਕਾਰਪੋਰੇਟ ਘਰਾਣਿਆਂ ਲਈ ਤਾਂ ਭਗਤ ਸਿੰਘ ਸਾਨੂੰ ਜਰੂਰ ਸੁਆਲ ਕਰੇਗਾ ਕਿ ਤੇਰਾ ਮੇਰਾ ਕੀ ਰਿਸ਼ਤਾ। ਉਸਦੇ ਵਿਚਾਰਾਂ ਦੀ ਲੋਅ ਚੋਭਾਂ ਮਾਰੇਗੀ ਕਿ ਆਪਣੇ ਲੋਕਾਂ ਦਾ ਬਣ ਕੇ ਰਹਿ। ਲੋਕਾਂ ਦੇ ਕਾਫ਼ਲੇ ਨੂੰ ਤੇਰੇ ਸੰਗ ਸਾਥ ਦੀ ਲੋੜ ਹੈ। ਤੇਰੀ ਕਲਮ ਦੀ ਉਡੀਕ ਹੈ। ਤੇਰੇ ਤਰਕਸੰਗਤ, ਜਮਹੂਰੀ, ਅਗਾਂਹ ਵਧੂ,ਲੋਕ ਪੱਖੀ ਅਤੇ ਇਨਕਲਾਬੀ ਵਿਚਾਰਾਂ ਦੀ ਲੋੜ ਹੈ। ਕਾਫ਼ਲੇ ਦੇ ਅੱਗੇ ਨਹੀਂ ਤਾਂ ਸੰਗੀ ਸਾਥੀ, ਹਮਦਰਦ ਬਣ ਕੇ ਰਹਿ ਪਰ ਰਹਿ ਆਪਣਿਆਂ ਦਾ ਬਣ ਕੇ।

ਭਗਤ ਸਿੰਘ ਦਾ ਜਨਮ ਦਿਹਾੜਾ ਇਸ ਧਰਤੀ ਦੇ ਅਸਲੀ ਵਾਰਸਾਂ ਦੀ ਨਵੀਂ ਜ਼ਿੰਦਗੀ ਵੱਲ ਸੈਨਤ ਕਰਦੇ ਮਾਰਗ ਦਾ ਜਨਮ ਦਿਹਾੜਾ ਹੈ। ਭਗਤ ਸਿੰਘ ਲਿਖਦਾ ਹੈ ਕਿ:

"ਆਮ ਤੌਰ 'ਤੇ ਲੋਕ ਜ਼ਿੰਦਗੀ ਦੀਆਂ ਪਰੰਪਰਾਗਤ ਹਾਲਤਾਂ ਨਾਲ ਸਮਝੌਤਾ ਕਰ ਲੈਂਦੇ ਹਨ। ਕਿਸੇ ਕਿਸਮ ਦੀ ਤਬਦੀਲੀ ਤੋਂ ਹਿਚਕਚਾਉਂਦੇ ਹਨ। ਬੱਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਲਈ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ; ਨਹੀਂ ਤਾਂ ਗਿਰਾਵਟ ਅਤੇ ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ- ਅਜਿਹੇ ਮਾਹੌਲ ਵਿੱਚ ਗੁੰਮਰਾਹ ਕਰਨ ਵਾਲੀਆਂ ਗੈਰ ਤਰੱਕੀ ਪਸੰਦ ਤਾਕਤਾਂ ਲੋਕਾਂ ਨੂੰ ਗਲਤ ਰਾਹ ਉੱਤੇ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ ਇਨਸਾਨੀ ਸਮਾਜ ਦੀ ਤਰੱਕੀ ਰੁਕ ਜਾਂਦੀ ਹੈ। ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਆਵੇ।"

ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਦਾਸਤਾਂ ਦਾ ਮੰਜਰ ਭਗਤ ਸਿੰਘ ਦੇ ਜੀਵਨ ਮਾਰਗ ਦੀ ਦਿਸ਼ਾ ਤੈਅ ਕਰ ਦਿੰਦਾ ਹੈ । ਜੇ ਦੇਖਿਆ ਜਾਵੇ ਅੱਜ ਵੀ ਹਰ ਪਲ ਜਿਵੇਂ ਦੁਸ਼ਵਾਰੀਆਂ ਨਾਲ ਭਗਤ ਸਿੰਘ ਦੀ ਧਰਤੀ ਦੇ ਲੋਕਾਂ ਦਾ ਮੱਥਾ ਲੱਗਦਾ ਹੈ। ਦੁਨੀਆਂ ਨੂੰ ਨਿਹੱਕੀਆਂ ਜੰਗਾਂ- ਲੁੱਟ-ਕੁੱਟ- ਜਾਤ-ਪਾਤ- ਫਿਰਕੂ ਦਹਿਸ਼ਤਗਰਦੀ ਅਤੇ ਰਾਜਕੀ ਜਬਰ ਦੇ ਭੱਠ ਵਿੱਚ ਧੱਕ ਰਹੀਆਂ ਸਮਾਜ ਦੋਖੀ- ਔਰਤ ਵਿਰੋਧੀ, ਲੋਕ-ਦੋਖੀ ਤਾਕਤਾਂ ਤੋਂ ਨਿਜ਼ਾਤ ਪਾਉਣ ਦੀ ਮੋਮਬੱਤੀ ਜਗਾਉਣਾ ਸਿਖਾਵੇ ਅਜੇਹੀ ਸੂਝ ਬੂਝ ਭਰੀ ਸੋਚ ਦ੍ਰਿਸ਼ਟੀ ਦੀ ਤੀਬਰ ਲੋੜ ਆਵਾਜ਼ਾ ਮਾਰ ਰਹੀ ਹੈ। ਲੋਕਾਂ ਉਪਰ ਕਾਠੀ ਪਾਈ ਬੈਠੀ ਸਥਾਪਤੀ ਦੇ ਬੋਲ਼ੇ ਕੰਨਾਂ ਨੂੰ ਬਹੁਤੀ ਵਾਰ ਇਹ ਸੁਣਾਈ ਨਹੀਂ ਦਿੰਦੀ। ਇਸ ਲਈ ਭਗਤ ਸਿੰਘ ਦਾ ਜਨਮ ਦਿਹਾੜਾ ਉੱਚੀ ਆਵਾਜ਼ ਲਈ ਨਗਾਰੇ ਚੋਟ ਲਈ ਹਨੇਰਾ ਦੂਰ ਕਰਨ ਲਈ ਮੋਮਬੱਤੀਆਂ ਦੇ ਕਾਫ਼ਲੇ ਬਣ ਸਫ਼ਰ ਤੇ ਨਿਕਲਣ ਦੀ ਆਵਾਜ਼ ਦਿੰਦਾ ਹੈ। ਇਹ ਕਾਫ਼ਲਾ ਹੀ ਜਮੂਦ ਨੂੰ ਤੋੜਨ ਦਾ ਕੰਮ ਕਰ ਸਕਦਾ ਹੈ।

ਭਗਤ ਸਿੰਘ ਨੇ 2 ਫਰਵਰੀ 1931 ਨੂੰ ਨੌਜਵਾਨਾਂ ਦੇ ਨਾਂਅ ਲਿਖੇ ਸੁਨੇਹੇ ਵਿੱਚ ਕਿਹਾ ਸੀ:

"ਪਹਿਲਾਂ ਆਪਣਾ ਨਿੱਜਵਾਦ ਤਿਆਗੋ। ਨਿਜੀ ਸੁੱਖਾਂ ਦੇ ਸੁਪਨੇ ਲਾਹ ਕੇ ਇੱਕ ਪਾਸੇ ਰੱਖ ਦਿਓ ਫਿਰ ਇੰਚ-ਇੰਚ ਕਰਕੇ ਅੱਗੇ ਵਧਦੇ ਜਾਓ। ਇਸ ਲਈ ਹਿੰਮਤ ਦ੍ਰਿੜਤਾ ਅਤੇ ਮਜ਼ਬੂਤ ਇਰਾਦਾ ਬਣਾ ਕੇ ਰੱਖੋ। ਕਿੰਨੇ ਹੀ ਵੱਡੇ ਕਸ਼ਟ ਅਤੇ ਦੁਸ਼ਵਾਰੀਆਂ ਕਿਉਂ ਨਾ ਹੋਣ ਤੁਹਾਡੀ ਹਿੰਮਤ ਡੋਲਣੀ ਨਹੀਂ ਚਾਹੀਦੀ।"

ਜੋਬਨ ਰੁੱਤੇ ਹੱਸਕੇ ਫਾਂਸੀ ਦਾ ਰੱਸਾ ਚੁੰਮਣ ਵਾਲਾ ਭਗਤ ਸਿੰਘ ਜੇਲ੍ਹ ਡਾਇਰੀ 'ਚ ਲਿਖਦਾ ਹੈ। ਇਹ ਸੁਪਨੇ ਬੀਜਦਾ ਹੈ ਕਿ,

"ਇਸ ਧਰਤੀ ਦੀਆਂ ਮਾਵਾਂ ਆਪਣੇ ਪੁੱਤਰਾਂ ਦੇ ਨਾਂਅ ਭਗਤ ਸਿੰਘ ਰੱਖਣ ਲੱਗੀਆਂ ਮਾਣ ਮਹਿਸੂਸ ਕਰਿਆ ਕਰਨਗੀਆਂ"। ਜਰਾ ਅੰਤਰ ਅਤੇ ਬਾਹਰੀ ਦੁਨੀਆਂ ਦੇ ਹਕੀਕਤਮੁਖੀ ਹੋ ਕੇ ਪੜਚੋਲਵੀਂ ਝਾਤ ਮਾਰਨ ਦਾ ਵੇਲਾ ਹੈ ਕਿ ਸਾਮਰਾਜੀ ਗਲਬੇ ਦੇ ਦੌਰ ਕਾਰਨ ਸਾਡਾ ਕੀ ਤੋਂ ਕੀ ਬਣਦਾ ਜਾ ਰਿਹਾ ਹੈ। ਹਵਾਈ ਗੋਲੇ ਛੱਡਣ ਦੀ ਬਜਾਏ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਦਰਬਾਰੀ ਰਾਗ ਦੇ ਇਨਕਲਾਬੀ ਫੈਸਟੀਵਲ ਤੋਂ ਕਿਤੇ ਜ਼ਰੂਰੀ ਹੈ ਭਗਤ ਸਿੰਘ ਦੀਆਂ ਇਨ੍ਹਾਂ ਸਤਰਾਂ ਨਾਲ ਅੱਖ ਮਿਲਾਉਣ ਦੀ:

**ਹਵਾਂ ਮੇਂ ਰਹੇਗੀ ਹਮਾਰੇ ਖਿਆਲ ਕੀ ਬਿਜਲੀਆਂ**
**ਯੇ ਮੁਸਤੇ ਖ਼ਾਕ ਹੈ ਫ਼ਾਨੀ ਰਹੇ ਨਾ ਰਹੇ**

**ਭਗਤ ਸਿੰਘ ਲਿਖਦਾ ਹੈ ਕਿ,**

**"ਤੁਸੀਂ ਇਨਸਾਨ ਨੂੰ ਤਾਂ ਖਤਮ ਕਰ ਸਕਦੇ ਹੋ ਪਰ ਉਸਦੇ ਵਿਚਾਰਾਂ ਨੂੰ ਨਹੀਂ"।**

**ਭਗਤ ਸਿੰਘ ਦਾ ਜਨਮ ਦਿਹਾੜਾ ਸਾਡੇ ਸਮਿਆਂ 'ਚ ਸਾਥੋਂ ਕੁੱਝ ਆਸ ਕਰਦਾ ਹੈ।**

ਜਨਮ ਦਿਹਾੜਾ ਉਸ ਆਸ ਦੀ ਪੂਰਤੀ ਲਈ ਅਹਿਦ ਕਰਨ ਦਾ ਦਿਹਾੜਾ ਹੈ।

## ਰੇਡੀਓ ਹੋਸਟ ਰਿਸ਼ੀ ਨਾਗਰ 'ਤੇ ਜਾਨਲੇਵਾ ਹਮਲਾ !

ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ ਐਡੀਟਰ ਰਿਸ਼ੀ ਨਾਗਰ ਜੀ 'ਤੇ ਕੁਝ ਅਣਪਛਾਤੇ ਨੌਜਵਾਨਾਂ ਵਲੋਂ ਗੀਓ ਬੈਂਕਟ ਹਾਲ ਤੋਂ ਇੱਕ ਮੀਟਿੰਗ ਵਿੱਚੋਂ ਬਾਹਰ ਨਿਕਲਦੇ ਸਮੇਂ ਜਾਨਲੇਵਾ ਹਮਲਾ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਦੇ ਕੁਝ ਸੱਟਾਂ ਵੀ ਲੱਗੀਆਂ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ। ਇੱਕ ਹਮਲਾਵਰ ਦੀ ਪਛਾਣ ਹੋ ਚੁੱਕੀ ਹੈ। ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀ ਮਿਲੀ ਕਿ ਕਿਸੇ ਹਮਲਾਵਰ 'ਤੇ ਪੁਲਿਸ ਵੱਲੋਂ ਕੋਈ ਚਾਰਜ ਲਗਾਏ ਗਏ ਹਨ ਜਾਂ ਨਹੀਂ।



ਅਸੀ ਇਸ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇਹ ਹਮਲਾ ਵਿਚਾਰਾਂ ਅਤੇ ਮੀਡੀਆ ਦੀ ਅਜ਼ਾਦੀ 'ਤੇ ਹਮਲਾ ਹੈ। ਜਿਸਨੂੰ ਕਿਸੇ ਵੀ ਸੱਭਿਅਕ ਸਮਾਜ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਸੀਂ ਕੈਲਗਰੀ ਪੁਲਿਸ ਅਤੇ ਅਲਬਰਟਾ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਸਖ਼ਤ ਕਨੂੰਨੀ ਕਾਰਵਾਈ ਕੀਤੀ ਜਾਵੇ। ਪਿਛਲੇ ਸਮੇਂ ਤੋਂ ਆਪਣੇ ਭਾਈਚਾਰੇ ਵਿੱਚ ਅਜਿਹੀਆਂ ਹਿੰਸਕ ਘਟਨਾਵਾਂ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਅਜੇ ਪਿਛਲੇ ਹਫ਼ਤੇ ਹੀ ਕੁਝ ਨੌਜਵਾਨਾਂ ਵਲੋ ਲੋਕਲ ਬਿਜਨੈਸਮੈਨਾਂ ਤੋਂ ਫਿਰੌਤੀਆਂ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਬਾਰੇ ਅਜੇ ਕੱਲ੍ਹ ਹੀ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵਿਖੇ ਆਮ ਲੋਕਾਂ ਨੇ ਇੱਕ ਇਕੱਠ ਕਰਕੇ ਇਸ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕੀਤੀ ਸੀ। ਅਸੀ ਸਮੁੱਚੇ ਭਾਈਚਾਰੇ ਅਤੇ ਸਭ ਸੰਸਥਾਵਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਅਜਿਹੀਆਂ ਹਿੰਸਕ ਕਾਰਵਾਈਆਂ ਦੇ ਵਿਰੋਧ ਵਿੱਚ ਖੁੱਲ੍ਹ ਕੇ ਸਾਹਮਣੇ ਆਉਣ।

**ਜਾਰੀ ਕਰਤਾ:**
**ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ**
**ਸਿੱਖ ਵਿਰਸਾ ਇੰਟਰਨੈਸ਼ਨਲ**
**ਅਦਾਰਾ 'ਸਰੋਕਾਰਾਂ ਦੀ ਆਵਾਜ਼'**


सत्यमेव जयते

**Consulate General of India**
**Toronto**

**Press Release: Organization of Life Certificate Camps**

The Consulate General of India, Toronto will be organizing camps to issue Life Certificates for pension purposes as per the following schedule :

| Venue for Consular Camp | Date | Time |
|---|---|---|
| South Sikh Centre<br>1248 Wilkes Ave (Sikh Centre Way), Winnipeg MB R3S 0A1 | Saturday, 2 November, 2024 | 1000-1430 hrs |
| Hindu Temple & Dr. Raj Pandey Hindu Centre<br>999 St. Anne's Road, Winnipeg | Sunday, 3 November, 2024 | 1000-1430 hrs |
| Hindu Heritage Centre<br>Mississauga Road ON L5N 1A7 | Saturday, 2 November, 2024 | 1000-1430 hrs |
| Hindu Sabha Temple<br>9225 The Gore Road, Brampton ON L6P OPB6 | Sunday, 3 November, 2024 | 1000-1430 hrs |
| Susan Fennell Sportsplex, Room No. 2,<br>500 Ray Lawson Blvd, Brampton, ON L6Y 5B3 | Saturday, 9 November, 2024 | 1000-1430 hrs |
| Sikh Heritage Centre<br>11796 Airport Road, Brampton, ON, L6R OC7 | Sunday, 10 November, 2024 | 1030-1300 hrs |
| Toronto Kalibari<br>6815, Professional Ct., Mississauga, ON L4V1X6 | Saturday, 16 November, 2024 | 1000-1430 hrs |
| Dalhousie International Centre<br>1246, Lemarchant Street, Halifax NS B3H 4R2 | Saturday 16 November 2024 | 1000-1430 hrs |
| Triveni Mandir<br>Hall Kailash, 20 Devisselm Drive Brampton ON L6X 0E6 | Sunday, 17 November, 2024 | 1000-1430 hrs |
| Rino Piccinin Hall, The Giovanni Caboto Club,<br>2175 Parent Ave, Windsor, ON N8X 4K2 | Sunday 17 November 2024 | 1200-1400 hrs |
| Vaishno Devi Temple<br>3259 Regional Road, Highway 25, Oakville, ON L6M4J3 | Saturday 23 November, 2024 | 1000-1430 hrs |
| Kitchener Memorial Auditorium<br>400 East Avenue, Kitchener, Ontario | Sunday 24 November 2024 | 1000-1300 hrs |
| Portuguese Club of Cambridge<br>870 Townline Road, Cambridge ON N1T 2G3 | Sunday 24 November 2024 | 1430-1600 hrs |
| Lakshmi Narayan Mandir<br>Hindu Cultural Society, 1, Morning View Trail,<br>Scarborough ON M1B 5AB | Saturday 30 November 2024 | 1000-1430 hrs |
| Kiwanis Centre<br>78 Riverside Dr., London ON N6H 1B4 | Sunday, 1 December 2024 | 1000-1430 hrs |

2. Applicants will be required to come in person and submit the following :

- Duly filled in application form – to be submitted in duplicate. Please ensure usage of the latest form which may be found attached below.
- Original Indian passport/Canadian passport/OCI Card, as applicable.
- No fee is charged for life certificate for pension purposes.
- IMPORTANT : In case the applicant is unable to come in person due to medical reasons, the bearer of the application will be required to set up a video call with the applicant for verification purposes.

**September 27, 2024**

*****

# ਭਾਰਤ ਦੀ ਨਿੱਘਰ ਰਹੀ ਸਿਆਸੀ ਅਤੇ ਕਾਨੂੰਨੀ ਵਿਵਸਥਾ 'ਤੇ ਉਠ ਰਹੇ ਸਵਾਲ



ਜਸਵੰਤ ਜੀਰਖ
98151-69825



ਸਾਡੇ ਦੇਸ਼ ਦੀ ਸਿਆਸੀ ਅਤੇ ਕਾਨੂੰਨੀ ਵਿਵਸਥਾ ਦੇ ਨਿਘਾਰ ਲਈ ਜਿੱਥੇ ਰਾਜਨੀਤਕ ਪਾਰਟੀਆਂ ਜ਼ੁੰਮੇਵਾਰ ਹਨ ਉੱਥੇ ਇਹਨਾਂ ਪਿੱਛੇ ਲੱਗੇ ਲੋਕਾਂ ਨੂੰ ਵੀ ਆਪਣੀ ਕਾਰਗੁਜ਼ਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। 1947 ਤੋਂ ਬਾਅਦ ਪੌਣੀ ਸਦੀ ਦਾ ਸਮਾਂ ਬੀਤ ਜਾਣ ਤੇ ਵੀ ਜੇ ਲੋਕਾਂ ਦੇ ਜਿਊਣ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋਈਆਂ, ਤਾਂ ਨੁਕਸ ਕਿੱਥੇ ਹੈ? ਉਹ ਲੱਭਣਾ ਹੀ ਪਏਗਾ ਅਤੇ ਇਹ ਲੱਭਣਾ ਵੀ ਉਹਨਾਂ ਨੂੰ ਹੀ ਪੈਣਾ ਹੈ, ਜਿਹਨਾਂ ਦੀਆਂ ਇਹ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਤੇ ਉਹ ਭਾਵੇ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਣ। ਸਿਆਸਤਦਾਨਾ ਨੇ ਤਾਂ ਇਕ ਖੇਡ ਸ਼ੁਰੂ ਕਰ ਰੱਖੀ ਹੈ ਕਿ ਜਦੋਂ ਆਪਣੀ ਮੁੱਖ ਪਾਰਟੀ ਵਿੱਚ ਟਿਕਟ ਮਿਲਣ ਦੀ ਆਸ ਖਤਮ ਹੋ ਜਾਂਦੀ ਹੈ ਤਾਂ ਪਲਟੀ ਮਾਰਕੇ ਦੂਜੀ ਪਾਰਟੀ 'ਚ, ਜੇ ਉੱਥੇ ਵੀ ਮੰਤਵ ਪੂਰਾ ਨਾ ਹੋਵੇ ਤਾਂ ਤੀਜੀ ਵਿੱਚ। ਅੰਤ ਜੇ ਉੱਥੇ ਵੀ ਕੋਈ ਘਾਟ ਮਹਿਸੂਸ ਹੋਵੇ ਤਾਂ ਫਿਰ ਪਹਿਲੀ ਵਿੱਚ ਘਰ ਵਾਪਸੀ ਕਹਿ ਬੇਸ਼ਰਮੀ ਦੀ ਹੱਦ ਪਾਰ ਕਰ ਲਈ ਜਾਂਦੀ ਹੈ ਜਾਂ ਕੋਈ ਨਵੀਂ ਪਾਰਟੀ ਬਣਾਉਣ ਦਾ ਅਡੰਬਰ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਹਮਾਮ ਵਿੱਚ ਸਾਰੀਆਂ ਮੁੱਖ ਪਾਰਟੀਆਂ ਹੀ ਨੰਗੀਆਂ ਵਿਖਾਈ ਦੇ ਰਹੀਆਂ ਹਨ। ਲੋਕ ਭਾਵੇਂ ਇਹ ਸਾਰੀ ਖੇਡ ਦਰਸ਼ਕ ਬਣ ਕੇ ਵੇਖ ਰਹੇ ਹੁੰਦੇ ਹਨ, ਪਰ ਜਦੋਂ ਵੋਟਾਂ ਵੇਲੇ ਅਜਿਹੇ ਉਮੀਦਵਾਰ ਉਹਨਾਂ ਵਿੱਚ ਆਉਂਦੇ ਹਨ ਤਾਂ ਫੁੱਲਾਂ ਦੇ ਹਾਰ ਵੀ, ਉਹਨਾਂ ਦਰਸ਼ਕਾਂ ਵਿੱਚੋਂ ਹੀ ਕਈ ਉਸ ਉਮੀਦਵਾਰ ਦੇ ਗਲ ਵਿੱਚ ਪਾਣ ਲਈ ਲਾਈਨਾਂ ਬਣਾਈ ਖੜੇ ਹੁੰਦੇ ਹਨ। ਇੱਥੋਂ ਤੱਕ ਕਿ ਕਈ ਵਾਰ ਲੋਕਾਂ ਦਾ ਹਰਾਇਆ ਹੋਇਆ ਉਮੀਦਵਾਰ ਵੀ ਮੰਤਰੀ ਬਣਾ ਦਿੱਤਾ ਜਾਂਦਾ ਹੈ, ਤਾਂ ਕੀ ਇਹ ਲੋਕਾਂ ਨੂੰ ਟਿੱਚ ਸਮਝਕੇ ਉਹਨਾਂ ਦਾ ਮੂੰਹ ਚਿੜਾਉਣਾ ਨਹੀਂ ਤਾਂ ਹੋਰ ਕੀ ਹੈ? ਇਸ ਤਰ੍ਹਾਂ ਇਹ ਵਰਤਾਰਾ ਲਗਾਤਾਰ ਚੱਲਦਾ ਅਸੀਂ ਸਾਰੇ ਵੇਖੀ ਜਾ ਰਹੇ ਹਾਂ। ਪੰਜਾਂ ਸਾਲਾਂ ਬਾਅਦ ਹਰ ਵਾਰ ਅਜਿਹਾ ਕੁੱਝ ਹੁੰਦਾ ਅਕਸਰ ਚਲਦਾ ਆ ਰਿਹਾ ਹੈ, ਪਰ ਪਿੱਛਲੇ 10 ਕੁ ਸਾਲਾਂ ਤੋਂ ਇਸ ਦੀ ਰਫਤਾਰ ਹੋਰ ਵੀ ਤੇਜ ਹੋ ਗਈ ਹੈ। ਗੁਲਾਮਦਾਰੀ ਯੁੱਗ ਵਿੱਚ ਗੁਲਾਮਾਂ ਨੂੰ ਖਰੀਦਿਆ ਵੇਚਿਆ ਜਾਂਦਾ ਸੀ ਪਰ ਅੱਜ ਸਿਆਸੀ ਪਾਰਟੀਆਂ ਇਕ ਦੂਜੀ ਦੇ ਲੀਡਰਾਂ ਦੇ ਮੁੱਲ ਤਹਿ ਕਰਕੇ ਖਰੀਦੋ ਫਰੋਕਤ ਕਰਦੀਆਂ ਹਨ। ਦੇਸ਼ ਪ੍ਰਤੀ ਸੰਜੀਦਾ/ ਚਿੰਤਕ ਲੋਕ ਅਜਿਹੇ ਵਰਤਾਰਿਆਂ ਬਾਰੇ ਅਕਸਰ ਲੋਕਾਂ ਨੂੰ ਸੁਚੇਤ ਕਰਨ ਲਈ ਜਾਗ੍ਰਿਤ ਵੀ ਕਰਦੇ ਆ ਰਹੇ ਹਨ। ਪਰ ਇਹ ਜਾਗ੍ਰਿਤ ਕਰਨ ਵਾਲੇ ਕਿਸੇ ਵੀ ਪਾਰਟੀ ਨੂੰ ਨਹੀਂ ਭਾਉਂਦੇ, ਜਿਸ ਕਰਕੇ ਉਹਨਾਂ ਖਿਲਾਫ ਝੂਠੇ ਇਲਜ਼ਾਮ ਲਾ ਕੇ ਜੇਲ੍ਹੀਂ ਬੰਦ ਕਰਨ ਦੀਆਂ ਵਿਉਂਤਾਂ ਸਰਕਾਰੀ ਸਰਪ੍ਰਸਤੀ ਹੇਠ ਬਣਾਈਆਂ ਜਾਂਦੀਆਂ ਹਨ। ਕਿੰਨੇ ਹੀ ਅਜਿਹੇ ਬੁੱਧੀਜੀਵੀ, ਪੱਤਰਕਾਰ, ਵਕੀਲ, ਡਾਕਟਰ, ਪ੍ਰੋਫੈਸਰ, ਰੰਗ ਕਰਮੀ ਭੀਮਾ ਕੋਰੇ ਗਾਓਂ, ਸਹੀਨ ਬਾਗ, ਜੇ ਐਨ ਯੂ ਦਿੱਲੀ ਦੇ ਝੂਠੇ ਕੇਸਾਂ ਵਿੱਚ ਜੇਲ੍ਹਾਂ 'ਚ ਬੰਦ ਹਨ। ਪਰ ਇਸ ਸਾਰੇ ਵਰਤਾਰੇ ਦੀ ਅਸਲੀਅਤ ਜਾਨਣ ਦੇ ਸਿੱਟੇ ਵਜੋਂ ਲੋਕਾਂ ਦੀ ਸਮਝ ਵਿੱਚ ਵਾਧਾ ਵੀ ਹੋ ਰਿਹਾ ਹੈ। ਉਹਨਾਂ ਨੂੰ ਸਮਝ ਲੱਗ ਰਹੀ ਹੈ ਕਿ ਇਹ ਜੇਲ੍ਹਾਂ ਵਿੱਚ ਬੰਦ ਲੋਕ ਕੋਈ ਦੇਸ਼ ਧਰੋਹੀ ਨਹੀਂ, ਜਿਵੇਂ ਕਿ ਉਹਨਾਂ ਬਾਰੇ ਸਰਕਾਰਾਂ ਅਤੇ ਗੋਦੀ ਮੀਡੀਆ ਪ੍ਰਚਾਰ ਰਿਹਾ ਹੈ। ਇਹ ਉਹ ਲੋਕ ਹਨ ਜਿਹੜੇ ਇਸ ਦੇਸ਼ ਨੂੰ ਅਸਲ ਦੇਸ਼ ਧਰੋਹੀਆਂ ਦੀ ਚੁੰਗਲ ਵਿੱਚੋਂ ਕੱਢਣਾ ਚਾਹੁੰਦੇ ਹਨ। ਹੁਣ ਇਹਨਾਂ ਲੋਕ ਨਾਇਕਾਂ ਬਾਰੇ ਕੀਤਾ ਜਾ ਰਿਹਾ ਝੂਠਾ ਸਰਕਾਰੀ ਭੰਡੀ ਪ੍ਰਚਾਰ ਲਗਾਤਾਰ ਨੰਗਾ ਹੋ ਰਿਹਾ ਹੈ। ਜਿਸ ਕਾਰਣ ਲੋਕ ਇਹਨਾਂ ਨਾਇਕਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਉਸ ਅਨੁਸਾਰ ਆਪਣੀ ਜ਼ਿੰਦਗੀ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਸਿਆਸੀ ਪਾਰਟੀਆਂ ਤੋਂ ਆਸ ਛੱਡ ਜੱਥੇਬੰਦਕ ਸੰਘਰਸ਼ਾਂ ਦਾ ਰਾਹ ਵੀ ਫੜ ਰਹੇ ਹਨ। ਦਿੱਲੀ ਦੀਆਂ ਬਰੂਹਾਂ ਤੇ ਇਕ ਸਾਲ ਤੋਂ ਵੀ ਵੱਧ ਸਮਾਂ ਲੜਿਆ ਸੰਘਰਸ਼ ਇਸ ਗੱਲ ਦਾ ਜ਼ਾਹਰਾ ਸਬੂਤ ਹੈ, ਜਿਸ ਵੱਲੋਂ ਕਿਸੇ ਵੀ ਸਿਆਸੀ ਪਾਰਟੀ ਨੂੰ ਆਪਣੀ ਸਟੇਜ 'ਤੇ ਚੜ੍ਹਨ ਨਹੀਂ ਦਿੱਤਾ ਗਿਆ। ਅਜਿਹੇ ਸੰਘਰਸ਼ੀ ਮੋਰਚਿਆਂ ਦਾ ਉਭਾਰ ਉਠਣ ਦੇ ਅਸਾਰ ਹੋਰ ਵੀ ਤੇਜ ਹੋਣੇ ਸੰਭਾਵਤ ਹਨ।


ਇਹਨਾਂ ਲੋਕ ਸੰਘਰਸ਼ਾਂ ਦੇ ਤੇਜ ਹੋਣ ਦੀਆਂ ਸੰਭਾਵਨਾਵਾਂ ਕਾਰਣ ਹੁਣ ਕੇਂਦਰ ਸਰਕਾਰ ਨੇ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਅੰਗਰੇਜ਼ ਵੇਲੇ ਦੇ ਬਸਤੀਵਾਦੀ ਕਾਨੂੰਨ ਖਤਮ ਕਰਨ ਦੇ ਬਹਾਨੇ, ਨਵੇਂ ਫ਼ੌਜਦਾਰੀ ਕਾਨੂੰਨ ਬਿਨਾਂ ਕਾਨੂੰਨੀ ਪ੍ਰਕਿਰਿਆ ਅਪਣਾਉਂਦਿਆਂ ਪਾਸ ਕਰਕੇ, ਪਹਿਲੀ ਜੁਲਾਈ, 2024 ਤੋਂ ਲਾਗੂ ਕੀਤੇ ਹਨ। ਅੰਗਰੇਜ਼ਾਂ ਦੇ ਨਾਂ ਤੇ ਬੋਲਿਆ ਝੂਠ ਓਦੋਂ ਨੰਗਾ ਹੋ ਗਿਆ, ਜਦੋਂ ਕਾਨੂੰਨੀ ਮਾਹਰਾਂ ਨੇ ਇਹਨਾਂ ਕਾਨੂੰਨਾਂ ਦੀ ਤੁਲਨਾ ਅੰਗਰੇਜ਼ਾਂ ਵੱਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਲਿਆਂਦੇ ਰੋਲਟ ਐਕਟ ਨਾਲ ਕਰਦਿਆਂ ਸਪਸ਼ਟ ਕੀਤਾ ਕਿ ਇਹ ਨਵੇਂ ਕਾਨੂੰਨਾਂ ਰਾਹੀਂ ਵੀ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਦੇ ਹਥਿਆਰ ਵਜੋਂ ਰੋਲਟ ਐਕਟ ਦੇ ਹੀ ਦੰਦ ਹੋਰ ਤਿੱਖੇ ਕੀਤੇ ਹਨ। ਮਾਹਰ ਦੱਸਦੇ ਹਨ ਕਿ ਇਹਨਾਂ ਕਾਨੂੰਨਾਂ ਵਿੱਚ 80% ਪਹਿਲਾਂ ਵਾਲਾ ਹੀ ਹੈ, ਜੋ ਬਦਲਿਆ ਹੈ ਉਹ ਹੋਰ ਵੀ ਘਾਤਕ ਹੈ। ਕਾਨੂੰਨਾਂ ਵਿੱਚ ਸੋਧ ਹਮੇਸ਼ਾ ਲੋਕਾਂ ਦੀ ਸਹੂਲਤ ਲਈ ਹੋਣੀ ਚਾਹੀਦੀ ਹੈ, ਨਾ ਕਿ ਉਹਨਾਂ ਦੀ ਹੱਕੀ ਤੇ ਜਮਹੂਰੀ ਆਵਾਜ਼ ਬੰਦ ਕਰਨ ਲਈ। ਇਹ ਵੀ ਸਾਫ ਹੋ ਗਿਆ ਹੈ ਕਿ ਜਿਵੇਂ 3 ਖੇਤੀ ਕਾਨੂੰਨ ਲਾਗੂ ਕਰਨ ਵੇਲੇ ਖੇਤੀ ਲਈ ਬਹੁਤ ਫਾਇਦੇ ਵਾਲੇ ਕਰਾਰ ਦਿੱਤੇ ਗਏ ਸਨ, ਉਸੇ ਤਰ੍ਹਾਂ ਇਹਨਾਂ ਕਾਨੂੰਨਾਂ ਨੂੰ ਵੀ ਲੋਕਾਂ ਦੇ ਹਿੱਤ ਵਿੱਚ ਹੋਣ ਦਾ ਢੰਡੋਰਾ ਪਿੱਟਿਆ ਗਿਆ ਜੋ ਖੇਤੀ ਕਾਨੂੰਨਾਂ ਦੀ ਤਰ੍ਹਾਂ ਕੀਤੇ ਝੂਠਾ ਪ੍ਰਾਪੇਗੰਡੇ ਵਾਂਗੂੰ ਹੀ ਕੋਰਾ ਝੂਠ ਨਿੱਕਲਿਆ।

ਦੇਸ਼ ਦੀ ਸਿਆਸੀ ਅਤੇ ਕਾਨੂੰਨੀ ਅਵਸਥਾ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੀ ਪੜ੍ਹੀ ਲਿਖੀ ਇਕ ਸਵਰਾ ਭਾਸਕਰ ਨਾਂ ਦੀ ਲੜਕੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਹੁਤ ਬੇ-ਬਾਕ ਸ਼ਬਦਾਂ ਰਾਹੀਂ ਸਪਸ਼ਟ ਕੀਤਾ ਹੈ। ਉਸਨੇ ਸਿਆਸਤ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਣ ਤੱਕ ਦੇ ਸਫਰ ਵਿੱਚ ਪਾਖੰਡ, ਅੰਧਵਿਸ਼ਵਾਸ, ਸੰਪਰਦਾਇਕ, ਢੌਂਗ, ਝੂਠ, ਹਿੰਸਾ ਦੇ ਧੱਬੇ ਲੱਗੇ ਹੋਏ ਹਨ। ਇਸਤਰੀ ਬਲਾਤਕਾਰ, ਜਾਤੀ, ਧਰਮ, ਦਾ ਜ਼ਹਿਰ ਇਹਨਾਂ ਦੀ ਸਿਆਸਤ ਹੈ। ਉਸਨੇ ਦੱਸਿਆ ਕਿ ਜੇ ਐਨ ਯੂ ਦਾ ਵਿਦਿਆਰਥੀ ਆਗੂ ਉਮਰ ਖਾਲਿਦ ਜੋ ਪਿਛਲੇ 4 ਸਾਲ ਤੋਂ ਇਸ ਕਰਕੇ ਝੂਠੇ ਕੇਸ ਵਿੱਚ ਜੇਲ੍ਹ 'ਚ ਬੰਦ ਹੈ, ਕਿਉਂਕਿ ਉਹ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਅਲੋਚਕ ਅਤੇ ਮੁਸਲਮਾਨ ਧਰਮ ਦਾ ਹੈ। ਸਵਰਾ ਭਾਸਕਰ ਨੇ ਬੜੇ ਫ਼ਖਰ ਨਾਲ ਕਿਹਾ ਕਿ ਉਹ ਆਪ ਉਮਰ ਖਾਲਿਦ ਦੇ ਵਿਚਾਰਾਂ ਨੂੰ ਠੀਕ ਮੰਨਦੀ ਹੈ ਅਤੇ ਉਹੀ ਕੁੱਝ ਬੋਲਦੀ ਹੈ ਜੋ ਉਮਰ ਬੋਲਦਾ ਹੈ। ਅਸੀਂ ਇਕੱਠੇ ਹੀ ਪ੍ਰਚਾਰ ਕਰਦੇ ਰਹੇ ਹਾਂ ਜਿਸ ਕਰਕੇ ਮੇਰਾ ਨਾਂ ਵੀ 2-3 ਵਾਰ ਉਸ ਨਾਲ ਸਬੰਧਤ ਕੇਸਾਂ ਵਿੱਚ ਆਇਆ ਸੀ। ਪਰ ਇਤਫ਼ਾਕ ਨਾਲ ਮੈਂ ਇਕ ਅੰਗਰੇਜ਼ੀ ਪੜ੍ਹੇ ਲਿਖੇ ਸਵਰਨ ਹਿੰਦੂ ਪ੍ਰਵਾਰ ਚੋਂ ਹਾਂ ਤੇ ਮੇਰੀ ਮਾਂ ਜੇਐਨਯੂ ਦੀ ਪ੍ਰੋਫੈਸਰ ਰਹੀ ਹੈ ਅਤੇ ਪਿਤਾ ਵੀ ਚੰਗੀ ਹੈਸੀਅਤ ਰੱਖਦੇ ਹਨ। ਮੈਂ ਹਿੰਦੂ ਹੋਣ 'ਤੇ ਵੀ ਮੁਸਲਮਾਨ ਲੜਕੇ ਨਾਲ ਪਰਵਾਰਾਂ ਦੀ ਸਹਿਮਤੀ ਨਾਲ ਸ਼ਾਦੀ ਕੀਤੀ ਹੈ। ਮੈਂ ਇਸ ਕਰਕੇ ਜੇਲ੍ਹ ਵਿੱਚ ਨਹੀਂ, ਕਿਉਂਕਿ ਹਿੰਦੂ ਹਾਂ, ਜਿਸ ਕਰਕੇ ਉਹ ਸੋਚਦੇ ਹਨ ਕਿ ਜੇ ਇਸ ਨਾਲ ਅਜਿਹਾ ਕੀਤਾ ਤਾਂ ਕੁੱਝ ਜਿਆਦਾ ਹੋ ਜਾਵੇਗਾ। ਉਸਨੇ ਦੱਸਿਆ ਕਿ 4 ਸਾਲ ਦਾ ਸਮਾਂ ਬਹੁਤ ਲੰਮਾ ਹੁੰਦਾ ਹੈ, ਮੇਰੀ ਜ਼ਿੰਦਗੀ ਇਹਨਾਂ ਸਾਲਾਂ ਵਿੱਚ ਕਿੱਥੋਂ ਕਿੱਥੇ ਪਹੁੰਚ ਗਈ ਹੈ, ਪਰ ਉਮਰ ਜੇਲ੍ਹ ਵਿੱਚ ਹੀ ਹੈ। ਉਸ ਨੇ ਨਿਆਂ ਵਿਵਸਥਾ 'ਤੇ ਸਵਾਲ ਕਰਦਿਆਂ ਪੁੱਛਿਆ ਕਿ ਉਮਰ ਖਾਲਿਦ ਦੀ ਜ਼ਮਾਨਤ ਲਈ ਕੇਸ ਦੀ ਸੁਣਵਾਈ ਕਰਨ ਤੋਂ, ਜੱਜ ਇਹ ਕਹਿ ਕੇ ਆਪਣੇ ਆਪ ਨੂੰ ਪਿੱਛੇ ਕਰ ਲੈਂਦਾ ਹੈ ਕਿ ਉਹ ਇਸ ਸੁਣਵਾਈ ਕਰਨ ਦੇ ਕਾਬਲ ਨਹੀਂ। ਕੀ ਇਸ ਜੱਜ ਨੂੰ ਅਸਤੀਫ਼ਾ ਨਹੀਂ ਦੇ ਦੇਣਾ ਚਾਹੀਦਾ? ਜੱਜ ਬਣਨ ਲਈ ਉਸ ਨੇ ਕਿੰਨੀ ਪੜ੍ਹਾਈ ਕੀਤੀ ਹੋਵੇਗੀ, ਜੇ ਫਿਰ ਵੀ ਕਾਬਲ ਨਹੀਂ ਤਾਂ ਫਿਰ ਕੀ ਉਹ ਲੋਕਾਂ ਨਾਲ ਧੋਖਾ ਨਹੀਂ ਕਰ ਰਿਹਾ? ਬਿਨਾ ਕੇਸ ਚਲਾਏ ਕਿਸੇ ਨੂੰ ਜੇਲ੍ਹ 'ਚ ਰੱਖਕੇ ਜਮਾਨਤ ਵੀ ਨਾ ਦੇਣੀ ਕਿਹੜੀ ਕਾਨੂੰਨੀ ਪ੍ਰਕਿਰਿਆ ਹੈ? ਉੱਘੇ ਵਕੀਲ ਕਪਿਲ ਸਿੱਬਲ ਨੇ 20 ਮਿੰਟ ਵਿੱਚ ਇਸ ਕੇਸ ਦੀ ਬੇਗੁਨਾਹੀ ਦੱਸਣ ਲਈ ਸਮਾਂ ਮੰਗਿਆ ਸੀ, ਪਰ ਉਸ ਨੂੰ ਸਮਾਂ ਨਹੀਂ ਦਿੱਤਾ ਗਿਆ। ਇਸ ਤੇ ਦੁੱਖ ਜ਼ਾਹਰ ਕਰਦਿਆਂ ਉਸ ਕਿਹਾ ਕਿ ਚੀਫ਼ ਜਸਟਿਸ ਪ੍ਰਧਾਨ ਮੰਤਰੀ ਨੂੰ ਗਣੇਸ ਪੂਜਾ ਲਈ ਸਮਾਂ ਦੇ ਸਕਦੇ ਹਨ, ਪਰ ਜੋ ਉਹਨਾਂ ਦੀ ਜ਼ੁੰਮੇਵਾਰੀ ਹੈ ਉਸ ਲਈ 20 ਮਿੰਟ ਨਹੀਂ ਦੇ ਸਕਦੇ। ਉਸ ਨੇ ਸਵਾਲ ਕੀਤਾ ਹੈ ਕਿ ਨਿਆਂ ਦੇਣ ਲਈ ਜੱਜਾਂ ਨੂੰ ਕਿਸ ਤੋਂ ਡਰ ਲਗਦਾ ਹੈ? ਆਮ ਲੋਕ ਤਾਂ ਰੋਜਗਾਰ ਚਲੇ ਜਾਣ, ਮੁਸਲਮਾਨ ਤੇ ਦਲਿਤਾਂ ਨੂੰ ਪਿੱਟੇ ਜਾਣ ਦਾ ਡਰ ਹੋਵੇਗਾ, ਪਰ ਇਕ ਜੱਜ ਨੂੰ ਕਿਸ ਦਾ ਡਰ ਹੋ ਸਕਦਾ ਹੈ? ਕੀ ਉਹਨਾਂ ਨੂੰ ਬੁੱਢੇ ਹੋ ਜਾਣ ਬਾਅਦ ਵੀ ਰਾਜ ਸਭਾ ਦਾ ਮੈਂਬਰ, ਗਵਰਨਰ ਜਾਂ ਕਿਸੇ ਅਦਾਰੇ ਦਾ ਚੇਅਰਮੈਨ ਬਣਨ ਦਾ ਲਾਲਚ ਹੈ? ਉਹਨਾਂ ਕਿਹਾ ਕਿ ਨਿਆਂ ਕਰਨ ਨਾਲ ਹੁੰਦਾ ਹੈ, ਬੋਲਣ ਨਾਲ ਨਹੀਂ। ਇਨਸਾਫ਼ ਧਾਰਮਿਕ ਅਕੀਦੇ ਨਾਲ ਨਹੀਂ, ਸੰਵਿਧਾਨਿਕ ਪ੍ਰਕਿਰਿਆ ਅਨੁਸਾਰ ਹੋਣਾ ਚਾਹੀਦਾ ਹੈ। ਜਿਹੜੇ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ, ਉਹਨਾਂ ਦੇ ਸਾਲਾਂ ਬੱਧੀ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਵੀ ਕੇਸ ਟਰਾਇਲ ਸ਼ੁਰੂ ਨਹੀਂ ਹੋਏ, ਤਾਂ ਅਜਿਹੀ ਨਿਆਂ ਵਿਵਸਥਾ ਕਿਸ ਕੰਮ ਦੀ? ਉਹਨਾਂ ਦੇਸ਼ ਦੇ ਵਿਕਾਸ ਲਈ ਵੀ ਟਿੱਪਣੀ ਕਰਦਿਆਂ ਕਿਹਾ ਕਿ ਧਾਰਮਿਕ ਅਸਥਾਨਾਂ ਦੇ ਵਿਕਾਸ ਨੂੰ ਵਿਕਾਸ ਨਹੀਂ ਕਿਹਾ ਜਾਂਦਾ ਸਗੋਂ ਰੋਜ਼ਗਾਰ ਦੇ ਕੇ ਮਹਿੰਗਾਈ 'ਤੇ ਕੰਟਰੋਲ ਕਰਕੇ ਲੋਕਾਂ ਦਾ ਜੀਵਨ ਪੱਧਰ ਸੁਧਾਰਨਾ ਹੁੰਦਾ ਹੈ। ਜਹਾਜਾਂ ਰਾਹੀਂ ਚੋਣ ਪ੍ਰਚਾਰ ਕਰਨ ਵਾਲਿਆਂ ਪਾਸੋਂ ਗਰੀਬੀ ਤੇ ਮਹਿੰਗਾਈ ਤੋਂ ਛੁਟਕਾਰੇ ਦੀ ਆਸ ਨਾ ਰੱਖੋ।

ਅਜਿਹੇ ਸਮੇਂ ਹੀ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਕਰ ਰਹੇ ਸਟੈਨ ਸਵਾਮੀ ਨੂੰ ਜਮਾਨਤ ਨਾ ਦੇ ਕੇ ਜੇਲ੍ਹ ਵਿਚ ਹੀ ਆਪਣੀ ਜਾਨ ਦੇਣੀ ਪਈ, ਜਿਸ ਨੂੰ ਸਿੱਧੇ ਤੌਰ 'ਤੇ ਇਕ ਸਿਆਸੀ ਕਤਲ ਕਹਿਣਾ ਕੋਈ ਅਤਿਕਥਨੀ ਨਹੀਂ ਹੈ। ਇਕ ਪਾਸੇ ਸਰਕਾਰੀ ਅਸਰ ਰਸੂਖ ਵਾਲਿਆਂ ਲਈ ਰਾਤ ਨੂੰ ਵੀ ਅਦਾਲਤ ਲਗਾ ਕੇ ਰਾਹਤ ਦਿੱਤੀ ਜਾ ਸਕਦੀ ਹੈ, ਪਰ ਦੂਜੇ ਪਾਸੇ ਸੱਚ ਦੀ ਆਵਾਜ਼ ਉਠਾਉਣ ਵਾਲਿਆਂ ਲਈ ਦਿਨ ਵਿੱਚ ਵੀ ਅਦਾਲਤੀ ਪ੍ਰਕਿਰਿਆ ਬੰਦ ਹੈ, ਜੇ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਅਜਿਹਾ ਕਿਉਂ? ਇਸੇ ਤਰ੍ਹਾਂ ਬਲਾਤਕਾਰੀ ਬਾਬਾ ਰਾਮ ਰਹੀਮ ਜੋ ਉਮਰ ਕੈਦ ਭੁਗਤ ਰਿਹਾ ਹੈ, ਉਸ ਨੂੰ ਇਸ 4 ਸਾਲ ਵਿੱਚ ਅਨੇਕਾਂ ਬਾਰ ਪੈਰੋਲ ਦੇਣ ਦਾ ਕਿਹੜਾ ਕਾਨੂੰਨ ਹੈ? ਬਿਲਕਿਸ ਬਾਨੋ ਦੇ ਬਲਾਤਕਾਰੀ ਮੁਜਰਮਾਂ ਨੂੰ ਚੰਗੇ ਸੰਸਕਾਰੀ ਹੋਣ ਦਾ ਸਰਟੀਫਿਕੇਟ ਦੇ ਕੇ ਬਰੀ ਕਰਵਾਉਣ ਵਾਲਿਆਂ ਅਤੇ ਉਹਨਾਂ ਦੀ ਆਓ ਭਗਤ ਲਈ ਗਲਾਂ ਵਿੱਚ ਹਾਰ ਪਾ ਕੇ, ਮਿਠਿਆਈਆਂ ਵੰਡਣ ਵਾਲਿਆਂ ਖਿਲਾਫ ਕੋਈ ਕਾਨੂੰਨ ਕਿਉਂ ਨਹੀਂ ਹੈ? ਕੁੱਝ ਦਿਨ ਪਹਿਲਾਂ ਹੀ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਵਿੱਚ ਜਮਹੂਰੀ ਕਾਰਕੁੰਨਾਂ, ਕਿਸਾਨ ਆਗੂਆਂ ਦੇ ਘਰਾਂ ਵਿੱਚ ਆਈ ਐਨ ਏ ਦੀਆਂ ਟੀਮਾਂ ਵੱਲੋਂ ਛਾਪੇ ਮਾਰੀ ਕਰ ਕੇ ਦਹਿਸ਼ਤ ਫੈਲਾਉਣ ਦੇ ਯਤਨ ਕੀਤੇ ਗਏ। ਉੱਘੇ ਵਿਸ਼ਲੇਸ਼ਕ ਅਤੇ ਅਲੋਚਕ ਮਾਲਵਿੰਦਰ ਸਿੰਘ ਮਾਲੀ ਵਿਰੁੱਧ ਬਿਨਾ ਕਿਸੇ ਠੋਸ ਅਧਾਰ ਤੋਂ ਸਿਰਫ ਸਰਕਾਰ ਦੀ ਅਲੋਚਨਾ ਕਰਨ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।

ਦੇਸ਼ ਭਰ ਵਿੱਚ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਬੇਹੱਦ ਗੰਭੀਰ ਬਣਿਆ ਹੋਇਆ ਹੈ, ਸਰਕਾਰੀ ਸਰਪ੍ਰਸਤੀ ਹੇਠ ਥਾਣਿਆਂ, ਹਸਪਤਾਲਾਂ, ਧਾਰਮਿਕ ਥਾਵਾਂ ਸਮੇਤ ਸਕੂਲਾਂ ਕਾਲਜਾਂ ਵਿੱਚ ਵੀ ਉਹ ਸੁਰੱਖਿਅਤ ਨਹੀਂ ਹਨ। ਬਹੁਤੀ ਵਾਰ ਉਹਨਾਂ ਨਾਲ ਬਦਫੈਲੀਆਂ ਕਰਨ ਵਾਲਿਆਂ ਦਾ ਸਬੰਧ ਸਰਕਾਰੀ ਤੰਤਰ ਨਾਲ ਹੁੰਦਾ ਹੈ ਜੋ ਅਕਸਰ ਹੀ ਸਪਸਟ ਹੋ ਜਾਂਦਾ ਹੈ। ਅਨੇਕਾਂ ਸਵਾਲ ਅਜਿਹੀ ਸਿਆਸੀ ਤੇ ਕਾਨੂੰਨੀ ਵਿਵਸਥਾਵਾਂ ਬਾਰੇ ਸਾਹਮਣੇ ਖੜ੍ਹੇ ਹਨ ਜੋ ਹਰ ਦੇਸ਼ ਹਿਤੈਸ਼ੀ ਅਤੇ ਚਿੰਤਕ ਨਾਗਰਿਕ ਦੇ ਦਿਮਾਗ ਵਿੱਚ ਹਨ।

ਦੇਸ਼ ਦੀ ਅਜਿਹੀ ਵਿਵਸਥਾ ਦਾ ਖ਼ਾਤਮਾ ਕਰਨ ਲਈ ਲੋਕਾਂ ਨੂੰ ਚੇਤਨ ਕਰਨਾ ਬੇਹੱਦ ਜ਼ਰੂਰੀ ਸਮਝਦੇ ਹੋਏ ਪੰਜਾਬ ਵਿੱਚ ਜਮਹੂਰੀ, ਤਰਕਸ਼ੀਲ ਅਤੇ ਜਨਤਕ ਜਥੇਬੰਦੀਆਂ ਵੱਲੋਂ ਸਾਂਝੀ ਮੁਹਿੰਮ ਚਲਾਈ ਜਾ ਰਹੀ ਹੈ। ਕਿਉਂਕਿ ਲੋਕ ਤਾਕਤ ਨਾਲ ਹੀ ਹਰ ਤਰ੍ਹਾਂ ਦੀ ਦਹਿਸ਼ਤ ਪਾਊ ਤਾਨਾਸ਼ਾਹੀ ਰਾਜਨੀਤੀ, ਲੋਕ ਵਿਰੋਧੀ ਕਾਨੂੰਨ ਵਿਵਸਥਾ ਅਤੇ ਧਰਮਾਂ, ਜਾਤਾਂ ਦੇ ਨਾਂ ਤੇ ਮਨੁੱਖਤਾ ਨੂੰ ਵੰਡਣ ਵਾਲੀਆਂ ਤਾਕਤਾਂ ਸਮੇਤ ਹਰ ਤਰ੍ਹਾਂ ਦੀਆਂ ਗੁੰਡਾ ਪ੍ਰਵਿਰਤੀ ਰੱਖਣ ਵਾਲਿਆਂ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਅਕਤੂਬਰ 2024 'ਚ ਕੈਨੇਡਾ ਵਿਖੇ ਹੋ ਰਹੇ ਵਿਸ਼ੇਸ਼ ਪ੍ਰੋਗਰਾਮ




## ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਨਾਟਕ

ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਪ੍ਰੋਗਰਾਮ ਕੀਤਾ ਜਾ ਰਿਹਾ ਹੈ ਜਿਸ ਵਿੱਚ ਕੈਨੇਡੀਅਨ ਜ਼ਿੰਦਗੀ, ਭਾਰਤੀਆਂ ਦਾ ਕੈਨੇਡਾ ਵਿੱਚ ਇਤਿਹਾਸ, ਪ੍ਰਵਾਸ ਵਿੱਚ ਆਉਂਦੀਆਂ ਮੁਸ਼ਕਲਾਂ, ਕੈਨੇਡਾ ਦੀ ਜ਼ਿੰਦਗੀ ਦਾ ਕੱਚ ਸੱਚ, ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਬਰੂ ਕਰਨ ਵਾਲਾ ਨਾਟਕ 'ਜੰਨਤ' ਲੋਕਲ ਕਲਾਕਾਰਾਂ ਵਲੋਂ ਪੇਸ਼ ਕੀਤਾ ਜਾ ਰਿਹਾ ਹੈ, ਇਸ ਨੂੰ ਨਾਟਕਕਾਰ ਪਰਮਿੰਦਰ ਸਵੈਚ ਵੱਲੋਂ ਲਿਖਿਆ ਤੇ ਡਾ. ਜਸਕਰਨ ਦੀ ਡਾਇਰੈਕਸ਼ਨ ਹੇਠ ਤਿਆਰ ਕੀਤਾ ਗਿਆ ਹੈ। ਇਸ ਦੀ ਟਿਕਟ ਸਿਰਫ਼ $15 ਡਾਲਰ ਹੈ। ਇਹ ਸਰੀ ਦੇ ਸਰੀ ਆਰਟ ਸੈਂਟਰ (ਬੀਅਰ ਕਰੀਕ ਪਾਰਕ) ਦੀ ਮੇਨ ਸਟੇਜ 'ਤੇ 11 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਦੇ 6:30 ਵਜੇ ਪੇਸ਼ ਕੀਤਾ ਜਾਵੇਗਾ। ਤੁਸੀਂ ਲੋਕਲ ਕਲਾਕਾਰਾਂ ਦੀ ਹੌਸਲਾ ਅਫ਼ਜਾਈ ਤੇ ਇੱਥੋਂ ਦੀ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਦੇ ਰੂ ਬਰੂ ਹੋਣ ਲਈ ਜ਼ਰੂਰ ਪਹੁੰਚੋ। ਜੇ ਕੋਈ ਵੀ ਵਿਦਿਆਰਥੀ ਟਿਕਟ ਖਰੀਦਣ ਤੋਂ ਅਸਮਰੱਥ ਹੋਵੇ, ਉਹ ਪਹਿਲਾਂ ਸਾਨੂੰ ਆਪਣਾ ਨਾਂ ਤੇ ਫੋਨ ਨੰ ਲਿਖਾ ਦੇਵੇ ਤੇ ਉਸ ਦਿਨ ਟਿਕਟ ਉੱਥੋਂ ਜਾ ਕੇ ਫਰੀ ਲੈ ਸਕਦਾ ਹੈ। ਟਿਕਟਾਂ ਖਰੀਦਣ ਲਈ ਫ਼ੋਨ ਕਰ ਸਕਦੇ ਹੋ :
**604 760 4794 ਪਰਮਿੰਦਰ ਸਵੈਚ, 604 339 7439 ਸੰਤੋਖ ਢੇਸੀ, ਇਸ ਤੋਂ ਇਲਾਵਾ prosper pharmacy #C-ABHAH GB Ave Surrey BC ਤੋਂ ਵੀ ਲੈ ਸਕਦੇ ਹੋ।**












'ਟਾਪ ਚੁਆਇਸ ਇੰਸ਼ੋਰੈਂਸ ਏਜਸੀ' ਜਿਹੜੀ ਕਿ ਰਵਿੰਦਰਜੀਤ ਬਸਰਾ, ਹਰਪ੍ਰੀਤ ਸੈਣੀ ਅਤੇ ਭੁਪਿੰਦਰ ਸੈਣੀ ਵਲੋਂ ਆਪਣੇ ਲੋਕਾਂ ਦੀ ਸਹੂਲਤਾਂ ਵਾਸਤੇ ਇਹ ਨਵਾਂ ਦਫ਼ਤਰ ਬਰੈਂਪਟਨ ਵਿਚ ਖੋਲ੍ਹਿਆ ਗਿਆ ਹੈ। ਇਸ ਦੇ ਉਦਘਾਟਨ ਸਮਾਰੋਹ ਵਿਚ ਉਘੀਆਂ ਸਿਆਸੀ ਸ਼ਖਸੀਅਤਾਂ ਅਤੇ ਬਿਜਨੈਸਮੈਨਾਂ ਨੇ ਭਾਗ ਲਿਆ। ਇਸ ਮੌਕੇ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਵਲੋਂ ਸਰਟੀਫਿਕੇਟ ਭੇਟ ਕੀਤਾ ਗਿਆ। ਇਸ ਦੌਰਾਨ ਸ਼ੇਰ ਜੰਗ ਸਿੰਘ ਰਾਣਾ ਅਤੇ ਹਰਪ ਗਰੇਵਾਲ ਵਲੋਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।


Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

We are Hiring New & Experienced Realtors.
We can also help you to get Realtor License.

We provide following Services:
• Residential • Commercial • Business
• Land Investment • Property • Management Services

Ramandeep Gill
REALTOR®
403-852-2852
yogramanq@yahoo.com

Amandeep Gill
REALTOR®
403-919-6962
amangill@instarlt.com

Insta Realty
BUY SELL INSTANTLY

Amarjit Pangly
REALTOR®
403-891-2424
amarpangly@instarlt.com

Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com

Mousam Mann
REALTOR®
403-923-3620
mousammann@instarlt.com

Harsimran Bawa
REALTOR®
403-689-4506
simrkakra@gmail.com

Amandeep Gill
REALTOR®
825-733-7551
gillhomes18@gmail.com

Karan Nanda
REALTOR®
778-681-0480
karannanda@instarlt.com

Manpreet Kaur
REALTOR®
587-438-4091
Realtor.manpreetk@gmail.com

Navi Tiwana
REALTOR®
403-383-9496
navutiwana@instarlt.com

Aman Batth
REALTOR®
403-918-7254
realtoramanbatth@gmail.com

Sahil Lamba
REALTOR®
613-854-3762
sahillamba273@gmail.com

Gurpreet Kaur
REALTOR®
403-613-2459
realestatebygurpreet@gmail.com

Book Your New Dream Home with our team in Savanna, City Scape, Red Stone, Corner Stone, Home Stead, Cochrane.